**Reo-Bankowned Properties**
From San Jose to Sacramento
JASSI GILL Broker/Owner
Ph:510-304-9292
**Refinance Now**
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

**Hardeep S.Rai**
ਇੰਮੀਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Fourtheenth Year in Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 08, Feburary 23rd, 2013
20451 N Plum Grove Rd. Palatine, IL 60074
Ph:847-359-0746, Fax:847-705-9388

## : ਸਿੱਖ ਕਤਲੇਆਮ :

# ਅਦਾਲਤ ਵੱਲੋਂ ਸੀ.ਬੀ.ਆਈ. ਨੂੰ ਅਲਟੀਮੇਟਮ

**ਕੇਸ ਲਟਕਾਉਣ ਤੋਂ ਜੱਜ ਖਫਾ, ਸੁਣਵਾਈ 20 ਮਾਰਚ ਨੂੰ**

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਦੀ ਇਕ ਅਦਾਲਤ ਨੇ 1984 ਦੇ ਸਿੱਖ ਕਤਲੇਆਮ ਸਬੰਧੀ ਭਾਰਤ ਸਰਕਾਰ ਦੀ ਜਾਂਚ ਏਜੰਸੀ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾ ਕੇ ਇਕ ਵਾਰ ਫਿਰ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ ਕਿ 28 ਸਾਲ ਬਾਅਦ ਵੀ ਪੀੜਤਾਂ ਨੂੰ ਇਨਸਾਫ ਦੇਣ ਲਈ ਕੋਈ ਗੰਭੀਰਤਾ ਨਹੀਂ ਦਿਖਾਈ ਜਾ ਰਹੀ। ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਸੀ.ਬੀ.ਆਈ. ਸਿੱਧੀ ਕੇਂਦਰ ਸਰਕਾਰ ਦੇ ਕੰਟਰੋਲ ਹੇਠ ਹੈ ਤੇ ਇਸ 'ਤੇ ਅਕਸਰ ਦੋਸ਼ ਲੱਗਦੇ ਰਹਿੰਦੇ ਹਨ ਕਿ ਸਰਕਾਰ ਇਸ ਨੂੰ ਆਪਣੇ ਹਿੱਤਾਂ ਲਈ ਵਰਤਦੀ ਹੈ। ਉਘੇ ਵਕੀਲ ਐਚ.ਐਸ. ਫੂਲਕਾ ਦਾ ਕਹਿਣਾ ਹੈ ਕਿ ਸੀ.ਬੀ.ਆਈ. ਸਿਆਸੀ ਦਬਾਅ ਕਰ ਕੇ ਕੇਸ ਲਟਕਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਹੈ ਕਿ ਅਜੇ ਤੱਕ ਕੇਵਲ ਦਸ ਮੁਲਜ਼ਮਾਂ ਨੂੰ ਹੱਤਿਆ ਦੇ ਦੋਸ਼ਾਂ ਵਿਚ ਸਜ਼ਾ ਹੋਈ ਹੈ ਅਤੇ 485 ਦੇ ਕਰੀਬ ਕੇਸ ਬੰਦ ਕਰ ਦਿੱਤੇ ਗਏ ਹਨ।




ਸਿੱਖ ਕਤਲੇਆਮ ਦੇ ਮਾਮਲੇ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਵਿਰੁਧ ਸੀ.ਬੀ.ਆਈ. ਵੱਲੋਂ ਕਾਰਵਾਈ ਅੱਗੇ ਨਾ ਤੋਰਨ ਦਾ ਅਦਾਲਤ ਨੇ ਸਖ਼ਤ ਨੋਟਿਸ ਲਿਆ ਹੈ ਤੇ ਏਜੰਸੀ ਦੀ ਖਿਚਾਈ ਕਰਦਿਆਂ ਕਿਹਾ ਹੈ ਕਿ ਜੇ 20 ਮਾਰਚ ਨੂੰ ਸੀ.ਬੀ.ਆਈ. ਨੇ ਦਲੀਲਾਂ ਪੇਸ਼ ਨਾ ਕੀਤੀਆਂ ਤਾਂ ਅਦਾਲਤ ਕੋਲ ਮੌਜੂਦ ਸਮੱਗਰੀ ਦੇ ਆਧਾਰ 'ਤੇ ਫ਼ੈਸਲਾ ਸੁਣਾ ਦਿੱਤਾ ਜਾਵੇਗਾ। ਮਾਮਲੇ ਦੀ ਸੁਣਵਾਈ ਦੌਰਾਨ ਸੀ.ਬੀ.ਆਈ. ਦੇ ਵਕੀਲ ਨੇ ਕਿਹਾ ਕਿ ਉਨ੍ਹਾਂ ਨੇ ਅਜੇ ਤਿਆਰੀ ਨਹੀਂ ਕੀਤੀ ਤੇ ਇਸ ਲਈ ਦਲੀਲਾਂ ਪੇਸ਼ ਕਰਨ ਲਈ ਹੋਰ ਸਮਾਂ ਦਿੱਤਾ ਜਾਵੇ। ਇਸ ਗੱਲ ਤੋਂ ਖਫ਼ਾ ਹੁੰਦਿਆਂ ਵਧੀਕ ਸੈਸ਼ਨ ਜੱਜ ਅਨੁਰਾਧਾ ਸ਼ੁਕਲਾ ਭਾਰਦਵਾਜ ਨੇ ਜਾਂਚ ਏਜੰਸੀ ਦੀ ਖਿਚਾਈ ਕੀਤੀ ਤੇ ਕੇਸ ਦੀ ਅਗਲੀ ਸੁਣਵਾਈ 20 ਮਾਰਚ 'ਤੇ ਪਾ ਦਿੱਤੀ।

ਯਾਦ ਰਹੇ ਕਿ ਅਦਾਲਤ ਵੱਲੋਂ ਦੰਗਾ ਪੀੜਤ ਲਖਵਿੰਦਰ ਕੌਰ ਦੀ ਪਟੀਸ਼ਨ 'ਤੇ ਅੰਤਿਮ ਜਿਰ੍ਹਾ ਕੀਤੀ ਜਾ ਰਹੀ ਹੈ। ਲਖਵਿੰਦਰ ਕੌਰ ਦਾ ਪਤੀ

(ਬਾਕੀ ਸਫਾ 6 'ਤੇ)

**ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ**

# ਫਰਾਂਸ 'ਚ ਪਗੜੀ ਦਾ ਮਾਮਲਾ ਅੱਗੇ ਨਾ ਤੁਰਿਆ?

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਫਰਾਂਸ ਵਿਚ ਸਿੱਖ ਵਿਦਿਆਰਥੀਆਂ ਦੇ ਪਗੜੀ ਬੰਨ੍ਹਣ 'ਤੇ ਲੱਗੀ ਰੋਕ ਦੇ ਮਾਮਲੇ ਨੂੰ ਹੱਲ ਕਰਨ ਲਈ ਭਾਰਤ ਸਰਕਾਰ ਗੰਭੀਰ ਨਜ਼ਰ ਨਹੀਂ ਆ ਰਹੀ। ਇਸ ਗੱਲ ਦੀ ਪੁਸ਼ਟੀ ਲੰਘੇ ਦਿਨ ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾ ਔਲਾਂਦ ਦੀ ਭਾਰਤ ਫੇਰੀ ਦੌਰਾਨ ਹੋਈ। ਸ਼੍ਰੋਮਣੀ ਕਮੇਟੀ ਸਣੇ ਸਿੱਖ ਜਥੇਬੰਦੀਆਂ ਨੇ ਭਾਰਤ ਸਰਕਾਰ ਨੂੰ ਪਹਿਲਾਂ ਹੀ ਬੇਨਤੀ ਕੀਤੀ ਸੀ ਕਿ ਇਹ ਮਾਮਲਾ ਫਰਾਂਸ ਦੇ ਰਾਸ਼ਟਰਪਤੀ ਕੋਲ ਉਠਾਇਆ ਜਾਵੇ, ਪਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਇਸ ਬਾਰੇ ਕੋਈ ਖਾਸ ਸਰਗਰਮੀ ਨਹੀਂ ਵਿਖਾਈ।

ਉਂਜ, ਇਸ ਬਾਰੇ ਸਿੱਖ ਭਾਈਚਾਰੇ ਦੇ ਰੋਸ ਨੂੰ ਵੇਖਦਿਆਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਫਰਾਂਸਵਾ ਔਲਾਂਦੇ ਵਿਚਾਲੇ ਹੋਈ ਮੀਟਿੰਗ ਤੋਂ ਚਾਰ ਦਿਨ ਬਾਅਦ ਭਾਰਤ ਸਰਕਾਰ ਨੇ ਦਾਅਵਾ ਕੀਤਾ ਕਿ ਫਰਾਂਸ ਵਿਚ ਪੱਗ ਬੰਨ੍ਹਣ 'ਤੇ ਪਾਬੰਦੀ ਦਾ ਮੁੱਦਾ ਫਰਾਂਸ ਦੇ ਰਾਸ਼ਟਰਪਤੀ ਕੋਲ ਉਠਾਇਆ ਸੀ। ਹੈਰਾਨੀ ਦੀ ਗੱਲ ਹੈ ਕਿ ਚਾਰ ਦਿਨ ਤੱਕ ਪ੍ਰਧਾਨ ਮੰਤਰੀ ਦਾ ਦਫਤਰ ਇਸ ਬਾਰੇ ਖਾਮੋਸ਼ ਰਿਹਾ ਤੇ ਫਿਰ ਇਕਦਮ ਗੱਲਬਾਤ ਹੋਣ ਦਾ ਦਾਅਵਾ ਕਰ ਦਿੱਤਾ ਗਿਆ। ਇਸ 'ਤੇ ਸਿੱਖ ਜਥੇਬੰਦੀਆਂ ਨੇ ਸ਼ੱਕ ਜ਼ਾਹਿਰ ਕੀਤਾ ਹੈ।

(ਬਾਕੀ ਸਫਾ 6 'ਤੇ)

## ਨਵੀਂ ਇਮੀਗਰੇਸ਼ਨ ਯੋਜਨਾ

# ਗੈਰਕਾਨੂੰਨੀ ਆਵਾਸੀਆਂ ਨੂੰ 8 ਸਾਲ ਬਾਅਦ ਮਿਲ ਸਕੇਗਾ ਗਰੀਨ ਕਾਰਡ

**13 ਸਾਲ ਬਾਅਦ ਸਿਟੀਜ਼ਨ ਬਣਨਗੇ**

**ਵਾਸ਼ਿੰਗਟਨ:** ਜੇ ਓਬਾਮਾ ਪ੍ਰਸ਼ਾਸਨ ਵੱਲੋਂ ਤਿਆਰ ਕੀਤਾ ਗਿਆ ਇਮੀਗਰੇਸ਼ਨ ਸੁਧਾਰ ਬਿਲ ਪਾਸ ਹੋ ਜਾਂਦਾ ਹੈ ਤਾਂ ਗੈਰਕਾਨੂੰਨੀ ਤੌਰ 'ਤੇ ਰਹਿ ਰਹੇ ਪਰਵਾਸੀਆਂ ਨੂੰ ਅਮਰੀਕੀ ਸਿਟੀਜ਼ਨ ਬਣਨ ਲਈ ਵੱਧ ਤੋਂ ਵੱਧ 13 ਸਾਲ ਦੀ ਉਡੀਕ ਕਰਨੀ ਪਵੇਗੀ। ਇਹ ਇੰਕਸ਼ਾਫ ਮਿਆਮੀ ਹੈਰਲਡ ਅਖਬਾਰ ਨੇ ਓਬਾਮਾ ਪ੍ਰਸ਼ਾਸਨ ਦੇ ਲੀਕ ਹੋਏ ਖਰੜੇ ਦੇ ਆਧਾਰ ਉਤੇ ਕੀਤਾ ਹੈ। ਇਸ ਤੋਂ ਪਹਿਲਾਂ ਲੰਘੇ ਵੀਕਐਂਡ 'ਤੇ ਅਖਬਾਰ ਯੂ ਐਸ ਏ ਟੂਡੇ ਵਲੋਂ ਇਸ ਲੀਕ ਹੋਏ ਖਰੜੇ ਦੇ ਆਧਾਰ ਉਤੇ ਇਸ ਸਬੰਧੀ ਖਬਰ ਛਾਪੀ ਗਈ ਸੀ, ਜਿਸ ਬਾਰੇ ਵ੍ਹਾਈਟ ਹਾਊਸ ਦੇ ਚੀਫ ਆਫ ਸਟਾਫ ਡੈਨਿਸ ਮੈਕਡਾਨੋ ਨੇ ਐਤਵਾਰ ਨੂੰ ਕਿਹਾ ਸੀ ਕਿ ਇਹ ਖਰੜਾ ਕਾਂਗਰਸ ਵਲੋਂ ਨਵਾਂ ਇਮੀਗਰੇਸ਼ਨ ਕਾਨੂੰਨ ਬਣਾਉਣ ਵਿਚ ਅਸਫਲ ਰਹਿਣ ਦੀ ਸੂਰਤ ਵਿਚ ਬੈਕਅਪ ਪਲੈਨ ਵਜੋਂ ਤਿਆਰ ਕੀਤਾ ਗਿਆ ਸੀ। ਇਸ ਯੋਜਨਾ ਤਹਿਤ ਗੈਰਕਾਨੂੰਨੀ ਤੌਰ 'ਤੇ ਰਹਿ ਰਹੇ ਪਰਵਾਸੀਆਂ ਨੂੰ ਆਰਜ਼ੀ ਕਾਨੂੰਨੀ ਪਰਵਾਸੀ ਰੁਤਬਾ ਹਾਸਲ ਕਰਨ ਲਈ ਜੁਰਮਾਨਾ ਅਦਾ ਕਰਨਾ ਪਵੇਗਾ, ਸਿੱਖਿਆ ਵਿਭਾਗ ਵਲੋਂ ਪ੍ਰਵਾਨਤ ਅੰਗਰੇਜ਼ੀ ਅਤੇ ਅਮਰੀਕੀ ਨਾਗਰਿਕ ਸ਼ਾਸਤਰ ਦਾ ਕੋਰਸ ਪਾਸ ਕਰਨਾ ਹੋਵੇਗਾ (ਜਾਂ ਇਹ ਸਾਬਤ ਕਰਨਾ ਹੋਵੇਗਾ ਕਿ ਉਨ੍ਹਾਂ ਦੀ ਅੰਗਰੇਜ਼ੀ ਪਹਿਲਾਂ ਹੀ

(ਬਾਕੀ ਸਫਾ 6 'ਤੇ)

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ !
AMAN HUNDAL
Broker / Associate
MBA • SFR • CDPE
Century 21
M&M and Associates
209.918.6464
ahundal@c21mm.com
SFR

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ

6221-16th street Rio Linda (Sacramento) CA 95673, Phone 916-992-1710

ਲਖ ਖੁਸ਼ੀਆਂ ਪਾਤਿਸਾਹੀਆਂ ਜੇ ਸਤਿਗੁਰ ਨਦਰਿ ਕਰੇਇ॥ ਬਹੁਤ ਜਨਮ ਬਿਛੁਰੇ ਥੇ ਮਾਧਉ ਇਹ ਜਨਮੁ ਤੁਮ੍ਹਾਰੇ ਲੇਖੇ॥ ਕਹਿ ਰਵਿਦਾਸ ਆਸ ਲਗਿ ਜੀਵਉ॥ ਚਿਰ ਭਇਓ ਦਰਸਨੁ ਦੇਖੇ॥੨॥੧॥

## ਸ੍ਰੀ ਗੁਰੂ ਰਵਿਦਾਸ ਜੀ ਦੇ 636ਵੇਂ ਆਗਮਨ ਪੁਰਬ ‘ਤੇ 13ਵਾਂ ਸਾਲਾਨਾ ਮਹਾਨ ਨਗਰ ਕੀਰਤਨ



### ਰਿਓਲਿੰਡਾ, ਸੈਕਰਾਮੈਂਟੋ, 10 ਮਾਰਚ 2013 ਦਿਨ ਐਤਵਾਰ ਸਵੇਰੇ 11:30 ਵਜੇ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਵਸ ‘ਤੇ ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ‘ਚ ਸਜਾਇਆ ਜਾ ਰਿਹਾ ਹੈ। ਇਸ ਮੌਕੇ ‘ਤੇ ਪੰਥ ਪ੍ਰਸਿੱਧ ਰਾਗੀ, ਢਾਡੀ ਜਥੇ ਅਤੇ ਕਥਾਵਾਚਕ ਸ਼ਬਦ ਕੀਰਤਨ ਅਤੇ ਵਿਆਖਿਆ ਨਾਲ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਨਗਰ ਕੀਰਤਨ ਵਿਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ ਦਾ ਵੇਰਵਾ

ਅਰੰਭ ਸ੍ਰੀ ਅਖੰਡ ਪਾਠ: 8 ਮਾਰਚ 2013 ਸਵੇਰੇ 9.00 ਵਜੇ
9 ਮਾਰਚ 2013 ਸਨਿਚਰਵਾਰ ਸਵੇਰੇ 11 ਵਜੇ ਨਿਸ਼ਾਨ ਸਾਹਿਬ ਝੁਲਾਏ ਜਾਣਗੇ
(ਸੇਵਾ ਆਗਿਆ ਰਾਮ, ਧਿਆਨ ਚੰਦ ਤੇ ਸਮੂਹ ਪਰਿਵਾਰ ਵਲੋਂ)
ਰੈਣ ਸਬਾਈ ਕੀਰਤਨ ਸ਼ਾਮ 5:00 ਤੋਂ ਰਾਤ 9:00 ਵਜੇ ਤੱਕ
ਭੋਗ ਸ੍ਰੀ ਅਖੰਡ ਪਾਠ ਅਤੇ ਕੀਰਤਨ 10 ਮਾਰਚ 2013 ਸਵੇਰੇ 9.00 ਵਜੇ
ਸੇਵਾ: ਗੁਰੂ ਘਰ ਅਤੇ ਸਮੂਹ ਸੰਗਤਾਂ ਵੱਲੋਂ

### ਹਫਤਾਵਾਰੀ ਪ੍ਰੋਗਰਾਮ

22 ਫਰਵਰੀ 2013 ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਭੋਗ ਅਤੇ ਕੀਰਤਨ: 24 ਫਰਵਰੀ 2013 ਸਵੇਰੇ 10 ਵਜੇ
ਸੇਵਾ: ਯੂ. ਐਸ. ਪੋਸਟ ਆਫਿਸ ਇੰਪਲਾਈ ਸਭਾ ਵਲੋਂ

1 ਮਾਰਚ 2013 ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਭੋਗ ਅਤੇ ਕੀਰਤਨ: 3 ਮਾਰਚ 2013 ਸਵੇਰੇ 10 ਵਜੇ
ਸੇਵਾ: ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਵਲੋਂ

### ਕੀਰਤਨ ਦਰਬਾਰ

ਸ੍ਰੀ ਗੁਰੂ ਰਵਿਦਾਸ ਜੀ ਦੇ ਆਗਮਨ ਦਿਵਸ ਦੀ ਖੁਸ਼ੀ ਵਿਚ 25 ਫਰਵਰੀ 2013 ਸ਼ਾਮ 7:00 ਵਜੇ ਤੋਂ 10:00 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ।

**ਨੋਟ:** ਸੰਗਤਾਂ ਯਾਦ ਰੱਖਣ ਕਿ 10 ਮਾਰਚ ਨੂੰ ਸਮੇਂ ਵਿਚ ਇੱਕ ਘੰਟੇ ਦੀ ਤਬਦੀਲੀ ਹੋਵੇਗੀ ਤੇ ਘੜੀਆਂ ਇੱਕ ਘੰਟਾ ਅੱਗੇ ਹੋ ਜਾਣਗੀਆਂ।

*ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਆਪਣੀਆਂ ਗੱਡੀਆਂ ਸਹੀ ਜਗ੍ਹਾ ‘ਤੇ ਪਾਰਕ ਕੀਤੀਆਂ ਜਾਣ।*

**ਖ਼ੂਨਦਾਨ ਕੈਂਪ:** ਸਨਿਚਰਵਾਰ 9 ਮਾਰਚ 2013, ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ ਇਕ ਵਜੇ ਤੱਕ ਅਤੇ ਮੈਡੀਕਲ ਕੈਂਪ ਐਤਵਾਰ 10 ਮਾਰਚ 2013, ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ ਦੋ ਵਜੇ ਤੱਕ।
ਸੰਪਰਕ ਕਰੋ: ਸ਼ਤੀਸ ਰੱਲ੍ਹ: 916-214-9092

**ਅਖੰਡ ਪਾਠ ਸਾਹਿਬ ਦੀ ਸੇਵਾ ਲਈ ਸੰਪਰਕ ਕਰੋ:**
ਭਾਈ ਨਿਰਮਲ ਸਿੰਘ 916-410-7809
ਭਾਈ ਜਸਪਾਲ ਸਿੰਘ 916-274-9278

| ਸੰਪਰਕ ਕਰੋ: ਲੰਗਰ ਦੀ ਸੇਵਾ | ਸਟਾਲ ਲਾਉਣ ਲਈ | ਫਲੋਟਾਂ ਵਾਸਤੇ | ਕੀਰਤਨੀ ਤੇ ਢਾਡੀ ਜਥੇ |
|---|---|---|---|
| ਬਲਬੀਰ ਕਲੇਰ: 916-769-8569 | ਦਿਲਬਾਗ ਰਾਣਾ: 916-459-9417 | ਕਸ਼ਮੀਰ ਸਿੰਘ ਹੀਰਾ: 916-798- 8142 | ਰਮੇਸ਼ ਬੰਗੜ: 916-715-3441 |
| ਕਰਨੈਲ ਵਿਰਕ: 916-588-8068 | ਸਤਨਾਮ ਮੰਢਾਲੀ: 916-803-0108 | ਦਰਸ਼ਨ ਵਿਰਕ: 916-228-0540 | |

**ਹੋਰ ਜਾਣਕਾਰੀ ਲਈ ਕਾਲ ਕਰੋ**
**ਪੀ.ਆਰ.ਓ.: ਜੱਸੀ ਬੰਗਾ: 916-796-5003**
**ਜਸਵੰਤ ਸਿੰਘ ਸ਼ੀਂਮਾਰ: 916-293-6030**

**ਜਾਰੀ ਕਰਤਾ : ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਭਾ, ਰਿਓਲਿੰਡਾ, ਸੈਕਰਾਮੈਂਟੋ (ਕੈਲੀਫੋਰਨੀਆ)**

# Pacific Coast Law Firm P.C.

## *A Professional Corporation*

2351 W. March Lane, Ste A, Stockton, CA 95207
704 I Street, Ste B, Modesto, CA 95253

**(209) 475-6001**

### DIVORCE/FAMILY LAW (ਡਿਵੋਰਸ ਅਤੇ ਫੈਮਿਲੀ ਲਾਅ)

* Child Custody/Visitation
* Child Support
* Spousal Support/Alimony
* Property Division
* Restraining Orders
* Guardianships

### IMMIGRATION LAW (ਇਮੀਗਰੇਸ਼ਨ ਲਾਅ)

* Family/Fiancee Visa
* Citizenship
* Removal/Deportation Defense
* Asylum
* Adjustment of Status
* Waivers (UP/Criminal)
* International Visas
* Passport Applications
* Power of Attorney
* Religious Visa/Adjustment
* EB-5/Investor Visas
* VAWA
* U/T Visas
* Green Card
* DACA
* OCI
* Passport/Identity Card

### BANKRUPTCY (ਬੈਂਕਰਪਸੀ)

* Chapter 7
* Credit Card Bills
* Medical Bills
* Wage Garnishments



Harleen Wahid-Dail
Attorney at Law

### WILLS, TRUSTS & ESTATES (ਵਿਰਾਸਤ, ਟਰਸਟ ਅਤੇ ਐਸਟੇਟਸ)

· Document Creation
· Inter Vivos Trusts
· Direction for Res Funding
· Notary on Site
· Durable Power of Attorney
· Power of Attorney

### TAX LAW (ਟੈਕਸ ਲਾਅ)

* Offers In Compromise * Payment Plans

### SOCIAL SECURITY & VETERAN DISABILITY (ਸੋਸ਼ਲ ਸਿਕਿਉਰਿਟੀ ਅਤੇ ਵੈਟਰਨ ਡਿਸਏਬਲਿਟੀ)

* Initial Applications
* SSDI / SSI
* Hearings / Appeals
* Survivor & Disabled
* Widower Benefit
* EDD Claims / Appeals



*Kiran Sihota*
*Attorney at Law*



# ਮੋਗੇ ਦਾ ਮੋਰਚਾ

ਮੋਗੇ ਦੀ ਜ਼ਿਮਨੀ ਚੋਣ ਲਈ ਮੁੱਖ ਸਿਆਸੀ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦਾ ਪੂਰਾ ਜ਼ੋਰ ਲੱਗਿਆ ਰਿਹਾ ਹੈ। ਇਸ ਚੋਣ ਦੇ ਨਤੀਜੇ 28 ਫਰਵਰੀ ਨੂੰ ਆਉਣੇ ਹਨ। ਇਕ ਗੱਲ ਨੋਟ ਕਰਨ ਵਾਲੀ ਹੈ ਕਿ ਲੋਕਾਂ ਦੇ ਮੁੱਦਿਆਂ ਵੱਲ ਕਿਸੇ ਵੀ ਧਿਰ ਨੇ ਧਿਆਨ ਨਹੀਂ ਦਿੱਤਾ ਹੈ। ਇਸ ਲਿਹਾਜ਼ ਨਾਲ ਭਾਵੇਂ ਜਿਹੜੀ ਮਰਜ਼ੀ ਧਿਰ ਜਿੱਤੇ, ਲੋਕਾਂ ਦੀ ਹਾਰ ਹੀ ਹੋਵੇਗੀ।



## ਜ਼ਿਮਨੀ ਚੋਣਾਂ ਨੇ ਸਿਰਜਿਆ ਹਮੇਸ਼ਾ ਇਤਿਹਾਸ

**ਚੰਡੀਗੜ੍ਹ:** ਦੋ ਦਹਾਕਿਆਂ ਦੇ ਜ਼ਿਮਨੀ ਚੋਣਾਂ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਅਜਨਾਲਾ ਜ਼ਿਮਨੀ ਚੋਣ ਮਰਹੂਮ ਬੇਅੰਤ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਵੀ ਸ਼੍ਰੋਮਣੀ ਅਕਾਲੀ ਦਲ (ਬ) ਦੇ ਉਮੀਦਵਾਰ ਡਾ. ਰਤਨ ਸਿੰਘ ਅਜਨਾਲਾ ਨੇ ਚੋਣ ਜਿੱਤ ਲਈ ਸੀ। ਹਾਲਾਂਕਿ ਬਾਕੀ ਅਕਾਲੀ ਦਲਾਂ ਨੇ ਵੀ ਆਪਣਾ ਉਮੀਦਵਾਰ ਖੜ੍ਹਾ ਕੀਤਾ ਸੀ ਪਰ ਸ. ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਦਾ ਉਮੀਦਵਾਰ ਜਿੱਤਣ ਕਾਰਨ ਸਰਕਾਰ ਦੇ ਵੱਕਾਰ ਨੂੰ ਹੀ ਢਾਅ ਨਹੀਂ ਲੱਗੀ ਸਗੋਂ ਪੰਥਕ ਧਿਰਾਂ ਵਿਚ ਵੀ ਸ. ਬਾਦਲ ਦਾ ਕੱਦ ਉਚਾ ਹੋ ਗਿਆ ਸੀ।

ਇਹ ਉਹ ਸਮਾਂ ਸੀ ਜਦੋਂ ਖਾੜਕੂਵਾਦ ਦੇ ਲੰਮੇ ਦੌਰ ਤੋਂ ਬਾਅਦ ਅਕਾਲੀ ਦਲ ਚੋਣ ਪ੍ਰਕਿਰਿਆ ਵਿਚ ਹਿੱਸਾ ਲੈਣ ਲੱਗਿਆ ਸੀ। ਉਸ ਤੋਂ ਬਾਅਦ ਗਿੱਦੜਬਾਹਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਹੋਈ ਤਾਂ ਉਦੋਂ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਨੇ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਹਲਕੇ ਵਿਚ ਜਾ ਕੇ ਚੁਣੌਤੀ ਦਿੱਤੀ ਤੇ ਸਾਰੇ ਮੰਤਰੀਆਂ ਨੂੰ ਪਿੰਡਾਂ ਵਿਚ ਤਾਇਨਾਤ ਕੀਤਾ। ਅਖੀਰ ਜਿੱਤ ਵਿਰੋਧੀ ਧਿਰ ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਦੀ ਹੋਈ। ਇਹ ਜ਼ਿਮਨੀ ਚੋਣ ਇਸ ਕਰਕੇ ਵੀ ਲੋਕਾਂ ਵਿਚ ਚਰਚਿਤ ਰਹਿੰਦੀ ਹੈ ਕਿਉਂਕਿ ਵੋਟਾਂ ਦੀ ਖਰੀਦੋ ਫਰੋਖ਼ਤ ਖੁੱਲ੍ਹਮ ਖੁੱਲ੍ਹੀ ਹੋਈ ਸੀ। ਜਲੰਧਰ ਜ਼ਿਲ੍ਹੇ ਦੇ ਆਦਮਪੁਰ ਹਲਕੇ ਦੀ ਜ਼ਿਮਨੀ ਚੋਣ ਦੇ ਨਤੀਜੇ ਨੂੰ ਤਾਂ ਕਿਸੇ ਹਾਲਤ ਵਿਚ ਭੁੱਲਿਆ ਨਹੀਂ ਜਾ ਸਕਦਾ। ਇਸ ਚੋਣ ਵਿਚ ਉਸ ਵੇਲੇ ਦੀ ਹਾਕਮ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਦੀ ਹਾਰ ਹੋ ਗਈ ਸੀ। ਕਾਂਗਰਸ ਦੇ ਕਮਲਜੀਤ ਸਿੰਘ ਲਾਲੀ ਗਿਣਤੀ ਦੀਆਂ ਵੋਟਾਂ 'ਤੇ ਹੀ ਜਿੱਤੇ ਸਨ। ਇਸ ਹਾਰ ਤੋਂ ਬਾਅਦ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਕੀਤੀ ਰਾਜਸੀ ਟਿੱਪਣੀ ਏਨੀ ਮਹਿੰਗੀ ਪਈ ਕਿ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੋਹਾਂ ਵਿਚੋਂ ਹੀ ਕੱਢ ਦਿੱਤਾ ਗਿਆ। ਇੱਥੋਂ ਤੱਕ ਕਿ ਅਕਾਲ ਤਖ਼ਤ ਦੇ ਜਥੇਦਾਰ ਤੱਕ ਬਦਲ ਗਏ।

> **ਜ਼ਿਮਨੀ ਚੋਣਾਂ ਵਿਚ ਸੱਤਾਧਾਰੀ ਧਿਰ ਦਾ ਹੱਥ ਸਦਾ ਉਪਰ ਹੀ ਰਿਹਾ ਹੈ**

ਆਦਮਪੁਰ ਦੇ ਨਤੀਜੇ ਤੋਂ ਬਾਅਦ ਹਾਕਮ ਪਾਰਟੀ ਹਰ ਜ਼ਿਮਨੀ ਚੋਣ ਵਿਚ ਹੀ ਜੇਤੂ ਹੋ ਕੇ ਨਿਕਲੀ ਹੈ। ਕੈਪਟਨ ਅਮਰਿੰਦਰ ਸਿੰਘ ਦੇ ਸਮੇਂ ਕਪੂਰਥਲਾ, ਗੜ੍ਹਸ਼ੰਕਰ, ਅਜਨਾਲਾ ਵਿਧਾਨ ਸਭਾ ਹਲਕਿਆਂ ਦੀਆਂ ਚੋਣਾਂ ਕਾਂਗਰਸ ਨੇ ਜਿੱਤੀਆਂ ਤੇ ਅਕਾਲੀ ਭਾਜਪਾ ਗਠਜੋੜ ਦੇ ਪਿਛਲੇ ਸ਼ਾਸਨ ਦੌਰਾਨ ਕਾਹਨੂੰਵਾਨ, ਨੂਰਮਹਿਲ, ਬਨੂੜ, ਜਲਾਲਾਬਾਦ ਦੀਆਂ ਚੋਣਾਂ ਸ਼੍ਰੋਮਣੀ ਅਕਾਲੀ ਦਲ ਦੀ ਝੋਲੀ ਵਿਚ ਪਈਆਂ ਸਨ।

## ਸਰਕਾਰੀ ਖਜ਼ਾਨੇ 'ਤੇ ਪਿਆ ਬੋਝ

**ਚੰਡੀਗੜ੍ਹ:** ਮੋਗਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਸਰਕਾਰੀ ਖ਼ਜ਼ਾਨੇ ਨੂੰ ਭਾਰੀ ਮੁੱਲ ਤਾਰਨਾ ਪਿਆ। ਚੋਣ ਕਮਿਸ਼ਨ ਦੇ ਅਧਿਕਾਰੀਆਂ ਮੁਤਾਬਕ ਇਸ ਚੋਣ 'ਤੇ ਤਕਰੀਬਨ 70 ਤੋਂ 80 ਲੱਖ ਰੁਪਏ ਖ਼ਰਚ ਆਇਆ ਹੈ। ਇਸ ਹਲਕੇ ਦੀ ਜ਼ਿਮਨੀ ਚੋਣ 'ਤੇ ਦਸੂਹਾ ਵਿਧਾਨ ਸਭਾ ਹਲਕੇ ਦੀ ਚੋਣ ਨਾਲੋਂ ਜ਼ਿਆਦਾ ਖ਼ਰਚ ਹੋ ਰਿਹਾ। ਇਹ ਚੋਣ ਹਾਕਮ ਧਿਰ ਵੱਲੋਂ ਥੋਪੀ ਗਈ ਹੈ ਕਿਉਂਕਿ ਕਾਂਗਰਸ ਦੇ ਸਾਬਕਾ ਵਿਧਾਇਕ ਜੋਗਿੰਦਰ ਪਾਲ ਜੈਨ ਦੀ ਦਲ ਬਦਲੀ ਬਾਅਦ ਇਹ ਚੋਣ ਹੋਣ ਜਾ ਰਹੀ ਹੈ।

> **70 ਤੋਂ 80 ਲੱਖ ਰੁਪਏ ਦਾ ਖ਼ਰਚਾ**

ਚੋਣ ਕਮਿਸ਼ਨ ਦੇ ਅਧਿਕਾਰੀਆਂ ਮੁਤਾਬ ਚੋਣਾਂ ਵਿਚ ਸਭ ਤੋਂ ਜ਼ਿਆਦਾ ਖ਼ਰਚ ਪੈਟਰੋਲ ਤੇ ਡੀਜ਼ਲ ਦਾ ਹੁੰਦਾ ਹੈ। ਇਸ ਤਰ੍ਹਾਂ ਜਿਹੜੇ ਹੋਰ ਖਰਚਿਆਂ ਨੂੰ ਪ੍ਰਮੁੱਖਤਾ ਨਾਲ ਗਿਣਿਆ ਜਾ ਸਕਦਾ ਹੈ, ਉਨ੍ਹਾਂ ਵਿਚ ਵੋਟਾਂ ਵਾਲੇ ਦਿਨ ਤਾਇਨਾਤ ਹੋਣ ਵਾਲੇ ਅਮਲੇ ਨੂੰ ਦਿੱਤਾ ਜਾਣ ਵਾਲਾ ਭੱਤਾ, ਚੋਣ ਅਮਲੇ ਨੂੰ ਦਿੱਤੀ ਜਾਂਦੀ ਸਿਖਲਾਈ, ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੀ ਇੰਸਪੈਕਸ਼ਨ ਕਰਾਉਣ 'ਤੇ ਆਉਂਦਾ ਖ਼ਰਚ, ਨੀਮ ਸੁਰੱਖਿਆ ਬਲਾਂ ਨੂੰ ਕੀਤੀ ਜਾਣ ਵਾਲੀ ਅਦਾਇਗੀ ਤੇ ਉਨ੍ਹਾਂ ਦੇ ਰਹਿਣ ਦਾ ਖ਼ਰਚਾ ਤੇ ਸਟੇਸ਼ਨਰੀ ਸ਼ਾਮਲ ਹੈ।

ਚੋਣ ਕਮਿਸ਼ਨ ਦੇ ਅਧਿਕਾਰੀਆਂ ਮੁਤਾਬਕ ਦਸੂਹਾ ਜ਼ਿਮਨੀ ਚੋਣ 'ਤੇ 65 ਕੁ ਲੱਖ ਰੁਪਏ ਖਰਚ ਹੋਇਆ ਸੀ। ਇਹ ਸਾਰਾ ਖ਼ਰਚਾ ਰਾਜ ਸਰਕਾਰ ਨੂੰ ਹੀ ਝੱਲਣਾ ਪੈਂਦਾ ਹੈ। ਸੂਬੇ ਦੇ ਖ਼ਜ਼ਾਨੇ ਨੂੰ ਠੀਕ ਸਾਲ ਪਹਿਲਾਂ ਵਿਧਾਨ ਸਭਾ ਦੀਆਂ ਆਮ ਚੋਣਾਂ ਦਾ ਖ਼ਰਚ ਵੀ ਝੱਲਣਾ ਪਿਆ ਸੀ ਤੇ ਇਕ ਸਾਲ ਦੇ ਅੰਦਰ ਹੀ ਦੋ ਜ਼ਿਮਨੀ ਚੋਣਾਂ ਦਾ ਖ਼ਰਚ ਵੀ ਹੋ ਗਿਆ। ਲੋਕ ਸਭਾ ਚੋਣਾਂ 'ਤੇ ਆਉਂਦੇ ਖ਼ਰਚ ਦਾ ਅੱਧਾ ਹਿੱਸਾ ਕੇਂਦਰ ਸਰਕਾਰ ਵੱਲੋਂ ਵੀ ਝੱਲਿਆ ਜਾਂਦਾ ਹੈ।

ਦਸੂਹਾ ਜ਼ਿਮਨੀ ਚੋਣ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਅਮਰਜੀਤ ਸਿੰਘ ਸ਼ਾਹੀ ਦੀ ਮੌਤ ਕਾਰਨ ਹੋਈ ਸੀ ਪਰ ਮੋਗਾ ਦੀ ਜ਼ਿਮਨੀ ਚੋਣ ਕਾਂਗਰਸੀ ਵਿਧਾਇਕ ਦੇ ਹਾਕਮ ਪਾਰਟੀ ਨਾਲ ਰਲਣ ਕਾਰਨ ਹੋਈ।

## ਵੱਕਾਰ ਦਾ ਸਵਾਲ ਬਣਾ ਕੇ ਲੜੀਆਂ ਚੋਣਾਂ

**ਚੰਡੀਗੜ੍ਹ:** ਇਸ ਜ਼ਿਮਨੀ ਚੋਣ ਨੂੰ ਦੋਵੇਂ ਪ੍ਰਮੁੱਖ ਪਾਰਟੀਆਂ ਨੇ ਆਪਣੇ ਵਕਾਰ ਦਾ ਸਵਾਲ ਬਣਾਇਆ ਸੀ। ਇਸ ਹਲਕੇ ਵਿਚ ਨੀਮ ਸੁਰੱਖਿਆ ਬਲਾਂ ਦੀਆਂ ਦੋ ਕੰਪਨੀਆਂ ਵਾਧੂ ਤਾਇਨਾਤ ਕੀਤੀਆਂ ਗਈਆਂ ਤੇ ਹਰ ਇਕ ਪੋਲਿੰਗ ਬੂਥ 'ਤੇ ਮਾਈਕਰੋ ਅਬਜ਼ਰਵਰ ਨਾਮੀ ਵੀਡੀਓ ਕੈਮਰਾ ਵੀ ਲਾਇਆ ਗਿਆ। ਮੋਗਾ ਵਿਚ ਨੀਮ ਸੁਰੱਖਿਆ ਬਲਾਂ ਦੀਆਂ ਸੱਤ ਕੰਪਨੀਆਂ ਤਾਇਨਾਤ ਕੀਤੀਆਂ ਗਈਆਂ। ਮੋਗਾ ਵਿਧਾਨ ਸਭਾ ਹਲਕੇ ਵਿਚ ਕੁੱਲ 188 ਪੋਲਿੰਗ ਬੂਥ ਹਨ।

ਸੱਤਾਧਾਰੀ ਧਿਰ ਵੱਲੋਂ ਜਿੱਤ ਯਕੀਨੀ ਬਣਾਉਣ ਲਈ ਸਮੁੱਚੇ ਮੰਤਰੀ ਮੰਡਲ ਨੂੰ ਮੋਗਾ ਵਿਚ ਤਾਇਨਾਤ ਕੀਤਾ ਗਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਹੋਰ ਮੰਤਰੀਆਂ ਦੀ ਗ਼ੈਰ ਹਾਜ਼ਰੀ ਕਾਰਨ ਚੰਡੀਗੜ੍ਹ ਵਿਚ ਸਕੱਤਰੇਤ ਸੁੰਨਾ ਪਿਆ ਰਿਹਾ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਨਵੀਂ ਦਿੱਲੀ ਵਿਚ ਮੋਰਚਾ ਮੱਲੀ ਰੱਖਿਆ।

## ਜਬਰ ਵਿਰੁਧ ਘੋਲਾਂ ਦਾ ਹਮੇਸ਼ਾ ਕੇਂਦਰ ਰਿਹਾ ਮੋਗਾ

**ਮੋਗਾ:** ਮੋਗਾ ਦਾ ਇਲਾਕਾ ਸਦੀਆਂ ਤੋਂ ਰਾਜਨੀਤਕ, ਧਾਰਮਿਕ, ਸਮਾਜਿਕ ਤੇ ਕਰਾਂਤੀਕਾਰੀ ਅੰਦੋਲਨਾਂ ਦਾ ਕੇਂਦਰ ਰਿਹਾ ਹੈ। ਦੇਸ਼ 'ਤੇ ਜਦੋਂ ਅੰਗਰੇਜ਼ੀ ਹਕੂਮਤ ਦਾ ਝੰਡਾ ਝੂਲ ਰਿਹਾ ਸੀ, ਉਦੋਂ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਆਜ਼ਾਦੀ ਦੇ ਪ੍ਰਵਾਨਿਆਂ ਨੇ ਗ਼ਦਰ ਪਾਰਟੀ ਦਾ ਮੁੱਢ ਬੰਨ੍ਹਿਆ ਤਾਂ ਇਸ ਇਲਾਕੇ ਦੇ ਲੋਕਾਂ ਦੀ ਇਸ ਹੱਦ ਤੱਕ ਭਰਵੀਂ ਸ਼ਮੂਲੀਅਤ ਸੀ ਕਿ ਅੰਗਰੇਜ਼ਾਂ ਨੇ ਢੁੱਡੀਕੇ ਪਿੰਡ ਨੂੰ ਗ਼ਦਰ ਦੀਆਂ ਸਰਗਰਮੀਆਂ ਦਾ ਕੇਂਦਰ ਮੰਨਿਆ।

ਆਜ਼ਾਦੀ ਦੀ ਲੜਾਈ ਤੋਂ ਬਾਅਦ ਕਮਿਊਨਿਸਟ ਲਹਿਰਾਂ ਤੇ ਖਾੜਕੂਵਾਦ ਦੀ ਲਹਿਰ ਦੌਰਾਨ ਵੀ ਮੋਗਾ ਦਾ ਨਾਂ ਸੁਰਖੀਆਂ ਵਿਚ ਹੀ ਰਿਹਾ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਇਸੇ ਜ਼ਿਲ੍ਹੇ ਦੇ ਜੰਮਪਲ ਸਨ। ਸੱਤਰਵਿਆਂ ਵਿਚ ਚੱਲੇ ਵਿਦਿਆਰਥੀ ਘੋਲ ਦੀਆਂ ਯਾਦਾਂ ਤੇ ਰੀਗਲ ਸਿਨੇਮਾ ਕਾਂਡ ਤਾਂ ਅਜੇ ਵੀ ਲੋਕਾਂ ਦੇ ਚੇਤੇ ਹੈ। ਇਹ ਕਿਹਾ ਜਾ ਸਕਦਾ ਹੈ ਕਿ ਇਸ ਇਲਾਕੇ ਤੋਂ ਅਜਿਹੀਆਂ ਲਹਿਰਾਂ ਉੱਠੀਆਂ ਹਨ ਜਿਨ੍ਹਾਂ ਨੇ ਰਾਜ ਸਰਕਾਰ ਨਹੀਂ ਸਗੋਂ ਦਿੱਲੀ ਸਰਕਾਰ ਦੀਆਂ ਵੀ ਚੂਲਾਂ ਹਿਲਾ ਕੇ ਰੱਖ ਦਿੱਤੀਆਂ ਸਨ। ਭਾਵੇਂ ਲਾਲਾ ਲਾਜਪਤ ਰਾਏ ਦਾ ਕਾਰਜ ਖੇਤਰ ਬੇਸ਼ੱਕ ਹੋਰ ਇਲਾਕੇ ਰਹੇ ਪਰ ਉਹ ਜੰਮਪਲ ਢੁੱਡੀਕੇ ਪਿੰਡ ਦੇ ਸਨ। ਇਤਿਹਾਸਕਾਰਾਂ ਮੁਤਾਬਕ ਢੁੱਡੀਕੇ ਦੇ 16 ਗ਼ਦਰੀ ਹੋਏ ਹਨ।

ਕਿਰਤੀ ਕਿਸਾਨ ਪਾਰਟੀਆਂ ਦਾ ਕੇਂਦਰ ਰਹਿਣ ਦੀ ਸਭ ਤੋਂ ਵੱਡੀ ਮਿਸਾਲ ਇਸ ਤੱਥ ਤੋਂ ਮਿਲਦੀ ਹੈ ਕਿ 21 ਸਤੰਬਰ ਤੋਂ 23 ਸਤੰਬਰ ਤੱਕ ਸਾਲ 1941 ਦੌਰਾਨ ਕਿਰਤੀ ਕਿਸਾਨ ਪਾਰਟੀ ਦਾ ਵੱਡਾ ਸੰਮੇਲਨ ਹੋਇਆ। ਅੰਗਰੇਜ਼ਾਂ ਦੀਆਂ ਪਾਬੰਦੀਆਂ ਦੇ ਬਾਵਜੂਦ ਹਜ਼ਾਰਾਂ ਕਿਸਾਨਾਂ ਨੇ ਇਸ ਸਮਾਗਮ ਵਿਚ ਹਿੱਸਾ ਲਿਆ। ਅਜੋਕੇ ਸਮੇਂ ਦੌਰਾਨ ਵੀ ਇਹ ਇਲਾਕਾ ਕਿਸਾਨੀ ਸਰਗਰਮੀਆਂ ਦਾ ਗੜ੍ਹ ਮੰਨਿਆ ਜਾਂਦਾ ਹੈ। 1972 ਵਿਚ ਜਦੋਂ ਮਹਿੰਗਾਈ ਵਿਰੁੱਧ ਅੰਦੋਲਨ ਚੱਲ ਰਿਹਾ ਸੀ ਤਾਂ ਐਨ ਉਸੇ ਸਮੇਂ ਮੋਗਾ ਦੇ ਰੀਗਲ ਸਿਨੇਮਾ ਵਿਚ ਗੋਲੀ ਕਾਂਡ ਵਾਪਰਿਆ।

ਇਸ ਕਾਂਡ ਦੌਰਾਨ ਦੋ ਵਿਦਿਆਰਥੀਆਂ ਹਰਜੀਤ ਸਿੰਘ ਤੇ ਸਵਰਨ ਸਿੰਘ ਦੀ ਮੌਤ ਹੋ ਗਈ ਸੀ। ਉਸ ਤੋਂ ਬਾਅਦ ਪੰਜਾਬ ਸਟੂਡੈਂਟਸ ਯੂਨੀਅਨ ਦਾ ਪੂਰੇ ਪੰਜਾਬ ਵਿਚ ਬੋਲਬਾਲਾ ਹੋ ਗਿਆ ਸੀ। ਆਜ਼ਾਦੀ ਤੋਂ ਬਾਅਦ ਇਹ ਪਹਿਲੀ ਵਾਰੀ ਸੀ ਕਿ ਜਦੋਂ ਸੂਬੇ ਵਿਚ ਫੌਜ ਤਾਇਨਾਤ ਕਰਨੀ ਪਈ। ਤਤਕਾਲੀਨ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਦੀਆਂ ਚੂਲਾਂ ਹਿੱਲ ਗਈਆਂ ਸਨ। ਪਰਵਾਸ ਕਰਨ ਵਾਲਿਆਂ ਵਿਚ ਅੱਜ ਦੋਆਬਾ ਮੋਹਰੀ ਮੰਨਿਆ ਜਾਂਦਾ ਹੈ ਪਰ ਇਹ ਵੀ ਇਤਿਹਾਸਕ ਤੱਥ ਹੈ ਕਿ ਪੰਜਾਬ ਵਿਚੋਂ ਸਭ ਤੋਂ ਪਹਿਲਾਂ ਮੋਗਾ ਇਲਾਕੇ ਦੇ ਲੋਕਾਂ ਨੇ ਵਿਦੇਸ਼ਾਂ ਵੱਲ ਰੁਖ਼ ਕੀਤਾ। ਵਿਦੇਸ਼ ਬੈਠੇ ਲੋਕਾਂ ਨੇ ਹੀ ਗ਼ਦਰ ਪਾਰਟੀ ਵਿਚ ਸ਼ਮੂਲੀਅਤ ਕੀਤੀ। ਬਾਬਾ ਰੂੜ ਸਿੰਘ ਚੂਹੜਚੱਕ ਤੇ ਬਾਬਾ ਨਿਧਾਨ ਸਿੰਘ ਚੁੱਘਾ ਸਿਰਕੱਢ ਗ਼ਦਰੀ ਇਸੇ ਇਲਾਕੇ ਨਾਲ ਸਬੰਧ ਰੱਖਦੇ ਸਨ। ਬਾਬਾ ਰੂੜ ਸਿੰਘ ਤਾਂ ਸਾਲ 1937 ਤੋਂ 1946 ਤੱਕ ਵਿਧਾਇਕ ਵੀ ਰਹੇ। ਸੁਭਾਸ਼ ਚੰਦਰ ਬੋਸ ਦੀ ਅਗਵਾਈ ਹੇਠ ਆਜ਼ਾਦ ਹਿੰਦ ਫੌਜ ਵਿਚ ਵੀ ਮੋਗਾ ਇਲਾਕੇ ਦੇ ਲੋਕਾਂ ਦੀ ਭਰਵੀਂ ਸ਼ਮੂਲੀਅਤ ਰਹੀ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਪਿੰਡ ਰੋਡੇ ਦੇ ਜੰਮਪਲ ਸਨ। ਪਿਛਲੇ ਸਦੀ ਦੇ ਸੱਤਵੇਂ ਦਹਾਕੇ ਦੇ ਅੰਤ ਤੋਂ ਲੈ ਕੇ 1984 ਤੱਕ ਸਿੱਖ ਸਿਆਸਤ ਵਿਚ ਉਨ੍ਹਾਂ ਦਾ ਬੋਲਬਾਲਾ ਰਿਹਾ ਹੈ। ਉਨ੍ਹਾਂ ਦੀ ਮੌਤ ਤੋਂ ਬਾਅਦ ਵੀ ਸੂਬੇ ਵਿਚ ਤਕਰੀਬਨ ਇਕ ਦਹਾਕੇ ਤੱਕ ਅਸ਼ਾਂਤੀ ਦਾ ਮਹੌਲ ਰਿਹਾ।

ਪੰਜਾਬ ਪੁਲਿਸ ਦੇ ਅੰਕੜੇ ਦੇਖੇ ਜਾਣ ਤਾਂ ਆਬਾਦੀ ਦੇ ਲਿਹਾਜ਼ ਨਾਲ ਇਸ ਇਲਾਕੇ ਵਿਚ ਸਭ ਤੋਂ ਵਧੇਰੇ ਅਪਰਾਧ ਹੁੰਦਾ ਹੈ। ਇਸ ਦੇ ਨਾਲ ਹੀ ਮੋਗਾ ਇਲਾਕੇ ਦੇ ਲੋਕ ਅਗਾਂਹਵਧੂ ਮੰਨੇ ਗਏ। ਮੋਗਾ ਇਲਾਕੇ ਦਾ ਇਤਿਹਾਸ ਫਰੋਲਿਆਂ ਪਤਾ ਲਗਦਾ ਹੈ ਕਿ ਇਸ ਇਲਾਕੇ ਨੇ ਜੁਝਾਰੂ ਤੇ ਸਮਾਜਿਕ, ਰਾਜਨੀਤਕ ਤੇ ਧਾਰਮਿਕ ਤਬਦੀਲੀਆਂ ਦਾ ਜਜ਼ਬਾ ਰੱਖਣ ਵਾਲੀਆਂ ਸ਼ਖ਼ਸੀਅਤਾਂ ਪੈਦਾ ਕੀਤੀਆਂ ਹਨ।

## ਹੁਣ ਤੱਕ ਕਾਂਗਰਸ ਦੀ ਹੀ ਰਹੀ ਹੈ ਚੜ੍ਹਤ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀਆਂ 1977 ਤੋਂ ਲੈ ਕੇ ਹੁਣ ਤੱਕ ਅੱਠ ਵਾਰ ਹੋਈਆਂ ਚੋਣਾਂ ਦੌਰਾਨ ਮੋਗਾ ਹਲਕੇ ਤੋਂ ਪੰਜ ਵਾਰ ਕਾਂਗਰਸ ਦੇ ਉਮੀਦਵਾਰ ਜੇਤੂ ਰਹੇ ਹਨ। ਇਸ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਜਥੇਦਾਰ ਤੋਤਾ ਸਿੰਘ ਨੇ ਹੀ ਦੋ ਵਾਰ ਮੋਗੇ ਦੀ ਸੀਟ ਜਿੱਤ ਕੇ ਪਾਰਟੀ ਦੀ ਝੋਲੀ ਪਾਈ ਜਦਕਿ ਇਕ ਵਾਰ ਹਲਕੇ ਦੀ ਸੀਟ ਇਸ ਵਾਰ ਮੈਦਾਨ ਵਿਚ ਉਤਰੇ ਕਾਂਗਰਸ ਦੇ ਉਮੀਦਵਾਰ ਸਾਥੀ ਵਿਜੈ ਕੁਮਾਰ ਦੇ ਪਿਤਾ ਸਾਥੀ ਰੂਪ ਲਾਲ ਨੇ ਜਨਤਾ ਦਲ ਦੀ ਟਿਕਟ 'ਤੇ ਜਿੱਤੀ ਸੀ।

ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਕਾਂਗਰਸ ਨੇ 1977 ਤੋਂ ਲੈ ਕੇ ਹੁਣ ਤੱਕ ਪਿਛਲੇ ਢਾਈ ਦਹਾਕਿਆਂ ਦੌਰਾਨ ਮੋਗਾ ਹਲਕੇ ਦੀਆਂ ਹੋਈਆਂ ਅੱਠ ਚੋਣਾਂ ਵਿਚੋਂ ਚਾਰ ਚੋਣਾਂ ਵਿਚ ਔਸਤਨ 43-44 ਫੀਸਦੀ ਵੋਟਾਂ ਹਾਸਲ ਕੀਤੀਆਂ ਜਦਕਿ ਬਾਕੀ ਚੋਣਾਂ ਦੌਰਾਨ ਕਾਂਗਰਸ ਦੀ ਵੋਟ ਪ੍ਰਤੀਸ਼ਤਤਾ ਘੱਟ ਰਹੀ ਹੈ। ਸਾਲ 1985 ਦੀ ਵਿਧਾਨ ਸਭਾ ਚੋਣ ਦੌਰਾਨ ਭਾਵੇਂ ਕਾਂਗਰਸ ਦੇ ਉਮੀਦਵਾਰ ਗੁਰਚਰਨ ਸਿੰਘ 23,651 ਵੋਟਾਂ ਹਾਸਲ ਕਰਕੇ ਜੇਤੂ ਰਹੇ ਸਨ ਪਰ ਉਦੋਂ ਇਸ ਉਮੀਦਵਾਰ ਨੂੰ 37.55 ਫੀਸਦੀ ਵੋਟਾਂ ਹੀ ਨਸੀਬ ਹੋਈਆਂ ਸਨ। ਉਸ ਵੇਲੇ ਮੈਦਾਨ ਵਿਚ ਉਤਰੇ ਜਨਤਾ ਪਾਰਟੀ ਦੇ ਉਮੀਦਵਾਰ ਸਾਥੀ ਰੂਪ ਲਾਲ 19,848 ਵੋਟਾਂ ਹਾਸਲ ਕਰਕੇ ਦੂਸਰੇ ਥਾਂ 'ਤੇ ਰਹੇ ਸਨ। ਉਨ੍ਹਾਂ ਨੂੰ 31.51 ਫੀਸਦੀ ਵੋਟਾਂ ਹਾਸਲ ਹੋਈਆਂ ਸਨ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਚਰਨ ਦਾਸ 15,617 ਵੋਟਾਂ ਹਾਸਲ ਕਰਕੇ ਤੀਸਰੇ ਨੰਬਰ 'ਤੇ ਰਹੇ ਸਨ।

> **1977 ਤੋਂ ਅੱਠ ਵਿਚੋਂ ਪੰਜ ਵਾਰ ਕਾਂਗਰਸ ਜੇਤੂ**

ਇਸੇ ਤਰ੍ਹਾਂ 1997 ਵਿਚ ਹੋਈਆਂ ਚੋਣਾਂ ਦੌਰਾਨ ਕਾਂਗਰਸ ਦੀ ਉਮੀਦਵਾਰ ਮਾਲਤੀ ਥਾਪਰ ਨੂੰ ਕੇਵਲ 19.27 ਫੀਸਦੀ ਵੋਟਾਂ ਹਾਸਲ ਹੋਈਆਂ ਸਨ। ਉਨ੍ਹਾਂ ਨੂੰ 16,919 ਵੋਟਾਂ ਮਿਲੀਆਂ ਸਨ। ਹੁਣ ਕਾਂਗਰਸ ਦੇ ਪਲੇਟਫਾਰਮ ਤੋਂ ਚੋਣ ਲੜ ਰਹੇ ਵਿਜੈ ਸਾਥੀ ਨੇ ਉਦੋਂ ਜਨਤਾ ਦਲ ਦੀ ਟਿਕਟ ਤੋਂ ਚੋਣ ਲੜ ਕੇ 20,217 (23.03 ਫੀਸਦੀ) ਵੋਟਾਂ ਹਾਸਲ ਕੀਤੀਆਂ ਸਨ ਜਦਕਿ ਸ਼੍ਰੋਮਣੀ ਅਕਾਲੀ ਦਲ ਦੇ ਜਥੇਦਾਰ ਤੋਤਾ ਸਿੰਘ 41,616 ਵੋਟਾਂ ਹਾਸਲ ਕਰਕੇ ਜੇਤੂ ਰਹੇ ਸਨ।

1977 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਵੇਂ ਮੋਗਾ ਦੀ ਸੀਟ ਜਨਤਾ ਪਾਰਟੀ ਦੇ ਉਮੀਦਵਾਰ ਸਾਥੀ ਰੂਪ ਲਾਲ ਨੇ 28,652 ਵੋਟਾਂ (55.84 ਫੀਸਦ) ਹਾਸਲ ਕਰਕੇ ਜਿੱਤੀ ਸੀ ਪਰ ਇਸ ਦੇ ਬਾਵਜੂਦ ਉਦੋਂ ਕਾਂਗਰਸ ਦੇ ਦੂਸਰੇ ਨੰਬਰ 'ਤੇ ਰਹੇ ਉਮੀਦਵਾਰ ਇਕਬਾਲ ਸਿੰਘ ਨੂੰ 44.16 ਫੀਸਦੀ ਵੋਟਾਂ ਹਾਸਲ ਹੋਈਆਂ ਸਨ।

ਫਿਰ 1980 ਵਿਚ ਹੋਈਆਂ ਚੋਣਾਂ ਦੌਰਾਨ ਕਾਂਗਰਸ ਦੇ ਉਮੀਦਵਾਰ ਨਛੱਤਰ ਸਿੰਘ 22,460 (43.07 ਫੀਸਦੀ) ਵੋਟਾਂ ਹਾਸਲ ਕਰਕੇ ਜੇਤੂ ਰਹੇ ਸਨ। ਉਦੋਂ ਜਨਤਾ ਪਾਰਟੀ ਦੇ ਸਾਥੀ ਰੂਪ ਲਾਲ ਨੂੰ 32 ਫੀਸਦੀ ਵੋਟਾਂ ਮਿਲੀਆਂ ਸਨ ਜਦਕਿ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਗੁਰਨਾਮ ਸਿੰਘ ਤੀਰ ਨੂੰ ਸਿਰਫ 12.10 ਫੀਸਦੀ ਵੋਟਾਂ ਨਸੀਬ ਹੋਈਆਂ ਸਨ। 1992 ਦੀਆਂ ਚੋਣਾਂ ਦੌਰਾਨ ਇਸ ਸੀਟ ਤੋਂ ਮੌਜੂਦਾ ਮਹਿਲਾ ਕਾਂਗਰਸ ਦੀ ਪ੍ਰਧਾਨ ਡਾ. ਮਾਲਤੀ ਥਾਪਰ ਜੇਤੂ ਰਹੇ ਸਨ।

2002 ਦੀਆਂ ਚੋਣਾਂ ਦੌਰਾਨ ਕਾਂਗਰਸ ਦੀ ਟਿਕਟ ਤੋਂ ਲੜੇ ਸਾਥੀ ਵਿਜੈ ਕੁਮਾਰ ਭਾਵੇਂ ਅਕਾਲੀ ਦਲ ਦੇ ਉਮੀਦਵਾਰ ਜਥੇਦਾਰ ਤੋਤਾ ਸਿੰਘ ਕੋਲੋਂ 305 ਵੋਟਾਂ ਨਾਲ ਹਾਰ ਗਏ ਸਨ ਪਰ ਉਨ੍ਹਾਂ ਨੇ ਉਦੋਂ 47.56 ਫੀਸਦੀ ਵੋਟਾਂ ਹਾਸਲ ਕੀਤੀਆਂ ਸਨ ਜਦਕਿ ਜਥੇਦਾਰ ਤੋਤਾ ਸਿੰਘ ਨੂੰ 47.91 ਫੀਸਦੀ ਵੋਟਾਂ ਹਾਸਲ ਹੋਈਆਂ ਸਨ।

2007 ਦੀਆਂ ਚੋਣਾਂ ਦੌਰਾਨ ਕਾਂਗਰਸ ਦੇ ਉਮੀਦਵਾਰ ਜੋਗਿੰਦਰ ਪਾਲ ਜੈਨ 47.77 ਫੀਸਦੀ ਵੋਟਾਂ ਹਾਸਲ ਕਰਕੇ ਜੇਤੂ ਰਹੇ ਸਨ ਤੇ ਅਕਾਲੀ ਦਲ ਦੇ ਜਥੇਦਾਰ ਤੋਤਾ ਸਿੰਘ 46.65 ਫੀਸਦੀ ਵੋਟਾਂ ਹਾਸਲ ਕਰਕੇ ਦੂਸਰੇ ਨੰਬਰ 'ਤੇ ਰਹੇ ਸਨ। ਪਿਛਲੇ ਵਰ੍ਹੇ ਜਨਵਰੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਨਿਰੰਤਰ ਦੂਸਰੀ ਵਾਰ ਮੈਦਾਨ ਵਿਚ ਉਤਰੇ ਕਾਂਗਰਸ ਦੇ ਉਮੀਦਵਾਰ ਜੋਗਿੰਦਰ ਪਾਲ ਜੈਨ ਮੁੜ 46.40 ਫੀਸਦੀ ਵੋਟਾਂ ਹਾਸਲ ਕਰਕੇ ਜੇਤੂ ਰਹੇ ਸਨ। ਉਨ੍ਹਾਂ ਨੂੰ ਕੁੱਲ 62,200 ਵੋਟਾਂ ਮਿਲੀਆਂ ਸਨ ਜਦਕਿ ਉਨ੍ਹਾਂ ਦੇ ਨਿਕਟ ਵਿਰੋਧੀ ਅਕਾਲੀ ਦਲ ਦੇ ਉਮੀਦਵਾਰ ਤੇ ਪੰਜਾਬ ਪੁਲਿਸ ਦੇ ਸਾਬਕਾ ਮੁਖੀ ਪਰਮਦੀਪ ਸਿੰਘ ਗਿੱਲ ਨੂੰ 57,575 (42.95 ਫੀਸਦ) ਵੋਟਾਂ ਮਿਲੀਆਂ ਸਨ। ਹੁਣ ਸ੍ਰੀ ਜੈਨ ਇਨ੍ਹਾਂ ਜ਼ਿਮਨੀ ਚੋਣਾਂ ਵਿੱਚ ਦਲਬਦਲੀ ਕਰਕੇ ਅਕਾਲੀ ਦਲ ਦੀ ਟਿਕਟ ਤੋਂ ਚੋਣ ਲੜ ਰਹੇ ਹਨ। ਇਸ ਤਰ੍ਹਾਂ ਭਾਵੇਂ ਮੋਗਾ ਵਿਧਾਨ ਸਭਾ ਚੋਣਾਂ ਦੌਰਾਨ 1977 ਤੋਂ ਲੈ ਕੇ ਹੁਣ ਤੱਕ ਕਾਂਗਰਸ ਦਾ ਪੱਲੜਾ ਹੀ ਭਾਰਾ ਰਿਹਾ ਹੈ ਪਰ ਇਨ੍ਹਾਂ ਚੋਣਾਂ ਵਿਚ ਵੱਡੇ ਪੱਧਰ 'ਤੇ ਬਦਲੇ ਸਮੀਕਰਨਾਂ ਕਾਰਨ ਚੋਣ ਦਿਲਚਸਪ ਬਣੀ ਹੋਈ ਹੈ।

# ਖੇਡ ਫੈਡਰੇਸ਼ਨਾਂ 'ਤੇ ਸਿਆਸਤਦਾਨਾਂ ਦੀ ਇਜ਼ਾਰੇਦਾਰੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਸਿਆਸਤਦਾਨਾਂ ਤੇ ਅਫਸਰਾਂ ਨੇ ਸੂਬੇ ਦੀਆਂ ਤਕਰੀਬਨ ਸਾਰੀਆਂ ਖੇਡ ਐਸੋਸੀਏਸ਼ਨਾਂ ਤੇ ਫੈਡਰੇਸ਼ਨਾਂ 'ਤੇ ਕਬਜ਼ਾ ਕਰ ਲਿਆ ਹੈ। ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਪੰਜਾਬ ਰਾਈਫਲਜ਼ ਐਸੋਸੀਏਸ਼ਨ ਦਾ ਪ੍ਰਧਾਨ ਬਣਨ ਨਾਲ ਇਸ ਬਾਰੇ ਮੁੜ ਚਰਚਾ ਛਿੜੀ ਹੈ। ਇਸ ਵੇਲੇ ਸੂਬਾਈ ਵਜ਼ਾਰਤ ਦੇ ਚਾਰ ਮੰਤਰੀ ਵੱਖ ਵੱਖ ਖੇਡ ਐਸੋਸੀਏਸ਼ਨਾਂ ਦੀ ਪ੍ਰਧਾਨਗੀ 'ਤੇ ਕਾਇਮ ਹਨ। ਇਨ੍ਹਾਂ ਵਿਚ ਸੁਖਬੀਰ ਸਿੰਘ ਬਾਦਲ ਪ੍ਰਧਾਨ ਪੰਜਾਬ ਹਾਕੀ ਐਸੋਸੀਏਸ਼ਨ, ਸਿਕੰਦਰ ਸਿੰਘ ਮਲੂਕਾ ਕਬੱਡੀ ਐਸੋਸੀਏਸ਼ਨ, ਆਦੇਸ਼ ਪ੍ਰਤਾਪ ਸਿੰਘ ਕੈਰੋਂ ਰੋਵਿੰਗ ਐਸੋਸੀਏਸ਼ਨ ਦੇ ਪ੍ਰਧਾਨ ਹਨ ਤੇ ਹੁਣ ਮਜੀਠੀਆ ਵੀ ਇਸ ਵਿਚ ਸ਼ਾਮਲ ਹੋ ਗਏ।

ਖੇਡਾਂ ਦੇ ਖੇਤਰ ਵਿਚ ਪੰਜਾਬ ਦੀ ਏਨੀ ਸਰਦਾਰੀ ਰਹੀ ਹੈ ਕਿ ਇਹ ਸੂਬਾ ਭਾਰਤ ਹੀ ਨਹੀਂ ਸਗੋਂ ਏਸ਼ੀਆ ਵਿਚ ਪਹਿਲੇ ਨੰਬਰ 'ਤੇ ਮੰਨਿਆ ਜਾਣ ਲੱਗਿਆ ਸੀ। ਪੰਜਾਬ ਵਿਚ ਜੇ.ਸੀ.ਟੀ. ਮਿੱਲ ਦੀ ਹਾਕੀ ਟੀਮ ਦੀਆਂ ਪ੍ਰਾਪਤੀਆਂ ਜ਼ਿਕਰਯੋਗ ਰਹੀਆਂ ਹਨ। ਇਸ ਉਦਯੋਗਿਕ ਘਰਾਣੇ ਨੇ ਟੀਮ ਨੂੰ ਭੰਗ ਕਰ ਦਿੱਤਾ ਹੈ। ਸੂਬੇ ਵਿਚ ਹੋਰ ਵੀ ਕਈ ਵੱਡੇ ਉਦਯੋਗਕ ਘਰਾਣੇ ਹਨ ਪਰ ਹੁਣ ਕੋਈ ਵੀ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਅੱਗੇ ਨਹੀਂ ਆ ਰਿਹਾ। ਜੇ.ਸੀ.ਟੀ. ਤੋਂ ਬਾਅਦ ਕਿਸੇ ਘਰਾਣੇ ਵੱਲੋਂ ਆਪਣੀ ਟੀਮ ਦਾ ਵੀ ਗਠਨ ਨਹੀਂ ਕੀਤਾ ਗਿਆ।

ਇਹ ਸ਼ਾਇਦ ਇਸੇ ਕਰਕੇ ਮੰਨਿਆ ਜਾ ਰਿਹਾ ਹੈ ਕਿ ਖੇਡ ਐਸੋਸੀਏਸ਼ਨਾਂ 'ਤੇ ਸਿਆਸਤਦਾਨਾਂ ਤੇ ਰਾਜਨੀਤਕ ਵਿਅਕਤੀਆਂ ਤੇ ਅਫਸਰਸ਼ਾਹੀ ਦਾ ਬੋਲਬਾਲਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਸਿਆਸਤਦਾਨਾਂ ਤੇ ਅਫਸਰਾਂ ਦੇ ਮੂਹਰੇ ਆਉਣ ਤੋਂ ਬਾਅਦ ਖੇਡਾਂ ਨੂੰ ਸਪਾਂਸਰ



ਬਿਕਰਮ ਮਜੀਠੀਆ ਆਦੇਸ਼ ਪ੍ਰਤਾਪ ਸਿੰਘ ਕੈਰੋਂ ਸਿਕੰਦਰ ਸਿੰਘ ਮਲੂਕਾ

ਕਰਨ ਵਾਲੇ ਉਦਯੋਗਕ ਘਰਾਣਿਆਂ ਨੇ ਵੀ ਖੇਡ ਐਸੋਸੀਏਸ਼ਨਾਂ ਤੇ ਖੇਡਾਂ ਤੋਂ ਮੂੰਹ ਮੋੜ ਲਿਆ ਹੈ। ਕੌਮੀ ਪੱਧਰ 'ਤੇ ਪੰਜਾਬ ਦੇ ਸਾਬਕਾ ਪੁਲਿਸ ਮੁਖੀ ਕੇ.ਪੀ.ਐਸ. ਗਿੱਲ ਨੇ ਹਾਕੀ ਫੈਡਰੇਸ਼ਨ 'ਤੇ ਲੰਮਾ ਸਮਾਂ ਦਬਦਬਾ ਬਣਾਈ ਰੱਖਿਆ। ਉਨ੍ਹਾਂ ਨੂੰ ਬੜੀ ਮੁਸ਼ਕਲ ਨਾਲ ਇਸ ਅਹੁਦੇ ਤੋਂ ਲਾਹਿਆ ਗਿਆ।

ਸ. ਗਿੱਲ ਦੇ ਹੁੰਦਿਆਂ ਪੰਜਾਬ ਵਿਚ ਹਾਕੀ ਐਸੋਸੀਏਸ਼ਨ 'ਤੇ ਪੰਜਾਬ ਪੁਲਿਸ ਦੇ ਅਫਸਰਾਂ ਦੀ ਸਰਦਾਰੀ ਰਹੀ। ਦੇਸ਼ ਦੀ ਹਾਕੀ ਟੀਮ ਦੀ ਬਿਹਤਰ ਕਾਰਗੁਜ਼ਾਰੀ ਨਾ ਹੋਣ ਕਾਰਨ ਵੀ ਅਕਸਰ ਐਸੋਸੀਏਸ਼ਨ ਦੀ ਆਲੋਚਨਾ ਹੁੰਦੀ ਰਹੀ ਹੈ। ਹਾਕੀ ਐਸੋਸੀਏਸ਼ਨ ਦੇ ਪ੍ਰਧਾਨ ਸੁਖਬੀਰ ਬਾਦਲ ਤੇ ਸਕੱਤਰ ਪਰਗਟ ਸਿੰਘ ਹਨ।ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਕੌਮੀ ਪੱਧਰ ਤੇ ਤੇ ਸੂਬਾਈ ਪੱਧਰ 'ਤੇ ਸਾਈਕਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਹਨ।

ਇਸੇ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਦੇ ਸਪੁੱਤਰ ਰਣਇੰਦਰ ਸਿੰਘ ਕੌਮੀ ਰਾਈਫਲਜ਼ ਐਸੋਸੀਏਸ਼ਨ ਦੇ ਪ੍ਰਧਾਨ, ਕਾਂਗਰਸੀ ਵਿਧਾਇਕ ਗੁਰਮੀਤ ਸਿੰਘ ਰਾਣਾ ਸੋਢੀ ਚੰਡੀਗੜ੍ਹ ਉਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ, ਸੁਖਦੇਵ ਸਿੰਘ ਢੀਡਸਾ ਪੰਜਾਬ ਬਾਕਸਿੰਗ ਐਸੋਸੀਏਸ਼ਨ ਦੇ ਪ੍ਰਧਾਨ, ਸੇਵਾ ਮੁਕਤ ਆਈ.ਪੀ.ਐਸ. ਰਾਜਦੀਪ ਸਿੰਘ ਗਿੱਲ ਪੰਜਾਬ ਤੇ ਕੌਮੀ ਪੱਧਰ 'ਤੇ ਬਾਸਕਟਵਾਲ ਐਸੋਸੀਏਸ਼ਨ ਦੇ ਪ੍ਰਧਾਨ, ਕੁਸ਼ਤੀ ਐਸੋਸੀਏਸ਼ਨ ਦੇ ਪ੍ਰਧਾਨ ਪਹਿਲਵਾਨ ਕਰਤਾਰ ਸਿੰਘ, ਬੈਡਮਿੰਟਨ ਐਸੋਸੀਏਸ਼ਨ ਦੇ ਪ੍ਰਧਾਨ ਆਈ.ਏ.ਐਸ. ਏ. ਵੇਣੂ ਪ੍ਰਸਾਦ, ਵੇਟਲਿਫਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਸੁੱਚਾ ਰਾਮ ਲੱਧੜ, ਅਥਲੈਟਿਕਸ ਐਸੋਸੀਏਸ਼ਨ ਦੇ ਪ੍ਰਧਾਨ ਸੇਵਾਮੁਕਤ ਪੁਲੀਸ ਅਧਿਕਾਰੀ ਅਜਾਇਬ ਸਿੰਘ, ਤੈਰਾਕੀ ਐਸੋਸੀਏਸ਼ਨ ਦੇ ਪ੍ਰਧਾਨ ਸੇਵਾਮੁਕਤ ਆਈ.ਪੀ.ਐਸ. ਐਸ.ਐਮ. ਸ਼ਰਮਾ, ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਇੰਦਰਜੀਤ ਸਿੰਘ ਬਿੰਦਰਾ, ਪੰਜਾਬ ਗੋਲਫ ਐਸੋਸੀਏਸ਼ਨ ਦੇ ਪ੍ਰਧਾਨ ਏ.ਡੀ.ਜੀ.ਪੀ. ਐਸ.ਕੇ. ਸ਼ਰਮਾ ਹਨ।

ਇਨ੍ਹਾਂ ਕੁਝ ਐਸੋਸੀਏਸ਼ਨਾਂ ਵਿਚ ਸਕੱਤਰ ਦੇ ਅਹੁਦਿਆਂ 'ਤੇ ਪੁਰਾਣੇ ਖਿਡਾਰੀਆਂ ਨੂੰ ਵੀ ਤਾਇਨਾਤ ਕੀਤਾ ਗਿਆ ਹੈ। ਖੇਡਾਂ ਦੇ ਖੇਤਰ ਨਾਲ ਜੁੜੇ ਵਿਅਕਤੀਆਂ ਦਾ ਕਹਿਣਾ ਹੈ ਕਿ ਬੇਸ਼ੱਕ ਐਸੋਸੀਏਸ਼ਨਾਂ ਵੀ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਅੱਗੇ ਲਿਆਉਣ ਲਈ ਉਤਾਵਲੀਆਂ ਹੁੰਦੀਆਂ ਹਨ ਕਿਉਂਕਿ ਸੱਤਾ ਵਿਚਲਾ ਬੰਦਾ ਕਿਸੇ ਵੀ ਤਰ੍ਹਾਂ ਦੇ ਪ੍ਰਬੰਧ ਕਰਨ ਦੇ ਯੋਗ ਹੁੰਦਾ ਹੈ। ਇਸ ਤੱਥ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਵਾਹ ਵਾਹ ਖੱਟਣ ਲਈ ਸਿਆਸਤਦਾਨ ਵੀ ਅਜਿਹੀਆਂ ਸੰਸਥਾਵਾਂ ਦੇ ਚੌਧਰੀ ਬਣਨ ਲਈ ਪੱਬਾਂ ਭਾਰ ਹੋਏ ਰਹਿੰਦੇ ਹਨ।

ਪੰਜਾਬ ਦੇ ਅਭਿਨਵ ਬਿੰਦਰਾ ਨੇ ਕੁਝ ਸਾਲ ਪਹਿਲਾਂ ਬੀਜਿੰਗ ਵਿਚ ਹੋਈਆਂ ਖੇਡਾਂ ਦੌਰਾਨ ਸੋਨੇ ਦਾ ਤਗਮਾ ਜਿੱਤ ਕੇ ਦੇਸ਼ ਦੀ ਇੱਜ਼ਤ ਰੱਖੀ ਸੀ। ਉਨ੍ਹਾਂ ਖੇਡਾਂ ਤੇ ਉਸ ਤੋਂ ਬਾਅਦ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਵਿਚ ਹਰਿਆਣਾ ਦੇ ਖਿਡਾਰੀ ਤਾਂ ਚਮਕੇ ਪਰ ਪੰਜਾਬ ਦੇ ਬਹੁਤੇ ਖਿਡਾਰੀਆਂ ਦੇ ਪੱਲੇ ਨਿਰਾਸ਼ਾ ਹੀ ਪਈ। ਕੁਝ ਕੁ ਖਿਡਾਰੀ ਹੀ ਤਮਗੇ ਜਿੱਤਣ ਵਿਚ ਕਾਮਯਾਬ ਹੋ ਸਕੇ ਹਨ।

## ਹਿਮਾਚਲ ਪ੍ਰਦੇਸ਼ ਵਿਚ ਫਿਲੌਰ ਦੇ ਵਪਾਰੀ ਦਾ ਕਤਲ

**ਨੰਗਲ:** ਹਿਮਾਚਲ ਦੇ ਕਸਬਾ ਮਹਿਤਪੁਰ ਦੀ ਫੈਕਟਰੀ ਵਿਚ ਫਿਲੌਰ ਦੇ ਵਪਾਰੀ ਦੀ ਸ਼ਰੇਆਮ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮਿਲੀ ਜਾਣਕਾਰੀ ਮੁਤਾਬਕ ਮਹਿਤਪੁਰ ਦੇ ਉਦਯੋਗਿਕ ਖੇਤਰ ਵਿਚ ਵਪਾਰੀ ਵਿਨੋਦ ਕੁਮਾਰ ਜੈਨ ਨੂੰ ਉਸ ਦੀ ਫੈਕਟਰੀ ਅੱਗੇ ਅਣਪਛਾਤੇ ਮੋਟਰਸਾਈਕਲ ਸਵਾਰਾਂ ਵੱਲੋਂ ਗੋਲੀ ਮਾਰ ਦਿੱਤੀ ਗਈ ਜਿਸ ਦੀ ਨਵਾਂ ਨੰਗਲ ਦੇ ਐਨਐਫ਼ਐਲ ਹਸਪਤਾਲ ਲਿਜਾਂਦੇ ਸਮੇਂ ਰਾਹ ਵਿਚ ਮੌਤ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਵਿਨੋਦ ਕੁਮਾਰ ਜੈਨ ਤੇ ਉਨ੍ਹਾਂ ਦੇ ਭਰਾ ਦੀਆਂ ਫਿਲੌਰ, ਜੰਮੂ, ਮਹਿਤਪੁਰ ਤੇ ਇਥੇ ਫੈਕਟਰੀਆਂ ਹਨ। ਵਿਨੋਦ ਜੈਨ ਮਹਿਤਪੁਰ ਪੁੱਜੇ ਸਨ ਤੇ ਦੁਪਹਿਰ 12 ਵਜੇ ਮੋਟਰਸਾਈਕਲ 'ਤੇ ਤਿੰਨ ਅਣਪਛਾਤੇ ਵਿਅਕਤੀ ਆਏ ਤੇ ਉਨ੍ਹਾਂ ਫੈਕਟਰੀ ਮਾਲਕ ਨੂੰ ਬੁਲਾਉਣ ਲਈ ਕਿਹਾ। ਸ੍ਰੀ ਜੈਨ ਦੇ ਬਾਹਰ ਆਉਣ 'ਤੇ ਉਨ੍ਹਾਂ ਵਿਚੋਂ ਇਕ ਵਿਅਕਤੀ ਨੇ ਗੋਲੀ ਮਾਰ ਦਿੱਤੀ ਤੇ ਜਦੋਂ ਤੱਕ ਮੁਲਾਜ਼ਮ ਪੁੱਜਦੇ ਉਹ ਫਰਾਰ ਹੋ ਚੁੱਕੇ ਸਨ।

## ਨਾਮਧਾਰੀ ਸੰਪਰਦਾ ਦੇ ਮੁਖੀ ਨੂੰ ਸੰਮਨ

**ਲੁਧਿਆਣਾ:** ਸਥਾਨਕ ਅਦਾਲਤ ਨੇ ਨਾਮਧਾਰੀ ਸੰਪਰਦਾ ਦੇ ਮੁਖੀ ਸਤਿਗੁਰੂ ਉਦੈ ਸਿੰਘ ਸਮੇਤ ਛੇ ਵਿਅਕਤੀਆਂ ਨੂੰ ਮੁੜ ਸੰਮਨ ਭੇਜੇ ਹਨ ਜਿਨ੍ਹਾਂ ਵਿਚ ਸਤਿਗੁਰੂ ਉਦੈ ਸਿੰਘ, ਅਮਰ ਸਿੰਘ, ਕੇਸਰ ਸਿੰਘ, ਗੁਰਬਚਨ ਸਿੰਘ, ਸੁਖਦੇਵ ਸਿੰਘ ਤੇ ਬਲਦੇਵ ਸਿੰਘ ਦੇ ਨਾਂ ਸ਼ਾਮਲ ਸਨ। ਇਨ੍ਹਾਂ ਨੂੰ ਅਦਾਲਤ ਨੇ 11 ਮਾਰਚ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਅਦਾਲਤ ਵਿਚ ਕੇਸ ਨਾਮਧਾਰੀ ਸਤਵਿੰਦਰਪਾਲ ਸਿੰਘ ਵੱਲੋਂ 9000 ਗਜ਼ ਦਾਨ ਦੇ ਪਲਾਟ ਨੂੰ ਆਧਾਰ ਬਣਾ ਕੇ ਕੀਤਾ ਗਿਆ ਹੈ।

ਦਾਨ ਦਿੱਤੇ ਗਏ ਪਲਾਟ ਦੇ ਆਧਾਰ 'ਤੇ ਅਦਾਲਤ ਨੇ ਪਹਿਲਾਂ ਵੀ 20 ਦਸੰਬਰ, 2012 ਨੂੰ ਅੱਠ ਵਿਅਕਤੀਆਂ ਨੂੰ ਸੰਮਨ ਜਾਰੀ ਕੀਤਾ ਸੀ ਤੇ ਇਨ੍ਹਾਂ ਨੂੰ ਛੇ ਫਰਵਰੀ ਨੂੰ ਪੇਸ਼ ਹੋਣ ਲਈ ਕਿਹਾ ਗਿਆ ਸੀ ਜਿਨ੍ਹਾਂ ਵਿਚੋਂ ਛੇ ਫਰਵਰੀ ਨੂੰ ਜਗੀਰ ਸਿੰਘ ਤੇ ਗੁਰਨਾਮ ਸਿੰਘ ਅਦਾਲਤ ਵਿਚ ਪੇਸ਼ ਹੋ ਗਏ। ਜਿਹੜੇ ਛੇ ਵਿਅਕਤੀ ਪੇਸ਼ ਨਹੀਂ ਹੋਏ, ਉਨ੍ਹਾਂ ਨੂੰ ਅਦਾਲਤ ਨੇ ਦੁਬਾਰਾ ਸੰਮਨ ਭੇਜੇ ਹਨ ਤੇ 11 ਮਾਰਚ ਨੂੰ ਪੇਸ਼ ਹੋਣ ਲਈ ਕਿਹਾ ਹੈ। ਸਤਵਿੰਦਰਪਾਲ ਸਿੰਘ ਨੇ ਦਾਅਵਾ ਕੀਤਾ ਹੈ ਕਿ 2002 ਵਿਚ ਸਤਿਗੁਰ ਜਗਜੀਤ ਸਿੰਘ ਨੇ ਉਸ ਨੂੰ ਮਦਦ ਵਜੋਂ ਤਕਰੀਬਨ 9000 ਗਜ਼ ਦਾ ਪਲਾਟ ਕਟਾਣੀ ਕਲਾਂ (ਲੁਧਿਆਣਾ-ਚੰਡੀਗੜ੍ਹ ਸੜਕ ) ਵਿਚ ਦਿੱਤਾ ਸੀ ਤਾਂ ਕਿ ਉਹ ਉਥੇ ਆਪਣਾ ਕਾਰੋਬਾਰ ਚਲਾ ਸਕੇ।

ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਸਤਿਗੁਰੂ ਜਗਜੀਤ ਸਿੰਘ ਨੇ ਉਦੈ ਸਿੰਘ ਨੂੰ ਦੋ ਵਾਰ ਇਹ ਹੁਕਮ ਵੀ ਕੀਤਾ ਸੀ ਕਿ ਸਤਵਿੰਦਰਪਾਲ ਸਿੰਘ ਦੇ ਨਾਂ ਪਲਾਟ ਦੀ ਰਜਿਸਟਰੀ ਕਰਵਾ ਦਿੱਤੀ ਜਾਵੇ ਜਿਸ ਦੀ ਉਸ ਪਾਸ ਰਿਕਾਰਡਿੰਗ ਮੌਜੂਦ ਹੈ ਪਰ ਉਦੈ ਸਿੰਘ ਨੇ ਅਜਿਹਾ ਨਾ ਕੀਤਾ। ਉਸ ਦਾ ਪਲਾਟ ਖਾਲੀ ਕਰਨ ਲਈ ਉਸ ਨੂੰ ਦੁਕਾਨ ਉਤੇ ਆ ਕੇ ਧਮਕਾਇਆ। ਉਨ੍ਹਾਂ ਪੁਲਿਸ ਕੋਲ ਵੀ ਦਰਖਾਸਤ ਦਿੱਤੀ ਸੀ ਜਿਸ 'ਤੇ ਕਾਰਵਾਈ ਨਾ ਹੋਈ ਤੇ ਉਸ ਨੂੰ ਅਦਾਲਤ ਦਾ ਬੂਹਾ ਖੜਕਾਉਣਾ ਪਿਆ।

# ਪੰਜਾਬ ਦੀ ਅਫਸਰਸ਼ਾਹੀ ਸਿਆਸੀ ਗਿਣਤੀਆਂ-ਮਿਣਤੀਆਂ 'ਚ ਪਈ

## ਸਿਆਸੀ ਆਗੂਆਂ ਦੀ ਕਾਣੀ ਵੰਡ ਤੋਂ ਅਫਸਰ ਔਖੇ

**ਚੰਡੀਗੜ੍ਹ:** ਪੰਜਾਬ ਵਿਚ ਅਫ਼ਸਰਾਂ ਦੀਆਂ ਨਿਯੁਕਤੀਆਂ ਵਿਚ ਸਿਆਸੀ ਦਖ਼ਲਅੰਦਾਜ਼ੀ ਕਾਰਨ ਤਕਰੀਬਨ ਤਿੰਨ ਦਰਜਨ ਵਿੱਤ ਕਮਿਸ਼ਨਰ ਤੇ ਪ੍ਰਿੰਸੀਪਲ ਸਕੱਤਰ ਪੱਧਰ ਦੇ ਅਧਿਕਾਰੀਆਂ ਵਿਚੋਂ ਦੋ ਦਰਜਨ ਅਜਿਹੇ ਸੀਨੀਅਰ ਅਧਿਕਾਰੀ ਹਨ ਜਿਨ੍ਹਾਂ ਨੂੰ ਉਨ੍ਹਾਂ ਦੀ ਸੀਨੀਅਰਤਾ ਤੇ ਕੁਸ਼ਲਤਾ ਅਨੁਸਾਰ ਨਾ ਤਾਂ ਚੰਗੇ ਮਹਿਕਮੇ ਦਿੱਤੇ ਗਏ ਹਨ ਤੇ ਨਾ ਹੀ ਯੋਗ ਕੰਮ ਦਿੱਤਾ ਗਿਆ ਹੈ। ਸਿਰਫ਼ ਦਸ ਹੀ ਅਜਿਹੇ ਅਧਿਕਾਰੀ ਹਨ ਜਿਨ੍ਹਾਂ ਕੋਲ ਚੰਗੇ ਮਹਿਕਮੇ ਹੀ ਨਹੀਂ ਬਲਕਿ ਉਨ੍ਹਾਂ ਉਪਰ ਲੋੜ ਤੋਂ ਵੱਧ ਬੋਝ ਲੱਦਿਆ ਗਿਆ ਹੈ।

ਚੰਗੇ ਮਹਿਕਮਿਆਂ ਦੀ ਕਾਣੀ ਵੰਡ ਤੇ ਉਚਿੱਤ ਕੰਮ ਨਾ ਮਿਲਣ ਕਾਰਨ ਤਕਰੀਬਨ ਦੋ ਦਰਜਨ ਸੀਨੀਅਰ ਅਧਿਕਾਰੀਆਂ ਵਿਚ ਨਿਰਾਸ਼ਾ ਪਾਈ ਜਾ ਰਹੀ ਹੈ। ਬੇਸ਼ੱਕ ਇਹ ਸੀਨੀਅਰ ਅਧਿਕਾਰੀ ਜਨਤਕ ਤੌਰ 'ਤੇ ਆਪਣੀ ਨਿਰਾਸ਼ਾ ਜ਼ਾਹਰ ਨਹੀਂ ਕਰਦੇ ਪਰ ਅਸਲੀਅਤ ਇਹ ਹੈ ਕਿ ਉਹ ਸਰਕਾਰ ਦੇ ਰਵਈਏ ਤੋਂ ਖ਼ੁਸ਼ ਨਹੀਂ। ਇਨ੍ਹਾਂ ਦੋ ਦਰਜਨ ਅਧਿਕਾਰੀਆਂ ਵਿਚੋਂ ਬਹੁਤਿਆਂ ਨੂੰ ਤਾਂ ਰੋਜ਼ਾਨਾ ਦੋ ਘੰਟੇ ਦਾ ਵੀ ਕੰਮ ਨਹੀਂ ਦਿੱਤਾ ਗਿਆ। ਕਈ ਸੀਨੀਅਰ ਅਧਿਕਾਰੀ ਜੋ ਆਪਣੀ ਮਿਹਨਤ ਤੇ ਕੁਸ਼ਲਤਾ ਲਈ ਮੰਨੇ ਹੋਏ ਹਨ, ਉਨ੍ਹਾਂ ਵਿਚੋਂ ਵੀ ਕਈ ਸਿਆਸਤ ਦਾ ਸ਼ਿਕਾਰ ਹੋ ਗਏ।

ਇਸ ਤਰ੍ਹਾਂ ਦੇ ਸੀਨੀਅਰ ਅਧਿਕਾਰੀਆਂ ਪ੍ਰਤੀ ਸਰਕਾਰ ਦੇ ਇਸ ਰਵਈਏ ਨੇ ਉਨ੍ਹਾਂ ਦੀ ਕੁਸ਼ਲਤਾ ਤੇ ਲਗਨ 'ਤੇ ਵੀ ਬੁਰਾ ਅਸਰ ਪਾਇਆ ਹੈ। ਇਨ੍ਹਾਂ ਤਿੰਨ ਦਰਜਨ ਸੀਨੀਅਰ ਅਧਿਕਾਰੀਆਂ ਵਿਚੋਂ ਸਿਰਫ਼ ਮੁੱਖ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਚੀਮਾ ਜੋ ਸਹਿਕਾਰਤਾ ਮਹਿਕਮੇ ਦੇ ਪ੍ਰਿੰਸੀਪਲ ਸਕੱਤਰ ਵੀ ਹਨ, ਪੀ.ਐਸ. ਔਜਲਾ ਸਕੱਤਰ ਲੋਕ ਨਿਰਮਾਣ, ਵਿੱਤ ਕਮਿਸ਼ਨਰ ਖ਼ਜ਼ਾਨਾ ਤੇ ਯੋਜਨਾ, ਸਤੀਸ਼ ਚੰਦਰਾ, ਡੀ.ਐਸ. ਬੈਂਸ ਵਿੱਤ ਕਮਿਸ਼ਨਰ ਗ੍ਰਹਿ ਤੇ ਜੰਗਲਾਤ, ਵਿਨੀ ਮਹਾਜਨ ਸਿਹਤ ਸਕੱਤਰ, ਜਸਪਾਲ ਸਿੰਘ ਸੰਧੂ ਸਕੱਤਰ ਸਥਾਨਕ ਸਰਕਾਰਾਂ, ਮਨਦੀਪ ਸਿੰਘ ਸੰਧੂ ਦਿਹਾਤੀ ਵਿਕਾਸ, ਕੇ.ਬੀ.ਐਸ. ਸਿੱਧੂ ਸਕੱਤਰ ਸਿੰਜਾਈ, ਕਰਨ ਏ. ਸਿੰਘ ਸਕੱਤਰ ਉਦਯੋਗ ਤੇ ਡੀ.ਐਸ. ਗਰੇਵਾਲ ਖ਼ੁਰਾਕ ਤੇ ਸਪਲਾਈ ਸਕੱਤਰ ਹੀ ਚੰਦ ਅਫ਼ਸਰ ਹਨ ਜਿਨ੍ਹਾਂ ਕੋਲ ਯੋਗ ਕੰਮ ਤੇ ਅਹਿਮ ਮਹਿਕਮੇ ਹਨ।

ਬਾਕੀ ਦੇ ਤਕਰੀਬਨ ਦੋ ਦਰਜਨ ਤੋਂ ਵੱਧ ਅਧਿਕਾਰੀ ਮਹਿਕਮਿਆਂ ਤੇ ਕੰਮ ਦੀ ਕਾਣੀ ਵੰਡ ਤੇ ਨਿਯੁਕਤੀਆਂ ਵਿਚ ਸਿਆਸੀ ਦਖ਼ਲ ਤੋਂ ਨਿਰਾਸ਼ ਹਨ। ਕੰਮ ਦੀ ਕਾਣੀ ਵੰਡ ਦੇ ਕਈ ਕਾਰਨ ਹਨ। ਤਿੰਨ ਚਾਰ ਅਧਿਕਾਰੀਆਂ ਵਿਰੁੱਧ ਤਾਂ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਹਨ ਤੇ ਉਨ੍ਹਾਂ ਵਿਰੁੱਧ ਕੇਸ ਵੀ ਦਰਜ ਹਨ। ਦੋ ਤਿੰਨ ਅਧਿਕਾਰੀਆਂ ਦੀ ਦੂਜੀ ਪਾਰਟੀ ਨਾਲ ਨੇੜਤਾ ਬਣਾਉਣਾ ਵੀ ਮੁੱਖ ਕਾਰਨ ਹੈ ਪਰ ਬਾਕੀ ਦੇ 20-22 ਅਜਿਹੇ ਸੀਨੀਅਰ ਅਧਿਕਾਰੀ ਹਨ ਜਿਨ੍ਹਾਂ ਨੂੰ ਯੋਗਤਾ ਤੇ ਕੁਸ਼ਲਤਾ ਅਨੁਸਾਰ ਕੰਮ ਹੀ ਨਹੀਂ ਦਿੱਤਾ ਗਿਆ।

ਵਿੱਤ ਕਮਿਸ਼ਨਰ ਗੀਤਕਾ ਕੱਲ੍ਹਾ ਇਸ ਸਮੇਂ ਸਭ ਤੋਂ ਸੀਨੀਅਰ ਆਈ.ਏ.ਐਸ. ਅਧਿਕਾਰੀ ਹਨ ਪਰ ਉਨ੍ਹਾਂ ਨੂੰ ਪਿਛਲੇ ਡੇਢ ਦਹਾਕੇ ਵਿਚ ਕਦੇ ਵੀ ਕੋਈ ਅਹਿਮ ਮਹਿਕਮਾ ਨਹੀਂ ਮਿਲਿਆ। ਉਨ੍ਹਾਂ ਕੋਲ ਲੰਮੇ ਸਮੇਂ ਤੋਂ ਸੈਰ-ਸਪਾਟਾ ਮਹਿਕਮਾ ਹੀ ਹੈ। ਜੀ.ਐਸ. ਸੰਧੂ ਨੂੰ ਵੀ ਕਈ ਸਾਲਾਂ ਤੋਂ ਬਾਅਦ ਦੋ ਸਾਲ ਪਹਿਲਾਂ ਵਿੱਤ ਕਮਿਸ਼ਨਰ (ਵਿਕਾਸ) ਲਾਇਆ ਗਿਆ ਪਰ ਉਨ੍ਹਾਂ ਕੋਲ ਵੀ ਸਿਰਫ਼ ਖੇਤੀਬਾੜੀ ਮਹਿਕਮਾ ਹੈ ਜਦਕਿ ਇਸ ਮਹਿਕਮੇ ਨਾਲ ਸਬੰਧਤ ਫ਼ੂਡ ਪ੍ਰਾਸੈਸਿੰਗ ਦਾ ਕੰਮ ਕਿਸੇ ਹੋਰ ਸਕੱਤਰ ਨੂੰ ਦਿੱਤਾ ਗਿਆ ਹੈ। ਸੀ. ਸਰਕਾਰ ਵੀ ਸੀਨੀਅਰ ਅਧਿਕਾਰੀ ਹਨ ਪਰ ਉਨ੍ਹਾਂ ਨੂੰ ਮਨੁੱਖੀ ਅਧਿਕਾਰ ਕਮਿਸ਼ਨ ਵਿਚ ਸਕੱਤਰ ਲਾਇਆ ਗਿਆ ਹੈ।

ਸੀ. ਵਾਸਤਵਾ ਵੀ ਸੀਨੀਅਰ ਵਿੱਤ ਕਮਿਸ਼ਨਰ ਹਨ ਪਰ ਉਹ ਪੰਜਾਬ ਲੋਕਪਾਲ ਦੇ ਪ੍ਰਿੰਸੀਪਲ ਸਕੱਤਰ ਦੇ ਅਹੁਦੇ 'ਤੇ ਤਾਇਨਾਤ ਹਨ। ਏ.ਆਰ. ਤਲਵਾੜ ਪਿਛਲੇ ਸਮੇਂ ਵਿਚ ਬੇਸ਼ੱਕ ਵਿੱਤ ਕਮਿਸ਼ਨਰ ਰਹੇ ਹਨ ਪਰ ਕੁਝ ਸਮਾਂ ਪਹਿਲਾਂ ਉਹ ਵੀ ਭਾਜਪਾ ਦੀ ਸਿਆਸਤ ਦਾ ਸ਼ਿਕਾਰ ਹੋ ਗਏ। ਬੇਸ਼ੱਕ ਮੁੱਖ ਮੰਤਰੀ, ਉਨ੍ਹਾਂ ਨੂੰ ਚੰਗਾ ਮਹਿਕਮਾ ਦੇਣਾ ਚਾਹੁੰਦੇ ਹਨ ਪਰ ਭਾਜਪਾ ਨੂੰ ਉਹ ਰਾਸ ਨਾ ਆਏ ਤੇ ਅਖ਼ੀਰ ਉਨ੍ਹਾਂ ਨੂੰ ਤਕਨੀਕੀ ਸਿਖਿਆ ਮਹਿਕਮਾ ਦੇ ਦਿੱਤਾ। ਸੀਨੀਅਰਤਾ ਮੁਤਾਬਕ ਇਹ ਮਹਿਕਮਾ ਵੀ ਕੋਈ ਅਹਿਮੀਅਤ ਨਹੀਂ ਰੱਖਦਾ।

ਆਰ.ਸੀ. ਨਈਅਰ ਵੀ ਸੀਨੀਅਰ ਵਿੱਤ ਕਮਿਸ਼ਨਰ ਹਨ ਪਰ ਉਨ੍ਹਾਂ ਨੂੰ ਲੇਬਰ ਮਕਿਹਮਾ ਦਿੱਤਾ ਗਿਆ ਹੈ। ਇਸੇ ਤਰ੍ਹਾਂ ਸੁਰੇਸ਼ ਕੁਮਾਰ ਜਿਥੇ ਸੀਨੀਅਰ ਅਧਿਕਾਰੀ ਹਨ, ਉਥੇ ਕੁਸ਼ਲਤਾ ਤੇ ਈਮਾਨਦਾਰੀ ਲਈ ਵੀ ਮੰਨੇ ਹੋਏ ਅਧਿਕਾਰੀ ਹਨ। ਉਹ ਜਿਥੇ ਵੀ ਲੱਗੇ, ਉਥੇ ਹੀ ਉਨ੍ਹਾਂ ਨੇ ਲਗਨ ਨਾਲ ਕੰਮ ਕੀਤਾ ਪਰ ਉਹ ਵੀ ਭਾਜਪਾ ਦੀ ਸਿਆਸਤ ਦਾ ਸ਼ਿਕਾਰ ਹੋਏ ਹਨ। ਉਨ੍ਹਾਂ ਨੂੰ ਹੁਣ ਪਿੰਡਾਂ ਨੂੰ ਪੀਣ ਵਾਲਾ ਪਾਣੀ ਸਪਲਾਈ ਕਰਨ ਵਾਲਾ ਮਹਿਕਮਾ ਦਿੱਤਾ ਗਿਆ ਹੈ।

ਇਕ ਹੋਰ ਸੀਨੀਅਰ ਅਧਿਕਾਰੀ ਧਰਮਵੀਰ ਨੂੰ ਸਰਪਲਸ ਪੂਲ ਮਹਿਕਮੇ ਦਾ ਪ੍ਰਿੰਸੀਪਲ ਸਕੱਤਰ ਲਾਇਆ ਗਿਆ ਹੈ ਜਿਥੇ ਕੋਈ ਕੰਮ ਹੀ ਨਹੀਂ। ਸੀ. ਰਾਊਲ ਨੂੰ ਪ੍ਰਬੰਧਕੀ ਸੁਧਾਰ ਮਹਿਕਮੇ ਦਾ ਪ੍ਰਿੰਸੀਪਲ ਸਕੱਤਰ ਲਾਇਆ ਹੈ। ਕਲਪਨਾ ਮਿੱਤਲ ਬਰੂਹਾ ਨੂੰ ਦਿੱਲੀ ਵਿਖੇ ਪੂੰਜੀ ਨਿਵੇਸ਼ ਦਾ ਕੰਮ ਦਿੱਤਾ ਗਿਆ ਹੈ। ਇਥੇ ਹੀ ਬੱਸ ਨਹੀਂ ਇਕ ਹੋਰ ਸੀਨੀਅਰ ਅਧਿਕਾਰੀ ਟੀ.ਆਰ. ਸਾਰੰਗਲ ਨੂੰ ਪ੍ਰਿੰਸੀਪਲ ਸਕੱਤਰ ਚੋਣਾਂ ਲਾਇਆ ਹੈ ਜਦਕਿ ਵਿੱਤ ਕਮਿਸ਼ਨਰ ਕੁਸਮਜੀਤ ਕੌਰ ਸਿੱਧੂ ਨੂੰ ਪਿਛਲੇ ਲੰਮੇ ਸਮੇਂ ਤੋਂ ਮੁੱਖ ਚੋਣ ਅਧਿਕਾਰੀ ਦੇ ਅਹੁਦੇ 'ਤੇ ਤਾਇਨਾਤ ਕੀਤਾ ਹੋਇਆ ਹੈ।

ਜੀ. ਵਿਜਗਲਿੰਗਮ ਨੂੰ ਮਹਾਤਮਾ ਗਾਂਧੀ ਟਰੇਨਿੰਗ ਇੰਸਟੀਚਿਊਟ ਵਿਚ ਲਾਇਆ ਗਿਆ ਹੈ ਪਰ ਕੁਝ ਸਮਾਂ ਪਹਿਲਾਂ ਸਿੰਜਾਈ ਮਕਿਹਮੇ ਦੇ ਪ੍ਰਿੰਸੀਪਲ ਸਕੱਤਰ ਹੁੰਦਿਆਂ ਉਹ ਕਈ ਕਿਸਮ ਦੇ ਦੋਸ਼ਾਂ ਕਾਰਨ ਚਰਚਾ ਵਿਚ ਰਹੇ ਹਨ। ਵਿਸ਼ਵਜੀਤ ਖੰਨਾ ਜੋ ਪਿਛਲੀ ਅਕਾਲੀ-ਭਾਜਪਾ ਸਰਕਾਰ ਸਮੇਂ ਅਹਿਮ ਅਧਿਕਾਰੀਆਂ ਦੇ ਮੁਖੀ ਰਹੇ, ਉਥੇ ਇਸ ਵਾਰ ਉਨ੍ਹਾਂ ਨੂੰ ਕੋਈ ਖ਼ਾਸ ਅਹਿਮੀਅਤ ਨਹੀਂ ਦਿੱਤੀ ਗਈ।

ਉਨ੍ਹਾਂ ਉਪਰ ਵੀ ਸਿਆਸੀ ਤਾਲਮੇਲ ਦੇ ਦੋਸ਼ ਲੱਗੇ ਹਨ। ਹਿੰਮਤ ਸਿੰਘ ਤੇ ਕ੍ਰਿਸ਼ਨ ਸ਼ੰਕਰ ਸਰੋਜ ਨੂੰ ਤਾਂ ਇਸ ਕਰ ਕੇ ਪਾਸੇ ਲਾਇਆ ਗਿਆ ਕਿਉਂਕਿ ਉਹ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਫਸੇ ਹੋਏ ਹਨ।

# ਪੰਜਾਬ ਵਿਚ ਬਣਨਗੀਆਂ ਤਿੰਨ ਅਤਿ-ਆਧੁਨਿਕ ਜੇਲ੍ਹਾਂ

**ਚੰਡੀਗੜ੍ਹ:** ਪੰਜਾਬ ਵਿਚ ਤਿੰਨ ਅਤਿ ਆਧੁਨਿਕ ਉੱਚ ਸੁਰੱਖਿਅਤ ਨਵੀਆਂ ਜੇਲ੍ਹਾਂ ਉਸਾਰਨ ਦੀ ਪ੍ਰਵਾਨਗੀ ਮਿਲ ਗਈ ਹੈ। ਅੰਮ੍ਰਿਤਸਰ, ਬਠਿੰਡਾ ਤੇ ਸ੍ਰੀ ਮੁਕਤਸਰ ਸਾਹਿਬ ਵਿੱਚ 300 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੀਆਂ ਜਾਣ ਵਾਲੀਆਂ ਇਨ੍ਹਾਂ ਜੇਲ੍ਹਾਂ ਦੇ ਡਿਜ਼ਾਈਨ ਤੇ ਯੋਜਨਾ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੋਹਰ ਲਗਾ ਦਿੱਤੀ ਹੈ। ਸ. ਬਾਦਲ ਨੇ ਜੇਲ੍ਹ ਵਿਭਾਗ ਦੇ ਅਧਿਕਾਰੀਆਂ ਨਾਲ ਉਚ ਪੱਧਰੀ ਮੀਟਿੰਗ ਕੀਤੀ। ਉਨ੍ਹਾਂ ਜੇਲ੍ਹ ਵਿਭਾਗ ਨੂੰ ਆਖਿਆ ਕਿ ਬਣਨ ਵਾਲੀਆਂ ਇਨ੍ਹਾਂ ਜੇਲ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸੀ.ਸੀ. ਟੀਵੀ ਕੈਮਰੇ, ਮੋਬਾਈਲ ਜੈਮਰ ਤੇ ਹੋਰ ਸੁਰੱਖਿਅਤ ਯੰਤਰ ਲਾਏ ਜਾਣ। ਮੁੱਖ ਮੰਤਰੀ ਨੇ ਇਨ੍ਹਾਂ ਨਵੀਆਂ ਜੇਲ੍ਹਾਂ ਦੀਆਂ ਬਾਹਰੀ ਕੰਧਾਂ ਤੋਂ 100 ਫ਼ੁੱਟ ਦੀ ਦੂਰੀ ਤੱਕ ਦੋ ਮੰਜ਼ਲੀ ਇਮਾਰਤ ਦੀ ਉਸਾਰੀ 'ਤੇ ਪਾਬੰਦੀ ਲਾਉਣ ਬਾਰੇ ਵਿਧੀ ਉਲੀਕੇ ਜਾਣ ਲਈ ਆਖਿਆ।

ਮੁੱਖ ਮੰਤਰੀ ਨੇ ਜੇਲ੍ਹ ਵਿਭਾਗ ਨੂੰ ਆਖਿਆ ਕਿ ਇਨ੍ਹਾਂ ਸਾਰੀਆਂ ਜੇਲ੍ਹਾਂ ਲਈ ਇਕੱਠੀ ਟੈਂਡਰਿੰਗ ਕਰਨ ਦੀ ਪ੍ਰਕਿਰਿਆ ਅਪਣਾਈ ਜਾਵੇ ਤਾਂ ਕਿ ਮਿਆਰੀ ਕੰਮ ਲਈ ਵੱਡੀਆਂ ਨਿਰਮਾਣ ਕੰਪਨੀਆਂ ਦੀ ਹਿੱਸੇਦਾਰੀ ਨੂੰ ਵੀ ਯਕੀਨੀ ਬਣਾਇਆ ਜਾ ਸਕੇ। ਮੀਟਿੰਗ ਦੌਰਾਨ ਇਹ ਵੀ ਦੱਸਿਆ ਗਿਆ ਕਿ ਕੇਂਦਰੀ ਜੇਲ੍ਹ ਅੰਮ੍ਰਿਤਸਰ ਦਾ ਨਿਰਮਾਣ 49 ਏਕੜ ਰਕਬੇ ਵਿਚ ਤੇ ਕੇਂਦਰੀ ਜੇਲ੍ਹ ਬਠਿੰਡਾ ਦਾ ਨਿਰਮਾਣ 38 ਏਕੜ ਰਕਬੇ ਵਿਚ ਕੀਤਾ ਜਾਵੇਗਾ। ਇਨ੍ਹਾਂ ਜੇਲ੍ਹਾਂ ਵਿਚ ਦੋ-ਦੋ ਹਜ਼ਾਰ ਕੈਦੀਆਂ ਨੂੰ ਰੱਖਣ ਦੀ ਸਮਰਥਾ ਹੋਵੇਗੀ। ਇਸੇ ਤਰ੍ਹਾਂ ਸ੍ਰੀ ਮੁਕਤਸਰ ਸਾਹਿਬ ਵਿਖੇ ਬਣਾਈ ਜਾਣ ਵਾਲੀ ਜੇਲ੍ਹ ਦੀ ਉਸਾਰੀ 25 ਏਕੜ ਰਕਬੇ ਵਿਚ ਹੋਵੇਗੀ ਜਿਥੇ 1000 ਕੈਦੀਆਂ ਨੂੰ ਰੱਖਿਆ ਜਾ ਸਕੇਗਾ। ਇਨ੍ਹਾਂ ਸਾਰੀਆਂ ਨਵੀਆਂ ਜੇਲ੍ਹਾਂ ਦੀ ਉਸਾਰੀ ਲਈ ਇਕਸਾਰਤਾ ਵਾਲਾ ਪਲਾਨ ਅਪਣਾਇਆ ਜਾਵੇਗਾ ਜਿਸ ਤਹਿਤ ਜੇਲ੍ਹ ਦੀ ਬਾਹਰੀ ਕੰਧ 26 ਫ਼ੁਟ, ਬਾਹਰੀ ਘੇਰੇ ਦੇ ਟਾਵਰਾਂ ਦੀ ਉਚਾਈ 40 ਫ਼ੁੱਟ ਤੇ ਕੇਂਦਰੀ ਟਾਵਰ ਦੀ ਉਚਾਈ 80 ਫ਼ੁੱਟ ਹੋਵੇਗੀ ਜਿਸ ਰਾਹੀਂ ਜੇਲ੍ਹ ਦੀਆਂ ਛੋਟੀਆਂ ਤੋਂ ਛੋਟੀਆਂ ਅੰਦਰੂਨੀ ਹਰਕਤਾਂ 'ਤੇ ਨਜ਼ਰ ਰੱਖੀ ਜਾਇਆ ਕਰੇਗੀ।

# ਪੱਤਰਕਾਰ ਤੇ ਸਾਹਿਤਕਾਰ ਕੁਲਦੀਪ ਸਿੰਘ ਬੇਦੀ ਨਾਲ ਰੂ-ਬ-ਰੂ

**ਸੈਕਰਾਮੈਂਟੋ (ਬਿਊਰੋ):** ਅਮਰੀਕਾ ਦੌਰੇ 'ਤੇ ਆਏ ਰੋਜ਼ਾਨਾ ਜੱਗ ਬਾਣੀ ਜਲੰਧਰ ਦੇ ਮੈਗਜ਼ੀਨ ਐਡੀਟਰ ਕੁਲਦੀਪ ਸਿੰਘ ਬੇਦੀ ਦੇ ਮਾਣ ਵਿਚ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਪ੍ਰਧਾਨ ਦਲਵੀਰ ਦਿਲ ਨਿੱਜਰ ਦੇ ਉਦਮ ਨਾਲ ਇਕ ਰੂ-ਬ-ਰੂ ਪ੍ਰੋਗਰਾਮ 10 ਫਰਵਰੀ ਨੂੰ ਸ੍ਰੀ ਦਿਲ ਨਿੱਜਰ ਦੇ ਐਂਟੀਲੂਪ ਸਥਿਤ ਘਰ ਕੀਤਾ ਗਿਆ ਜਿਸ ਵਿਚ ਕੈਲੀਫੋਰਨੀਆ ਦੇ ਵੱਖ ਵੱਖ ਇਲਾਕਿਆਂ ਤੋਂ ਸਾਹਿਤਕਾਰ ਤੇ ਪੱਤਰਕਾਰ ਸ਼ਰੀਕ ਹੋਏ।



ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਸਭਾ ਦੇ ਪ੍ਰਧਾਨ ਦਲਵੀਰ ਦਿਲ ਨਿੱਜਰ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਮੰਚ ਸੰਚਾਲਨ ਲਈ ਮਾਈਕ ਮੀਤ ਪ੍ਰਧਾਨ ਰਾਠੇਸ਼ਵਰ ਸਿੰਘ ਸੂਰਾਪੁਰੀ ਦੇ ਹਵਾਲੇ ਕਰ ਦਿੱਤਾ। ਸ੍ਰੀ ਸੂਰਾਪੁਰੀ ਨੇ ਮੁੱਖ ਮਹਿਮਾਨ ਸ. ਕੁਲਦੀਪ ਸਿੰਘ ਬੇਦੀ ਦੇ ਨਾਲ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਹੋਣ ਲਈ ਦਿਲ ਨਿਜਰ, ਗੀਤਕਾਰ ਮੰਚ ਦੇ ਪ੍ਰਧਾਨ ਮੱਖਣ ਲੁਹਾਰ, ਬੇ-ਏਰੀਆ ਇਕਾਈ ਦੀ ਜਨਰਲ ਸਕੱਤਰ ਨੀਲਮ ਸੈਣੀ, ਸਾਬਕਾ ਪ੍ਰਧਾਨ ਹਰਬੰਸ ਸਿੰਘ ਜਗਿਆਸੂ ਤੇ ਨਾਵਲਕਾਰ ਇੰਦਰ ਸਿੰਘ ਖਾਮੋਸ਼ ਨੂੰ ਸੱਦਾ ਦਿੱਤਾ ਅਤੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਬਾਰੇ ਸੰਖੇਪ ਜਾਣਕਾਰੀ ਦਿੱਤੀ।

ਸ. ਕੁਲਦੀਪ ਸਿੰਘ ਬੇਦੀ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਆਪਣੇ ਪੱਤਰਕਾਰੀ ਅਤੇ ਸਾਹਿਤਕਾਰੀ ਦੇ ਪੈਂਤੀ ਸਾਲ ਦੇ ਲੰਮੇ ਸਫਰ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਦੋ ਕਹਾਣੀ ਸੰਗ੍ਰਿਹ ਅਤੇ ਪੰਜ ਨਾਵਲ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾ ਚੁਕੇ ਹਨ। ਸ. ਬੇਦੀ ਨੇ ਆਪਣੀਆਂ ਇਨ੍ਹਾਂ ਰਚਨਾਵਾਂ ਬਾਰੇ ਜਾਣਕਾਰੀ ਪਾਠਕਾਂ ਨਾਲ ਸਾਂਝੀ ਕੀਤੀ। ਉਨ੍ਹਾਂ ਇਹ ਵੀ ਦੱਸਿਆ ਕਿ ਅਖਬਾਰ ਦੇ ਮੈਗਜ਼ੀਨ ਸੈਕਸ਼ਨ ਰਾਹੀਂ ਉਹ ਪੰਜਾਬੀ ਲੇਖਕਾਂ ਨੂੰ ਉਤਸ਼ਾਹਿਤ ਕਰਦੇ ਰਹੇ ਹਨ। ਹਾਜ਼ਰ ਸਾਹਿਤਕਾਰਾਂ ਵਲੋਂ ਕੀਤੇ ਸਵਾਲਾਂ ਦੇ ਉਤਰ ਉਨ੍ਹਾਂ ਬਹੁਤ ਸਹਿਜ ਤੇ ਤਹੱਮਲ ਨਾਲ ਦਿੱਤੇ।

ਇਸ ਤੋਂ ਪਹਿਲਾਂ ਸਭਾ ਦੇ ਸਾਬਕਾ ਪ੍ਰਧਾਨ ਹਰਬੰਸ ਸਿੰਘ ਜਗਿਆਸੂ ਨੇ ਹਾਲ ਹੀ ਵਿਚ ਸਦੀਵੀ ਵਿਛੋੜਾ ਦੇ ਗਏ ਸਾਹਿਤਕਾਰਾਂ ਤੇ ਪੱਤਰਕਾਰਾਂ ਹਰਭਜਨ ਸਿੰਘ ਰਤਨ, ਮਨਿੰਦਰ ਸਿੰਘ ਕਾਂਗ ਅਤੇ ਪ੍ਰੇਮ ਸਿੰਘ ਨੂੰ ਸ਼ਰਧਾਂਜ਼ਲੀ ਭੇਟ ਕੀਤੀ। ਹਾਜ਼ਰ ਸਾਹਿਤਕਾਰਾਂ ਨੇ ਵਿਛੜੀਆਂ ਰੂਹਾਂ ਦੀ ਆਤਮਕ ਸ਼ਾਂਤੀ ਲਈ ਇਕ ਮਿੰਟ ਦਾ ਮੌਨ ਧਾਰਨ ਕੀਤਾ।



ਇਸ ਸਮਾਗਮ ਦੇ ਦੂਜੇ ਦੌਰ ਵਿਚ ਇਕ ਕਵੀ ਦਰਬਾਰ ਕੀਤਾ ਗਿਆ ਜਿਸ ਦਾ ਸੰਚਾਲਨ ਸਭਾ ਦੇ ਮੀਤ ਪ੍ਰਧਾਨ ਗੁਰਬਚਨ ਚੋਪੜਾ ਨੇ ਕੀਤਾ। ਪ੍ਰਧਾਨਗੀ ਮੰਡਲ ਵਿਚ ਦਲਵੀਰ ਦਿਲ ਨਿਜਰ, ਰਾਠੇਸ਼ਵਰ ਸਿੰਘ ਸੂਰਾਪੁਰੀ, ਗੁਲਸ਼ਨ ਦਿਆਲ, ਹਰਭਜਨ ਢਿੱਲੋਂ ਅਤੇ ਤਾਰਾ ਸਾਗਰ ਸੁਸ਼ੋਭਿਤ ਸਨ। ਕਵੀ ਦਰਬਾਰ ਵਿਚ ਜੀਵਨ ਰਤੂ, ਰਮੇਸ਼ ਬੰਗੜ, ਮੇਜਰ ਭੁਪਿੰਦਰ ਦਲੇਰ, ਹਰਭਜਨ ਢਿੱਲੋਂ, ਦਲਵੀਰ ਦਿਲ ਨਿਜਰ, ਹਰਬੰਸ ਸਿੰਘ ਜਗਿਆਸੂ, ਨੀਲਮ ਸੈਣੀ, ਰਾਠੀ ਸੂਰਾਪੁਰੀ, ਡਾ. ਇੰਦਰ ਸਿੰਘ ਖਾਮੋਸ਼, ਮਨਜੀਤ ਕੌਰ ਸੇਖੋਂ, ਮੱਖਣ ਲੁਹਾਰ, ਕਿਰਪਾਲ ਸਿੰਘ ਦਿੱਲੀ, ਗੁਲਸ਼ਨ ਦਿਆਲ, ਗੁਰਬਚਨ ਸਿੰਘ ਭਾਟੀਆ, ਇੰਦਰਜੀਤ ਗਰੇਵਾਲ, ਜਸਵੰਤ ਸ਼ੀਮਾਰ, ਦਲਜੀਤ ਸੂਦ, ਤਾਰਾ ਸਾਗਰ, ਕਮਲ ਬੰਗਾ, ਜੱਸ ਫਿਜਾ, ਰਕੇਸ਼ ਕੁਮਾਰ, ਗੁਰਬਚਨ ਚੋਪੜਾ ਤੇ ਮਨਜੀਤ ਭਾਟੀਆ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਮੁਹਿੰਦਰ ਸਿੰਘ ਘੱਗ ਨੇ ਆਪਣੀ ਚਰਚਿਤ ਕਹਾਣੀ 'ਡਾਲਰ ਬਿਲ' ਪੜ੍ਹ ਕੇ ਸੁਣਾਈ।

# ਅਕਾਲੀ ਦਲ (ਅੰਮ੍ਰਿਤਸਰ) ਦੇ ਮੈਂਬਰ ਨੂੰ ਅਮਰੀਕਾ ਵਿਚ ਮਿਲੀ ਸਿਆਸੀ ਸ਼ਰਨ

**ਫਰੀਮਾਂਟ, ਕੈਲੀਫੋਰਨੀਆ:** 2011 ਵਿਚ ਜਸਵੰਤ ਸਿੰਘ ਨੂੰ ਅਮਰੀਕਾ ਦਾਖਲ ਹੁੰਦਿਆਂ ਅਮਰੀਕੀ ਇਮੀਗ੍ਰੇਸ਼ਨ ਵਾਲਿਆਂ ਨੇ ਸਰਹੱਦ ਤੋਂ ਗ੍ਰਿਫਤਾਰ ਕਰ ਲਿਆ ਸੀ। ਉਸ ਦੇ ਵਕੀਲ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਪਹਿਲਾਂ ਤਾਂ ਉਸ ਨੂੰ ਬਾਂਡ 'ਤੇ ਰਿਹਾ ਕਰਵਾਇਆ ਤੇ ਫਿਰ ਸਿਆਸੀ ਸ਼ਰਨ ਦੀ ਅਰਜ਼ੀ ਦੇ ਪੈਂਡਿੰਗ ਚਲਦਿਆਂ ਉਸ ਨੂੰ ਵਰਕ ਪਰਮਿਟ ਦਿਵਾਇਆ। ਇਸੇ ਦੌਰਾਨ 2013 ਵਿਚ ਇਮੀਗ੍ਰੇਸ਼ਨ ਜੱਜ ਨੇ ਜਸਵੰਤ ਸਿੰਘ ਨੂੰ ਸਿਆਸੀ ਸ਼ਰਨ ਦੀ ਪ੍ਰਵਾਨਗੀ ਦੇ ਦਿੱਤੀ। ਇਕ ਸਾਲ ਪਿਛੋਂ ਜਸਵੰਤ ਸਿੰਘ ਗਰੀਨ ਕਾਰਡ ਹਾਸਿਲ ਕਰਨ ਦਾ ਹੱਕਦਾਰ ਹੋ ਜਾਵੇਗਾ।

ਜਸਵੰਤ ਸਿੰਘ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਵਰਕਰ ਹੈ ਅਤੇ ਉਸ ਦਾ ਦਾਅਵਾ ਹੈ ਕਿ ਆਪਣੀਆਂ ਸਿਆਸੀ ਸਰਗਰਮੀਆਂ ਕਾਰਨ ਭਾਰਤੀ ਪੁਲਿਸ ਤੋਂ ਆਪਣੀ ਜਾਨ ਬਚਾਉਣ ਲਈ ਉਹ ਭਾਰਤ ਤੋਂ ਭਜ ਆਇਆ ਸੀ। ਭਾਰਤ ਵਿਚ ਜਸਵੰਤ ਸਿੰਘ ਤੇ ਉਸ ਦੇ ਪਰਿਵਾਰ ਨੂੰ ਪੁਲਿਸ ਵਲੋਂ ਬਿਨਾਂ ਵਜ੍ਹਾ ਗੈਰਕਾਨੂੰਨੀ ਹਿਰਾਸਤ ਵਿਚ ਰਖਿਆ ਗਿਆ ਤੇ ਤਸ਼ਦਦ ਕੀਤਾ ਤੇ ਧਮਕਾਇਆ ਜਾਂਦਾ ਰਿਹਾ ਹੈ।

ਅਟਾਰਨੀ ਪੰਨੂ ਅਨੁਸਾਰ ਜਸਵੰਤ ਦੀ ਤਰ੍ਹਾਂ ਸੈਂਕੜੇ ਹੋਰ ਲੋਕਾਂ ਦੇ ਸਿਆਸੀ ਸ਼ਰਨ ਬਾਰੇ ਕੇਸ ਇਮੀਗ੍ਰੇਸ਼ਨ ਅਦਾਲਤਾਂ ਵਿਚ ਪੈਂਡਿੰਗ ਪਏ ਹਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕਈ ਮੈਂਬਰ ਆਪਣੀ ਜਾਨ ਨੂੰ ਖਤਰੇ ਕਾਰਨ ਹਾਲ ਵਿਚ ਭਾਰਤ ਛੱਡ ਆਏ ਹਨ। ਇਸ ਦੇ ਮੈਂਬਰ ਜਿਹੜੇ ਹਾਲ ਵਿਚ ਹੀ ਬਾਂਡ 'ਤੇ ਰਿਹਾ ਹੋਏ ਹਨ, ਨੂੰ ਅਮਰੀਕਾ ਵਿਚ ਦਾਖਲ ਹੋਣ ਤੋਂ ਇਕ ਸਾਲ ਦੇ ਅੰਦਰ ਅੰਦਰ ਸਿਆਸੀ ਸ਼ਰਨ ਦੀ ਅਰਜ਼ੀ ਦਾਇਰ ਕਰਨੀ ਚਾਹੀਦੀ ਹੈ। ਸਿਆਸੀ ਸ਼ਰਨ ਦੀ ਅਰਜ਼ੀ ਦਾਇਰ ਕਰਨ ਤੋਂ 150 ਦਿਨਾਂ ਬਾਅਦ ਉਨ੍ਹਾਂ ਨੂੰ ਵਰਕ ਪਰਮਿਟ ਮਿਲ ਸਕਦਾ ਹੈ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)


# ਬਾਦਲ ਖਿਲਾਫ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਕੇਸ ਦੀ ਸੁਣਵਾਈ 21 ਨੂੰ

**ਮਿਲਵਾਕੀ (ਬਿਊਰੋ):** ਫੈਡਰਲ ਅਦਾਲਤ ਦੇ ਜੱਜ ਲਿਨ ਐਡਲਮੈਨ ਵਲੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਖਿਲਾਫ ਮਨੁੱਖੀ ਅਧਿਕਾਰਾਂ ਦੀ ਕਥਿਤ ਉਲੰਘਣਾ ਬਾਰੇ ਕੇਸ ਵਿਚ ਸਬੂਤਾਂ ਬਾਰੇ ਸੁਣਵਾਈ 21 ਫਰਵਰੀ ਨੂੰ ਕੀਤੀ ਜਾਏਗੀ। ਦਸਣਯੋਗ ਹੈ ਕਿ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਵਲੋਂ ਪੰਜਾਬ ਵਿਚ ਹਿਰਾਸਤੀ ਤਸ਼ਦਦ, ਤਸ਼ਦਦ ਲਈ ਜ਼ਿੰਮੇਵਾਰ ਪੁਲਿਸ ਅਫਸਰਾਂ ਦੀ ਪੁਸ਼ਤਪਨਾਹੀ, ਫਰਜ਼ੀ ਪੁਲਿਸ ਮੁਕਾਬਲੇ ਅਤੇ ਸਿੱਖ ਭਾਈਚਾਰੇ ਦੇ ਖਿਲਾਫ ਲਗਾਤਾਰ ਹੋ ਰਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ ਤਹਿਤ ਸ. ਬਾਦਲ ਵਿਰੁਧ ਅਮਰੀਕੀ ਸੰਘੀ ਅਦਾਲਤ ਵਿਚ ਕੇਸ ਦਾਇਰ ਕੀਤਾ ਗਿਆ ਹੈ।

ਸ. ਬਾਦਲ ਵਿਰੁਧ ਕੇਸ ਦੀ ਪੈਰਵਾਈ ਕਰ ਰਹੇ ਉਨ੍ਹਾਂ ਦੇ ਅਟਾਰਨੀ ਮਾਈਕਲ ਜੈਕਬਸ ਨੇ ਅਮਰੀਕੀ ਗ੍ਰਹਿ ਵਿਭਾਗ ਦੀ ਡਿਪਲੋਮੈਟਿਕ ਸਕਿਉਰਟੀ ਸਰਵਿਸ ਦੇ ਵਿਸ਼ੇਸ਼ ਏਜੰਟਾਂ ਦੇ ਹਲਫੀਆ ਬਿਆਨਾਂ 'ਤੇ ਸੰਮਨਾਂ ਦੀ ਤਾਮੀਲ ਵਿਚ ਕਮੀ ਦੇ ਆਧਾਰ 'ਤੇ ਕੇਸ ਨੂੰ ਖਾਰਜ ਕਰਨ ਦੀ ਮੰਗ ਕੀਤੀ ਹੈ। ਇਨ੍ਹਾਂ ਹਲਫੀਆ ਬਿਆਨਾਂ ਵਿਚ ਵਿਸ਼ੇਸ਼ ਏਜੰਟਾਂ ਨੇ ਦਾਅਵਾ ਕੀਤਾ ਸੀ ਕਿ 9 ਅਗਸਤ 2012 ਨੂੰ ਬਾਦਲ ਇਸਤਗਾਸਾ ਧਿਰ ਦੇ ਦਾਅਵੇ ਦੇ ਉਲਟ ਓਕ ਕਰੀਕ ਹਾਈ ਸਕੂਲ ਵਿਚ ਮੌਜੂਦ ਹੀ ਨਹੀਂ ਸਨ।

ਜੱਜ ਐਡਲਮੈਨ ਨੇ ਮੁੱਖ ਮੰਤਰੀ ਬਾਦਲ ਨੂੰ ਅਦਾਲਤੀ ਸੰਮਨਾਂ ਦੀ ਤਾਮੀਲ ਨਾਲ ਸਬੰਧਤ ਅਦਾਲਤੀ ਅਧਿਕਾਰ ਖੇਤਰ ਬਾਰੇ ਮੁਢਲੇ ਮੁੱਦੇ ਹਲ ਕਰਨ ਅਤੇ ਗਵਾਹਾਂ ਦੀ ਪੜਚੋਲ ਕਰਨ ਲਈ ਸਬੂਤਾਂ ਸਬੰਧੀ ਸੁਣਵਾਈ ਦਾ ਹੁਕਮ ਦਿੱਤਾ ਹੈ।

ਇਸਤਗਾਸਾ ਪੱਖ ਸਿੱਖਸ ਫਾਰ ਜਸਟਿਸ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਹ ਸਾਬਤ ਕਰਨ ਲਈ ਗਵਾਹ ਤੇ ਸਬੂਤ ਪੇਸ਼ ਕਰਨਗੇ ਕਿ 9 ਅਗਸਤ 2012 ਨੂੰ ਮੁੱਖ ਮੰਤਰੀ ਬਾਦਲ ਨੂੰ ਓਕ ਕਰੀਕ ਹਾਈ ਸਕੂਲ ਵਿਸਕਾਨਸਿਨ ਵਿਚ ਪ੍ਰੋਫੈਸ਼ਨਲ ਪ੍ਰੋਸੈਸ ਸਰਵਰ ਕ੍ਰਿਸਟੋਫਰ ਡੀ ਕਰਾਟੋਚਵਿਲ ਵਲੋਂ ਨਿੱਜੀ ਤੌਰ 'ਤੇ ਸੰਮਨਾਂ ਦੀ ਤਾਮੀਲ ਸਹੀ ਤਰੀਕੇ ਨਾਲ ਕਰਵਾਈ ਗਈ ਸੀ।

# ਫਾਂਸੀ ਦੀ ਸਜ਼ਾ ਖ਼ਤਮ ਕਰਨ ਬਾਰੇ ਬਹਿਸ 28 ਨੂੰ

**ਲੰਡਨ:** ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦਾ ਮਾਮਲਾ ਉੱਠਣ ਤੋਂ ਬਾਅਦ ਪੈਦਾ ਹੋਈ ਕੇਸਰੀ ਲਹਿਰ ਨੇ ਬਰਤਾਨੀਆ ਦੀ ਸੰਸਦ ਵਿਚ ਭਾਰਤ ਵਿਚੋਂ ਫਾਂਸੀ ਦੀ ਸਜ਼ਾ ਖ਼ਤਮ ਕਰਵਾਉਣ ਲਈ ਬਹਿਸ ਕਰਵਾਉਣ ਲਈ ਇਕ ਲੱਖ 18 ਹਜ਼ਾਰ ਲੋਕਾਂ ਦੇ ਦਸਤਖਤਾਂ ਵਾਲੀ ਪਟੀਸ਼ਨ ਦਾਇਰ ਕੀਤੀ ਸੀ ਜਿਸ ਨੂੰ ਹੇਜ਼ ਦੇ ਐਮ.ਪੀ. ਜੌਹਨ ਮੈਕਡਾਨਲ ਨੇ ਬੀਤੇ ਵਰ੍ਹੇ ਅਰਲੀ ਡੇਅ ਮੋਸ਼ਨ ਤੇ ਬਾਅਦ ਵਿਚ ਬਹਿਸ ਲਈ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੂੰ ਸੌਂਪੀ ਸੀ।

ਇਸ ਪਟੀਸ਼ਨ 'ਤੇ ਬਰਤਾਨਵੀ ਸੰਸਦ ਵਿਚ ਬਹਿਸ 28 ਫਰਵਰੀ ਨੂੰ ਸਵੇਰੇ 11 ਵਜੇ ਹੋਵੇਗੀ।




**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਗੈਰ-ਕਾਨੂੰਨੀ ਆਵਾਸੀਆਂ ਨੂੰ 8 ਸਾਲ ਬਾਅਦ ਗਰੀਨ ਕਾਰਡ

*(ਸਫਾ ਇਕ ਦੀ ਬਾਕੀ)*

ਇਸ ਦੇ ਤੁਲ ਹੈ) ਅਤੇ ਬੈਕਗਰਾਊਂਡ ਚੈਕ ਪਾਸ ਕਰਨਾ ਹੋਵੇਗਾ।

ਪ੍ਰਵਾਨਗੀ ਮਿਲ ਜਾਣ ਉਪਰੰਤ ਪਰਵਾਸੀਆਂ ਨੂੰ ਗਰੀਨ ਕਾਰਡ ਲੈਣ ਲਈ 8 ਸਾਲ ਜਾਂ ਚਲੰਤ ਕਾਨੂੰਨੀ ਪਰਵਾਸ ਇੰਤਜ਼ਾਰ ਸੂਚੀ ਖਤਮ ਹੋਣ (ਜੋ ਵੀ ਪਹਿਲਾਂ ਹੋਵੇ) ਤੱਕ ਇੰਤਜ਼ਾਰ ਕਰਨੀ ਪਵੇਗੀ। ਇਕ ਵਾਰ ਗਰੀਨ ਕਾਰਡ ਹਾਸਲ ਹੋ ਜਾਣ ਉਪਰੰਤ ਸਿਟੀਜ਼ਨਸ਼ਿਪ ਵਾਸਤੇ ਅਰਜ਼ੀ ਦੇਣ ਲਈ ਪਰਵਾਸੀਆਂ ਨੂੰ 5 ਸਾਲ ਦੀ ਉਡੀਕ ਕਰਨੀ ਪਵੇਗੀ। 1986 ਦੇ ਇਮੀਗਰੇਸ਼ਨ ਸੁਧਾਰ ਕਾਨੂੰਨ, ਜਿਸ ਰਾਹੀਂ 27 ਲੱਖ ਪਰਵਾਸੀਆਂ ਨੂੰ ਕਾਨੂੰਨੀ ਪਰਵਾਸੀ ਬਣਨ ਦਾ ਮੌਕਾ ਮਿਲਿਆ, ਵਿਚ ਗਰੀਨ ਕਾਰਡ ਵਾਸਤੇ ਅਰਜ਼ੀ ਦੇਣ ਲਈ ਸਿਰਫ 18 ਮਹੀਨੇ ਦਾ ਸਮਾਂ ਰੱਖਿਆ ਗਿਆ ਸੀ। ਸੂਤਰਾਂ ਅਨੁਸਾਰ ਵ੍ਹਾਈਟ ਹਾਊਸ ਵੱਲੋਂ ਆਵਾਸ ਯੋਜਨਾ ਬਾਰੇ ਖਰੜਾ ਤਿਆਰ ਕਰ ਕੇ ਵੱਖ-ਵੱਖ ਸਰਕਾਰੀ ਏਜੰਸੀਆਂ ਨੂੰ ਵਿਚਾਰ ਹਿਤ ਭੇਜਿਆ ਜਾ ਰਿਹਾ ਹੈ। ਇਸ ਨਵੀਂ ਯੋਜਨਾ ਵਿਚ ਵਧੇਰੇ ਸੁਰੱਖਿਆ ਫੰਡਿੰਗ ਹੋਵੇਗੀ ਅਤੇ ਕਾਰੋਬਾਰੀਆਂ ਨੂੰ ਆਪਣੇ ਨਵੇਂ ਕਾਮਿਆਂ ਦਾ ਇਮੀਗਰੇਸ਼ਨ ਸਟੇਟਸ ਚਾਰ ਸਾਲਾਂ ਵਿਚ ਚੈਕ ਕਰਨਾ ਪਵੇਗਾ। ਜਿਹੜੇ ਆਵਾਸੀ ਫੌਜਦਾਰੀ (ਕ੍ਰਿਮੀਨਲ) ਕੇਸ ਵਿਚ ਇਕ ਸਾਲ ਜੇਲ੍ਹ ਦੀ ਸਜ਼ਾ ਕੱਟ ਚੁੱਕੇ ਹੋਣ, ਜਾਂ ਜਿਨ੍ਹਾਂ ਨੂੰ ਤਿੰਨ ਜਾਂ ਵਧੇਰੇ ਮਾਮਲਿਆਂ ਵਿਚ ਕੁੱਲ 90 ਦਿਨਾਂ ਤੋਂ ਵੱਧ ਜੇਲ੍ਹ ਦੀ ਸਜ਼ਾ ਮਿਲੀ ਹੋਵੇ, ਉਹ ਪੱਕੇ ਆਵਾਸ ਲਈ ਅਰਜ਼ੀ ਨਹੀਂ ਦੇ ਸਕਣਗੇ। ਦੂਜੇ ਦੇਸ਼ਾਂ ਵਿਚ ਕੀਤਾ ਅਪਰਾਧ ਜਿਸ ਤਹਿਤ ਕਾਨੂੰਨੀ ਦਾਖਲੇ ਉਤੇ ਰੋਕ ਬਣਦੀ ਹੋਵੇ, ਵੀ ਅਰਜ਼ੀ ਦੇਣ ਵਿਚ ਅੜਿੱਕਾ ਬਣੇਗਾ। ਉਂਜ, ਜਿਹੜੇ ਆਵਾਸੀ ਡੀਪੋਰਟੇਸ਼ਨ ਦਾ ਸਾਹਮਣਾ ਕਰ ਰਹੇ ਹੋਣ, ਉਹ ਵੀਜ਼ੇ ਲਈ ਅਰਜ਼ੀ ਦੇ ਸਕਣਗੇ।

ਇਹ ਖਰੜਾ ਜੇ ਪਾਸ ਹੋ ਜਾਂਦਾ ਹੈ ਤਾਂ ਸਬੰਧਤ ਆਵਾਸੀ ਕਿਸੇ ਦੂਜੇ ਦੇਸ਼ ਵਿਚ ਰਹਿ ਰਹੇ ਆਪਣੇ ਪਤੀ/ਪਤਨੀ, ਜਾਂ ਬੱਚਿਆਂ ਦੇ ਆਰਜ਼ੀ ਆਵਾਸ ਲਈ ਅਰਜ਼ੀ ਦੇ ਸਕਣਗੇ। ਇਸ ਖਰੜੇ ਅਨੁਸਾਰ ਵੀਜ਼ਾ ਅਰਜ਼ੀ ਦੇਣ ਵਾਲੇ ਨੂੰ ਆਪਣੀ ਕ੍ਰਿਮੀਨਲ ਰਿਕਾਰਡ ਪੜਤਾਲ, ਬਾਇਓ ਮੀਟਰਿਕ ਇਨਫਰਮੇਸ਼ਨ (ਫਿੰਗਰ ਪ੍ਰਿੰਟ ਵਗੈਰਾ) ਦੇ ਨਾਲ-ਨਾਲ ਵੀਜ਼ਾ ਫੀਸ ਅਦਾ ਕਰਨੀ ਪਵੇਗੀ। ਇਸ ਯੋਜਨਾ ਤਹਿਤ ਵੀਜ਼ਾ ਹਾਸਲ ਕਰਨ ਵਾਲੇ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿਣ ਦੇ ਹੱਕਦਾਰ ਹੋ ਜਾਣਗੇ ਅਤੇ ਥੋੜ੍ਹੇ ਸਮੇਂ ਦੇ ਲਈ ਦੇਸ਼ ਛੱਡ ਕੇ ਜਾਣ ਦੇ ਕਾਨੂੰਨੀ ਤੌਰ 'ਤੇ ਹੱਕਦਾਰ ਹੋ ਜਾਣਗੇ।

ਗੌਰਤਲਬ ਹੈ ਕਿ ਆਵਾਸ ਬਾਰੇ ਵਿਚਾਰ-ਚਰਚਾ ਕਾਂਗਰਸ ਦੇ ਦੋਹਾਂ ਸਦਨਾਂ ਵਿਚ ਬੜੇ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਪਿਛਲੇ ਮਹੀਨੇ ਆਵਾਸ ਯੋਜਨਾ ਦੇ ਮਾਮਲੇ 'ਤੇ ਚਾਰ ਰਿਪਬਲਿਕਨ ਸੈਨੇਟਰਾਂ ਨੇ ਚਾਰ ਡੈਮੋਕਰੇਟਿਕ ਸੈਨੇਟਰਾਂ ਦੀ ਹਾਂ ਵਿਚ ਹਾਂ ਮਿਲਾਈ ਸੀ ਜੋ ਇਸ ਸਬੰਧੀ ਕਾਂਗਰਸ ਵਿਚ ਚਾਰਾਜੋਈ ਕਰ ਰਹੇ ਸਨ।

ਖਰੜੇ ਵਿਚ 2007 ਵਾਲੇ ਬਿੱਲ ਦੀਆਂ ਕਈ ਮੱਦਾਂ ਸ਼ਾਮਲ ਕੀਤੀਆਂ ਗਈਆਂ ਹਨ। ਉਦੋਂ ਇਹ ਬਿੱਲ ਡੈਮੋਕਰੇਟਿਕ ਸੈਨੇਟਰ ਟੈਡ ਕੈਨੇਡੀ (ਮਰਹੂਮ) ਅਤੇ ਰਿਪਬਲਿਕਨ ਸੈਨੇਟਰ ਜੌਹਨ ਮੈਕੇਨ ਦੀ ਪਹਿਲਕਦਮੀ ਨਾਲ ਪੇਸ਼ ਹੋਇਆ ਸੀ, ਪਰ ਪਾਸ ਨਹੀਂ ਸੀ ਹੋ ਸਕਿਆ। ਚੇਤੇ ਰਹੇ ਕਿ ਰਾਸ਼ਟਰਪਤੀ ਬਰਾਕ ਓਬਾਮਾ ਆਵਾਸ ਬਾਰੇ ਬਿੱਲ ਪਾਸ ਕਰਵਾਉਣ ਲਈ ਦ੍ਰਿੜ੍ਹ ਹਨ ਅਤੇ ਪੂਰਾ ਤਾਣ ਵੀ ਲਾ ਰਹੇ ਹਨ। ਉਨ੍ਹਾਂ ਆਪਣੇ ਪਹਿਲੇ ਕਾਰਜਕਾਲ ਦੌਰਾਨ ਅਜਿਹਾ ਬਿੱਲ ਲਿਆਉਣ ਦਾ ਵਾਅਦਾ ਕੀਤਾ ਸੀ, ਪਰ ਅਜਿਹਾ ਕਰ ਨਹੀਂ ਸੀ ਸਕੇ।

ਸੈਨੇਟ ਦੇ ਇਮੀਗਰੇਸ਼ਨ ਬਾਰੇ ਕੰਮ ਕਰ ਰਹੇ ਦੁਵੱਲੇ ਵਰਕਿੰਗ ਗਰੁਪ ਵਿਚ ਸ਼ਾਮਲ ਚਾਰ ਰਿਪਬਲਿਕਨਾਂ ਵਿਚੋਂ ਇਕ ਸੈਨੇਟਰ ਮਾਰਕੋ ਰੂਬੀਓ ਦਾ ਕਹਿਣਾ ਹੈ ਕਿ ਓਬਾਮਾ ਦਾ ਇਹ ਬਿਲ ਬੇਜਾਨ ਹੈ ਕਿਉਂਕਿ ਇਸ ਵਿਚ ਸਰਹੱਦੀ ਸੁਰੱਖਿਆ ਦੀਆਂ ਉਹ ਵਿਵਸਥਾਵਾਂ ਨਹੀਂ ਹਨ ਜੋ ਗਰੁਪ ਚਾਹੁੰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਓਬਾਮਾ ਪ੍ਰਸ਼ਾਸਨ ਨੇ ਪਿਛਲੀ ਵਾਰ ਦੀਆਂ ਨਾਕਾਮੀਆਂ ਤੋਂ ਕੁਝ ਵੀ ਨਹੀਂ ਸਿੱਖਿਆ। ਇਸ ਖਰੜੇ ਵਿਚ ਸਰਹੱਦੀ ਸੁਰੱਖਿਆ ਦਾ ਮਸਲਾ ਤਕਰੀਬਨ ਗਾਇਬ ਹੀ ਹੈ। ਇਸ ਨਾਲ ਤਾਂ ਸਗੋਂ ਇੰਮੀਗਰੇਸ਼ਨ ਕਾਨੂੰਨ ਤੋੜਨ ਵਾਲਿਆਂ ਨੂੰ ਹੱਲਾਸ਼ੇਰੀ ਮਿਲੇਗੀ ਅਤੇ ਆਵਾਸ ਸਬੰਧੀ ਸਾਡੀਆਂ ਔਕੜਾਂ ਹੋਰ ਵੀ ਭਿਅੰਕਰ ਰੂਪ ਅਖਤਿਆਰ ਕਰ ਲੈਣਗੀਆਂ। ਸੈਨੇਟਰਾਂ ਵਲੋਂ ਤਿਆਰ ਕੀਤੀ ਜਾ ਰਹੀ ਯੋਜਨਾ ਵਿਚ ਗੈਰਕਾਨੂੰਨੀ ਪਰਵਾਸੀ ਉਦੋਂ ਤੱਕ ਕਾਨੂੰਨੀ ਪੱਕਾ ਪਰਵਾਸ ਹਾਸਲ ਨਹੀਂ ਕਰ ਸਕਣਗੇ ਜਦੋਂ ਤੱਕ ਕਿ ਮਾਹਿਰਾਂ ਅਤੇ ਸਿਆਸਤਦਾਨਾਂ ਦੇ ਇਕ ਪੈਨਲ ਵਲੋਂ ਸਰਹੱਦਾਂ ਸੁਰੱਖਿਅਤ ਕਰਾਰ ਨਹੀਂ ਦੇ ਦਿੱਤੀਆਂ ਜਾਂਦੀਆਂ। ਦੂਜੇ ਪਾਸੇ ਪਰਵਾਸੀ ਹੱਕਾਂ ਲਈ ਲੜ ਰਹੇ ਗਰੁਪਾਂ ਦਾ ਕਹਿਣਾ ਹੈ ਕਿ ਸਰਹੱਦੀ ਸੁਰੱਖਿਆ ਦੇ ਮਾਮਲੇ ਨਾਲ ਗੈਰਕਾਨੂੰਨੀ ਪਰਵਾਸੀਆਂ ਲਈ ਸਿਟੀਜ਼ਨ ਹਾਸਲ ਕਰਨ ਦਾ ਰਾਹ ਦਹਾਕਿਆਂ ਪਿਛੇ ਪੈ ਸਕਦਾ ਹੈ।

ਪਰਵਾਸੀ ਕਾਨੂੰਨਾਂ ਵਿਚ ਸੁਧਾਰ ਦਾ ਵਿਰੋਧ ਕਰ ਰਹੇ ਗਰੁਪਾਂ ਦਾ ਕਹਿਣਾ ਹੈ ਕਿ ਸੈਨੇਟਰਾਂ ਦੀ ਯੋਜਨਾ ਵੀ ਰਾਸ਼ਟਰਪਤੀ ਓਬਾਮਾ ਦੀ ਯੋਜਨਾ ਤੋਂ ਕੋਈ ਅਲੱਗ ਨਹੀਂ ਹੈ ਕਿਉਂਕਿ ਦੋਵੇਂ ਇਸ ਗੱਲ 'ਤੇ ਸਹਿਮਤ ਹਨ ਕਿ ਦੇਸ਼ ਦੇ 1.1 ਕਰੋੜ ਗੈਰਕਾਨੂੰਨੀ ਪਰਵਾਸੀਆਂ ਲਈ ਸਿਟੀਜ਼ਨਸ਼ਿਪ ਦਾ ਰਾਹ ਖੁੱਲ੍ਹਣਾ ਚਾਹੀਦਾ ਹੈ।

ਇਸੇ ਦੌਰਾਨ ਨੈਸ਼ਨਲ ਇਮੀਗਰੇਸ਼ਨ ਫੋਰਮ ਦੇ ਕਾਰਜਕਾਰੀ ਡਾਇਰੈਕਟਰ ਅਲੀ ਨੂਰਾਨੀ ਨੇ ਖਰੜੇ ਨੂੰ 'ਬਹੁਤ ਮਾਡਰੇਟ' ਕਰਾਰ ਦਿੱਤਾ ਹੈ ਅਤੇ ਕਿਹਾ ਹੈ ਇਸ ਵਿਚ ਭਵਿੱਖ ਵਿਚ ਹੋਣ ਵਾਲੀ ਇਮੀਗਰੇਸ਼ਨ ਬਾਰੇ ਕੁਝ ਵੀ ਨਹੀਂ ਦੱਸਿਆ ਗਿਆ। ਉਨ੍ਹਾਂ ਮੁਤਾਬਕ ਇਮੀਗਰੇਸ਼ਨ ਸੁਧਾਰ ਸਿਰਫ ਨਾਗਰਿਕਤਾ ਹਾਸਲ ਕਰਨ/ਕਰਵਾਉਣ ਤੱਕ ਹੀ ਸੀਮਤ ਨਹੀਂ ਹੁੰਦੇ। ਇਸ ਦੇ ਲਈ ਚੁਸਤ-ਦਰੁਸਤ ਇਮੀਗਰੇਸ਼ਨ ਸਿਸਟਮ ਚਾਹੀਦਾ ਹੈ। ਅਜਿਹੇ ਸਿਸਟਮ ਤੋਂ ਬਿਨਾਂ ਗੱਲ ਨਹੀਂ ਬਣ ਸਕਦੀ।

# ਅਦਾਲਤ ਵੱਲੋਂ ਸੀ.ਬੀ.ਆਈ. ਨੂੰ ਅਲਟੀਮੇਟਮ

*(ਸਫਾ ਇਕ ਦੀ ਬਾਕੀ)*

ਬਾਦਲ ਸਿੰਘ ਕਤਲੇਆਮ ਦੌਰਾਨ ਮਾਰਿਆ ਗਿਆ ਸੀ। ਉਸ ਨੇ ਸੀ.ਬੀ.ਆਈ. ਦੀ ਕੇਸ ਬੰਦ ਕਰਨ ਦੀ ਰਿਪੋਰਟ ਅਤੇ ਇਸ ਵਿਚ ਟਾਈਟਲਰ ਨੂੰ ਕਲੀਨ ਚਿੱਟ ਦੇਣ ਨੂੰ ਚੁਣੌਤੀ ਦਿੱਤੀ ਹੋਈ ਹੈ। ਪਿਛਲੀ ਸੁਣਵਾਈ ਮੌਕੇ ਵੀ ਸੀ.ਬੀ.ਆਈ. ਦਾ ਵਕੀਲ ਹਾਜ਼ਰ ਨਹੀਂ ਸੀ ਹੋਇਆ। ਪੀੜਤਾ ਵੱਲੋਂ ਪੇਸ਼ ਸੀਨੀਅਰ ਵਕੀਲ ਐਚ.ਐਸ. ਫੂਲਕਾ ਅਤੇ ਐਡਵੋਕੇਟ ਕਾਮਨਾ ਵੋਹਰਾ ਆਪਣੀਆਂ ਦਲੀਲਾਂ ਦੇ ਚੁੱਕੇ ਹਨ। ਸੀ.ਬੀ.ਆਈ. ਦੇ ਵਕੀਲ ਸੰਜੇ ਕੁਮਾਰ ਅਨੁਸਾਰ ਉਸ ਨੂੰ ਕੇਸ ਦੀ ਫਾਈਲ ਦਾ ਚਾਰਜ ਹਾਲ ਹੀ ਵਿਚ ਦਿੱਤਾ ਗਿਆ ਹੈ; ਇਸ ਲਈ ਉਹ ਦਲੀਲਾਂ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਹੈ। ਇਸ 'ਤੇ ਜੱਜ ਨੇ ਵਕੀਲ ਨੂੰ ਕਿਹਾ ਕਿ ਉਨ੍ਹਾਂ ਨੂੰ ਇਕ ਅੰਤਿਮ ਤਾਰੀਖ਼ ਦੱਸ ਦਿੱਤੀ ਜਾਵੇ ਜਦੋਂ ਸੀ.ਬੀ.ਆਈ. ਦਾ ਵਕੀਲ ਤਿਆਰ ਹੋਵੇ। ਜੱਜ ਅਨੁਸਾਰ ਜੇ ਅਗਲੀ ਤਾਰੀਖ਼ 'ਤੇ ਵੀ ਵਕੀਲ ਨੇ ਕੋਈ ਚਾਰਾਜੋਈ ਨਾ ਕੀਤੀ ਤਾਂ ਇਕਪਾਸੜ ਫੈਸਲਾ ਸੁਣਾ ਦਿੱਤਾ ਜਾਵੇਗਾ। ਇਸੇ ਦੌਰਾਨ ਕਤਲੇਆਮ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੇ ਜਾਣ ਦੀ ਮੰਗ ਨੂੰ ਲੈ ਕੇ ਅਦਾਲਤ ਦੇ ਬਾਹਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਅਕਾਲੀ ਦਲ, ਸਿੱਖ ਫੋਰਮ, ਸਿੱਖਸ ਫਾਰ ਜਸਟਿਸ, ਪੀੜਤ ਵਿਧਵਾਵਾਂ ਤੇ ਪੀੜਤ ਪਰਿਵਾਰਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਉਨ੍ਹਾਂ ਟਾਈਟਲਰ ਤੇ ਸੱਜਣ ਕੁਮਾਰ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਜਿਨ੍ਹਾਂ ਨੇ 31 ਅਕਤੂਬਰ, 1984 ਨੂੰ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਭੀੜ ਨੂੰ ਸਿੱਖਾਂ ਦੇ ਕਤਲੇਆਮ ਲਈ ਉਕਸਾਇਆ ਸੀ।

ਉਧਰ, ਵਕੀਲ ਐਚ.ਐਸ. ਫੂਲਕਾ ਨੇ ਦੋਸ਼ ਲਾਇਆ ਹੈ ਕਿ ਸੀ.ਬੀ.ਆਈ. ਵੱਲੋਂ ਜਾਣ-ਬੁੱਝ ਕੇ ਪੀੜਤਾਂ ਨੂੰ ਨਿਆਂ ਦਿਵਾਉਣ ਵਿਚ ਦੇਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਵੰਬਰ 1984 ਦੇ ਦਿੱਲੀ ਸਿੱਖ ਕਤਲੇਆਮ ਨਾਲ ਸਬੰਧਤ ਅਦਾਲਤ ਵਿਚ ਸੁਣਵਾਈ ਅਧੀਨ ਇਕ ਕੇਸ ਦੀ 28 ਸਾਲਾਂ ਬਾਅਦ ਵੀ ਚਾਰਜਸ਼ੀਟ ਦਾਇਰ ਨਹੀਂ ਕੀਤੀ ਗਈ। ਪੁਲਿਸ ਵੱਲੋਂ ਕੇਸ ਦੀ ਚਾਰਜਸ਼ੀਟ 1992 ਵਿਚ ਤਿਆਰ ਕਰ ਲਈ ਗਈ ਸੀ ਤੇ ਇਸ 'ਤੇ ਸਹਾਇਕ ਪੁਲਿਸ ਕਮਿਸ਼ਨਰ ਦੇ ਦਸਤਖ਼ਤ ਵੀ ਹੋ ਗਏ ਸਨ। ਉਨ੍ਹਾਂ ਦੋਸ਼ ਲਾਇਆ ਕਿ ਪੁਲਿਸ ਨੇ ਸਿਆਸੀ ਦਬਾਅ ਕਾਰਨ ਚਾਰਜਸ਼ੀਟ ਅਜੇ ਤੱਕ ਰੋਕੀ ਹੋਈ ਹੈ ਕਿਉਂਕਿ ਕੇਸ ਵਿਚ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਮੁਲਜ਼ਮ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦੇ ਨਗਲੋਈ ਇਲਾਕੇ ਵਿਚ ਤਿੰਨ ਨਵੰਬਰ 1984 ਨੂੰ ਪੰਜ ਸਿੱਖਾਂ ਦਾ ਕਤਲ ਕਰ ਦਿੱਤਾ ਗਿਆ ਸੀ ਤੇ ਹਮਲਾਵਰਾਂ ਦੀ ਅਗਵਾਈ ਸੱਜਣ ਕੁਮਾਰ ਕਰ ਰਿਹਾ ਸੀ। ਉਨ੍ਹਾਂ ਦੱਸਿਆ ਕਿ ਸਾਬਕਾ ਕੇਂਦਰੀ ਮੰਤਰੀ ਤੇ ਕਾਂਗਰਸੀ ਨੇਤਾ ਜਗਦੀਸ਼ ਟਾਈਟਲਰ ਉਤੇ ਤਿੰਨ ਸਿੱਖਾਂ ਨੂੰ ਕਤਲ ਕਰਨ ਦੇ ਲੱਗਦੇ ਦੋਸ਼ਾਂ ਦਾ ਸੁਣਵਾਈ ਅਧੀਨ ਕੇਸ ਬੰਦ ਕਰ ਦਿੱਤਾ ਗਿਆ ਹੈ। ਇਹ ਕੇਸ ਬੰਦ ਕਰਨ ਦੀ ਸਿਫਾਰਸ਼ ਸੀ.ਬੀ.ਆਈ. ਨੇ ਕੀਤੀ ਸੀ ਤੇ ਉਨ੍ਹਾਂ ਨੇ ਕੇਸ ਮੁੜ ਤੋਂ ਚਾਲੂ ਕਰਨ ਲਈ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਅਦਾਲਤ ਤੋਂ ਗਵਾਹਾਂ ਦੇ ਬਿਆਨ ਲੈਣ ਦੀ ਮੰਗ ਕੀਤੀ ਹੈ ਤੇ ਵਿਦੇਸ਼ੀਂ ਵਸਦੇ ਤਿੰਨੇ ਗਵਾਹ ਰੇਸ਼ਮ ਸਿੰਘ, ਚੰਚਲ ਸਿੰਘ ਤੇ ਆਲਮ ਸਿੰਘ ਆਪਣੇ ਬਿਆਨ ਦਰਜ ਕਰਾਉਣ ਦੀ ਇੱਛਾ ਵੀ ਪ੍ਰਗਟ ਕਰ ਚੁੱਕੇ ਹਨ। ਅਜੇ ਤਕ ਕੇਵਲ ਦਸ ਮੁਲਜ਼ਮਾਂ ਨੂੰ ਹੱਤਿਆ ਦੇ ਦੋਸ਼ਾਂ ਵਿਚ ਸਜ਼ਾ ਹੋਈ ਹੈ ਤੇ 485 ਦੇ ਕਰੀਬ ਕੇਸ ਬੰਦ ਕਰ ਦਿੱਤੇ ਗਏ ਹਨ। ਅਦਾਲਤ ਵੱਲੋਂ ਇਹ ਕੇਸ ਸੁਣਵਾਈ ਲਈ ਲੈ ਲਏ ਗਏ ਸਨ, ਪਰ ਸਬੂਤਾਂ ਦੀ ਘਾਟ ਕਾਰਨ ਬੰਦ ਕਰ ਦਿੱਤੇ ਗਏ ਤੇ ਮੁਲਜ਼ਮ ਬਰੀ ਹੋ ਗਏ ਹਨ। ਇਕ ਸੌ ਤੋਂ ਵੱਧ ਕੇਸ ਅਜਿਹੇ ਹਨ ਜਿਨ੍ਹਾਂ ਵਿਚ ਗਵਾਹੀਆਂ ਨਹੀਂ ਲਈਆਂ ਗਈਆਂ। ਸਿਰਫ 5 ਕੇਸ ਸੁਣਵਾਈ ਅਧੀਨ ਹਨ। ਇਸ ਤੋਂ ਬਿਨਾਂ ਦਿੱਲੀ ਹਾਈ ਕੋਰਟ ਵਿਚ ਛੇ ਦਰਜਨ ਤੋਂ ਵੱਧ ਅਪੀਲਾਂ ਲਮਕੀਆਂ ਪਈਆਂ ਹਨ। ਅਦਾਲਤ ਵਿਚ ਚੱਲ ਰਹੇ ਪੰਜ ਕੇਸਾਂ ਦੀ ਪੈਰਵੀ ਨਾਮਵਰ ਵਕੀਲ ਕਰ ਰਹੇ ਹਨ।

ਉਨ੍ਹਾਂ ਨੇ ਦੱਸਿਆ ਕਿ ਕਈ ਕੇਸ ਨਾਨਾਵਤੀ ਕਮਿਸ਼ਨ ਦੀ ਸਿਫਾਰਸ਼ 'ਤੇ ਦਰਜ ਕੀਤੇ ਗਏ। ਇਸ ਤੋਂ ਪਹਿਲਾਂ ਦੇ ਨੌਂ ਵੱਖ ਵੱਖ ਜਾਂਚ ਕਮਿਸ਼ਨਾਂ ਦੀਆਂ ਸਿਫਾਰਸ਼ਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ ਹੈ। ਉਨ੍ਹਾਂ ਮੁਤਾਬਕ, ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਦਾਲਤੀ ਕੇਸਾਂ ਦੀ ਪੈਰਵੀ ਲਈ ਮਦਦ ਕਰ ਰਹੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਢਾਈ ਸਾਲ ਪਹਿਲਾਂ ਹੱਥ ਪਿੱਛੇ ਖਿੱਚ ਲਿਆ ਸੀ।

# ਫਰਾਂਸ ਵਿਚ ਪਗੜੀ ਦਾ ਮਾਮਲਾ ਅੱਗੇ ਨਾ ਤੁਰਿਆ?

*(ਸਫਾ ਇਕ ਦੀ ਬਾਕੀ)*

ਪ੍ਰਧਾਨ ਮੰਤਰੀ ਦੇ ਦਫ਼ਤਰ ਵੱਲੋਂ ਜਾਰੀ ਸੂਚਨਾ ਵਿਚ ਕਿਹਾ ਗਿਆ ਕਿ ਸਰਕਾਰ ਵੱਲੋਂ ਸਿੱਖ ਭਾਈਚਾਰੇ ਲਈ ਪੱਗ ਦੇ ਮਹੱਤਵ ਤੋਂ ਫਰਾਂਸ ਦੇ ਰਾਸ਼ਟਰਪਤੀ ਨੂੰ ਜਾਣੂ ਕਰਾਇਆ ਗਿਆ ਹੈ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਸ੍ਰੀ ਔਲਾਂਦੇ ਨੇ ਪ੍ਰਧਾਨ ਮੰਤਰੀ ਦੀ ਗੱਲ ਨੂੰ ਬਹੁਤ ਧਿਆਨ ਨਾਲ ਸੁਣਿਆ ਤੇ ਭਰੋਸਾ ਦਿੱਤਾ ਹੈ ਕਿ ਉਹ ਦੇਸ਼ ਪਰਤ ਕੇ ਸਬੰਧਤ ਅਧਿਕਾਰੀਆਂ ਨਾਲ ਪੱਗ ਦੇ ਮੁੱਦੇ ਉਪਰ ਸੰਜੀਦਗੀ ਨਾਲ ਵਿਚਾਰ ਕਰਨਗੇ।

ਜ਼ਿਕਰਯੋਗ ਹੈ ਕਿ ਫਰਾਂਸ ਦੇ ਸਰਕਾਰੀ ਸਕੂਲਾਂ ਵਿਚ ਸਿੱਖ ਵਿਦਿਆਰਥੀਆਂ ਦੇ ਪਗੜੀ ਬੰਨ੍ਹਣ 'ਤੇ ਲਾਈ ਪਾਬੰਦੀ ਦੇ ਮੱਦੇਨਜ਼ਰ ਦਿੱਲੀ ਦੇ ਸਿੱਖ ਵਿਦਿਆਰਥੀਆਂ ਤੇ ਸਮਾਜਕ-ਸਿਆਸੀ ਸੰਗਠਨਾਂ ਨੇ ਭਾਰਤ ਦੇ ਦੌਰੇ 'ਤੇ ਆਏ ਫਰਾਂਸ ਦੇ ਰਾਸ਼ਟਰਪਤੀ ਦੇ ਵਿਰੋਧ ਵਿਚ ਤਿੱਖਾ ਰੋਸ ਪ੍ਰਦਰਸ਼ਨ ਕੀਤਾ ਸੀ। ਪ੍ਰਦਰਸ਼ਨ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬ) ਦੇ ਆਗੂਆਂ ਅਤੇ ਯੂਨਾਈਟਿਡ ਸਿੱਖਸ ਦੇ ਨੁਮਾਇੰਦਿਆਂ ਨੇ ਪਗੜੀ ਮਸਲੇ ਬਾਰੇ ਜਾਣਕਾਰੀ ਦਿੱਤੀ ਤੇ ਭਾਰਤ ਸਰਕਾਰ ਵੱਲੋਂ ਫਰਾਂਸ ਕੋਲ ਇਸ ਮਾਮਲੇ ਦੀ ਪੈਰਵੀ ਨਾ ਕਰਨ ਦੀ ਆਲੋਚਨਾ ਕੀਤੀ। ਸਿੱਖ ਜਥੇਬੰਦੀਆਂ ਨੇ ਅਫ਼ਸੋਸ ਜਾਹਰ ਕੀਤਾ ਕਿ ਭਾਰਤ ਦਾ ਪ੍ਰਧਾਨ ਮੰਤਰੀ ਸਿੱਖ

**ਫਰਾਂਸੀਸੀ ਰਾਸ਼ਟਰਪਤੀ ਅੱਗੇ ਭਰੋਸੇ ਨਾਲ ਨਹੀਂ ਰੱਖਿਆ ਮਸਲਾ**

ਹੋਣ ਦੇ ਬਾਵਜੂਦ ਸਰਕਾਰ ਵੱਲੋਂ ਇਸ ਅਹਿਮ ਮਾਮਲੇ 'ਤੇ ਢਿੱਲੀ ਜਿਹੀ ਨੀਤੀ ਅਪਨਾਈ ਜਾ ਰਹੀ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਫਰਾਂਸ ਦਾ ਸੰਵਿਧਾਨ ਆਜ਼ਾਦੀ, ਆਪਸੀ ਭਾਈਚਾਰੇ ਤੇ ਬਰਾਬਰੀ ਦੇ ਆਦਰਸ਼ਾਂ 'ਤੇ ਆਧਾਰਤ ਹੈ। ਅਜਿਹੇ ਹਾਲਾਤ ਵਿਚ ਫਰਾਂਸ ਵੱਲੋਂ ਆਪਣੇ ਸਰਕਾਰੀ ਸਕੂਲਾਂ ਵਿਚ ਪਗੜੀ ਤੇ ਹੋਰ ਧਾਰਮਿਕ ਚਿੰਨ੍ਹਾਂ ਦੇ ਪਹਿਨਣ 'ਤੇ ਪਾਬੰਦੀ ਲਾਉਣ ਨਾਲ ਦੁਨੀਆਂ ਭਰ ਦੇ ਸਿੱਖਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਫਰਾਂਸ ਵੱਲੋਂ ਪਗੜੀ ਨੂੰ ਸੁਰੱਖਿਆ ਲਈ ਖਤਰਾ ਮੰਨਣ ਵਾਲੀ ਵਸਤੂਆਂ ਵਿਚ ਸ਼ਾਮਲ ਕਰਨ ਨਾਲ ਸਿੱਖਾਂ ਦੀ ਧਾਰਮਿਕ ਆਜ਼ਾਦੀ ਦੇ ਅਧਿਕਾਰ ਨੂੰ ਭਾਰੀ ਸੱਟ ਵੱਜੀ ਹੈ। ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਪਹਿਲੇ ਤੇ ਦੂਜੇ ਵਿਸ਼ਵ ਯੁੱਧ ਦੌਰਾਨ ਹਜ਼ਾਰਾਂ ਪਗੜੀਧਾਰੀ ਸਿੱਖ ਸਿਪਾਹੀਆਂ ਨੇ ਫਰਾਂਸ ਦੀ ਆਜ਼ਾਦੀ ਲਈ ਸ਼ਹੀਦੀਆਂ ਦਿੱਤੀਆਂ ਤੇ ਅੱਜ ਵੀ ਸੰਯੁਕਤ ਰਾਸ਼ਟਰ ਦੀ ਸ਼ਾਂਤੀ ਸੈਨਾ ਵਿਚ ਪਗੜੀਧਾਰੀ ਸਿੱਖ ਸੈਨਿਕ ਆਪਣੀਆਂ ਸੇਵਾਵਾਂ ਦੇ ਰਹੇ ਹਨ। ਇਸ ਲਈ ਫਰਾਂਸ ਨੂੰ ਆਪਣੇ ਸਰਕਾਰੀ ਸਕੂਲਾਂ ਵਿਚੋਂ ਸਿੱਖ ਵਿਦਿਆਰਥੀਆਂ ਦੇ ਪਗੜੀ ਬੰਨ੍ਹਣ 'ਤੇ ਲਾਈ ਪਾਬੰਦੀ ਨੂੰ ਤੁਰੰਤ ਖਤਮ ਕਰ ਦੇਣਾ ਚਾਹੀਦਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਸਿੱਖ ਸੰਗਤਾਂ ਨੇ ਉਤਸ਼ਾਹ ਨਾਲ ਮਨਾਇਆ ਸੰਤ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ








**ਫਰੀਮਾਂਟ (ਬਿਊਰੋ):** ਵੀਹਵੀਂ ਸਦੀ ਦੇ ਮਹਾਨ ਸਿੱਖ, ਸੰਤ ਸਿਪਾਹੀ ਤੇ ਸਿੱਖ ਕੌਮ ਅੰਦਰ ਸੁੱਤੀ ਪਈ ਅਜ਼ਾਦੀ ਦੀ ਚਿਣਗ ਨੂੰ ਸ਼ਬਦ ਗੁਰੂ ਦੀ ਜਾਗ ਨਾਲ ਜਗਾਉਣ ਵਾਲੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ 66ਵਾਂ ਜਨਮ ਦਿਹਾੜਾ ਇਥੇ ਗੁਰਦੁਆਰਾ ਫਰੀਮਾਂਟ ਵਿਖੇ ਬੜੇ ਉਤਸ਼ਾਹ ਅਤੇ ਚੜ੍ਹਦੀ ਕਲਾ ਦੇ ਅਹਿਸਾਸ ਨਾਲ ਮਨਾਇਆ ਗਿਆ। ਜਨਮ ਦਿਨ ਮਨਾਉਣ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਥਕ ਜਥੇਬੰਦੀਆਂ ਤੇ ਸਿੱਖ ਸੰਗਤਾਂ ਦੇ ਭਰਵੇਂ ਸਹਿਯੋਗ ਨਾਲ ਵਿਸ਼ੇਸ਼ ਉਦਮ ਕੀਤਾ।

ਇਸ ਮੌਕੇ ਇਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਮੁੱਖ ਬੁਲਾਰੇ ਸੈਕਰਾਮੈਂਟੋ ਤੋਂ ਡਾ. ਗੁਰਤੇਜ ਸਿੰਘ ਅਤੇ ਯੂਨੀਵਰਸਿਟੀ ਆਫ ਕੈਲੀਫੋਰਨੀਆ, ਬਰਕਲੇ ਤੋਂ ਅਮਨਦੀਪ ਸਿੰਘ ਸਨ। ਡਾ. ਗੁਰਤੇਜ ਸਿੰਘ ਨੇ ਇਸ ਮੌਕੇ ਬੋਲਦਿਆਂ ਬੜੇ ਵਿਸਥਾਰ ਨਾਲ ਸੰਤ ਭਿੰਡਰਾਂਵਾਲਿਆਂ ਦੀ ਵਿਲੱਖਣ ਸ਼ਖਸੀਅਤ ਤੇ ਸਮੁੱਚੇ ਜੀਵਨ ਦੇ ਵੱਖ ਵੱਖ ਪਹਿਲੂਆਂ ਬਾਰੇ ਖੋਜੀ ਵਿਚਾਰ ਪੇਸ਼ ਕੀਤੇ। ਕੰਪਿਊਟਰ 'ਤੇ ਸੰਤਾਂ ਦੀਆਂ ਕਈ ਦੁਰਲੱਭ ਤਸਵੀਰਾਂ ਰਾਹੀਂ ਵਡੇ ਸਕਰੀਨਾਂ ਦੀ ਮਦਦ ਨਾਲ ਆਪਣੀ ਗੱਲ ਸੰਗਤਾਂ ਨਾਲ ਸਾਂਝੀ ਕੀਤੀ। ਅਮਨਦੀਪ ਸਿੰਘ ਨੇ ਸੰਖੇਪ ਵਿਚ ਸੰਤਾਂ ਦੀ ਸ਼ਖਸੀਅਤ ਦੇ ਕੁਝ ਪਹਿਲੂ ਜ਼ਾਹਰ ਕੀਤੇ। ਦੋਹਾਂ ਮੁੱਖ ਬੁਲਾਰਿਆਂ ਨੇ ਸਿੱਖ ਪ੍ਰਭੂਸੱਤਾ ਦੇ ਸਿਧਾਂਤ ਬਾਰੇ ਤੇ ਉਸ ਵਿਚ ਸੰਤ ਭਿੰਡਰਾਂਵਾਲਿਆਂ ਦੀ ਮਹਾਨ ਦੇਣ ਬਾਰੇ ਵੀ ਵਿਚਾਰ ਪੇਸ਼ ਕੀਤੇ। ਭਾਈ ਸੂਰਤ ਸਿੰਘ ਖਾਲਸਾ ਨੇ ਸੰਤਾਂ ਨਾਲ ਆਪਣੇ ਜੀਵਨ ਦੇ ਬਿਤਾਏ ਕੁਝ ਪਲ ਸੰਗਤਾਂ ਨਾਲ ਸਾਂਝੇ ਕੀਤੇ।

ਐਤਵਾਰ ਦੇ ਮੁੱਖ ਦੀਵਾਨ ਵਿਚ ਇਲਾਹੀ ਬਾਣੀ ਦੇ ਅਖੰਡ ਪਾਠ ਉਪਰੰਤ ਕੀਰਤਨ ਦਾ ਪ੍ਰਵਾਹ ਚੱਲਿਆ ਜਿਸ ਵਿਚ ਭਾਈ ਦਿਲਬਾਗ ਸਿੰਘ, ਭਾਈ ਗੁਰਪ੍ਰੀਤ ਸਿੰਘ ਤੇ ਹਜ਼ੂਰੀ ਰਾਗੀ ਭਾਈ ਗੁਰਚਰਨ ਸਿੰਘ ਦੇ ਜਥਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਿਆ। ਭਾਈ ਗੁਰਦੀਪ ਸਿੰਘ ਨੇ ਸੰਤਾਂ ਬਾਰੇ ਤਰੰਨਮ ਵਿਚ ਇਕ ਨਜ਼ਮ ਸੰਗਤਾਂ ਨਾਲ ਸਾਂਝੀ ਕੀਤੀ। ਕਥਾਕਾਰ ਭਾਈ ਸੁਖਵਿੰਦਰ ਸਿੰਘ ਦਮਦਮੀ ਟਕਸਾਲ ਨੇ ਸੰਤਾਂ ਦੇ ਮੁੱਢਲੇ ਜੀਵਨ ਉਤੇ ਝਾਤ ਪੁਆਈ। ਗੁਰਦੁਆਰਾ ਸਟਾਕਟਨ ਦੇ ਸਕੱਤਰ ਭਾਈ ਕੁਲਜੀਤ ਸਿੰਘ ਨਿੱਝਰ ਨੇ ਸੰਤਾਂ ਦੀ ਸ਼ਖਸੀਅਤ ਬਾਰੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ।



ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂਆਂ ਭਾਈ ਜੀਤ ਸਿੰਘ ਆਲੋਅਰਖ ਤੇ ਭਾਈ ਰੇਸ਼ਮ ਸਿੰਘ ਨੇ ਸੰਤਾਂ ਦੀ ਸ਼ਖਸੀਅਤ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਸ. ਸਿਮਰਨਜੀਤ ਸਿੰਘ ਮਾਨ ਨੇ ਸੰਤ ਭਿਡਰਾਂਵਾਲਿਆਂ ਦਾ ਜਨਮ ਮਨਾਉਣ ਦੀ ਸ਼ੁਰੂਆਤ ਉਸ ਔਖੇ ਸਮੇਂ ਕੀਤੀ ਜਦ ਪੰਜਾਬ ਵਿਚ ਮੁੱਖ ਮੰਤਰੀ ਬੇਅੰਤ ਸਿੰਘ ਦੀ ਸਰਕਾਰ ਕਿਸੇ ਨੂੰ ਪੰਥਕ ਗੱਲ ਕਰਨ ਹੀ ਨਹੀਂ ਸੀ ਦਿੰਦੀ। ਅੱਜ ਸੰਤਾਂ ਦਾ ਜਨਮ ਦਿਨ ਸਿੱਖ ਕੌਮ ਨੂੰ ਜਗਾਉਣ ਅਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਇਕ ਲਹਿਰ ਦਾ ਰੂਪ ਧਾਰ ਚੁੱਕਾ ਹੈ। ਸੰਤ ਭਿੰਡਰਾਂਵਾਲਿਆਂ ਦੇ ਜੀਵਨ ਦਾ ਹਰ ਪਹਿਲੂ ਸਿੱਖ ਅਜ਼ਾਦੀ ਦਾ ਪ੍ਰਤੀਕ ਹੈ। ਇਸੇ ਕਰਕੇ ਪਿਛਲੇ ਹਫਤੇ ਪੰਜਾਬ ਵਿਚ ਮਨਾਏ ਗਏ ਸੰਤਾਂ ਦੇ ਜਨਮ ਦਿਨ ਮੌਕੇ ਫਤਿਹਗੜ੍ਹ ਸਾਹਿਬ ਦੀ ਪਵਿਤਰ ਧਰਤੀ ਉਤੇ ਲੱਖਾਂ ਸੰਗਤਾਂ ਦਾ ਇਕੱਠ ਹੋਇਆ।



ਭਾਈ ਇੰਦਰਜੀਤ ਸਿੰਘ ਅਣਖੀ ਦੇ ਢਾਡੀ ਜਥੇ ਨੇ ਜੋਸ਼ਮਈ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਕੈਲੀਫੋਰਨੀਆ ਗਤਕਾ ਦਲ ਦੀ ਮਿਸਲ ਫਰੀਮਾਂਟ, ਟਰੇਸੀ, ਮਨਟੀਕਾ, ਐਲ ਸਬਰਾਂਟੇ, ਲੈਥਰੋਪ ਤੇ ਸਟਾਕਟਨ ਦੀਆਂ ਗਤਕਾਂ ਟੀਮਾਂ ਨੇ ਵਿਸ਼ੇਸ਼ ਤੌਰ 'ਤੇ ਜਥੇਦਾਰ ਜਸਪ੍ਰੀਤ ਸਿੰਘ, ਭਾਈ ਰਣਜੀਤ ਸਿੰਘ ਤੇ ਬੀਬੀ ਪੁਨੀਤ ਕੌਰ ਖਾਲਸਾ ਦੀ ਅਗਵਾਈ ਵਿਚ ਇਕੋ ਜਿਹੇ ਬਾਣੇ ਵਿਚ ਗਤਕੇ ਦੇ ਜੌਹਰ ਵਿਖਾਏ। ਇਸ ਦੌਰਾਨ ਖਾਲਿਸਤਾਨ-ਜ਼ਿੰਦਾਬਾਦ ਅਤੇ ਪੰਥ ਦੀ ਚੜ੍ਹਦੀ ਕਲਾ ਦੇ ਜੈਕਾਰੇ ਗੂੰਜਦੇ ਰਹੇ।

ਸਿੱਖ ਪ੍ਰਭੂਸੱਤਾ ਦੇ ਪ੍ਰਤੀਕ ਨਿਸ਼ਾਨ ਸਾਹਿਬ ਤੇ ਰੰਗ ਬਿਰੰਗੇ ਖਾਲਿਸਤਾਨੀ ਝੰਡੇ ਆਸੇ-ਪਾਸੇ ਝੁਲ ਰਹੇ ਸਨ। ਦੂਰੋਂ ਦੂਰੋਂ ਸੰਗਤਾਂ ਪਹੁੰਚੀਆਂ ਹੋਈਆਂ ਸਨ। ਪੰਥਕ ਜਥੇਬੰਦੀਆਂ-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਦਮਦਮੀ ਟਕਸਾਲ, ਅਖੰਡ ਕੀਰਤਨੀ ਜਥਾ, ਸਿੱਖ ਯੂਥ ਆਫ ਅਮਰੀਕਾ, ਕੈਲੀਫੋਰਨੀਆ ਗਤਕਾ ਦਲ, ਖਾਲਿਸਤਾਨ ਦੇ ਸ਼ਹੀਦ ਪਰਿਵਾਰ ਅਤੇ ਗੁਰਮਤਿ ਚੇਤਨਾ ਲਹਿਰ ਨੇ ਸਮਾਗਮ ਨੂੰ ਕਾਮਯਾਬ ਕਰਨ ਲਈ ਵਿਸ਼ੇਸ਼ ਯੋਗਦਾਨ ਪਾਇਆ।


Short Sale Specialist

Selling HUD homes anywhere in California



Just Sold
7 Derow Ct.,
Sacramento, CA 95833
$40,000.00
2625 Hayden Brook Ave.,
Stockton, CA 95212
$141,500

Listing
2519 Tornado Way,
Rancho Cordova, CA 95670
$105,000
4545 Valley Hi Dr.,
Sacramento, CA 95823
$140,000
2430 Yreka Ave,
Sacramento, CA 95822
$63,000

Call: Sohanpreet 'Sam' Chahal
@916-612-5773
visit: www.hudhomestore.com
Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਮਾਝੇ ਅਤੇ ਦੋਆਬੇ ਦੇ ਪਾਣੀਆਂ ਵਿਚ ਵੀ ਜ਼ਹਿਰ ਘੁਲਿਆ

**ਚੰਡੀਗੜ੍ਹ:** ਮਾਲਵੇ ਤੋਂ ਬਾਅਦ ਹੁਣ ਦੁਆਬੇ ਤੇ ਮਾਝੇ ਦਾ ਪਾਣੀ ਵੀ ਜ਼ਹਿਰ ਬਣਦਾ ਜਾ ਰਿਹਾ ਹੈ। ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਵਿਚ ਧਰਤੀ ਹੇਠਲਾ ਪਾਣੀ ਖ਼ਤਰਨਾਕ ਹੱਦ ਤੱਕ ਗੰਧਲਾ ਹੁੰਦਾ ਜਾ ਰਿਹਾ ਹੈ। ਹਾਸਲ ਜਾਣਕਾਰੀ ਅਨੁਸਾਰ ਦੋ ਸਾਲ ਪਹਿਲਾਂ ਜ਼ਿਲ੍ਹੇ ਦੇ ਤਿੰਨ ਪਿੰਡਾਂ ਦੇ ਪੀਣ ਵਾਲੇ ਪਾਣੀ ਵਿਚੋਂ ਲੋੜ ਤੋਂ ਵੱਧ ਯੂਰੇਨੀਅਮ ਦੇ ਤੱਤ ਮਿਲੇ ਤਾਂ ਸਰਕਾਰੀ ਤੇ ਗ਼ੈਰ ਸਰਕਾਰੀ ਹਲਕੇ ਫਿਕਰ ਵਿਚ ਪੈ ਗਏ। ਹੁਣ ਭਾਬਾ ਅਟੌਮਿਕ ਰਿਸਰਚ ਸੈਂਟਰ (ਬੀਆਰਸੀ) ਵੱਲੋਂ ਵਿਸ਼ਵ ਸਿਹਤ ਸੰਸਥਾ (ਡਬਲਿਯੂਐਚਓ) ਦੇ ਨਿਯਮਾਂ ਅਨੁਸਾਰ ਜੋ ਰਿਪੋਰਟ ਜਾਰੀ ਕੀਤੀ ਗਈ ਹੈ, ਉਸ ਅਨੁਸਾਰ ਤਰਨ ਤਾਰਨ ਦੇ ਵੱਖ-ਵੱਖ ਪਿੰਡਾਂ ਵਿਚੋਂ ਪਾਣੀ ਦੇ ਲਏ ਗਏ 188 ਸੈਂਪਲਾਂ ਵਿਚੋਂ 31 ਸੈਂਪਲ ਫੇਲ੍ਹ ਪਾਏ ਗਏ ਹਨ। ਇਨ੍ਹਾਂ ਵਿਚੋਂ ਅੱਠ ਤਾਂ ਖ਼ਤਰਨਾਕ ਹੱਦ ਤੱਕ ਯੂਰੇਨੀਅਮ ਦੀ ਮਾਤਰਾ ਵਾਲੇ ਹਨ।

ਮਾਝਾ ਦੋਆਬਾ ਖੇਤਰ ਦੇ ਪਠਾਨਕੋਟ ਜ਼ਿਲ੍ਹੇ ਨੂੰ ਛੱਡ ਕੇ ਬਾਕੀ ਜ਼ਿਲ੍ਹਿਆਂ ਦੇ ਪਾਣੀ ਵਿਚ ਵੀ



ਯੁਰੇਨੀਅਮ ਦੇ ਤੱਤ ਪਾਏ ਗਏ ਹਨ। ਦੋ ਸਾਲ ਪਹਿਲਾਂ ਦੀ ਰਿਪੋਰਟ ਵਿਚ ਮਾਝਾ-ਦੋਆਬਾ ਦੇ ਅੱਠ ਜ਼ਿਲ੍ਹਿਆਂ ਵਿਚੋਂ ਸਿਰਫ ਤਰਨ ਤਾਰਨ ਦੇ ਤਿੰਨ ਪਿੰਡਾਂ ਦੇ ਪਾਣੀ ਵਿਚ ਯੁਰੇਨੀਅਮ ਦੇ ਤੱਤ ਪਾਏ ਗਏ ਸਨ। ਇਸ ਵਾਰ ਅੰਮ੍ਰਿਤਸਰ ਜ਼ਿਲ੍ਹੇ ਦੇ 322 ਸੈਂਪਲਾਂ ਵਿਚੋਂ 321 ਸੈਂਪਲ ਯੂਰੇਨੀਅਮ ਤੋਂ ਮੁਕਤ ਰਹੇ ਹਨ ਜਦਕਿ ਇਕ ਸੈਂਪਲ ਵਿਚ ਇਹ ਤੱਤ ਆਏ ਹਨ।

ਗੁਰਦਾਸਪੁਰ ਜ਼ਿਲ੍ਹੇ ਦੇ 487 ਸੈਂਪਲਾਂ ਵਿਚੋਂ ਤਿੰਨ ਸੈਂਪਲ, ਹੁਸ਼ਿਆਰਪੁਰ ਦੇ 229 ਵਿਚੋਂ ਤਿੰਨ, ਜਲੰਧਰ ਦੇ 308 ਵਿਚੋਂ 10, ਕਪੂਰਥਲਾ ਦੇ 227 ਵਿਚੋਂ ਇਕ ਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿਚੋਂ ਲਏ 257 ਸੈਂਪਲਾਂ ਵਿਚੋਂ ਛੇ ਵਿਚ ਯੂਰੇਨੀਅਮ ਦੇ ਤੱਤ ਮਿਲੇ ਹਨ। ਲੁਧਿਆਣਾ ਸਮੇਤ ਮਾਲਵਾ ਖੇਤਰ ਦੇ ਪਿੰਡਾਂ ਵਿਚ ਤਾਂ ਇਹ ਸਥਿਤੀ ਪਹਿਲਾਂ ਹੀ ਖ਼ਤਰਨਾਕ ਹੱਦ ਤੱਕ ਪਹੁੰਚ ਚੁੱਕੀ ਹੈ। ਲੁਧਿਆਣਾ ਦੇ 597 ਵਿਚੋਂ 109 ਸੈਂਪਲ ਯੂਰੇਨੀਅਮ ਤੱਤਾਂ ਵਾਲੇ ਹਨ। ਸੰਗਰੂਰ ਦੇ 437 ਸੈਂਪਲਾਂ ਵਿਚੋਂ 160 ਸੈਂਪਲਾਂ ਵਿਚ ਇਹ ਤੱਤ ਪਾਏ ਗਏ ਹਨ।

ਬਰਨਾਲਾ ਦੇ 112 ਵਿਚੋਂ ਸਿਰਫ ਅੱਠ ਸੈਂਪਲ ਯੂਰੇਨੀਅਮ ਮੁਕਤ ਹਨ ਜਦਕਿ 104 ਸੈਂਪਲਾਂ ਵਿਚੋਂ ਯੂਰੇਨੀਅਮ ਦੇ ਤੱਤ ਮਿਲੇ ਹਨ ਜਿਨ੍ਹਾਂ ਵਿਚੋਂ 71 ਖ਼ਤਰਨਾਕ ਹੱਦ ਤਕ ਵਾਲੇ ਹਨ। ਇਸੇ ਤਰ੍ਹਾਂ ਬਠਿੰਡਾ ਦੇ 49 ਵਿਚੋਂ 31, ਫਰੀਦਕੋਟ ਦੇ 11 ਵਿਚੋਂ ਚਾਰ, ਫਤਹਿਗੜ੍ਹ ਸਾਹਿਬ ਦੇ 97 ਵਿਚੋਂ 29, ਫਾਜ਼ਿਲਕਾ ਦੇ 49 ਵਿਚੋਂ 26, ਫਿਰੋਜ਼ਪੁਰ ਦੇ 590 ਵਿਚੋਂ 232, ਮਾਨਸਾ ਦੇ 26 ਵਿਚੋਂ ਛੇ ਤੇ ਮੋਗਾ ਦੇ 311 ਵਿਚੋਂ 190 ਸੈਂਪਲ ਯੂਰੇਨੀਅਮ ਯੁਕਤ ਤੱਤਾਂ ਵਾਲੇ ਹਨ।

ਪਟਿਆਲਾ ਦੇ 320 ਵਿਚੋਂ 25 ਤੇ ਰੂਪਨਗਰ ਦੇ 185 ਵਿਚੋਂ ਤਿੰਨ ਸੈਂਪਲ ਵਿਚ ਯੂਰੇਨੀਅਮ ਦੇ ਤੱਤ ਮਿਲੇ ਹਨ। ਜ਼ਿਲ੍ਹਾ ਮੁਕਤਸਰ ਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਖੁਸ਼ਕਿਸਮਤ ਜ਼ਿਲ੍ਹੇ ਹਨ ਕਿਉਂਕਿ ਇਹ ਜ਼ਿਲ੍ਹੇ ਇਸ ਭਿਆਨਕ ਤੱਤ ਤੋਂ ਰਹਿਤ ਪਾਣੀ ਲੈ ਰਹੇ ਹਨ। ਇਨ੍ਹਾਂ ਜ਼ਿਲ੍ਹਿਆਂ ਵਿਚੋਂ ਕ੍ਰਮਵਾਰ ਅੱਠ ਤੇ 104 ਸੈਂਪਲ ਲਏ ਗਏ ਸਨ। ਤਰਨਤਾਰਨ ਜ਼ਿਲ੍ਹੇ ਵਿਚੋਂ 305 ਸੈਂਪਲਾਂ ਵਿਚੋਂ 167 ਸੈਂਪਲ ਅਜਿਹੇ ਪਾਏ ਗਏ ਹਨ ਜਿਨ੍ਹਾਂ ਵਿਚ ਭਾਰਾਪਣ ਜ਼ਿਆਦਾ ਮਿਲਿਆ ਹੈ। ਜ਼ਿਲ੍ਹੇ ਵਿੱਚ ਯੁਰੇਨੀਅਮ ਦੇ ਤੱਤ ਮਿਲਣ ਕਰਕੇ ਹੀ ਇਲਾਕੇ ਦੇ ਪਿੰਡਾਂ ਵਿਚ ਆਰ.ਓ. ਪਲਾਂਟ ਲਾਉਣ ਦੀ ਯੋਜਨਾ ਤਿਆਰ ਕੀਤੀ ਗਈ ਹੈ। ਜ਼ਿਲ੍ਹੇ ਦੇ ਸਰਹੱਦੀ ਖੇਤਰ ਵਿਚ ਲੋਕਾਂ ਨੂੰ ਪੀਣ ਦਾ ਪਾਣੀ ਠੀਕ ਨਾ ਮਿਲਣ ਕਰਕੇ ਜੋੜਾਂ ਦੇ ਦਰਦ, ਅੰਤੜੀਆਂ ਦੀ ਸੋਜ਼ਿਸ਼ ਆਦਿ ਬਿਮਾਰੀਆਂ ਦੇ ਨਾਲ-ਨਾਲ ਹੁਣ ਕੈਂਸਰ ਨੇ ਵੀ ਆ ਘੇਰਿਆ ਹੈ।

## ਕਾਂਗਰਸ ਵੱਲੋਂ ਪੰਜਾਬ ਸਰਕਾਰ 'ਤੇ ਕੇਂਦਰੀ ਗ੍ਰਾਂਟਾਂ 'ਚ ਘੁਟਾਲੇ ਦਾ ਦੋਸ਼

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਸੂਬਾ ਸਰਕਾਰਾਂ ਵੱਲੋਂ ਕੇਂਦਰੀ ਫੰਡਾਂ ਵਿਚ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਕੇਂਦਰੀ ਪੱਧਰ 'ਤੇ ਵੱਖਰਾ ਸੈੱਲ ਕਾਇਮ ਕਰਨ ਦਾ ਸੁਝਾਅ ਵੀ ਦਿੱਤਾ ਹੈ। ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੇ ਪੰਜਾਬ ਵਿਚ ਕੇਂਦਰੀ ਯੋਜਨਾਵਾਂ ਤਹਿਤ ਆਏ ਫੰਡਾਂ ਤੇ ਗਰੀਬਾਂ ਲਈ ਆਏ ਸਸਤੇ ਰਾਸ਼ਨ ਵਿਚ ਕੀਤੀ ਗਈ ਗੜਬੜੀ ਬਾਰੇ ਤੱਥਾਂ ਸਮੇਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬੇ ਦੀ ਅਕਾਲੀ-ਭਾਜਪਾ ਸਰਕਾਰ ਨਾ ਸਿਰਫ਼ ਭ੍ਰਿਸ਼ਟਾਚਾਰ ਕਰ ਰਹੀ ਹੈ ਬਲਕਿ ਪੂਰੀ ਯੋਜਨਾ ਦਾ ਪੈਸਾ ਹੜੱਪਿਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਨੇ ਆਮ ਆਦਮੀ ਲਈ ਪੰਜਾਬ ਨੂੰ ਪਿਛਲੇ ਸਾਲਾਂ ਵਿਚ 1.42 ਕਰੋੜ ਕੁਇੰਟਲ ਕਣਕ 6.10 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਜਾਰੀ ਕੀਤੀ ਪਰ ਪੰਜਾਬ ਦੇ ਕਿਸੇ ਵੀ ਨਾਗਰਿਕ ਨੂੰ ਇਸ ਭਾਅ ਤਹਿਤ ਕਣਕ ਨਹੀਂ ਮਿਲੀ ਜਦਕਿ ਸਾਰੀ ਕਣਕ ਕਾਲੇ ਬਾਜ਼ਾਰ ਵਿਚ ਵੇਚੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਯੂਥ ਕਾਂਗਰਸ ਤੇ ਐਨ.ਐਸ.ਯੂ.ਆਈ. ਪਾਰਟੀ ਪ੍ਰੋਗਰਾਮਾਂ ਨੂੰ ਆਮ ਜਨਤਾ ਵਿਚ ਪਹੁੰਚਾਉਣ ਲਈ ਯਤਨਸ਼ੀਲ ਹਨ ਪਰ ਉਨ੍ਹਾਂ ਨੂੰ ਦੱਬਣ ਲਈ ਪੰਜਾਬ ਸਰਕਾਰ ਉਨ੍ਹਾਂ 'ਤੇ ਨਾਜਾਇਜ਼ ਕੇਸ ਬਣਾ ਕੇ ਪ੍ਰੇਸ਼ਾਨ ਕਰ ਰਹੀ ਹੈ।

ਸ੍ਰੀ ਜਾਖੜ ਨੇ ਕਾਂਗਰਸ ਦੇ ਕੌਮੀ ਉਪ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਦੇਸ਼ ਦੇ ਸਾਰੇ ਰਾਜਾਂ ਦੇ ਪਾਰਟੀ ਪ੍ਰਧਾਨਾਂ, ਮੁੱਖ ਮੰਤਰੀਆਂ ਤੇ ਵਿਰੋਧੀ ਧਿਰ ਦੇ ਨੇਤਾਵਾਂ ਦੀ ਦਿੱਲੀ ਵਿਚ ਸੱਦੀ ਮੀਟਿੰਗ ਵਿਚ ਆਪਣੇ ਸੁਝਾਅ ਦਿੰਦਿਆਂ ਕਿਹਾ ਕਿ ਚੋਣਾਂ ਵਿਚ ਉਮੀਦਵਾਰਾਂ ਦੀ ਚੋਣ ਲਈ ਅਬਜ਼ਰਵਰ ਭੇਜਣ ਦੀ ਪ੍ਰਥਾ ਬੰਦ ਕਰਕੇ ਉਮੀਦਵਾਰਾਂ ਦੀ ਚੋਣ ਬਲਾਕ ਤੇ ਜ਼ਿਲ੍ਹਾ ਆਗੂਆਂ ਰਾਹੀਂ ਕਰਵਾਈ ਜਾਵੇ ਤਾਂ ਜੋ ਹਲਕੇ ਤੋਂ ਬਾਹਰੀ ਵਿਅਕਤੀ ਪਾਰਟੀ ਦੀ ਟਿਕਟ ਮੰਗਣ ਦੇ ਸਮਰੱਥ ਹੀ ਨਾ ਹੋ ਸਕਣ। ਉਨ੍ਹਾਂ ਕਿਹਾ ਕਿ ਅਜਿਹਾ ਕਰਨ ਨਾਲ ਜਿਥੇ ਪਾਰਟੀ ਜਥੇਬੰਦਕ ਤੌਰ 'ਤੇ ਮਜ਼ਬੂਤ ਹੋਵੇਗੀ, ਉਥੇ ਪੁਰਾਣੇ ਤੇ ਪਾਰਟੀ ਲਈ ਸਮਰਪਿਤ ਵਰਕਰਾਂ ਦਾ ਉਤਸ਼ਾਹ ਵੀ ਵਧੇਗਾ। ਇਸ ਏਜੰਡੇ ਨੂੰ ਜੈਪੁਰ ਘੋਸ਼ਣਾ ਪੱਤਰ ਨਾ ਜੋੜਨਾ ਚਾਹੀਦਾ ਹੈ। ਦੋ ਦਿਨ ਚੱਲੀ ਇਸ ਮੀਟਿੰਗ ਵਿਚ ਸਭ ਬੁਲਾਰਿਆਂ ਨੂੰ ਆਪਣੇ ਸੁਝਾਅ ਦੇਣ ਲਈ 5-10 ਮਿੰਟ ਦਾ ਸਮਾਂ ਦਿੱਤਾ ਗਿਆ ਪਰ ਸ੍ਰੀ ਜਾਖੜ ਨੇ ਲੰਮਾ ਸਮਾਂ ਲੈ ਕੇ ਆਪਣੇ ਸੁਝਾਅ ਦਿੱਤੇ ਤੇ ਇਸ ਦੀ ਕਈ ਰਾਜਾਂ ਦੇ ਸੀਨੀਅਰਾਂ ਆਗੂਆਂ ਨੇ ਹਮਾਇਤ ਵੀ ਕੀਤੀ।

ਸ੍ਰੀ ਜਾਖੜ ਨੇ ਕਿਹਾ ਕਿ ਅੱਜ ਸਿਰਫ਼ ਰਾਜਸੀ ਵਿਚਾਰਧਾਰਾ ਤੇ ਕੇਂਦਰੀ ਸਰਕਾਰ ਦੇ ਕੰਮਕਾਜ ਵਿਚ ਬਦਲਾਅ ਦੇ ਵਾਅਦਿਆਂ ਨਾਲ ਹੀ ਕੰਮ ਨਹੀਂ ਚੱਲੇਗਾ ਜਦਕਿ ਅਸਲ ਬਦਲਾਅ ਦੀ ਜ਼ਰੂਰਤ ਹੈ। ਉਨ੍ਹਾਂ ਰਾਸ਼ਟਰ ਮੰਡਲ ਖੇਡਾਂ ਜਿਹੇ ਘੁਟਾਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਭ੍ਰਿਸ਼ਟਾਚਾਰ ਕਰਨ ਵਾਲੇ ਭਾਵੇਂ ਕਾਂਗਰਸੀ ਹੋਣ ਉਨ੍ਹਾਂ ਖ਼ਿਲਾਫ਼ ਵੀ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

## ਅਜੇ ਵੀ 39% ਬੱਚੇ ਲੈ ਰਹੇ ਨੇ ਘਰਾਂ 'ਚ ਜਨਮ

### ਜ਼ਿਆਦਾਤਰ ਲੋਕਾਂ ਵੱਲੋਂ ਪ੍ਰਾਈਵੇਟ ਹਸਪਤਾਲਾਂ ਨੂੰ ਤਰਜੀਹ

**ਚੰਡੀਗੜ੍ਹ:** ਪੰਜਾਬ ਵਿਚ 39 ਫੀਸਦੀ ਮਾਵਾਂ ਅਜੇ ਵੀ ਆਪਣੇ ਬੱਚਿਆਂ ਨੂੰ ਹਸਪਤਾਲ ਦੀ ਥਾਂ ਘਰਾਂ ਵਿਚ ਜਨਮ ਦੇ ਰਹੀਆਂ ਹਨ। ਇਹ ਕੌਮੀ ਦਰ ਨਾਲੋਂ 12 ਫੀਸਦੀ ਹੇਠਾਂ ਹੈ। ਹਸਪਤਾਲਾਂ ਵਿਚ ਪੈਦਾ ਹੋਣ ਵਾਲੇ ਬੱਚਿਆਂ ਵਿਚੋਂ ਵੀ ਸਿਰਫ 22 ਪ੍ਰਤੀਸ਼ਤ ਹੀ ਸਰਕਾਰੀ ਹਸਪਤਾਲਾਂ ਵਿਚ ਜਨਮ ਲੈ ਰਹੇ ਹਨ। ਇਹ ਅੰਕੜੇ ਪੰਜਾਬ ਸਰਕਾਰ ਦੀ ਤਾਜ਼ਾ ਰਿਪੋਰਟ ਦੇ ਹਨ। ਰਿਪੋਰਟ ਮੁਤਾਬਕ ਭਾਰਤ ਦੇ 73 ਫੀਸਦੀ ਬੱਚੇ ਹਸਪਤਾਲਾਂ ਵਿਚ ਪੈਦਾ ਹੋ ਰਹੇ ਹਨ ਜਦੋਂਕਿ ਪੰਜਾਬ ਵਿਚਲੀ ਦਰ 61 ਫੀਸਦੀ ਹੈ।



ਕੌਮੀ ਪੱਧਰ 'ਤੇ ਪੰਜਾਬ ਦੇ ਉਲਟ ਸਰਕਾਰੀ ਹਸਪਤਾਲਾਂ ਵਿਚ ਜਨਮ ਲੈਣ ਵਾਲੇ ਬੱਚਿਆਂ ਦੀ ਦਰ ਪ੍ਰਾਈਵੇਟ ਨਾਲੋਂ ਜ਼ਿਆਦਾ ਹੈ। ਪੰਜਾਬ ਵਿਚ ਸਰਕਾਰੀ ਹਸਪਤਾਲਾਂ ਨਾਲੋਂ 14 ਪ੍ਰਤੀਸ਼ਤ ਜ਼ਿਆਦਾ ਬੱਚੇ ਪ੍ਰਾਈਵੇਟ ਹਸਪਤਾਲਾਂ ਵਿਚ ਜਨਮ ਲੈ ਰਹੇ ਹਨ। ਹਾਸਲ ਅੰਕੜਿਆਂ ਤੋਂ ਇਕ ਹੋਰ ਅਹਿਮ ਤੱਥ ਸਾਹਮਣੇ ਆਇਆ ਹੈ ਕਿ ਪੰਜਾਬ ਦੇ ਲੋਕ ਦੇਸ਼ ਦੇ ਦੂਜੇ ਰਾਜਾਂ ਨਾਲੋਂ ਸਰਕਾਰੀ ਹਸਪਤਾਲਾਂ ਵਿਚ ਜਾਣ ਨੂੰ ਘੱਟ ਤਰਜੀਹ ਦੇ ਰਹੇ ਹਨ। ਪੰਜਾਬ ਦੇ ਸਿਰਫ 16 ਫੀਸਦੀ ਮਰੀਜ਼ ਸਰਕਾਰੀ ਹਸਪਤਾਲਾਂ ਵਿਚ ਜਾਂਦੇ ਹਨ ਜਦੋਂਕਿ ਕੌਮੀ ਪੱਧਰ 'ਤੇ ਇਹ ਪ੍ਰਤੀਸ਼ਤਤਾ 20 ਫੀਸਦੀ ਦੱਸੀ ਗਈ ਹੈ।

ਪੰਜਾਬ ਦੇ 56 ਪ੍ਰਤੀਸ਼ਤ ਲੋਕ ਹਸਪਤਾਲਾਂ ਵਿਚ ਇਲਾਜ ਲਈ ਜਾ ਰਹੇ ਹਨ ਜਦੋਂਕਿ ਇਹ ਕੌਮੀ ਦਰ ਨਾਲੋਂ ਚਾਰ ਫੀਸਦੀ ਘੱਟ ਬਣਦੀ ਹੈ। ਕੌਮੀ ਪੱਧਰ 'ਤੇ ਸਰਕਾਰੀ ਹਸਪਤਾਲਾਂ ਵਿਚ ਇਲਾਜ ਕਰਾਉਣ ਦੀ ਪ੍ਰਤੀਸ਼ਤਤਾ 20 ਫੀਸਦੀ ਤੇ ਪ੍ਰਾਈਵੇਟ ਹਸਪਤਾਲਾਂ ਦੀ ਦਰ ਇਸ ਤੋਂ ਦੁੱਗਣੀ ਹੈ। ਪੰਜਾਬ ਦੇ 30 ਪ੍ਰਤੀਸ਼ਤ ਲੋਕ ਪ੍ਰਾਈਵੇਟ ਹਸਪਤਾਲਾਂ ਵਿਚੋਂ ਇਲਾਜ ਕਰਾ ਰਹੇ ਹਨ। ਰਿਪੋਰਟ ਵਿਚ ਇਕ ਹੋਰ ਮਹੱਤਵਪੂਰਨ ਖੁਲਾਸਾ ਵੀ ਕੀਤਾ ਗਿਆ ਹੈ ਕਿ ਪੰਜਾਬ ਦੇ ਸਰਕਾਰੀ ਹਸਪਤਾਲ ਦੇਸ਼ ਦੇ ਦੂਜੇ ਹਸਪਤਾਲਾਂ ਤੋਂ ਮਹਿੰਗੇ ਹਨ।

ਪੰਜਾਬ ਵਿਚ ਇਕ ਮਰੀਜ਼ ਨੂੰ ਸਰਕਾਰੀ ਹਸਪਤਾਲ ਦੀ ਪ੍ਰਤੀ ਓਪੀਡੀ ਦਾ ਖਰਚ 348 ਰੁਪਏ ਪੈ ਰਿਹਾ ਹੈ ਜਦੋਂਕਿ ਕੌਮੀ ਪੱਧਰ 'ਤੇ ਇਹ ਰਕਮ 201 ਰੁਪਏ ਬਣਦੀ ਹੈ। ਸਰਕਾਰੀ ਹਸਪਤਾਲ ਵਿਚ ਦਾਖ਼ਲ ਹੋ ਕੇ ਇਲਾਜ ਕਰਾਉਣ 'ਤੇ ਇੱਕ ਮਰੀਜ਼ ਨੂੰ ਔਸਤਨ 9000 ਰੁਪਏ ਦੇਣੇ ਪੈ ਰਹੇ ਹਨ ਜਦੋਂਕਿ ਕੌਮੀ ਪੱਧਰ 'ਤੇ ਖਰਚੇ ਦੀ ਰਕਮ 5695 ਰੁਪਏ ਦੱਸੀ ਗਈ ਹੈ। ਰਿਪੋਰਟ ਵਿਚ ਪੰਜਾਬ ਦੀਆਂ ਕੁਝ ਚੰਗਿਆਈਆਂ ਵੀ ਦੱਸੀਆਂ ਗਈਆਂ ਹਨ। ਇਨ੍ਹਾਂ ਮੁਤਾਬਕ ਰਾਜ ਵਿਚ ਬੱਚਿਆਂ ਦੀ ਜਨਮ ਦਰ ਤੇ ਗਰਭਵਤੀ ਮਾਵਾਂ ਦੀ ਬਚਣ ਦਰ ਬਿਹਤਰ ਦੱਸੀ ਗਈ ਹੈ। ਇਸ ਤਰ੍ਹਾਂ ਮੌਤਾਂ ਦੀ ਦਰ ਵੀ ਘੱਟ ਹੈ। ਕੌਮੀ ਪੱਧਰ ਨਾਲੋਂ ਪੰਜਾਬ ਵਿਚ ਬੱਚਿਆਂ ਦਾ 22 ਫੀਸਦੀ ਵਧੇਰੇ ਟੀਕਾਕਰਨ ਹੋ ਰਿਹਾ ਹੈ।

ਪੰਜਾਬ ਵਿਚ ਇਸ ਵੇਲੇ 19 ਜ਼ਿਲ੍ਹਾ ਤੇ ਦੋ ਸਪੈਸ਼ਲ ਹਸਪਤਾਲ ਹਨ। ਸਬ ਡਿਵੀਜ਼ਨਲ ਹਸਪਤਾਲਾਂ ਦੀ ਗਿਣਤੀ 143 ਤੇ ਕਮਿਊਨਿਟੀ ਹਸਪਤਾਲਾਂ ਦੀ ਗਿਣਤੀ 123 ਦੱਸੀ ਗਈ ਹੈ। ਰਿਪੋਰਟ ਮੁਤਾਬਕ ਕਈ ਲੱਖ ਪ੍ਰਾਈਵੇਟ ਡਾਕਟਰ ਵੀ ਸੇਵਾ ਕਰ ਰਹੇ ਹਨ। ਰਿਪੋਰਟ ਵਿਚ ਸਿਹਤ ਸੇਵਾਵਾਂ ਨਾਲ ਸਬੰਧਤ ਕੁੱਲ ਸੰਸਥਾਵਾਂ ਨੂੰ ਇਕ ਛੱਤ ਥੱਲੇ ਇਕੱਠਿਆਂ ਕਰਨ ਦਾ ਸੁਝਾਅ ਦਿੱਤਾ ਗਿਆ ਹੈ। ਇਹ ਰਿਪੋਰਟ ਮੈਡੀਕਲ ਕੌਂਸਲ ਆਫ਼ ਇੰਡੀਆ ਦੇ ਚੇਅਰਮੈਨ ਪ੍ਰੋ. ਕੇ ਕੇ ਤਲਵਾੜ ਦੀ ਅਗਵਾਈ ਹੇਠ ਗਠਿਤ ਰਿਫਾਰਮ ਕਮਿਸ਼ਨ ਵੱਲੋਂ ਤਿਆਰ ਕੀਤੀ ਗਈ ਹੈ। ਕਮੇਟੀ ਵਿਚ ਪੰਜਾਬ, ਚੰਡੀਗੜ੍ਹ ਤੇ ਦਿੱਲੀ ਤੋਂ ਇਕ ਦਰਜਨ ਮਾਹਿਰ ਸ਼ਾਮਲ ਕੀਤੇ ਗਏ ਹਨ।

## ਵਿਰਾਸਤੀ ਇਮਾਰਤਾਂ ਢਾਹੁਣ 'ਤੇ ਪੰਜਾਬ ਸਰਕਾਰ ਦੀ ਖਿਚਾਈ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਦੀ ਖਿਚਾਈ ਕਰਦਿਆਂ ਪੁੱਛਿਆ ਹੈ ਕਿ ਸਰਕਾਰ ਵੱਲੋਂ ਵਿਰਾਸਤੀ ਇਮਾਰਤਾਂ ਤੇ ਇਨ੍ਹਾਂ ਦੀਆਂ ਜ਼ਮੀਨਾਂ ਦੀ ਕੀਤੀ ਜਾ ਰਹੀ ਵਿਕਰੀ ਨੂੰ ਕਿਉਂ ਨਾ ਰੋਕ ਦਿੱਤਾ ਜਾਵੇ। ਹਾਈ ਕੋਰਟ ਦੇ ਜਸਟਿਸ ਰਣਜੀਤ ਸਿੰਘ ਨੇ ਇਸ ਬਾਰੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ।

ਅਦਾਲਤ ਨੇ ਇਹ ਕਾਰਵਾਈ ਮੀਡੀਆ ਵਿਚ ਛਪੀਆਂ ਖ਼ਬਰਾਂ 'ਤੇ ਗ਼ੌਰ ਕਰਦਿਆਂ ਆਪਣੇ ਤੌਰ 'ਤੇ ਕੀਤੀ ਹੈ। ਅਦਾਲਤ ਨੇ ਸਰਕਾਰ ਨੂੰ ਇਹ ਵੀ ਪੁੱਛਿਆ ਹੈ ਕਿ ਕੀ ਇਸ ਦਾ 100 ਸਾਲ ਪੁਰਾਣੀ ਪਟਿਆਲਾ ਦੀ ਕੇਂਦਰੀ ਜੇਲ੍ਹ ਤੇ ਬਾਰਾਂਦਰੀ ਬਾਗ ਵਿਚਲੀਆਂ ਹੋਰ ਵਿਰਾਸਤੀ ਇਮਾਰਤਾਂ ਨੂੰ ਢਾਹੁਣ ਦਾ ਇਰਾਦਾ ਹੈ। ਆਪਣੇ ਵੇਰਵੇ ਸਹਿਤ ਹੁਕਮਾਂ ਵਿਚ ਜਸਟਿਸ ਰਣਜੀਤ ਸਿੰਘ ਨੇ ਕਿਹਾ ਮੀਡੀਆ ਵਿਚ ਛਪੀਆਂ ਖ਼ਬਰਾਂ ਕਾਫ਼ੀ ਪ੍ਰੇਸ਼ਾਨ ਕਰਨ ਵਾਲੀਆਂ ਹਨ। ਕਿਲ੍ਹਾ ਮੁਬਾਰਕ ਵਿਚਲੀਆਂ ਇਮਾਰਤਾਂ ਤੇ ਸਦੀ ਪੁਰਾਣੀ ਪਟਿਆਲਾ ਸੈਂਟਰਲ ਜੇਲ੍ਹ ਆਦਿ ਵਰਗੀਆਂ ਇਮਾਰਤਾਂ ਨੂੰ ਢਾਹਿਆ ਜਾ ਰਿਹਾ ਹੈ ਤਾਂ ਕਿ ਉਸ ਜ਼ਮੀਨ ਨੂੰ ਵੇਚਿਆ ਜਾ ਸਕੇ ਜਿਸ ਉੱਤੇ ਇਹ ਬਣੀਆਂ ਹੋਈਆਂ ਹਨ। ਅਦਾਲਤ ਨੇ ਕਿਹਾ ਹੈ ਕਿ ਕਿਲ੍ਹਾ ਮੁਬਾਰਕ ਇਕ ਪੁਰਾਣੀ ਇਮਾਰਤ ਹੈ ਜੋ ਵਿਰਸੇ ਦੀ ਨਿਸ਼ਾਨੀ ਹੈ ਪਰ ਇਸ ਨੂੰ ਸਾਂਭ ਸੰਭਾਲ ਪੱਖੋਂ ਸਰਕਾਰ ਦੀ ਅਣਦੇਖੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਗੁਰੂ ਨਾਨਕ ਦੇਵ 'ਵਰਸਿਟੀ ਵੱਲੋਂ ਮੁੜ ਪੰਜਾਬੀ ਵਿਰੋਧੀ ਫੈਸਲਾ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਇਕ ਵਾਰ ਫਿਰ ਮਾਂ ਬੋਲੀ ਪੰਜਾਬੀ 'ਤੇ ਵਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਪਰ ਪੰਜਾਬੀ ਹਿਤੈਸ਼ੀ ਇਸ ਖ਼ਿਲਾਫ਼ ਡਟ ਗਏ ਹਨ। ਯੂਨੀਵਰਸਿਟੀ ਵੱਲੋਂ ਕਾਲਜਾਂ ਵਿਚ ਗਰੈਜੂਏਟ ਪੱਧਰ ਦੇ ਚੱਲ ਰਹੇ ਕੋਰਸਾਂ ਵਿਚ ਭਾਸ਼ਾ, ਸਮਾਜਕ ਵਿਗਿਆਨ ਤੇ ਕਾਮਰਸ ਵਿਸ਼ੇ ਦੇ ਪੀਰੀਅਰਡਾਂ ਦੀ ਗਿਣਤੀ ਘੱਟ ਕਰਨ ਦਾ ਫੈਸਲੇ ਲਿਆ ਗਿਆ ਹੈ। ਪੰਜਾਬੀ ਹਿਤੈਸ਼ੀਆਂ ਨੂੰ ਫਿਕਰ ਹੈ ਕਿ ਕਾਲਜਾਂ ਵਿਚੋਂ ਜਿਥੇ ਪੰਜਾਬੀ ਅਧਿਆਪਕਾਂ ਦੀ ਗਿਣਤੀ ਘਟੇਗੀ, ਉਥੇ ਮਾਂ ਬੋਲੀ ਪੰਜਾਬੀ ਨੂੰ ਢਾਹ ਲੱਗੇਗੀ।

ਮਿਲੇ ਵੇਰਵਿਆਂ ਅਨੁਸਾਰ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ ਦੀ ਚਾਰ ਜਨਵਰੀ ਨੂੰ ਹੋਈ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਹੈ ਕਿ ਕਾਲਜਾਂ ਵਿਚ ਚੱਲ ਰਹੇ ਸਾਰੇ ਕੋਰਸਾਂ ਦੇ ਸਿਲੇਬਸ ਦੇ ਅਨੁਸਾਰ ਹੀ ਪੀਰੀਅਰਡ ਲਾਏ ਜਾਣਗੇ। ਇਸ ਤਹਿਤ 50 ਨੰਬਰ ਦੇ ਪੇਪਰ ਵਾਲੇ ਸਾਰੇ ਵਿਸ਼ਿਆਂ ਲਈ ਹੁਣ ਹਫ਼ਤੇ ਵਿਚ ਦੋ ਘੰਟੇ ਦਾ ਸਮਾਂ ਹੋਵੇਗਾ। ਇਸ ਦੋ ਘੰਟੇ ਦੇ ਸਮੇਂ ਵਿਚ 45 ਮਿੰਟ ਦੇ ਵੱਧ ਤੋਂ ਵੱਧ ਤਿੰਨ ਪੀਰੀਅਡ ਹੀ ਲੱਗ ਸਕਣਗੇ।

### ਸਾਹਿਤਕ ਜਥੇਬੰਦੀਆਂ ਵੱਲੋਂ ਸੰਘਰਸ਼ ਦੀ ਧਮਕੀ



ਪੰਜਾਬੀ ਹਿਤੈਸ਼ੀਆਂ ਦਾ ਕਹਿਣਾ ਹੈ ਕਿ ਗੁਰੂ ਸਾਹਿਬ ਦੇ ਨਾਂ 'ਤੇ ਬਣੀ ਇਹ ਯੂਨੀਵਰਸਿਟੀ ਜਿਸਦਾ ਮੁੱਖ ਮੰਤਵ ਪੰਜਾਬੀ ਦਾ ਪ੍ਰਚਾਰ-ਪਸਾਰ ਕਰਨਾ ਹੈ, ਆਪਣੇ ਮੰਤਵ ਤੋਂ ਪਛਾਂਹ ਹਟ ਰਹੀ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਬਲਦੇਵ ਸਿੰਘ ਸੜਕਨਾਮਾ ਤੇ ਜਨਰਲ ਸਕੱਤਰ ਤਲਵਿੰਦਰ ਸਿੰਘ ਨੇ ਆਖਿਆ ਕਿ ਯੂਨੀਵਰਸਿਟੀ ਦਾ ਮੁੱਖ ਮੰਤਵ ਮਾਂ ਬੋਲੀ ਪੰਜਾਬੀ ਭਾਸ਼ਾ ਨੂੰ ਉਤਸ਼ਾਹਤ ਕਰਨਾ ਹੈ ਪਰ ਇਸ ਫੈਸਲੇ ਨਾਲ ਕਾਲਜਾਂ ਵਿਚ ਪੰਜਾਬੀ ਅਧਿਆਪਕਾਂ ਦੀਆਂ ਆਸਾਮੀਆਂ ਪ੍ਰਭਾਵਿਤ ਹੋਣਗੀਆਂ। ਪੰਜਾਬੀ ਭਾਸ਼ਾ ਨੂੰ ਢਾਹ ਲੱਗੇਗੀ। ਯੂਨੀਵਰਸਿਟੀ ਨੇ ਕਾਲਜਾਂ ਵਿਚ ਲਾਜ਼ਮੀ ਪੰਜਾਬੀ ਵਿਸ਼ੇ ਦੇ ਹਫਤੇ ਵਿਚ ਛੇ ਪੀਰੀਅਡਾਂ ਦੀ ਥਾਂ ਹੁਣ ਤਿੰਨ ਪੀਰੀਅਡ ਕਰ ਦਿੱਤੇ ਹਨ।

ਉਨ੍ਹਾਂ ਆਖਿਆ ਕਿ ਇਕ ਪਾਸੇ ਬੁੱਧੀਜੀਵੀ ਪੰਜਾਬੀ ਲਾਗੂ ਕਰਵਾਉਣ ਤੇ ਇਸ ਨੂੰ ਬਣਦਾ ਮਾਣ-ਸਨਮਾਨ ਦਿਵਾਉਣ ਲਈ ਯਤਨ ਕਰ ਰਹੇ ਹਨ, ਦੂਜੇ ਪਾਸੇ ਗੁਰੂ ਨਾਨਕ ਦੇਵ ਦੇ ਨਾਂ 'ਤੇ ਬਣੀ ਯੂਨੀਵਰਸਿਟੀ ਵੱਲੋਂ ਹੀ ਪੰਜਾਬੀ ਮਾਂ ਬੋਲੀ ਨਾਲ ਧੱਕਾ ਕੀਤਾ ਜਾ ਰਿਹਾ ਹੈ। ਉਧਰ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵੱਲੋਂ ਵੀ ਇਸ ਦਾ ਸਖ਼ਤ ਵਿਰੋਧ ਕੀਤਾ ਗਿਆ ਹੈ। ਉਨ੍ਹਾਂ ਪੰਜਾਬੀ ਹਿਤੈਸ਼ੀਆਂ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਉਹ ਇਸ ਫੈਸਲੇ ਵਿਰੁੱਧ ਸਖ਼ਤ ਸੰਘਰਸ਼ ਆਰੰਭਣ। ਪੰਜਾਬੀ ਸਾਹਿਤ ਅਕੈਡਮੀ ਦੇ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਆਖਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਵੱਲੋਂ ਲਿਆ ਗਿਆ ਇਹ ਫੈਸਲਾ ਪੰਜਾਬੀ ਮਾਂ-ਬੋਲੀ, ਪੰਜਾਬੀ ਸਾਹਿਤ, ਸੱਭਿਆਚਾਰ ਤੇ ਅਧਿਆਪਕ ਵਿਰੋਧੀ ਫੈਸਲਾ ਹੈ ਜੋ ਨਾ ਸਹਿਣਯੋਗ ਹੈ।

# Matrimonials

### ਵਰ ਦੀ ਲੋੜ ਹੈ

ਰਾਮਦਾਸੀਆ ਸਿੱਖ, ਪੰਜਾਬ ਰਹਿੰਦੀ, 26 ਸਾਲ, 5'-5", ਰੰਗ ਸਾਫ, ਬੀ.ਐਸਸੀ (ਨਾਨਮੈਡੀਕਲ) ਐਮ. ਐਸ ਸੀ ਮੈਥ, ਬੀ.ਐਡ, ਅੰਮ੍ਰਿਤਧਾਰੀ ਲੜਕੀ ਵਾਸਤੇ ਯੋਗ ਵਰ ਦੀ ਲੋੜ ਹੈ। ਤਾਇਆ ਤੇ ਭੂਆ ਪਰਿਵਾਰ ਅਮਰੀਕਾ ਦੇ ਪੱਕੇ ਬਾਸ਼ਿੰਦੇ। ਪੂਰੇ ਵੇਰਵੇ ਤੇ ਫੋਟੋ ਸਹਿਤ ਸੰਪਰਕ ਕਰੋ, ਈਮੇਲ: doabasatluj@gmail.com

---

ਜੱਟ ਸਿੱਖ ਸੇਖੋਂ ਕੈਲੀਫੋਰਨੀਆ ਰਹਿੰਦੀ ਗਰੀਨ ਕਾਰਡ ਹੋਲਡਰ (ਜੁਲਾਈ 2014 'ਚ ਸਿਟੀਜ਼ਨ ਬਣ ਰਹੀ) ਐਮ ਏ, 33 ਸਾਲਾ, ਕੱਦ 5'-5" ਲੜਕੀ ਲਈ ਅਮਰੀਕਾ 'ਚ ਕੱਚੇ ਜਾਂ ਪੱਕੇ ਤੌਰ 'ਤੇ ਰਹਿੰਦੇ ਨਸ਼ਿਆਂ ਤੋਂ ਰਹਿਤ ਲੜਕੇ ਦੀ ਲੋੜ ਹੈ। ਫੋਟੋ ਤੇ ਵੇਰਵਾ ਈਮੇਲ ਕਰੋ: prince.kular@yahoo.com, Ph: 347-653-5790

### ਕੰਨਿਆ ਦੀ ਲੋੜ ਹੈ

ਸੋਹਣੇ ਸੁਨੱਖੇ ਜੱਟ ਸਿੱਖ ਅਮਰੀਕੀ ਸਿਟੀਜ਼ਨ ਲੜਕੇ ਇਲੈਕਟਰੀਕਲ ਇੰਜੀਨੀਅਰ, ਉਮਰ 26 ਸਾਲ, ਕੱਦ 5'-7" ਲਈ ਅਮਰੀਕਾ ਰਹਿੰਦੀ ਪ੍ਰੋਫੈਸ਼ਨਲ ਜੱਟ ਸਿੱਖ ਲੜਕੀ ਦੀ ਲੋੜ ਹੈ। ਸੰਪਰਕ ਕਰੋ: 209-704-2588 ਜਾਂ ਈਮੇਲ ਕਰੋ: matrimonial.1986@yahoo.com

---

ਜੱਟ ਸਿੱਖ ਅਟਵਾਲ, ਉਮਰ 38, ਕੱਦ 5'-9" ਕਲੀਨਸ਼ੇਵ ਤਲਾਕਸ਼ੁਦਾ ਅਮਰੀਕਾ ਰਹਿੰਦੇ ਲੜਕੇ ਲਈ ਅਮਰੀਕਾ ਰਹਿੰਦੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਅਮਰੀਕਾ 'ਚ ਚੰਗਾ ਸੈਟਲ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਸੰਪਰਕ ਕਰੋ, ਫੋਨ: 408-775-0975

---

ਇੰਡੀਆ ਰਹਿੰਦੇ ਸਰਕਾਰੀ ਮੁਲਾਜ਼ਮ ਵਾਲੀਆ ਸਿੱਖ, ਐਮ ਐਸ ਸੀ ਕੈਮਿਸਟਰੀ ਲੜਕੇ, 27 ਸਾਲ, 5'-8' ਲਈ ਅਮਰੀਕੀ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਵਿਚਾਰ ਨਹੀਂ। ਸੰਪਰਕ ਕਰੋ, ਫੋਨ: 575-815-8536, ਇੰਡੀਆ 91-94641-21807 ਜਾਂ ਈਮੇਲ: walia@gmail.com

### Companion Wanted

Wanted a Punjabi lady live in help to take care of my household needs. I am a senior retiree, age 80, healthy, widower, living alone, US citizen, busy writing a book in Philadelphia, PA. Write to PO Box 342, Plainsboro, NJ 08536



ਕੈਨੇਡੀਅਨ ਵਫਦ ਦੇ ਨਾਲ ਅਮਰਜੀਤ ਸਿੰਘ ਕਲੇਰਾਂ ਅਤੇ ਹੋਰ ਪਤਵੰਤੇ

# ਕੈਨੇਡੀਅਨ ਵਫ਼ਦ ਵਲੋਂ ਗੁਰੂ ਨਾਨਕ ਮਿਸ਼ਨ ਢਾਹਾਂ ਕਲੇਰਾਂ ਦਾ ਦੌਰਾ

**ਬੰਗਾ (ਬਿਊਰੋ):** ਲੋਕ ਸੇਵਾ ਨੂੰ ਸਮਰਪਿਤ ਸੰਸਥਾ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵਲੋਂ ਚਲਾਏ ਜਾ ਰਹੇ ਵਿਦਿਅਕ ਅਤੇ ਮੈਡੀਕਲ ਅਦਾਰਿਆਂ ਦਾ ਚੰਡੀਗੜ੍ਹ ਵਿਚ ਕੈਨੇਡਾ ਦੇ ਕੌਂਸਲ ਜਨਰਲ ਸ੍ਰੀ ਸਕਾਟ ਸੈਲਸਰ ਦੀ ਅਗਵਾਈ ਹੇਠ ਆਏ ਇਕ ਕੈਨੇਡੀਅਨ ਵਫਦ ਨੇ ਵਿਸ਼ੇਸ਼ ਦੌਰਾ ਕੀਤਾ ਅਤੇ ਗੁਰੂ ਨਾਨਕ ਮਿਸ਼ਨ ਹਸਪਤਾਲ, ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਅਤੇ ਹੋਰ ਵਿਦਿਅਕ ਅਦਾਰਿਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਪ੍ਰਾਪਤ ਕੀਤੀ। ਟਰਸਟ ਦੇ ਪ੍ਰਧਾਨ ਸ. ਅਮਰਜੀਤ ਸਿੰਘ ਕਲੇਰਾਂ ਨੇ ਵਫਦ ਨੂੰ ਦੱਸਿਆ ਕਿ ਇਸ ਸਭ ਕੁਝ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ। ਵਫਦ ਨੇ ਮਿਸ਼ਨ ਦੇ ਇਸ ਪ੍ਰਾਜੈਕਟ ਦੀ ਵਿਸ਼ੇਸ਼ ਸ਼ਲਾਘਾ ਕੀਤੀ।

ਸ. ਅਮਰਜੀਤ ਸਿੰਘ ਨੇ ਵਫਦ ਨੂੰ ਦੱਸਿਆ ਕਿ ਜੇ ਅੱਜ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੀ ਕੌਮਾਂਤਰੀ ਪਛਾਣ ਬਣੀ ਹੈ ਤਾਂ ਉਸ ਵਿਚ ਕੈਨੇਡਾ ਵੱਸਦੇ ਐਨ ਆਰ ਆਈ ਦਾਨੀ ਸੱਜਣਾਂ ਦਾ ਵੱਡਮੁੱਲਾ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਟਰਸੱਟ ਵਲੋਂ ਲੋੜਵੰਦ ਮਰੀਜ਼ਾਂ ਦਾ ਮੁਫਤ ਇਲਾਜ ਕੀਤਾ ਜਾਂਦਾ ਹੈ ਅਤੇ ਸਕੂਲ, ਨਰਸਿੰਗ ਕਾਲਜ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਮਦਦ ਕੀਤੀ ਜਾਂਦੀ ਹੈ। ਹਸਪਤਾਲ ਵਿਚ ਟਰੌਮਾ ਸੈਂਟਰ, ਡਾਇਲਸਸ ਯੂਨਿਟ, ਟੈਲੀ ਇਲਾਜ ਪ੍ਰਣਾਲੀ ਵਾਲੀ ਸਪਾਈਰਲ ਸੀ.ਟੀ. ਸਕੈਨ, ਡਿਜੀਟਲ ਐਕਸਰੇ ਯੂਨਿਟ ਵੀ ਸਥਾਪਿਤ ਹਨ। ਦਿਲ ਦੇ ਰੋਗਾਂ ਦੇ ਇਲਾਜ ਲਈ ਕੈਥ ਲੈਬ ਵੀ ਬਣਾਈ ਜਾ ਰਹੀ ਹੈ ਅਤੇ ਪੈਰਾ ਮੈਡੀਕਲ ਕੋਰਸ ਜਲਦੀ ਸ਼ੁਰੂ ਕੀਤੇ ਜਾ ਰਹੇ ਹਨ।

ਕੈਨੇਡੀਅਨ ਵਫਦ ਨੂੰ ਜੀ ਆਇਆਂ ਕਹਿਣ ਲਈ ਟਰਸਟ ਦੇ ਸੀਨੀਅਰ ਮੀਤ ਪ੍ਰਧਾਨ ਮਲਕੀਅਤ ਸਿੰਘ ਬਾਹੜੋਵਾਲ, ਸੱਕਤਰ ਜਰਨਲ ਕੁਲਵਿੰਦਰ ਸਿੰਘ ਢਾਹਾਂ, ਪ੍ਰਿੰਸੀਪਲ ਡਾ. ਆਰ ਕੇ ਗੌਰੀਆ, ਪ੍ਰਿੰਸੀਪਲ ਡਾ. ਡਬਲਯੂ ਇੰਦਰਾ, ਮੈਡੀਕਲ ਸੁਪਰਡੈਂਟ ਡਾ. ਜੇ ਪੀ ਸਿੰਘ, ਡਾ. ਅਜੈ ਸੋਢੀ, ਡਾ. ਮੁਨੀਸ਼ ਜਿੰਦਲ, ਡਾ. ਵਿਵੇਕ ਪ੍ਰਤਾਪ ਸਿੰਘ, ਸੂਬੇਦਾਰ ਗੁਰਮੇਲ ਸਿੰਘ, ਮੀਡੀਆ ਇੰਚਾਰਜ ਆਰ ਐਸ ਸੰਧੂ, ਨਰਸਿੰਗ ਸੁਪਰਡੈਂਟ ਬੀਬੀ ਦਵਿੰਦਰ ਕੌਰ ਅਤੇ ਟਰੱਸਟ ਦਾ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

## ਦਲੇਰ ਮਹਿੰਦੀ ਦੀ ਦਸ ਏਕੜ ਜ਼ਮੀਨ ਜ਼ਬਤ

**ਚੰਡੀਗੜ੍ਹ:** ਹਰਿਆਣਾ ਦੇ ਗੁੜਗਾਉਂ ਜ਼ਿਲ੍ਹੇ ਦੇ ਸਬ-ਡਿਵੀਜ਼ਨਲ ਮੈਜਿਸਟਰੇਟ ਨੇ ਜ਼ਿਲ੍ਹੇ ਦੇ ਕਸਬਾ ਸੋਹਣਾ ਅੰਦਰ ਪੈਂਦੀ ਗਾਇਕ ਦਲੇਰ ਮਹਿੰਦੀ ਦੀ 10 ਏਕੜ ਜ਼ਮੀਨ ਜ਼ਬਤ ਕਰ ਲਈ ਹੈ। ਅਜਿਹਾ ਅਦਾਲਤੀ ਹੁਕਮਾਂ ਦੀ ਤਾਮੀਲ ਕਰਦਿਆਂ ਕੀਤਾ ਗਿਆ ਹੈ।

ਸਰਕਾਰੀ ਤਰਜਮਾਨ ਨੇ ਦੱਸਿਆ ਕਿ ਦਲੇਰ ਮਹਿੰਦੀ ਦਾ ਸੋਹਣਾ ਵਿਚ 112 ਏਕੜ ਦਾ ਫਾਰਮ ਹੈ ਜਿਸ ਵਿਚੋਂ 10 ਏਕੜ ਜ਼ਮੀਨ ਇਸ ਗਾਇਕ ਨੇ ਨਾਜਾਇਜ਼ ਤੌਰ 'ਤੇ ਦੱਬੀ ਹੋਈ ਸੀ।

# 'ਗੱਲਬਾਤ' ਨਾਂ ਦਾ ਇਕ ਹੋਰ ਪੰਜਾਬੀ ਪਰਚਾ ਸ਼ੁਰੂ

**ਕੈਲਗਰੀ (ਬਿਊਰੋ):** "ਗੱਲਬਾਤ" ਨਾਂ ਦਾ ਇਕ ਨਵਾਂ ਮਾਸਿਕ ਪਰਚਾ ਇਥੋਂ ਛਪਣਾ ਸ਼ੁਰੂ ਹੋਇਆ ਹੈ। ਪੰਥ, ਪੰਜਾਬ ਅਤੇ ਪੰਜਾਬੀਅਤ ਦਾ ਝੰਡਾਬਰਦਾਰ ਹੋਣ ਦਾ ਦਾਅਵਾ ਲੈ ਕੇ ਨਿੱਤਰੇ ਇਸ ਪੰਜਾਬੀ ਪਰਚੇ ਦਾ ਪਹਿਲਾ ਅੰਕ ਜਨਵਰੀ ਮਹੀਨੇ ਨਿਕਲਿਆ ਜੋ ਦਸ਼ਮੇਸ਼ ਪਿਤਾ ਦੇ ਪ੍ਰਕਾਸ਼ ਪੁਰਬ ਅਤੇ ਭਾਈ ਸਤਵੰਤ ਸਿੰਘ ਤੇ ਕੇਹਰ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਸੀ।




ਮਾਸਿਕ ਪੱਤਰ ਦੇ ਸੰਪਾਦਕ ਸ. ਨਮਜੀਤ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਪਰਵਾਸੀ ਪੰਜਾਬੀਆਂ ਦੇ ਅਹਿਸਾਸਾਂ ਅਤੇ ਸਰੋਕਾਰਾਂ ਨਾਲ ਵਾਬਸਤਾ ਰਹਿਣਾ ਸਾਡੇ ਇਸ ਪਰਚੇ ਦੀ ਖਾਸੀਅਤ ਹੋਵੇਗੀ। ਪੰਜਾਬ ਦੇ ਨਾਲ ਨਾਲ ਪਰਦੇਸਾਂ ਵਿਚ ਵਸਦੇ ਪੰਜਾਬੀਆਂ ਦੀਆਂ ਸਿਆਸੀ, ਸਮਾਜੀ ਤੇ ਧਾਰਮਕ ਸਰਗਰਮੀਆਂ ਦੀ ਸਮੀਖਿਆ ਕਰਕੇ ਲੋਕਾਂ ਨੂੰ ਜਾਗਰੂਕ ਕਰਨਾ ਸਾਡੀ ਜ਼ਿਮੇਵਾਰੀ ਹੋਵੇਗੀ। ਇਸ ਰਸਾਲੇ ਦਾ ਕੁਝ ਹਿੱਸਾ ਅੰਗਰੇਜ਼ੀ ਵਿਚ ਛਪਿਆ ਕਰੇਗਾ। ਪਾਠਕਾਂ ਦੀ ਸਾਹਿਤਕ ਮੱਸ ਪੂਰੀ ਕਰਨ ਦੇ ਨਾਲ ਨਾਲ ਇਹ ਚਲੰਤ ਮਾਮਲਿਆਂ ਬਾਰੇ ਉਸਾਰੂ ਮੁਲੰਕਣ ਛਾਪ ਕੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰੇਗਾ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.



For Emergency Call anytime at 847-673-3825
EARLY BIRD SALE!!!!
India $545
London $250

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available



Asiana Airlines Emirates Singapore Airlines Cathay Pacific Korean Air Lufthansa China Airlines
India Vacation tour package also available.

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)



Cell: (510)-677-9942
Shop: (510)-505-9605

FARMERS INSURANCE GROUP Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

# ਪੰਜਾਬ ਦਾ ਖਜ਼ਾਨਾ 'ਤੰਬਾਕੂ' ਦੀ ਕਮਾਈ ਨਾਲ ਭਰਨ ਦੀ ਕੋਸ਼ਿਸ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਦਾ ਖ਼ਜ਼ਾਨਾ ਤੰਬਾਕੂ ਦੀ ਕਮਾਈ ਨਾਲ ਭਰ ਰਿਹਾ ਹੈ। ਅਪਰੈਲ 2005 ਵਿਚ ਤੰਬਾਕੂ ਤੋਂ ਕੋਈ ਟੈਕਸ ਨਹੀਂ ਲਿਆ ਜਾਂਦਾ ਸੀ। ਹੁਣ ਤੰਬਾਕੂ 'ਤੇ ਸਾਢੇ 12 ਫੀਸਦੀ ਵੈਟ ਲਾਇਆ ਹੋਇਆ ਹੈ। ਪੰਜਾਬ ਸਰਕਾਰ ਨੂੰ ਲੰਘੇ ਪੰਜ ਵਰ੍ਹਿਆਂ ਦੌਰਾਨ ਇਕੱਲੇ ਤੰਬਾਕੂ ਤੋਂ 365 ਕਰੋੜ ਰੁਪਏ ਦੀ ਕਮਾਈ ਹੋਈ ਹੈ। ਇਹ ਆਮਦਨ ਲਗਾਤਾਰ ਵੱਧ ਰਹੀ ਹੈ ਜਿਸ ਤੋਂ ਸਾਫ ਹੈ ਕਿ ਪੰਜਾਬ ਵਿਚ ਤੰਬਾਕੂ ਦੀ ਖਪਤ ਵਿਚ ਵੀ ਵਾਧਾ ਹੋ ਰਿਹਾ ਹੈ। ਪੰਜ ਵਰ੍ਹਿਆਂ ਵਿਚ ਤੰਬਾਕੂ ਤੋਂ ਹੋਣ ਵਾਲੀ ਕਮਾਈ ਵਿਚ ਤਿੰਨ ਗੁਣਾ ਵਾਧਾ ਹੋਇਆ ਹੈ। ਸਿਗਰਟ ਤੇ ਬੀੜੀਆਂ ਤੋਂ ਜੋ ਕਮਾਈ ਹੁੰਦੀ ਹੈ, ਉਹ ਵੱਖਰੀ ਹੈ। ਪੰਜਾਬ ਦੀਆਂ ਜੇਲ੍ਹਾਂ ਵਿਚ ਵੀ ਕੰਟੀਨਾਂ 'ਤੇ ਸਿਗਰਟ-ਬੀੜੀਆਂ ਦੀ ਸਹੂਲਤ ਬੰਦੀਆਂ ਨੂੰ ਦਿੱਤੀ ਗਈ ਹੈ ਜਿਸ ਤੋਂ ਜੇਲ੍ਹ ਪ੍ਰਸ਼ਾਸਨ ਨੂੰ ਵੀ ਚੰਗੀ ਕਮਾਈ ਹੋ ਰਹੀ ਹੈ।

ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ ਵੱਲੋਂ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਦਿੱਤੇ ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ 27 ਅਪਰੈਲ, 2005 ਨੂੰ ਨੋਟੀਫਿਕੇਸ਼ਨ ਕਰਕੇ ਤੰਬਾਕੂ 'ਤੇ ਸਾਢੇ ਬਾਰਾਂ ਫੀਸਦੀ ਵੈਟ ਲਾਇਆ ਸੀ। ਉਸ ਮਗਰੋਂ 31 ਮਾਰਚ, 2010 ਨੂੰ ਨੋਟੀਫਿਕੇਸ਼ਨ ਕਰਕੇ ਤੰਬਾਕੂ ਦੀ ਵਿਕਰੀ 'ਤੇ 10 ਫੀਸਦੀ ਸਰਚਾਰਜ ਲਾ ਦਿੱਤਾ ਗਿਆ ਸੀ। ਇਸੇ ਤਰ੍ਹਾਂ ਬੀੜੀ ਬੰਡਲ 'ਤੇ ਸਾਢੇ 12 ਫੀਸਦੀ ਵੈਟ ਹੈ ਤੇ 10 ਫੀਸਦੀ ਸਰਚਾਰਜ ਹੈ ਜਦੋਂਕਿ ਬੀੜੀ ਦੇ ਪੱਤਿਆਂ 'ਤੇ ਸਿਰਫ ਪੰਜ ਫੀਸਦੀ ਵੈਟ ਹੀ ਲਿਆ ਜਾਂਦਾ ਹੈ ਤੇ 10 ਫੀਸਦੀ ਸਰਚਾਰਜ ਲਗਾਇਆ ਹੋਇਆ ਹੈ।

### ਪੰਜ ਵਰ੍ਹਿਆਂ ਦੌਰਾਨ 365 ਕਰੋੜ ਵੱਟੇ



ਇਸੇ ਤਰ੍ਹਾਂ ਖੈਣੀ, ਪੰਨੀ, ਗੁਟਕਾ, ਪਾਨ ਮਸਾਲਾ 'ਤੇ ਵੀ ਸਾਢੇ 12 ਫੀਸਦੀ ਵੈਟ ਲਾਇਆ ਗਿਆ ਸੀ। ਪੰਜਾਬ ਸਰਕਾਰ ਨੇ ਅਗਸਤ 2012 ਵਿਚ ਗੁਟਕੇ ਤੇ ਪਾਨ ਮਸਾਲੇ 'ਤੇ ਪਾਬੰਦੀ ਲਾ ਦਿੱਤੀ। ਇਸ ਪਾਬੰਦੀ ਨਾਲ ਸਰਕਾਰੀ ਖ਼ਜ਼ਾਨੇ ਨੂੰ ਕੋਈ ਬਹੁਤਾ ਫਰਕ ਨਹੀਂ ਪੈਣ ਲੱਗਾ ਤੇ ਸਿਹਤ ਮੰਤਰੀ ਮਦਨ ਮੋਹਨ ਮਿੱਤਲ ਨੇ 15 ਅਗਸਤ, 2012 ਨੂੰ ਅੰਮ੍ਰਿਤਸਰ ਤੇ ਰੂਪਨਗਰ ਨੂੰ ਸਮੋਕ ਫਰੀ ਜ਼ਿਲ੍ਹੇ ਬਣਾਉਣ ਦਾ ਐਲਾਨ ਕੀਤਾ ਸੀ। ਹੁਣ ਮਾਨਸਾ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਗਿਆ ਹੈ।

ਸਰਕਾਰੀ ਸੂਚਨਾ ਅਨੁਸਾਰ ਪੰਜਾਬ ਵਿਚ ਤੰਬਾਕੂ ਦੇ ਡੀਲਰਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਸੂਚਨਾ ਅਨੁਸਾਰ ਪੰਜਾਬ ਸਰਕਾਰ ਨੂੰ ਸਾਲ 2007-08 ਤੋਂ ਸਾਲ 2011-12 ਦੌਰਾਨ ਤੰਬਾਕੂ ਤੋਂ 365.13 ਕਰੋੜ ਰੁਪਏ ਦੀ ਆਮਦਨ ਹੋਈ ਹੈ। ਸਾਲ 2007-08 ਵਿਚ ਤੰਬਾਕੂ ਤੋਂ ਕਮਾਈ ਸਿਰਫ 38.06 ਕਰੋੜ ਰੁਪਏ ਸੀ ਜਦੋਂਕਿ ਇਹ ਪੰਜ ਵਰ੍ਹਿਆਂ ਵਿਚ ਸਾਲ 2011-12 ਵਿਚ ਵਧ ਕੇ 120.18 ਕਰੋੜ ਰੁਪਏ ਹੋ ਗਈ ਹੈ। ਤੰਬਾਕੂ ਤੋਂ ਸਰਕਾਰੀ ਖ਼ਜ਼ਾਨੇ ਵਿਚ ਸਾਲ 2008-09 ਵਿਚ 49.42 ਕਰੋੜ ਰੁਪਏ ਦੇ ਟੈਕਸ ਆਏ ਤੇ ਇਸੇ ਤਰ੍ਹਾਂ ਸਾਲ 2009-10 ਵਿਚ ਤੰਬਾਕੂ ਤੋਂ ਆਮਦਨ 61.70 ਕਰੋੜ ਰੁਪਏ ਦੀ ਆਮਦਨ ਹੋਈ ਹੈ। ਇਸ ਤੋਂ ਇਲਾਵਾ ਸਾਲ 2010-11 ਵਿਚ ਤੰਬਾਕੂ ਤੋਂ ਆਮਦਨੀ 95.77 ਕਰੋੜ ਰੁਪਏ ਹੋਈ ਸੀ। ਚਾਲੂ ਮਾਲੀ ਸਾਲ ਦੌਰਾਨ ਇਸ ਆਮਦਨੀ ਵਿਚ ਹੋਰ ਵਾਧਾ ਹੋਣ ਦਾ ਅਨੁਮਾਨ ਹੈ। ਨਸ਼ਿਆਂ ਵਿਚੋਂ ਸਭ ਤੋਂ ਵੱਡੀ ਕਮਾਈ ਸ਼ਰਾਬ ਤੋਂ ਹੁੰਦੀ ਹੈ ਤੇ ਦੂਸਰੇ ਨੰਬਰ 'ਤੇ ਤੰਬਾਕੂ ਤੋਂ ਕਮਾਈ ਕਹੀ ਜਾ ਸਕਦੀ ਹੈ।

ਬਠਿੰਡਾ ਦੀ ਮੌੜ ਮੰਡੀ ਵਿਚ ਤੰਬਾਕੂ ਦਾ ਵੱਡਾ ਕਾਰੋਬਾਰ ਹੈ। ਬਠਿੰਡਾ ਜ਼ਿਲ੍ਹੇ ਨੂੰ ਤੰਬਾਕੂ ਤੋਂ ਪੰਜ ਵਰ੍ਹਿਆਂ ਵਿਚ 8.33 ਕਰੋੜ ਰੁਪਏ ਦੀ ਆਮਦਨ ਹੋਈ ਹੈ ਜਿਸ ਵਿਚ ਵੱਡਾ ਹਿੱਸਾ ਇਕੱਲੀ ਮੌੜ ਮੰਡੀ ਦਾ ਹੈ। ਜਲੰਧਰ ਵਿਚ 13 ਫਰਮਾਂ ਵੱਲੋਂ ਤੰਬਾਕੂ ਦਾ ਕਾਰੋਬਾਰ ਕੀਤਾ ਜਾ ਰਿਹਾ ਹੈ ਜਦੋਂਕਿ ਫਿਰੋਜ਼ਪੁਰ ਵਿਚ ਦੋ ਫਰਮਾਂ ਇਸ ਕਾਰੋਬਾਰ ਵਿਚ ਹਨ। ਇਸੇ ਤਰ੍ਹਾਂ ਕਪੂਰਥਲਾ ਜ਼ਿਲ੍ਹੇ ਵਿਚ ਚਾਰ ਫਰਮਾਂ ਇਸ ਕਾਰੋਬਾਰ ਵਿਚ ਹਨ। ਜਨਤਕ ਥਾਵਾਂ 'ਤੇ ਬੇਸ਼ੱਕ ਸਿਗਰਟ ਬੀੜੀ ਪੀਣ ਦੀ ਮਨਾਹੀ ਹੈ ਪਰ ਇਸ ਦੇ ਬਾਵਜੂਦ ਤੰਬਾਕੂ ਤੋਂ ਹੋਣ ਵਾਲੀ ਆਮਦਨੀ ਵਿਚ ਕੋਈ ਫਰਕ ਨਹੀਂ ਪਿਆ ਹੈ। ਪੰਜਾਬ ਵਿਚ ਨਸਵਾਰ ਟੈਕਸ ਫਰੀ ਹੈ। ਸਰਕਾਰ ਵੱਲੋਂ ਨਵੇਂ ਟੈਕਸ ਤਾਂ ਲਾਏ ਜਾ ਰਹੇ ਹਨ ਪਰ ਨਸਵਾਰ ਦੇ ਕਾਰੋਬਾਰੀ ਲੋਕਾਂ ਨੂੰ ਟੈਕਸਾਂ ਤੋਂ ਛੋਟ ਦਿੱਤੀ ਗਈ ਹੈ। ਸਰਕਾਰ ਨੇ ਇਕ ਅਪਰੈਲ, 2005 ਨੂੰ ਪਹਿਲਾਂ ਨਸਵਾਰ 'ਤੇ ਸਾਢੇ 12 ਫੀਸਦੀ ਵੈਟ ਲਾ ਦਿੱਤਾ ਸੀ। ਮਗਰੋਂ 5 ਅਕਤੂਬਰ, 2010 ਨੂੰ ਨੋਟੀਫਿਕੇਸ਼ਨ ਕਰਾ ਕੇ ਤਤਕਾਲੀ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਹਲਕੇ ਗਿੱਦੜਬਾਹਾ ਦੇ ਨਸਵਾਰ ਕਾਰੋਬਾਰੀਆਂ ਨੂੰ ਖੁਸ਼ ਕਰਨ ਦਾ ਯਤਨ ਕੀਤਾ ਸੀ।

# ਪੰਜਾਬ ਵਿਚ ਬਲਾਤਕਾਰ ਦੇ ਕੇਸਾਂ ਵਿਚ ਦੂਗਣਾ ਵਾਧਾ

**ਚੰਡੀਗੜ੍ਹ:** ਦਿੱਲੀ ਸਮੂਹਿਕ ਬਲਾਤਕਾਰ ਦੀ ਵਾਰਦਾਤ ਪਿੱਛੋਂ ਪੰਜਾਬ ਵਿਚ ਬਲਾਤਕਾਰ ਦੇ ਕੇਸਾਂ ਵਿਚ ਦੋ ਗੁਣਾ ਤੋਂ ਵੱਧ ਦਾ ਇਜ਼ਾਫ਼ਾ ਹੋਇਆ ਹੈ। ਬਲਾਤਕਾਰ ਦੇ ਕੇਸਾਂ ਦੀ ਗਿਣਤੀ ਸੱਤ ਤੋਂ ਵਧ ਕੇ ਪੰਦਰਾਂ ਹੋ ਗਈ ਹੈ। ਇਸ ਘਟਨਾ ਨਾਲ ਦੇਸ਼ ਨੂੰ ਕੌਮਾਂਤਰੀ ਪੱਧਰ 'ਤੇ ਨਮੋਸ਼ੀ ਦਾ ਸਾਹਮਣਾ ਪਿਆ ਹੈ ਪਰ ਬਾਵਜੂਦ ਇਸ ਦੇ ਪਿਛਲੇ ਤਿੰਨ ਮਹੀਨਿਆਂ 'ਚ ਅਗਵਾ, ਬਲਾਤਕਾਰ ਤੇ ਹੱਤਿਆ (ਗੈਂਗ ਰੇਪ) ਦੇ ਵੱਖਰੇ 14 ਕੇਸ ਰਿਪੋਰਟ ਹੋਏ ਹਨ। ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਫਰਵਰੀ ਦੀ ਰਿਪੋਰਟ ਤੋਂ ਇਹ 'ਕੌੜਾ ਸੱਚ' ਸਾਹਮਣੇ ਆਇਆ ਹੈ।

ਕਮਿਸ਼ਨ ਵੱਲੋਂ ਇਹ ਰਿਪੋਰਟ ਨਵੰਬਰ, 2011 ਤੋਂ ਜਨਵਰੀ, 2012 ਤੇ ਨਵੰਬਰ 2012 ਤੋਂ ਜਨਵਰੀ 3013 ਤੱਕ ਮਿਲੀਆਂ ਸ਼ਿਕਾਇਤਾਂ ਦੀ ਗਿਣਤੀ ਦੇ ਤੁਲਨਾਤਮਕ ਅਧਿਐਨ ਨਾਲ ਤਿਆਰ ਕੀਤੀ ਗਈ ਹੈ। ਪਿਛਲੇ ਸਾਲ ਦੇ ਇਨ੍ਹਾਂ ਤਿੰਨ ਮਹੀਨਿਆਂ ਵਿਚ ਬਲਾਤਕਾਰ ਦੇ ਕੇਸਾਂ ਦੀਆਂ ਸੱਤ ਸ਼ਿਕਾਇਤਾਂ ਮਿਲੀਆਂ ਸਨ ਜਦੋਂਕਿ ਇਸ ਸਾਲ ਵਿਚ ਬਲਾਤਕਾਰ ਦੇ 15 ਮਾਮਲੇ ਸੁਣਵਾਈ ਲਈ ਆ ਚੁੱਕੇ ਹਨ। ਇਨ੍ਹਾਂ ਵਿਚ ਸਮੂਹਿਕ ਬਲਾਤਕਾਰ ਦੀਆਂ ਵਾਰਦਾਤਾਂ ਸ਼ਾਮਲ ਨਹੀਂ ਹਨ। ਮਿਲੀ ਸੂਚਨਾ ਮੁਤਾਬਕ ਪਿਛਲੇ ਤਿੰਨ ਮਹੀਨਿਆਂ ਵਿਚ ਸਮੂਹਿਕ ਬਲਾਤਕਾਰ ਦੀਆਂ ਨੌਂ ਸ਼ਿਕਾਇਤਾਂ ਮਿਲੀਆਂ ਹਨ। ਇਸ ਦੇ ਮੁਕਾਬਲੇ 2012 ਵਿਚ ਸ਼ਿਕਾਇਤਾਂ ਦੀ ਗਿਣਤੀ ਸਿਰਫ਼ ਛੇ ਸੀ।

ਦਾਜ ਮੰਗਣ ਦੇ ਕੇਸਾਂ ਵਿਚ ਵੀ ਵਾਧਾ ਹੋਇਆ ਹੈ ਭਾਵੇਂਕਿ ਗਿਣਤੀ ਦਾ ਜ਼ਿਆਦਾ ਫਰਕ ਨਹੀਂ ਹੈ। ਪਿਛਲੇ ਸਾਲ ਦੀ ਰਿਪੋਰਟ ਵਿਚ ਦਾਜ ਮੰਗਣ ਦੇ ਦੋਸ਼ਾਂ ਦੀਆਂ 109 ਸ਼ਿਕਾਇਤਾਂ ਆਈਆਂ ਸਨ ਤੇ ਇਸ ਵਾਰ ਗਿਣਤੀ ਵਧ ਕੇ 118 ਨੂੰ ਪੁੱਜ ਗਈ ਹੈ। ਦਾਜ ਕਾਰਨ ਔਰਤ ਨੂੰ ਜਾਨ ਤੋਂ ਮਾਰ ਦੇਣ ਦੀ ਸਾਜ਼ਿਸ਼ ਰਚਣ ਦੇ ਦੋ ਕੇਸ ਵਧੇ ਹਨ। ਪਿਛਲੇ ਸਾਲ ਇਹ ਗਿਣਤੀ ਅੱਠ ਸੀ ਜੋ ਇਸ ਵਾਰ ਦਸ ਹੋ ਗਈ ਹੈ। ਆਮ ਜਿਸਮਾਨੀ ਛੇੜਖਾਨੀ ਦੇ ਮਾਮਲੇ ਇਕੋ ਜਿੰਨੇ ਰਹੇ ਹਨ।

ਇਸ ਦੇ ਉਲਟ ਸਰਕਾਰੀ ਦਫ਼ਤਰਾਂ ਵਿਚ ਔਰਤਾਂ ਨਾਲ ਬਦਤਮੀਜ਼ੀ ਦੇ ਕੇਸ ਵਧ ਕੇ ਤਿੰਨ ਤੋਂ ਚਾਰ ਹੋ ਗਏ ਹਨ। ਮਹਿਲਾਵਾਂ ਦੀ ਛਬੀ ਖ਼ਰਾਬ ਕਰਨ ਦੀਆਂ ਸ਼ਿਕਾਇਤਾਂ ਦੀ ਗਿਣਤੀ ਪਹਿਲਾਂ ਨਾਲੋਂ ਘਟੀ ਹੈ ਤੇ ਔਰਤਾਂ ਨੂੰ ਗੁੰਮਰਾਹ ਕਰਨ ਦੇ ਮਾਮਲੇ ਵੀ ਘਟੇ ਹਨ। ਔਰਤਾਂ ਖ਼ਿਲਾਫ਼ ਆਮ ਜ਼ਿਆਦਤੀਆਂ ਦੇ ਕੇਸਾਂ ਦੀ ਗਿਣਤੀ ਵਿਚ ਮਾਮੂਲੀ ਜਿਹਾ ਫਰਕ ਪਿਆ ਹੈ। ਮਹਿਲਾਵਾਂ ਨਾਲ ਪੱਖਪਾਤ ਤੇ ਜਬਰੀ ਧੰਦਾ ਕਰਵਾ ਕਰਵਾਉਣ ਦੀ ਪਿਛਲੇ ਦੋ ਸਾਲਾਂ ਤੋਂ ਕੋਈ ਸ਼ਿਕਾਇਤ ਨਹੀਂ ਹੈ। ਇਸ ਵਾਰ ਫੌਜੀਆਂ ਤੇ ਨੀਮ ਫੌਜੀਆਂ ਉਤੇ ਔਰਤਾਂ ਨਾਲ ਜਿਸਮਾਨੀ ਛੇੜਛਾੜ ਦੇ ਦੋਸ਼ ਲੱਗਣ ਤੋਂ ਵੀ ਬਚਾਅ ਰਿਹਾ ਹੈ। ਔਰਤਾਂ ਨਾਲ ਵਧੀਕੀ ਦੇ ਵੱਖਰੀ ਕਿਸਮ ਦੇ ਮਾਮਲੇ ਪਿਛਲੇ ਚਾਰ ਸਾਲਾਂ ਤੋਂ ਸਾਹਮਣੇ ਆਉਣ ਲੱਗੇ ਹਨ। ਇਨ੍ਹਾਂ ਵਿਚ ਧੀਆਂ ਵਲੋਂ ਬਾਪ ਉਤੇ ਉਨ੍ਹਾਂ ਦਾ ਮੂਲ ਵੱਟਣ ਦੇ ਇਲਜ਼ਾਮ ਲੱਗਣੇ ਵੀ ਸ਼ਾਮਲ ਹਨ। ਪਿਛਲੇ ਸਾਲ ਦੀ ਰਿਪੋਰਟ ਵਿਚ ਇਨ੍ਹਾਂ ਕੇਸਾਂ ਦੀ ਗਿਣਤੀ ਸਿਫ਼ਰ ਸੀ ਜੋ ਇਸ ਵਾਰ ਵਧ ਕੇ ਚਾਰ ਹੋ ਗਈ ਹੈ। ਕੁੱਲ ਮਿਲਾ ਕੇ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਔਰਤਾਂ ਨਾਲ ਜ਼ਿਆਦਤੀਆਂ ਦੀਆਂ ਸ਼ਿਕਾਇਤਾਂ ਦੀ ਗਿਣਤੀ ਘਟੀ ਹੈ। ਇਹ ਗਿਣਤੀ 193 ਤੋਂ ਘਟ ਕੇ 168 ਰਹਿ ਗਈ ਹੈ।

## ਮਹਿਜ਼ 48 ਘੰਟਿਆਂ 'ਚ ਸੁਣਾਈ ਸਜ਼ਾ

**ਹੁਸ਼ਿਆਰਪੁਰ:** ਸਥਾਨਕ ਅਦਾਲਤ ਨੇ ਮਹਿਜ਼ 48 ਘੰਟਿਆਂ ਵਿੱਚ ਬਲਾਤਕਾਰ ਦੇ ਕੇਸ ਦਾ ਫ਼ੈਸਲਾ ਸੁਣਾਉਂਦਿਆਂ ਦੋਸ਼ੀ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਈ। ਇਸ ਤੋਂ ਪਹਿਲਾਂ ਇਸੇ ਅਦਾਲਤ ਨੇ ਬਲਾਤਕਾਰ ਦਾ ਇਕ ਮਾਮਲਾ ਤਿੰਨ ਦਿਨ ਵਿਚ ਨਿਬੇੜਿਆ ਸੀ। ਬਿਹਾਰ ਦੇ ਮੂਲ ਵਾਸੀ ਮਨੂ ਪਾਸਵਾਨ ਨੂੰ ਅਦਾਲਤ ਨੇ ਪਿੰਡ ਫੁਗਲਾਣਾ ਦੀ ਨਾਬਾਲਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਵਰਲਗਾ ਕੇ ਲੈ ਜਾਣ ਤੇ ਉਸ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿਚ ਸਜ਼ਾ ਸੁਣਾਈ। ਇਸ ਤੋਂ ਇਲਾਵਾ ਦੋਸ਼ੀ ਨੂੰ 60 ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ ਗਿਆ ਜਿਸ ਵਿਚੋਂ ਅੱਧੀ ਰਕਮ ਪੀੜਤ ਲੜਕੀ ਨੂੰ ਦਿੱਤੀ ਜਾਵੇਗੀ। ਪੁਲਿਸ ਕੇਸ ਮੁਤਾਬਕ ਮਨੂ ਪਾਸਵਾਨ 15 ਸਤੰਬਰ 2012 ਨੂੰ ਦਸਵੀਂ ਜਮਾਤ ਵਿਚ ਪੜ੍ਹਦੀ ਸਾਢੇ 17 ਸਾਲ ਦੀ ਲੜਕੀ ਨੂੰ ਵਰਗਲਾ ਕੇ ਲੈ ਗਿਆ ਤੇ ਉਸ ਨਾਲ ਬਲਾਤਕਾਰ ਕਰਦਾ ਰਿਹਾ। 18 ਸਤੰਬਰ ਨੂੰ ਪੁਲਿਸ ਨੇ ਦੋਵਾਂ ਨੂੰ ਬਰਾਮਦ ਕਰ ਲਿਆ। ਬਚਾਅ ਪੱਖ ਵੱਲੋਂ ਇਹ ਦਲੀਲ ਦਿੱਤੀ ਗਈ ਕਿ ਲੜਕੀ ਆਪਣੀ ਮਰਜ਼ੀ ਨਾਲ ਗਈ ਸੀ ਪਰ ਲੜਕੀ ਨੇ ਆਪਣੇ ਬਿਆਨ ਵਿਚ ਕਿਹਾ ਕਿ ਦੋਸ਼ੀ ਉਸ ਨੂੰ ਜਬਰਦਸਤੀ ਲੈ ਗਿਆ ਸੀ।

ਅਦਾਲਤ ਨੇ ਆਈਪੀਸੀ ਦੀ ਧਾਰਾ 90 ਦੇ ਸੰਦਰਭ ਜਿਸ ਵਿਚ ਕਿਹਾ ਗਿਆ ਹੈ ਕਿ 18 ਸਾਲ ਤੋਂ ਘੱਟ ਦੀ ਉਮਰ ਦੀ ਲੜਕੀ ਤੋਂ ਸਰੀਰਕ ਸਬੰਧਾਂ ਲਈ ਜਬਰਦਸਤੀ ਸਹਿਮਤੀ ਲੈਣਾ ਸਹਿਮਤੀ ਨਹੀਂ ਮੰਨਿਆ ਜਾ ਸਕਦਾ, ਤਹਿਤ ਬਚਾਅ ਪੱਖ ਦੀ ਦਲੀਲ ਰੱਦ ਕਰ ਦਿੱਤੀ ਗਈ। ਅਦਾਲਤ ਨੇ ਅਗਵਾ ਤੇ ਬਲਾਤਕਾਰ ਦੇ ਦੋਸ਼ਾਂ ਤਹਿਤ ਦੋਸ਼ੀ ਨੂੰ ਸਜ਼ਾ ਸੁਣਾ ਦਿੱਤੀ। 12 ਫਰਵਰੀ ਨੂੰ ਇਹ ਕੇਸ ਇਸ ਅਦਾਲਤ ਵਿਚ ਆਇਆ, 13 ਨੂੰ ਗਵਾਹੀਆਂ ਹੋਈਆਂ, 14 ਨੂੰ ਛੁੱਟੀ ਸੀ ਤੇ 15 ਫ਼ਰਵਰੀ ਨੂੰ ਅਦਾਲਤ ਨੇ ਸਜ਼ਾ ਸੁਣਾ ਦਿੱਤੀ।

## ਵਿਦਿਆਰਥਣ ਨਾਲ ਬਲਾਤਕਾਰ

**ਸੰਗਰੂਰ:** ਪਿੰਡ ਨਮੋਲ ਵਿਖੇ ਸਕੂਲ ਦੀ ਨਾਬਾਲਗ ਵਿਦਿਆਰਥਣ ਨਾਲ ਜਬਰ ਜਨਾਹ ਕਰਨ ਦੇ ਦੋਸ਼ ਹੇਠ ਗਣਿਤ ਦੇ ਅਧਿਆਪਕ ਗੁਰਜੰਟ ਸਿੰਘ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਅਧਿਆਪਕ ਖ਼ਿਲਾਫ਼ ਜਬਰ ਜਨਾਹ ਤੇ ਧਮਕਾਉਣ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਨੇ ਦਾਅਵਾ ਕੀਤਾ ਕਿ ਅਧਿਆਪਕ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਮਿਲੀ ਜਾਣਕਾਰੀ ਮੁਤਾਬਕ 14 ਸਾਲਾ ਵਿਦਿਆਰਥਣ ਨੂੰ ਬੀਤੀ 31 ਦਸੰਬਰ ਨੂੰ ਅਧਿਆਪਕ ਨੇ ਪ੍ਰੈਕਟੀਕਲ ਚੈੱਕ ਕਰਾਉਣ ਦੇ ਬਹਾਨੇ ਆਪਣੇ ਘਰ ਬੁਲਾ ਕੇ ਜਬਰ ਜਨਾਹ ਕੀਤਾ ਸੀ ਤੇ ਕਿਸੇ ਨੂੰ ਦੱਸਣ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਸਨ। ਬੀਤੀ 8 ਫਰਵਰੀ ਨੂੰ ਅਧਿਆਪਕ ਨੇ ਮੁੜ ਸਕੂਲ 'ਚ ਲੜਕੀ ਨਾਲ ਛੇੜਖਾਨੀ ਕੀਤੀ ਜਿਸ ਪਿੱਛੋਂ ਲੜਕੀ ਨੇ ਘਰ ਜਾ ਕੇ ਆਪਣੇ ਮਾਪਿਆਂ ਨੂੰ ਸਾਰੀ ਗੱਲ ਦੱਸ ਦਿੱਤੀ।

## ਭਾਜਪਾ ਆਗੂ 'ਤੇ ਕਤਲ ਦਾ ਕੇਸ

**ਡੇਰਾਬੱਸੀ:** ਇਕ ਪ੍ਰਾਪਰਟੀ ਡੀਲਰ ਦਾ ਕਤਲ ਕਰਨ ਦੇ ਦੋਸ਼ ਵਿਚ ਪੁਲਿਸ ਨੇ ਭਾਜਪਾ ਮੰਡਲ ਡੇਰਾਬੱਸੀ ਦੇ ਪ੍ਰਧਾਨ ਸਮੇਤ ਸੱਤ ਵਿਅਕਤੀਆਂ ਖ਼ਿਲਾਫ਼ ਕਤਲ ਦਾ ਮੁਕੱਦਮਾ ਦਰਜ ਕੀਤਾ ਹੈ। ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿਚ ਰਮੇਸ਼ ਕੁਮਾਰ ਪੁੱਤਰ ਰਾਮ ਚੰਦਰ ਨੇ ਦੱਸਿਆ ਕਿ ਰਾਤ ਨੂੰ ਉਸ ਦਾ ਛੋਟਾ ਭਰਾ ਰਾਜੇਸ਼ ਕੁਮਾਰ ਉਰਫ਼ ਬਿੱਟੂ ਆਪਣੇ ਅਦਾਲਤੀ ਕੇਸਾਂ ਬਾਰੇ ਵਿਚਾਰ ਕਰਨ ਲਈ ਦੁਕਾਨ 'ਤੇ ਆਇਆ।

ਇਸ ਉਪਰੰਤ ਜਦੋਂ ਉਹ ਘਰ ਗਿਆ ਤਾਂ ਇੰਨੇ ਵਿਚ ਹੀ ਰੌਲਾ ਪੈ ਗਿਆ ਕਿ ਉਸ ਦੇ ਪਰਿਵਾਰ 'ਤੇ ਹਮਲਾ ਹੋ ਗਿਆ। ਬਿੱਟੂ ਦੇ ਸਿਰ 'ਤੇ ਗਹਿਰੀਆਂ ਸੱਟਾਂ ਦੇ ਨਿਸ਼ਾਨ ਸਨ। ਜ਼ਿਕਰਯੋਗ ਹੈ ਕਿ ਮ੍ਰਿਤਕ ਰਾਜੇਸ਼ ਕੁਮਾਰ ਬਿੱਟੂ ਨਾਲ ਭਾਜਪਾ ਆਗੂ ਰਾਕੇਸ਼ ਮਹਿਤਾ ਤੇ ਸ਼ਿਵ ਕੁਮਾਰ ਟੋਨੀ ਨਾਲ ਪਹਿਲਾਂ ਵੀ ਕਈ ਵਾਰ ਝਗੜਾ ਹੋ ਚੁੱਕਿਆ ਸੀ। ਬਿੱਟੂ ਦੇ ਤਕਰੀਬਨ ਅੱਧਾ ਦਰਜਨ ਕੇਸ ਅਦਾਲਤ ਵਿਚ ਚੱਲ ਰਹੇ ਸਨ ਜਿਨ੍ਹਾਂ ਵਿਚੋਂ ਇਕ ਦੀ ਅਦਾਲਤ ਵਿਚ ਪੇਸ਼ੀ ਸੀ। ਅਦਾਲਤ ਵਿਚ ਕੁਝ ਪ੍ਰਭਾਵਸ਼ਾਲੀ ਬੰਦਿਆਂ ਦੇ ਸੰਮਨ ਜਾਰੀ ਹੋਣ ਦੀ ਸੰਭਾਵਨਾ ਸੀ। ਜਨਵਰੀ ਵਿਚ ਵੀ ਰਾਜੇਸ਼ ਬਿੱਟੂ ਦੀ ਸਥਾਨਕ ਬੱਸ ਅੱਡੇ ਵਿਚ ਖੜ੍ਹੀ ਕਾਰ ਵੀ ਕੁਝ ਵਿਅਕਤੀਆਂ ਵੱਲੋਂ ਹਮਲਾ ਕਰਕੇ ਕਾਰ ਦੀ ਭੰਨਤੋੜ ਕੀਤੀ ਗਈ ਸੀ। ਰਮੇਸ਼ ਕੁਮਾਰ ਦੀ ਸ਼ਿਕਾਇਤ 'ਤੇ ਪੁਲਿਸ ਨੇ ਭਾਜਪਾ ਮੰਡਲ ਡੇਰਾਬੱਸੀ ਦੇ ਪ੍ਰਧਾਨ ਰਾਕੇਸ਼ ਮਹਿਤਾ ਸਮੇਤ ਸੱਤ ਵਿਅਕਤੀਆਂ 'ਤੇ ਮਾਮਲਾ ਦਰਜ ਕੀਤਾ ਹੈ।

# ਲੰਗਾਹ ਫਿਰ ਅਦਾਲਤ ਵਿਚ ਪੇਸ਼ ਨਾ ਹੋਏ

**ਮੁਹਾਲੀ:** ਮੁਹਾਲੀ ਦੀ ਅਦਾਲਤ ਨੇ ਸਾਬਕਾ ਪੀਡਬਲਿਊਡੀ ਮੰਤਰੀ ਤੇ ਅਕਾਲੀ ਆਗੂ ਸੁੱਚਾ ਸਿੰਘ ਲੰਗਾਹ ਦੇ ਅਦਾਲਤ 'ਚ ਪੇਸ਼ ਨਾ ਹੋਣ 'ਤੇ ਮਾਮਲੇ ਦੀ ਅਗਲੀ ਸੁਣਵਾਈ 27 ਫਰਵਰੀ ਤੱਕ ਟਾਲ ਦਿੱਤੀ। ਇਸ ਕੇਸ ਵਿਚ ਨਾਮਜ਼ਦ ਬਾਕੀ ਸਾਰੇ ਮੁਲਜ਼ਮ ਅਕਾਲੀ ਆਗੂ ਅਮਰੀਕ ਸਿੰਘ, ਪਰਦੀਪ ਭਟੇਜਾ, ਬਿਕਰਮਜੀਤ ਸਿੰਘ ਵਿੱਕੀ ਵਾਸੀ ਪਟਿਆਲਾ, ਸੁਭਾਸ਼ ਚੰਦਰ ਜੈਨ ਵਾਸੀ ਲੁਧਿਆਣਾ, ਸੰਪੂਰਨ ਸਿੰਘ ਗੁਰਦਾਸਪੁਰ, ਸੁਭਾਸ਼ ਚੰਦ ਧਾਰੀਵਾਲ (ਗੁਰਦਾਸਪੁਰ), ਸ਼ੇਰ ਸਿੰਘ ਚੰਡੀਗੜ੍ਹ ਆਪੋ-ਆਪਣੇ ਵਕੀਲਾਂ ਨਾਲ ਅਦਾਲਤ ਵਿਚ ਪੇਸ਼ ਹੋਏ।

ਜਥੇਦਾਰ ਲੰਗਾਹ ਨੇ ਆਪਣੇ ਵਕੀਲ ਰਾਹੀਂ ਅਦਾਲਤ ਵਿਚ ਅਰਜੀ ਦੇ ਕੇ ਨਿੱਜੀ ਪੇਸ਼ੀ ਤੋਂ ਛੋਟ ਮੰਗੀ ਸੀ। ਅਕਾਲੀ ਆਗੂ ਨੇ ਅਰਜ਼ੀ ਵਿਚ ਮੋਗਾ ਜ਼ਿਮਨੀ ਚੋਣ ਵਿਚ ਰੁੱਝੇ ਹੋਣ ਦੀ ਦੁਹਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਹਾਈ ਕਮਾਂਡ ਵੱਲੋਂ ਉਨ੍ਹਾਂ ਨੂੰ ਚੋਣ ਪ੍ਰਚਾਰ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਉਧਰ, ਮਾਮਲੇ ਦੇ ਮੁੱਖ ਜਾਂਚ ਅਧਿਕਾਰੀ ਤੇ ਵਿਜੀਲੈਂਸ ਦੇ ਤਤਕਾਲੀ ਐਸਐਸਪੀ ਸੁਰਿੰਦਰਪਾਲ ਸਿੰਘ ਵਿਰਕ ਵੀ ਅਦਾਲਤ ਵਿਚ ਆਪਣੀ ਗਵਾਹੀ ਦੇਣ ਨਹੀਂ ਪੁੱਜੇ।

ਉਨ੍ਹਾਂ ਆਪਣੇ ਵਕੀਲ ਰਾਹੀਂ ਮੈਡੀਕਲ ਭੇਜਦਿਆਂ ਕਿਹਾ ਕਿ ਉਹ ਬਿਮਾਰ ਹਨ। ਜਾਣਕਾਰੀ ਮੁਤਾਬਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਮੌਜੂਦਾ ਅਕਾਲੀ-ਭਾਜਪਾ ਸਰਕਾਰ ਵੱਲੋਂ ਕੇਸ ਵਾਪਸ ਲੈਣ ਲਈ ਵਿਜੀਲੈਂਸ ਤੇ ਸਰਕਾਰੀ ਵਕੀਲ ਰਾਹੀਂ ਅਦਾਲਤ ਵਿਚ ਅਰਜੀ ਦਿੱਤੀ ਗਈ ਹੈ। ਉਧਰ, ਵਿਜੀਲੈਂਸ ਵੱਲੋਂ ਕਿਹਾ ਗਿਆ ਹੈ ਕਿ ਇਸ ਏਜੰਸੀ ਨੂੰ ਹੁਣ ਪਤਾ ਚੱਲਿਆ ਹੈ ਕਿ ਸ. ਲੰਗਾਹ ਖ਼ਿਲਾਫ਼ ਕੋਈ ਕੇਸ ਹੀ ਨਹੀਂ ਬਣਦਾ ਹੈ। ਮੌਜੂਦਾ ਸਮੇਂ ਵਿਚ ਮੁਲਜ਼ਮਾਂ ਖ਼ਿਲਾਫ਼ ਗਵਾਹੀਆਂ ਦਾ ਦੌਰ ਤੇ ਬਚਾਅ ਪੱਖ ਦੇ ਵਕੀਲਾਂ ਦੀ ਬਹਿਸ ਚੱਲ ਰਹੀ ਹੈ।

ਗ਼ੌਰਤਲਬ ਹੈ ਕਿ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਕਾਂਗਰਸ ਸਰਕਾਰ ਵੇਲੇ ਜਥੇਦਾਰ ਸੁੱਚਾ ਸਿੰਘ ਲੰਗਾਹ ਸਮੇਤ ਹੋਰਨਾਂ ਅਕਾਲੀ ਆਗੂਆਂ ਤੇ ਅਧਿਕਾਰੀਆਂ ਖ਼ਿਲਾਫ਼ ਬੇਹਿਸਾਬੀ ਤੇ ਬੇਨਾਮੀ ਜਾਇਦਾਦ ਬਣਾਉਣ ਤੇ ਭ੍ਰਿਸ਼ਟਾਚਾਰ ਰੋਕੂ ਐਕਟ ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਵਿਜੀਲੈਂਸ ਥਾਣਾ ਫੇਜ਼-8, ਮੁਹਾਲੀ ਵਿਚ ਕੇਸ ਦਰਜ ਕੀਤਾ ਗਿਆ ਸੀ।

# ਭੱਠਲ ਤੋਂ ਮਕਾਨ ਖਾਲੀ ਨਾ ਕਰਵਾਉਣ 'ਤੇ ਬੁਰੀ ਫਸੀ ਸਰਕਾਰ

**ਚੰਡੀਗੜ੍ਹ :** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਤੋਂ ਚੰਡੀਗੜ੍ਹ ਦੇ ਸੈਕਟਰ-2 ਵਿਚ ਸਰਕਾਰੀ ਮਕਾਨ ਖਾਲੀ ਨਾ ਕਰਵਾ ਸਕਣ ਦਾ ਗੰਭੀਰ ਨੋਟਿਸ ਲੈਂਦਿਆਂ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਪੰਜ ਮਾਰਚ ਤੱਕ ਆਪਣਾ ਪੱਖ ਪੇਸ਼ ਕਰਨ ਦਾ ਹੁਕਮ ਦਿੱਤਾ ਹੈ।

ਅਦਾਲਤ ਨੇ ਇਹ ਨੋਟਿਸ ਐਡਵੋਕੇਟ ਸੁਰਿੰਦਰਪਾਲ ਸਿੰਘ ਦੀ ਪਟੀਸ਼ਨ ਦੀ ਸੁਣਵਾਈ ਕਰਦਿਆਂ ਜਾਰੀ ਕੀਤਾ। ਐਡਵੋਕੇਟ ਸੁਰਿੰਦਰਪਾਲ ਸਿੰਘ ਨੇ ਪਟੀਸ਼ਨ ਵਿਚ ਕਿਹਾ ਹੈ ਕਿ ਪੰਜਾਬ ਸਰਕਾਰ ਨੇ ਬੀਬੀ ਭੱਠਲ ਤੋਂ ਮਕਾਨ ਖਾਲੀ ਕਰਵਾਉਣ ਲਈ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਅਦਾਲਤ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਤੈਅ



ਸਮੇਂ ਦੇ ਅੰਦਰ-ਅੰਦਰ ਮਕਾਨ ਖਾਲੀ ਕਰਵਾਉਣ ਦੀ ਕਾਰਵਾਈ ਨੇਪਰੇ ਚਾੜ੍ਹੀ ਜਾਵੇ। ਐਡਵੋਕੇਟ ਨੇ ਪਟੀਸ਼ਨ ਵਿਚ ਇਹ ਵੀ ਦੋਸ਼ ਲਾਇਆ ਹੈ ਕਿ ਸਿਆਸੀ ਪ੍ਰਭਾਵ ਹੇਠ ਸਰਕਾਰੀ ਅਧਿਕਾਰੀ ਅਦਾਲਤ ਨੂੰ ਗੁੰਮਰਾਹ ਕਰ ਰਹੇ ਹਨ ਕਿ ਬੀਬੀ ਭੱਠਲ ਨੂੰ ਨੋਟਿਸ ਜਾਰੀ ਕੀਤੇ ਗਏ ਹਨ।

ਬੀਬੀ ਭੱਠਲ ਤੋਂ ਮਕਾਨ ਖਾਲੀ ਕਰਵਾਉਣ ਦਾ ਮਾਮਲਾ ਅਜੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਲ ਵਿਚਾਰ ਅਧੀਨ ਪਿਆ ਹੈ। ਐਡਵੋਕੇਟ ਸੁਰਿੰਦਰਪਾਲ ਨੇ ਚੰਡੀਗੜ੍ਹ ਦੇ ਸੈਕਟਰਾਂ ਵਿਚ ਸਿਆਸੀ ਆਗੂਆਂ, ਸਾਬਕਾ ਮੰਤਰੀਆਂ, ਵਿਧਾਇਕਾਂ ਤੇ ਸੇਵਾਮੁਕਤ ਅਧਿਕਾਰੀਆਂ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ ਦੱਬੇ ਮਕਾਨ ਖਾਲੀ ਕਰਵਾਉਣ ਲਈ ਜਨਹਿਤ ਪਟੀਸ਼ਨ ਦਾਇਰ ਕੀਤੀ ਹੋਈ ਹੈ।

# ਗੁਰਦੁਆਰਾ ਨਾਨਕਸਰ ਫਰਿਜ਼ਨੋ ਵਿਖੇ 116 ਅਖੰਡ ਪਾਠਾਂ ਦੀ ਲੜੀ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਨਾਨਕਸਰ ਚੈਰੀ ਵਿਖੇ ਹਰ ਸਾਲ ਦੀ ਤਰ੍ਹਾਂ ਅਖੰਡ ਪਾਠਾਂ ਦੀ 24ਵੀਂ ਲੜੀ ਕਰਵਾਈ ਗਈ ਜੋ ਇਸ ਵਾਰ ਬ੍ਰਹਮ ਗਿਆਨੀ ਬਾਬਾ ਨੰਦ ਸਿੰਘ ਨਾਨਕਸਰ ਵਾਲਿਆਂ ਵਲੋਂ ਵਰੋਸਾਏ ਹੋਏ ਸੰਤ ਬਾਬਾ ਈਸ਼ਰ ਸਿੰਘ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਸੀ। ਇਸ ਸਮਾਗਮ ਦੌਰਾਨ ਭਾਰਤ ਤੋਂ ਆਏ ਵੱਖ-ਵੱਖ ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਨਿਰਮੋਲ ਗੁਰਬਾਣੀ ਨਾਲ ਜੋੜਿਆ।






ਲੜੀ ਦੀ ਸਮਾਪਤੀ ਦੇ ਸਮਾਗਮ ਦੌਰਾਨ ਭਾਈ ਚਮਨਜੀਤ ਸਿੰਘ ਲਾਲ ਦਿੱਲੀ, ਭਾਈ ਇਕਬਾਲ ਸਿੰਘ ਝੋਰੜਾਂ, ਭਾਈ ਸੁਖਵਿੰਦਰ ਸਿੰਘ, ਭਾਈ ਗੁਰਬਿੰਦਰ ਸਿੰਘ, ਭਾਈ ਮੋਹਨ ਸਿੰਘ, ਭਾਈ ਹਰਭਜਨ ਸਿੰਘ, ਭਾਈ ਦਾਰਾ ਸਿੰਘ ਅਤੇ ਭਾਈ ਜਸਪਾਲ ਸਿੰਘ ਪਾਊਂਟਾ ਸਾਹਿਬ ਆਦਿ ਪੰਥ ਪ੍ਰਸਿਧ ਕੀਰਤਨੀ ਜਥਿਆਂ ਅਤੇ ਪ੍ਰਚਾਰਕਾਂ ਨੇ ਗੁਰਬਾਣੀ ਸ਼ਬਦ ਕੀਰਤਨ ਅਤੇ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਗੁਰਮਤਿ ਨਾਲ ਜੋੜਿਆ। ਗੁਰੂ ਘਰ ਦੇ ਮੁੱਖ ਸੇਵਾਦਾਰ ਅਤੇ ਸੰਤ ਈਸ਼ਰ ਸਿੰਘ ਦੇ ਭਤੀਜੇ ਬਾਬਾ ਕਰਤਾਰ ਸਿੰਘ ਨੇ ਦੱਸਿਆ ਕਿ ਅਖੰਡ ਪਾਠਾਂ ਦੀ ਇਸ ਲੜੀ ਦੌਰਾਨ ਸੰਗਤਾਂ ਵਲੋਂ ਗੁਰੂ ਗ੍ਰੰਥ ਸਾਹਿਬ ਦੇ 116 ਪਾਠ ਕਰਵਾਏ ਗਏ। ਹਫਤਾਵਾਰੀ ਅਖੰਡ ਪਾਠ ਦੇ ਭੋਗ ਉਪਰੰਤ ਅਤੇ ਰੋਜ਼ਾਨਾ ਸਵੇਰ-ਸ਼ਾਮ ਦੇ ਕੀਰਤਨ ਦੀਵਾਨ ਸਜਦੇ।

ਲੰਗਰਾਂ ਦੀ ਸੇਵਾ ਲਈ ਸਮੂਹ ਟਰੱਕ ਡਰਾਈਵਰ ਵੀਰਾਂ ਵਲੋਂ ਗੁਰਪ੍ਰੀਤ ਸਿੰਘ ਸੰਘਾ ਦੇ ਸਹਿਯੋਗ ਨਾਲ ਪ੍ਰਬੰਧ ਕੀਤੇ ਗਏ। ਕਰਮ ਸਿੰਘ ਸੰਘਾ, ਰਾਜਾ ਸਿੰਘ (ਮਹੇਰਨਾ), ਜੈਕ ਸੰਘੇੜਾ ਅਤੇ ਪ੍ਰਦੀਪ ਸਿੰਘ ਬੱਬੂ ਵਲੋਂ ਸੈਂਡਵਿਚ ਲੰਗਰ ਦਾ ਪ੍ਰਬੰਧ ਕੀਤਾ ਗਿਆ। ਹੋਰ ਸੰਗਤਾਂ ਵਲੋਂ ਵੰਨ-ਸੁਵੰਨੇ ਭੋਜਨਾਂ ਦੇ ਪ੍ਰਬੰਧ ਕੀਤੇ ਗਏ ਸਨ।

ਪ੍ਰੋਗਰਾਮ ਦੀ ਸਮਾਪਤੀ 'ਤੇ ਗੁਰੂ ਘਰ ਦੇ ਪ੍ਰਬੰਧਕ ਡਾ. ਸੁਖਜੀਤ ਸਿੰਘ ਚਾਹਲ ਨੇ ਸਭ ਸੰਗਤਾਂ ਨੂੰ ਗੁਰਬਾਣੀ ਅਤੇ ਗੁਰਸਿੱਖੀ ਨਾਲ ਜੁੜਨ ਦੀ ਅਪੀਲ ਕੀਤੀ। ਸਮੁੱਚੇ ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਦੀ ਸੇਵਾ ਬੀਬੀ ਆਸ਼ਾ ਸ਼ਰਮਾ ਨੇ ਨਿਭਾਈ ਅਤੇ ਪ੍ਰੋਗਰਾਮ ਦੀਆਂ ਯਾਦਾਂ ਨੂੰ ਸੰਭਾਲਣ ਦੀ ਸੇਵਾ ਜੀਤ ਗਿੱਲ ਮੋਗਾ ਵੀਡੀਓ ਤੇ ਪਰਮਜੀਤ ਨੇ ਕੀਤੀ।



ਨਿੱਕੀਆਂ ਜਿੰਦਾਂ ਵੱਡਾ ਸਾਕਾ' ਰੂਪਕ ਦੀ ਬੱਸ ਵਿਚ ਟਰਲਕ ਪਹੁੰਚੀ ਟੀਮ

# ਟਰਲਕ 'ਚ 'ਨਿੱਕੀਆਂ ਜਿੰਦਾਂ ਵੱਡਾ ਸਾਕਾ' ਦੀ ਪੇਸ਼ਕਾਰੀ

**ਟਰਲਕ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ (ਬੇ-ਏਰੀਆ) ਬਾਲ-ਸਾਹਿਤ ਕਲਾ ਅਤੇ ਰੰਗ-ਮੰਚ ਦੇ ਬੱਚਿਆਂ ਵਲੋਂ ਤਿਆਰ ਕੀਤਾ ਗਿਆ ਰੂਪਕ 'ਨਿੱਕੀਆਂ ਜਿੰਦਾਂ ਵੱਡਾ ਸਾਕਾ- ਸਾਕਾ ਸਰਹਿੰਦ' ਲੰਘੀ 16 ਫਰਵਰੀ ਨੂੰ ਇਥੇ ਗੁਰਦੁਆਰਾ ਟਰਲਕ ਵਿਖੇ ਪੇਸ਼ ਕੀਤਾ ਗਿਆ। ਇਸ ਤੋਂ ਪਹਿਲਾਂ ਇਹ ਰੂਪਕ ਗੁਰਦੁਆਰਾ ਸੈਨ ਹੋਜ਼ੇ, ਟਾਇਰਾ ਬਿਊਨਾ, ਯੂਬਾ ਸਿਟੀ ਅਤੇ ਫ਼ਰੀਮਾਂਟ ਗੁਰੂ ਘਰ 'ਚ ਪੇਸ਼ ਕੀਤਾ ਜਾ ਚੁਕਾ ਹੈ।

ਸਭਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਰੂਪਕ ਦੀ ਅਗਲੀ ਪੇਸ਼ਕਾਰੀ 2 ਮਾਰਚ ਨੂੰ ਗੁਰਦੁਆਰਾ ਐਲ ਸੋਬਰਾਂਟੇ ਵਿਖੇ ਸ਼ਾਮ ਦੇ 7 ਵਜੇ ਹੋਵੇਗੀ। ਇਸ ਰੂਪਕ ਦੇ ਲੇਖਕ ਅਤੇ ਨਿਰਦੇਸ਼ਕ ਸ. ਚਰਨ ਸਿੰਘ ਸਿੰਧਰਾ ਹਨ ਜਿਨ੍ਹਾਂ ਦਾ ਪੂਰਾ ਜੀਵਨ ਹੀ ਨਾਟ-ਕਲਾ ਅਤੇ ਰੰਗ-ਮੰਚ ਨੂੰ ਸਮਰਪਿਤ ਰਿਹਾ ਹੈ। ਸ. ਸਿੰਧਰਾ ਦੀ ਸਮਾਜ ਪ੍ਰਤੀ ਦੇਣ ਨੂੰ ਮੁੱਖ ਰੱਖਦਿਆਂ ਸਭਾ ਵਲੋਂ ਉਨ੍ਹਾਂ ਨੂੰ ਸੈਨ ਹੋਜ਼ੇ ਵਿਖੇ 'ਲਾਈਫ ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ ਕੀਤਾ ਜਾ ਚੁਕਾ ਹੈ।

16 ਫ਼ਰਵਰੀ ਨੂੰ ਬਾਲ-ਸਾਹਿਤ ਕਲਾ ਅਤੇ ਰੰਗ-ਮੰਚ ਦੇ ਬੱਚਿਆਂ, ਮਾਪਿਆਂ ਅਤੇ ਪ੍ਰਬੰਧਕਾਂ ਦਾ ਇੱਕ ਕਾਫ਼ਲਾ ਬੱਸ ਰਾਹੀਂ ਜਦੋਂ ਟਰਲਕ ਪਹੁੰਚਿਆ ਤਾਂ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਸੰਗਤ ਵਲੋਂ ਉਨ੍ਹਾਂ ਨੂੰ ਅਥਾਹ ਪਿਆਰ ਅਤੇ ਸਤਿਕਾਰ ਦਿੱਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸ. ਪ੍ਰਮਿੰਦਰ ਸਿੰਘ ਪਰਵਾਨਾ ਨੇ ਬੱਚਿਆਂ ਦੇ ਕਵੀ ਦਰਬਾਰ ਨਾਲ ਕੀਤੀ। ਕਵੀ ਦਰਬਾਰ ਉਪਰੰਤ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਰੂਪਕ ਅਤੇ ਸ. ਸਿੰਧਰਾ ਬਾਰੇ ਜਾਣਕਾਰੀ ਦਿੱਤੀ ਅਤੇ ਗੁਰਦੁਆਰਾ ਟਰਲਕ ਦੇ ਪ੍ਰਧਾਨ ਦਵਿੰਦਰ ਸਿੰਘ ਬਸਰਾ, ਸਕੱਤਰ ਹਰਵਿੰਦਰ ਸਿੰਘ ਬੈਂਸ, ਭਾਈ ਗੁਰਜੀਤ ਸਿੰਘ, ਜਸ਼ਨਜੀਤ ਸਿੰਘ ਅਤੇ ਸਨਦੀਪ ਸਿੰਘ ਦਾ ਧੰਨਵਾਦ ਕੀਤਾ। ਗੁਰਦੁਆਰਾ ਸੈਨ ਹੋਜ਼ੇ ਦੇ ਸੇਵਾਦਾਰ ਸੁਖਦੇਵ ਸਿੰਘ ਬੈਨੀਵਾਲ, ਜਿਨ੍ਹਾਂ ਦੇ ਬੱਚੇ ਇਸ ਰੂਪਕ ਵਿਚ ਅਹਿਮ ਭੂਮਿਕਾ ਨਿਭਾ ਰਹੇ ਹਨ, ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ।



ਰੂਪਕ ਇੰਨਾ ਭਾਵਪੂਰਤ ਸੀ ਕਿ ਖਚਾਖਚ ਭਰੇ ਹਾਲ ਵਿਚ ਮੂਕ ਬੈਠੇ ਬਹੁਤ ਸਾਰੇ ਦਰਸ਼ਕ ਸਰਹਿੰਦ ਦੀ ਦਾਸਤਾਨ ਦਾ ਖ਼ੂਨੀ ਸਾਕਾ ਵੇਖ ਕੇ ਆਪਣੀਆਂ ਅੱਖਾਂ ਵਿਚੋਂ ਡਿਗਦੇ ਹੰਝੂ ਨਾ ਰੋਕ ਸਕੇ। ਕਈ ਦਰਸ਼ਕਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਇੰਜ ਲੱਗਾ ਕਿ ਜਿਵੇਂ ਇਹ ਸਾਕਾ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਸਾਖਸ਼ਾਤ ਵਾਪਰ ਰਿਹਾ ਹੋਵੇ। ਟਰਲਕ ਅਤੇ ਆਸ-ਪਾਸ ਦੇ ਸਹਿਰਾਂ ਤੋ ਆਏ ਕੁੱਝ ਬੱਚਿਆਂ ਨੇ ਵੀ ਰੂਪਕ ਵਿਚਲੇ ਕਈ ਰੋਲ ਨਿਭਾ ਕੇ ਆਪਣੀ ਲਗਨ ਅਤੇ ਯੋਗਤਾ ਦਾ ਪ੍ਰਦਰਸ਼ਨ ਕੀਤਾ। ਫਤਿਹਗੜ੍ਹ ਸਾਹਿਬ ਦੀਆਂ ਸੰਗਤਾਂ ਵਲੋਂ ਸ. ਚਰਨ ਸਿੰਘ ਸਿੰਧਰਾ ਦੇ ਸੁਪੱਤਰ ਅਤੇ ਸਹਾਇਕ ਡਾਇਰੈਕਟਰ ਨਵਜੋਤ ਸਿੰਘ ਸਿੰਧਰਾ ਦਾ ਸਨਮਾਨ ਕੀਤਾ ਗਿਆ। ਗੁਰਦੁਆਰਾ ਟਰਲਕ ਦੇ ਸੇਵਾਦਾਰ ਭਾਈ ਸਨਦੀਪ ਸਿੰਘ ਨੇ ਅਜਿਹੇ ਇਤਿਹਾਸਕ ਰੂਪਕ ਖਿਡਾਏ ਜਾਣ ਦੇ ਉਪਰਾਲੇ ਦੀ ਸਰਾਹਨਾ ਕੀਤੀ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬੱਚਿਆਂ ਨੂੰ ਟਰਾਫ਼ੀਆਂ ਦੇ ਕੇ ਉਨ੍ਹਾਂ ਦੀ ਹੌਸਲਾ ਅਫ਼ਜਾਈ ਕੀਤੀ ਗਈ।

# ਸੋਖੀ ਸਿੰਘ ਗੁਰਦੁਆਰਾ ਪੈਲਾਟਾਈਨ ਦੇ ਪ੍ਰਧਾਨ ਬਣੇ

**ਸ਼ਿਕਾਗੋ (ਬਿਊਰੋ):** ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਸਿੱਖ ਰਿਲੀਜੀਅਸ ਸੁਸਾਇਟੀ ਦੇ ਬੋਰਡ ਦੇ ਪੁਨਰਗਠਨ ਪਿਛੋਂ ਸ. ਸੋਖੀ ਸਿੰਘ ਸੁਸਾਇਟੀ ਦੇ ਨਵੇਂ ਪ੍ਰਧਾਨ ਚੁਣੇ ਗਏ ਹਨ। ਇਸ ਤੋਂ ਪਹਿਲਾਂ ਉਹ ਗੁਰੂ ਘਰ ਦੇ ਧਾਰਮਿਕ ਸਕੱਤਰ ਰਹਿ ਚੁਕੇ ਹਨ।



ਭਾਈ ਸੋਖੀ ਸਿੰਘ

ਹੋਰ ਅਹੁਦੇਦਾਰਾਂ ਵਿਚ ਅੰਮ੍ਰਿਤਪਾਲ ਸਿੰਘ ਗਿੱਲ ਕਾਰਜਕਾਰੀ ਸਕੱਤਰ, ਹਰਵਿੰਦਰ ਸਿੰਘ ਬਿੱਲਾ ਧਾਰਮਿਕ ਸਕੱਤਰ, ਮਹਾਂਬੀਰ ਸਿੰਘ ਬਰਾੜ ਖਜ਼ਾਨਚੀ, ਸਰਵਣ ਸਿੰਘ ਮੀਡੀਆ, ਸਕੂਲ ਤੇ ਲੰਗਰ ਇੰਚਾਰਜ ਬਣਾਏ ਗਏ ਹਨ। ਨਵੇਂ ਬੋਰਡ ਨੇ ਐਤਵਾਰ ਦੇ ਦੀਵਾਨ ਵਿਚ ਗੁਰੂ ਅੱਗੇ ਨਤਮਸਤਕ ਹੋ ਕੇ ਆਪਣੀਆਂ ਜ਼ਿੰਮੇਵਾਰੀਆਂ ਸਾਂਭ ਲਈਆਂ ਹਨ। ਸ. ਸੋਖੀ ਸਿੰਘ ਇਸ ਤੋਂ ਪਹਿਲਾਂ 2008 ਵਿਚ ਬੋਰਡ ਮੈਂਬਰ ਚੁਣੇ ਗਏ ਸਨ ਜਦੋਂਕਿ ਸ.ਹਰਵਿੰਦਰ ਸਿੰਘ ਬਿੱਲਾ 2012 ਦੀਆਂ ਚੋਣਾਂ ਵਿਚ ਮੈਂਬਰ ਬਣੇ ਸਨ। ਸ. ਅੰਮ੍ਰਿਤਪਾਲ ਸਿੰਘ ਗਿੱਲ, ਸ. ਮਹਾਂਬੀਰ ਸਿੰਘ ਬਰਾੜ ਅਤੇ ਸ. ਸਰਵਣ ਸਿੰਘ ਲੰਘੀ 10 ਫਰਵਰੀ ਨੂੰ ਅਦਾਲਤ ਦੇ ਹੁਕਮਾਂ 'ਤੇ ਹੋਈਆਂ ਵਿਸ਼ੇਸ਼ ਚੋਣਾਂ ਵਿਚ ਚੁਣੇ ਗਏ ਹਨ।


ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ
ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ
ਫੋਨ: (559) 317-2149



Paramjit S. Khaira
D.H.M.S (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
e- mail: drpskhaira@gmail.com
Working under state law SB 577





10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
vaisakhi
Coupon Code
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

ਪੰਜਾਬ ਟਾਈਮਜ਼

*ਸਨਿਚਰਵਾਰ, 23 ਫਰਵਰੀ 2013*

## ਸਿਆਸੀ ਸ਼ਤਰੰਜ, ਵਾਇਆ ਮੋਗਾ

ਮੋਗਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਨੇ ਸਿਆਸਤ ਦੇ ਕਈ ਰੰਗ-ਢੰਗ ਉਜਾਗਰ ਕਰ ਦਿੱਤੇ ਹਨ। ਇਨ੍ਹਾਂ ਵਿਚ ਸਿਆਸੀ ਪਾਰਟੀਆਂ ਵੱਲੋਂ ਖੇਡੇ ਜਾਂਦੇ ਪੁੱਠੇ-ਸਿੱਧੇ ਦਾਅ ਤਾਂ ਸ਼ਾਮਲ ਹੀ ਹਨ, ਕੁਝ ਹੋਰ ਕਾਰਜਸ਼ੀਲ ਪੱਖਾਂ ਤੋਂ ਵੀ ਪਰਦੇ ਚੁੱਕੇ ਗਏ ਹਨ। ਇਹ ਹਲਕਾ ਕਾਂਗਰਸੀ ਵਿਧਾਇਕ ਜੋਗਿੰਦਰਪਾਲ ਜੈਨ ਵੱਲੋਂ ਪਾਰਟੀ ਛੱਡਣ ਅਤੇ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇਣ ਪਿੱਛੋਂ ਖਾਲੀ ਹੋਇਆ ਸੀ। ਉਨ੍ਹਾਂ ਦੇ ਕਾਂਗਰਸ ਨੂੰ ਇਉਂ ਅਲਵਿਦਾ ਕਹਿਣ ਦਾ ਵੱਡਾ ਕਾਰਨ ਸੱਤਾਧਾਰੀ ਅਕਾਲੀ ਦਲ ਵੱਲੋਂ ਉਨ੍ਹਾਂ ਦੇ ਨਾਸੀਂ ਧੂੰਆਂ ਕੱਢਣਾ ਸੀ। ਜੱਗ ਜਾਣਦਾ ਹੈ ਕਿ ਸੱਤਾਧਾਰੀ ਅਕਾਲੀਆਂ ਵੱਲੋਂ ਵਿਰੋਧੀਆਂ, ਖਾਸ ਕਰ ਕੇ ਕਾਂਗਰਸ ਅਤੇ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਵਾਲੀ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦੇ ਆਗੂਆਂ ਨੂੰ ਭੰਨ੍ਹਣ ਲਈ ਗਿਣ-ਮਿਥ ਕੇ ਮੁਹਿੰਮਾਂ ਚਲਾਈਆਂ ਗਈਆਂ। ਇਨ੍ਹਾਂ ਪਾਰਟੀਆਂ ਦੇ ਆਗੂਆਂ ਖਿਲਾਫ ਕੇਸ ਦਰਜ ਕਰਵਾਉਣਾ ਆਮ ਜਿਹੀ ਗੱਲ ਹੋ ਗਈ ਸੀ। ਜੋਗਿੰਦਰਪਾਲ ਜੈਨ ਨੇ ਪਹਿਲਾਂ-ਪਹਿਲ ਇਸ ਵਿਰੋਧੀ ਮੁਹਿੰਮ ਦਾ ਮੁਕਾਬਲਾ ਕੀਤਾ, ਪਰ ਆਖਰਕਾਰ ਉਹ ਹਾਰ ਗਿਆ ਅਤੇ ਅਕਾਲੀਆਂ ਅੱਗੇ ਗੋਡੇ ਟੇਕ ਦਿੱਤੇ। ਉਂਜ, ਅਕਾਲੀਆਂ ਨੇ ਉਸ ਨੂੰ ਇਉਂ ਗੋਡੇ ਟੇਕਣ ਦਾ ਵੀ ਇਨਾਮ ਦਿੱਤਾ ਅਤੇ ਇਸੇ ਹਲਕੇ ਲਈ ਅਕਾਲੀ ਦਲ ਵੱਲੋਂ ਉਮੀਦਵਾਰ ਐਲਾਨਿਆ ਗਿਆ। ਇਹ ਦਲ-ਬਦਲੀ ਹੀ ਇਸ ਜ਼ਿਮਨੀ ਚੋਣ ਦਾ ਮੁੱਖ ਕੇਂਦਰ ਬਿੰਦੂ ਹੈ ਜਿਸ ਨੇ ਸਮੁੱਚੇ ਹਲਕੇ ਵਿਚ ਆਪਣਾ ਅਸਰ ਛੱਡਿਆ ਹੈ। ਅਕਾਲੀਆਂ ਦੀ ਰੀਸੇ, ਜਾਂ ਘੱਟੋ-ਘੱਟ ਲੋਕਾਂ ਵਿਚ ਆਪਣੇ ਢੰਗ ਨਾਲ ਅਸਰ ਦਿਖਾਉਣ ਲਈ ਕਾਂਗਰਸ ਵੱਲੋਂ ਵੀ ਅਕਾਲੀ ਲੀਡਰਾਂ ਨੂੰ ਭੰਨ੍ਹਣ ਦੀ ਮੁਹਿੰਮ ਵਿੱਢੀ ਗਈ। ਜ਼ਾਹਿਰ ਹੈ ਕਿ ਹਲਕੇ ਵਿਚ ਹੁਣ ਮੁੱਖ ਮਸਲਾ ਜਿਤ ਜਾਂ ਹਾਰ ਦਾ ਨਹੀਂ ਰਿਹਾ। ਇਸ ਲਈ ਇਹ ਚੋਣ ਕੋਈ ਵੀ ਧਿਰ ਜਿੱਤੇ, ਕੋਈ ਬਹੁਤਾ ਫਰਕ ਪੈਣ ਵਾਲੀ ਗੱਲ ਨਹੀਂ ਹੋਵੇਗੀ, ਕਿਉਂਕਿ ਇਸ ਚੋਣ ਵਿਚ ਜਿਹੜਾ ਮਸਲਾ ਉਭਰ ਕੇ ਸਾਹਮਣੇ ਆਇਆ ਹੈ, ਉਹ ਜ਼ੋਰ ਨਾਲ ਜਾਂ ਲਾਲਚ ਦੇ ਕੇ ਕੀਤੀ/ਕਰਵਾਈ ਦਲ-ਬਦਲੀ ਦਾ ਹੈ। ਦਲ-ਬਦਲੀ ਦੀ ਇਹ ਮੁਹਿੰਮ ਇਸ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਅਤੇ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਧੜੱਲੇ ਨਾਲ ਚਲਾਈ ਗਈ ਸੀ। ਲੋਕਾਂ ਨੇ ਇਸ ਦਾ ਸਿਖਰ ਦਿੱਲੀ ਗੁਰਦੁਆਰਾ ਚੋਣਾਂ ਦੌਰਾਨ ਦੇਖਿਆ ਜਦੋਂ ਇਕ-ਦੂਜੇ ਧੜੇ ਦੇ ਆਗੂਆਂ ਦੇ ਮੁੱਲ ਪਾ ਕੇ ਨਿਸ਼ਾਨੇ ਲਾਏ ਗਏ।

ਇਸ ਜ਼ਿਮਨੀ ਚੋਣ ਵਿਚ ਤੀਜੀ ਧਿਰ ਵਜੋਂ ਸਾਂਝੇ ਮੋਰਚੇ ਨੇ ਮੋਰਚਾ ਬੰਨ੍ਹਿਆ ਹੋਇਆ ਹੈ। ਸਾਂਝੇ ਮੋਰਚੇ ਦਾ ਸਾਰਾ ਦਾਰੋਮਦਾਰ ਪੀ.ਪੀ.ਪੀ. ਉਤੇ ਹੈ। ਮੋਰਚੇ ਦੇ ਆਗੂਆਂ ਨੂੰ ਇਹ ਇਲਮ ਹੈ ਕਿ ਉਨ੍ਹਾਂ ਦੇ ਉਮੀਦਵਾਰ ਨੇ ਜਿੱਤਣਾ ਨਹੀਂ ਹੈ, ਫਿਰ ਵੀ ਆਪਣੀ ਹੋਂਦ-ਜਤਲਾਈ ਲਈ ਮੋਰਚਾ ਮੈਦਾਨ ਵਿਚ ਹੈ। ਅਸਲ ਵਿਚ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠ ਪੀ.ਪੀ.ਪੀ. ਕੋਈ ਮੱਲ ਨਹੀਂ ਸੀ ਮਾਰ ਸਕੀ। ਇਹ ਤਾਂ ਸਗੋਂ ਆਪਣੀ ਮੁੱਖ ਸ਼ਰੀਕ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਹਰਾਉਂਦੀ-ਹਰਾਉਂਦੀ ਇਸ ਨੂੰ ਜਿਤਾ ਹੀ ਗਈ ਸੀ। ਵਿਧਾਨ ਸਭਾ ਦੇ ਚੋਣ ਨਤੀਜਿਆਂ ਨੂੰ ਇਕੱਲੇ ਕਾਂਗਰਸ ਆਗੂ ਹੀ ਨਹੀਂ, ਸਭ ਸਿਆਸੀ ਮਾਹਿਰ ਦੇਖਦੇ ਰਹਿ ਗਏ ਸਨ। ਅਸਲ ਵਿਚ 21ਵੀਂ ਸਦੀ ਦਾ ਚੋਣ ਪਿੜ ਜਿਸ ਪਿੱਚ ਤੱਕ ਪੁੱਜ ਚੁੱਕਿਆ ਹੈ, ਉਸ ਤਹਿਤ ਹੁਣ ਸਭ ਤੋਂ ਵੱਡਾ ਅਤੇ ਅਹਿਮ ਮਸਲਾ ਚੋਣਾਂ ਲਈ ਬੰਦੋਬਸਤ (ਮੈਨੇਜਮੈਂਟ) ਕਰਨ ਦਾ ਹੀ ਰਹਿ ਗਿਆ ਹੈ। ਜਿਹੜਾ ਲੀਡਰ ਜਾਂ ਪਾਰਟੀ, ਵੋਟਰਾਂ ਜਾਂ ਆਗੂਆਂ ਦਾ ਬੰਦੋਬਸਤ ਵਧੇਰੇ ਵਧੀਆ ਢੰਗ ਨਾਲ ਕਰ ਲੈਂਦਾ ਹੈ, ਉਹ ਕਾਮਯਾਬ ਹੋ ਜਾਂਦਾ ਹੈ। ਸੱਤਾਧਾਰੀ ਅਕਾਲੀ ਦਲ ਇਸ ਪਾਸੇ ਬੜੀ ਕਾਮਯਾਬੀ ਨਾਲ ਅੱਗੇ ਵਧਿਆ ਹੈ। ਕਾਂਗਰਸੀ ਆਗੂ ਵੀ ਇੱਦਾਂ ਕਰਨ ਲਈ ਅਹੁਲਦੇ ਤਾਂ ਰਹੇ ਹਨ, ਪਰ ਉਨ੍ਹਾਂ ਦੀਆਂ ਸਾਰੀਆਂ ਤਾਰਾਂ ਦਿੱਲੀ ਹਾਈ ਕਮਾਨ ਤੋਂ ਹਿੱਲਣ ਕਾਰਨ ਉਹ ਮੌਕੇ 'ਤੇ ਕੋਈ ਵੀ ਪਹਿਲਕਦਮੀ ਕਰਨ ਤੋਂ ਉੱਕ ਜਾਂਦੇ ਹਨ। ਸੱਤਾਧਾਰੀ ਅਕਾਲੀਆਂ ਨੂੰ ਕਾਂਗਰਸ ਦੀ ਇਹ ਕਮਜ਼ੋਰੀ ਬਹੁਤ ਸੂਤ ਬੈਠੀ ਹੈ। ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀ ਹਾਰ ਦਾ ਇਕ ਵੱਡਾ ਕਾਰਨ ਇਹ ਕਮਜ਼ੋਰੀ ਵੀ ਬਣੀ ਸੀ ਜਿਸ ਨੂੰ ਇਹ ਪੂਰੀ ਚੋਣ ਮੁਹਿੰਮ ਦੌਰਾਨ ਪੂਰ ਨਹੀਂ ਸੀ ਸਕੀ। ਪਾਰਟੀ ਦੇ ਆਗੂਆਂ ਵਿਚਾਲੇ ਪਾਟੋਧਾੜ ਨੇ ਵੀ ਘੱਟ ਜਾਂ ਵੱਧ, ਅਕਾਲੀਆਂ ਨੂੰ ਹੀ ਫਾਇਦਾ ਪੁਚਾਇਆ। ਹੁਣ ਵੀ ਹਾਲਾਤ ਕੋਈ ਵੱਖਰੇ ਨਹੀਂ ਹਨ। ਨਾਲੇ ਸੱਤਾ ਧਿਰ ਹੋਣ ਕਾਰਨ ਐਤਕੀਂ ਸ਼੍ਰੋਮਣੀ ਅਕਾਲੀ ਦਲ ਦਾ ਹੱਥ ਉਂਜ ਹੀ ਉਤੇ ਹੈ।

ਇਨ੍ਹਾਂ ਚੋਣਾਂ ਦੀ ਚੌਥੀ ਧਿਰ ਮੀਡੀਆ ਬਾਰੇ ਵੀ ਗੱਲ ਕਰਨੀ ਬਣਦੀ ਹੈ। ਇਹ ਇਸ ਕਰ ਕੇ ਵੀ ਜ਼ਰੂਰੀ ਹੈ ਕਿ ਪਿਛਲੇ ਸਮੇਂ ਦੌਰਾਨ ਮੀਡੀਆ ਦੇ ਖੇਤਰ ਵਿਚ ਵੀ ਵੱਡੇ ਪੱਧਰ 'ਤੇ ਤਬਦੀਲੀਆਂ ਆਈਆਂ ਹਨ। ਇਨ੍ਹਾਂ ਤਬਦੀਲੀਆਂ ਨਾਲ ਸਿਆਸਤ ਹੀ ਨਹੀਂ, ਹੋਰ ਖੇਤਰਾਂ ਉਤੇ ਵੀ ਡਾਢਾ ਅਸਰ ਪਿਆ ਹੈ। ਉਂਜ ਵੀ ਆਧੁਨਿਕ ਦੌਰ ਵਿਚ ਮੀਡੀਆ ਦਾ ਰੋਲ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵਧਿਆ ਹੈ। ਸਿਆਸੀ ਪਾਰਟੀਆਂ ਨੇ ਵੀ ਇਸ ਸੱਚ ਨੂੰ ਸਵੀਕਾਰ ਕਰ ਲਿਆ ਹੈ ਅਤੇ ਪਿਛਲੇ ਸਮੇਂ ਦੌਰਾਨ ਸਾਰੀਆਂ ਪਾਰਟੀਆਂ ਦਾ ਮੀਡੀਆ ਪ੍ਰਤੀ ਰਵੱਈਆ ਇਸੇ ਅਨੁਸਾਰ ਬਦਲਿਆ ਹੈ। ਲੋਕਾਂ ਵਿਚ ਆਮ ਰਾਏ ਬਣਾਉਣ ਵਿਚ ਮੀਡੀਆ ਦੀ ਅਹਿਮੀਅਤ ਤੋਂ ਅੱਜ ਕੋਈ ਵੀ ਇਨਕਾਰੀ ਨਹੀਂ ਹੈ। ਸਿਆਸੀ ਪਾਰਟੀਆਂ ਨੇ ਕਾਰਪੋਰੇਟ ਜਗਤ ਦੀ ਤਰਜ਼ 'ਤੇ ਇਸ ਪਾਸੇ ਵੀ ਉਚੇਚਾ ਧਿਆਨ ਦਿੱਤਾ ਹੈ। ਵੱਖ-ਵੱਖ ਸਿਆਸੀ ਧਿਰਾਂ ਆਪੋ-ਆਪਣਾ ਮੀਡੀਆ ਹਾਊਸ ਕਾਇਮ ਕਰਨ ਵੱਲ ਤਾਂ ਤੁਰੀਆਂ ਹੀ ਹਨ, ਮੁੱਖਧਾਰਾ ਮੀਡੀਆ ਦੇ ਬੰਦੋਬਸਤ (ਮੈਨੇਜਮੈਂਟ) ਵੱਲ ਵੀ ਮਿਥ ਕੇ ਗੌਰ ਕੀਤਾ ਗਿਆ ਹੈ। ਮੁੱਲ ਦੀਆਂ ਖਬਰਾਂ (ਪੇਡ ਨਿਊਜ਼) ਦਾ ਰੁਝਾਨ ਇਸੇ ਮੀਡੀਆ ਬੰਦੋਬਸਤ ਦਾ ਨਤੀਜਾ ਹੈ। ਵੋਟਰਾਂ ਦਾ ਇਕ ਹਿੱਸਾ ਅਜਿਹਾ ਹੁੰਦਾ ਹੈ ਜਿਹੜਾ ਚੋਣ ਪ੍ਰਚਾਰ ਅਤੇ ਮੀਡੀਆ ਦਾ ਅਸਰ ਕਬੂਲਦਾ ਹੈ। ਉਂਜ, ਹੁਣ ਸਿਆਸੀ ਪਾਰਟੀਆਂ ਜਿਸ ਢੰਗ ਨਾਲ ਮੀਡੀਆ ਬੰਦੋਬਸਤ ਕਰ ਰਹੀਆਂ ਹਨ, ਉਸ ਨਾਲ ਮੀਡੀਆ ਦੀ ਖੁਦਮੁਖਤਾਰੀ ਉਤੇ ਵੀ ਸਵਾਲੀਆ ਨਿਸ਼ਾਨ ਲੱਗ ਰਿਹਾ ਹੈ। ਇਸ ਚੱਕਰਵਿਊ ਵਿਚੋਂ ਨਿਕਲਣ ਲਈ ਫਿਲਹਾਲ ਆਸ ਦੀ ਕੋਈ ਕਿਰਨ ਵੀ ਨਹੀਂ ਦਿਸ ਰਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਅੱਜ ਦਾ ਸੱਚ !*

ਕਿਹਾ ਜਾਂਦਾ ਏ ਚੋਣ ਪ੍ਰਚਾਰ ਜਿਸ ਨੂੰ, ਸਿਆਸੀ ਦਲਾਂ ਦੀ ਹੁੰਦੀ ਏ ਖੱਚ ਯਾਰੋ।
ਵਾਜੇ ਵੱਜਦੇ ਤਾਲ-ਬੇਤਾਲ ਸੁਣ ਕੇ, ਜਨਤਾ ਚਾਂਭਲ ਕੇ ਪੈਂਦੀ ਏ ਨੱਚ ਯਾਰੋ।
ਪਰਖਾਂ ਕਰਨ ਦੀ ਹੋਸ਼ ਨਾ ਰਹਿਣ ਦਿੱਤੀ, ਕਿਹੜਾ ਪੱਕ ਤੇ ਕਿਹੜਾ ਏ ਕੱਚ ਯਾਰੋ।
ਮੰਨਣ ਲੱਗ ਪਏ ਗਧੇ ਨੂੰ ਕਾਮਧੇਨੂ, ਸਾਡੇ ਦੇਸ਼ ਦਾ ਮਰ ਗਿਆ ਮੱਚ ਯਾਰੋ।
ਲੱਗੀ 'ਸੇਲ' ਹੈ ਦੀਨ-ਈਮਾਨ ਵਾਲੀ, ਪਾਇਆ ਲੀਡਰਾਂ ਲੋਕਾਂ ਨੂੰ ਲੱਚ ਯਾਰੋ।
ਗੱਜ ਵੱਜ ਕੇ ਤੋਲਿਆ ਕੁਫ਼ਰ ਜੋ ਵੀ, ਓਹੀਓ ਬਣਦਾ ਏ 'ਅੱਜ ਦਾ ਸੱਚ' ਯਾਰੋ !

## *ਹਾਅ ਦਾ ਨਾਅਰਾ*

# ਅਫਜ਼ਲ ਗੁਰੂ ਨੂੰ ਫਾਂਸੀ ਬਾਰੇ ਰਾਸ਼ਟਰਪਤੀ ਨੂੰ ਖੁੱਲ੍ਹਾ ਖਤ

***ਅਫ਼ਜ਼ਲ ਗੁਰੂ ਨੂੰ ਫਾਂਸੀ ਖਿਲਾਫ 202 ਲੇਖਕਾਂ, ਪੱਤਰਕਾਰਾਂ, ਕਲਾਕਾਰਾਂ, ਅਧਿਆਪਕਾਂ, ਡਾਕਟਰਾਂ ਅਤੇ ਵੱਖ-ਵੱਖ ਖੇਤਰਾਂ ਵਿਚ ਸਰਗਰਮ ਕਾਰਕੁਨਾਂ ਨੇ ਭਾਰਤ ਦੇ ਰਾਸ਼ਟਰਪਤੀ ਨੂੰ ਖੁੱਲ੍ਹਾ ਖਤ ਲਿਖਿਆ ਹੈ। ਇਸ ਖਤ ਵਿਚ ਉਨ੍ਹਾਂ ਤੱਥਾਂ ਵੱਲ ਧਿਆਨ ਦਿਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜਿਹੜੇ ਇਸ ਕੇਸ ਦੀ ਜਾਂਚ-ਪੜਤਾਲ ਦੌਰਾਨ ਉੱਕਾ ਹੀ ਦਰਕਿਨਾਰ ਕਰ ਦਿੱਤੇ ਗਏ। ਅਫ਼ਜ਼ਲ ਗੁਰੂ ਵੱਲੋਂ ਸਪੈਸ਼ਲ ਟਾਸਕ ਫੋਰਸ ਦੇ ਇਕ ਅਹਿਮ ਅਫ਼ਸਰ ਬਾਰੇ ਦਿੱਤੇ ਬਿਆਨ ਬਾਰੇ ਕੋਈ ਪੁਣ-ਛਾਣ ਨਹੀਂ ਸੀ ਕੀਤੀ ਗਈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਅਸੀਂ ਇਹ ਖਤ ਛਾਪ ਰਹੇ ਹਾਂ ਤਾਂ ਕਿ ਮਾਮਲੇ ਬਾਰੇ ਵਧੇਰੇ ਜਾਣਿਆ ਜਾ ਸਕੇ। ਇਸ ਖੁੱਲ੍ਹੇ ਖਤ ਦਾ ਅਨੁਵਾਦ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

ਅਸੀਂ ਤੁਹਾਨੂੰ ਡੂੰਘੇ ਦੁੱਖ, ਨਿਰਾਸ਼ਾ ਪਰ ਗੁੱਸੇ ਨਾਲ ਲਿਖ ਰਹੇ ਹਾਂ। ਸ਼ਨਿਚਰਵਾਰ (9 ਫਰਵਰੀ 2013) ਨੂੰ ਅਫ਼ਜ਼ਲ ਗੁਰੂ ਨੂੰ ਚੁੱਪ-ਚੁਪੀਤੇ ਫਾਂਸੀ ਦੇ ਦਿੱਤੀ ਗਈ। ਫਾਂਸੀ ਦੇਣ ਤੋਂ ਬਾਅਦ ਸਾਨੂੰ ਦੱਸਿਆ ਗਿਆ ਹੈ ਕਿ 3 ਫਰਵਰੀ ਨੂੰ ਅਫ਼ਜ਼ਲ ਗੁਰੂ ਦੀ ਪਤਨੀ ਤਬੱਸੁਮ ਵਲੋਂ ਪਾਈ ਰਹਿਮ ਦੀ ਅਰਜ਼ੀ ਤੁਸੀਂ ਰੱਦ ਕਰ ਦਿੱਤੀ ਸੀ। ਸਾਡਾ ਵਿਸ਼ਵਾਸ ਹੈ ਕਿ ਰਹਿਮ ਦੀ ਅਰਜ਼ੀ ਰੱਦ ਕਰ ਕੇ ਤੁਸੀਂ ਘੋਰ ਗ਼ਲਤੀ ਕੀਤੀ। ਜੇ ਤੁਸੀਂ ਮੁਕੱਦਮੇ ਦੇ ਰਿਕਾਰਡ ਅਤੇ ਸਾਲਾਂ ਬੱਧੀ ਵਕੀਲਾਂ ਤੇ ਸ਼ਹਿਰੀ ਹੱਕਾਂ ਦੇ ਕਾਰਕੁਨਾਂ ਵੱਲੋਂ ਜੁਟਾਏ ਲੰਮੇ ਦਸਤਾਵੇਜ਼ਾਂ, ਜਾਂ ਸੁਪਰੀਮ ਕੋਰਟ ਵਲੋਂ ਅਫ਼ਜ਼ਲ ਨੂੰ ਫਾਂਸੀ ਦੀ ਸਜ਼ਾ ਸੁਣਾਉਣ ਦੇ ਫ਼ੈਸਲੇ ਉੱਪਰ ਗ਼ੌਰ ਫਰਮਾਇਆ ਹੁੰਦਾ, ਤੁਹਾਨੂੰ ਚਾਨਣ ਹੋ ਜਾਣਾ ਸੀ ਕਿ ਉਸ ਨੂੰ ਦੋਸ਼ੀ ਠਹਿਰਾਉਣ ਬਾਰੇ ਸ਼ੱਕ ਜਾਇਜ਼ ਸੀ। ਅਦਾਲਤ ਵਲੋਂ ਅਫ਼ਜ਼ਲ ਨੂੰ ਇਕ ਐਸਾ ਵਕੀਲ ਦੇਣਾ ਜਿਸ ਉੱਪਰ ਉਸ ਨੂੰ ਯਕੀਨ ਹੀ ਨਹੀਂ ਸੀ ਅਤੇ ਜੋ ਅਦਾਲਤ ਪੱਖੀ ਸੀ; ਉਸ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੇ ਸਮੇਂ ਤੋਂ ਲੈ ਕੇ ਅਖੌਤੀ ਇਕਬਾਲੀਆ ਬਿਆਨ ਦਿੱਤੇ ਜਾਣ ਤੱਕ ਕਾਨੂੰਨੀ ਤੌਰ 'ਤੇ ਉਸ ਦਾ ਪੱਖ ਪੇਸ਼ ਕਰਨ ਵਾਲਾ ਕੋਈ ਨਹੀਂ ਸੀ; ਅਦਾਲਤ ਨੇ ਉਸ ਨੂੰ ਜਾਂ ਤਾਂ ਅਦਾਲਤ ਵਲੋਂ ਦਿੱਤਾ ਵਕੀਲ ਪ੍ਰਵਾਨ ਕਰਨ ਜਾਂ ਗਵਾਹਾਂ ਨੂੰ ਖ਼ੁਦ ਹੀ ਸਵਾਲ-ਜਵਾਬ ਕਰਨ ਲਈ ਕਿਹਾ ਗਿਆ। ਇਨ੍ਹਾਂ ਤੱਥਾਂ ਨੂੰ ਦੇਖਦਿਆਂ ਤੁਸੀਂ ਰਹਿਮ ਦੀ ਅਰਜ਼ੀ ਬਾਰੇ ਵਿਚਾਰ ਕਰਦੇ ਸਮੇਂ ਲਾਜ਼ਮੀ ਫ਼ਿਕਰਮੰਦ ਹੋਏ ਹੋਵੋਗੇ।

ਇਕ ਆਤਮ-ਸਮਰਪਣ ਕਰ ਚੁੱਕੇ ਖਾੜਕੂ ਵਜੋਂ ਐੱਸ.ਟੀ.ਐੱਫ. (ਸਪੈਸ਼ਲ ਟਾਸਕ ਫੋਰਸ) ਹੱਥੋਂ ਖੱਜਲਖੁਆਰੀ ਅਤੇ ਤਸ਼ੱਦਦ ਦੇ ਉਸ ਦੇ ਵਿਅਕਤੀਗਤ ਪਿਛੋਕੜ ਬਾਰੇ ਤਫਤੀਸ਼ ਹੋਣੀ ਚਾਹੀਦੀ ਸੀ। ਨਾਲ ਹੀ ਅਦਾਲਤ ਵਿਚ ਉਸ ਵੱਲੋਂ ਦਿੱਤਾ ਬਿਆਨ ਵੀ ਗੌਰ ਕਰਨ ਵਾਲਾ ਸੀ ਕਿ ਉਸ ਨੇ ਸੰਸਦ ਉੱਪਰ ਹਮਲਾ ਕਰਨ ਵਾਲਿਆਂ 'ਚੋਂ ਇਕ ਜਣੇ ਦੀ ਘਰ ਅਤੇ ਕਾਰ ਹਾਸਲ ਕਰਨ 'ਚ ਮਦਦ ਜ਼ਰੂਰ ਕੀਤੀ (ਕਾਰ ਜੋ ਹਮਲੇ 'ਚ ਵਰਤੀ ਗਈ), ਪਰ ਇਹ ਮੱਦਦ ਐੱਸ.ਟੀ.ਐੱਫ ਦੇ ਉਸ ਅਧਿਕਾਰੀ ਦੇ ਹੁਕਮਾਂ 'ਤੇ ਹੀ ਕੀਤੀ ਗਈ ਜਿਸ ਦੀ ਗ੍ਰਿਫ਼ਤ ਵਿਚ ਉਹ ਸੀ। ਅਫਜ਼ਲ ਵੱਲੋਂ ਲਾਏ ਇਹ ਦੋਸ਼ ਭਰਵੀਂ ਤਫ਼ਤੀਸ਼ ਦੀ ਮੰਗ ਕਰਦੇ ਸਨ। ਮੁਲਕ ਦੇ ਲੋਕਾਂ ਨੂੰ ਪਤਾ ਨਹੀਂ ਕਿ ਅਜਿਹੀ ਕੋਈ ਜਾਂਚ ਕਰਵਾਈ ਗਈ ਹੈ।

ਇਹ ਵੀ ਤੱਥ ਹੈ ਕਿ ਸੰਸਦ ਉੱਪਰ ਹਮਲੇ ਦੇ ਜਿਸ ਮਾਮਲੇ ਦੀ ਜਾਂਚ ਅਤੇ ਮੁਕੱਦਮੇ ਦਾ ਬਹੁਤ ਹੋ-ਹੱਲਾ ਮਚਾਇਆ ਗਿਆ, ਉਸ ਦਾ ਸਿੱਟਾ ਦੋ ਵਿਅਕਤੀਆਂ ਨੂੰ ਬਾਇੱਜ਼ਤ ਬਰੀ ਕੀਤੇ ਜਾਣ ਅਤੇ ਇਕ ਨੂੰ ਜੁਰਮ ਦੀ ਜਾਣਕਾਰੀ ਛੁਪਾਉਣ ਦੀ ਸਜ਼ਾ ਸੁਣਾਏ ਜਾਣ 'ਚ ਨਿਕਲਿਆ ਸੀ। ਇਸ ਦਾ ਲਗਭਗ ਅਰਥ ਇਹ ਹੈ ਕਿ ਘੱਟੋ-ਘੱਟ ਇਕ ਬੰਦੇ ਨੂੰ ਮੌਤ ਦੀ ਸਜ਼ਾ ਲਾਜ਼ਮੀ ਦਿੱਤੀ ਜਾਵੇ ਤਾਂ ਜੋ "ਰਾਜ" ਦੀ ਨੁਮਾਇੰਦਗੀ ਕਰਦੇ ਪ੍ਰਤੀਕਾਂ ਨਿਆਂਪਾਲਿਕਾ ਅਤੇ ਵਿਧਾਨ ਮੰਡਲ ਦੀ ਸਰਦਾਰੀ 'ਚ ਅਵਾਮ/ਸਮਾਜ ਦਾ ਵਿਸ਼ਵਾਸ ਬਣਿਆ ਰਹੇ। ਇਹ ਅਜਿਹਾ ਮਾਮਲਾ ਸੀ ਜਿਸ ਵਿਚ ਸਮੇਂ ਦੀ ਹਕੂਮਤ ਨੂੰ ਵੀ ਨਹੀਂ ਸੀ ਲਗਦਾ ਕਿ ਅਫ਼ਜ਼ਲ ਦੋਸ਼ੀ ਸੀ, ਪਰ ਇਸ ਨੂੰ ਇੰਵ ਅਹਿਮ ਮਾਮਲੇ ਵਜੋਂ ਲਿਆ ਗਿਆ ਕਿ ਇਸ ਦੇ ਸਾਰੇ ਦੋਸ਼ੀਆਂ ਨੂੰ ਬਰੀ ਨਹੀਂ ਕੀਤਾ ਜਾ ਸਕਦਾ। ਜਨਾਬ! ਅਸੀਂ ਤੁਹਾਨੂੰ ਲਾਜ਼ਮੀ ਹੀ ਇਹ ਚੇਤੇ ਕਰਾਉਣਾ ਚਾਹੁੰਦੇ ਹਾਂ ਕਿ ਅਫ਼ਜ਼ਲ ਅਤੇ ਸ਼ੌਕਤ ਦੋਵਾਂ ਦੇ ਇਕਬਾਲੀਆ ਬਿਆਨਾਂ ਨੂੰ ਸੁਪਰੀਮ ਕੋਰਟ ਨੇ ਵਗਾਹ ਮਾਰਿਆ ਸੀ ਜੋ ਸਪਸ਼ਟ ਸੰਕੇਤ ਸੀ ਕਿ ਜਾਂਚ ਸਹੀ ਨਹੀਂ ਹੋਈ ਸੀ। ਜਦੋਂ ਅਫ਼ਜ਼ਲ ਗੁਰੂ ਜ਼ਿੰਦਾ ਸੀ, ਉਦੋਂ ਵੀ ਉਸ ਨੂੰ ਕਾਨੂੰਨੀ ਹੱਕਾਂ ਤੋਂ ਵਿਰਵਾ ਕੀਤਾ ਗਿਆ ਅਤੇ ਮੌਤ ਸਮੇਂ ਵੀ। ਸ੍ਰੀਮਾਨ ਜੀ, ਜਿਸ ਵੀ ਸਜ਼ਾ ਪਾ ਚੁੱਕੇ ਬੰਦੇ ਦੀ ਰਹਿਮ ਦੀ ਅਰਜ਼ੀ ਰਾਸ਼ਟਰਪਤੀ ਵਲੋਂ ਰੱਦ ਕਰ ਦਿੱਤੀ ਜਾਂਦੀ ਹੈ, ਉਸ ਨੂੰ ਆਖ਼ਰੀ ਚਾਰਾਜੋਈ ਦਾ ਹੱਕ ਹੁੰਦਾ ਹੈ। ਉਸ ਨੂੰ ਹਾਈ ਕੋਰਟ ਜਾਂ ਸੁਪਰੀਮ ਕੋਰਟ ਵਿਚ ਮੌਤ ਦੀ ਸਜ਼ਾ ਨੂੰ ਨਰਮ ਸਜ਼ਾ 'ਚ ਬਦਲਣ ਲਈ ਜੁਡੀਸ਼ਲ ਰੀਵਿਊ ਜਾਂ ਦੇਰੀ ਨਾਲ ਅਰਜ਼ੀ ਦੇਣ ਦਾ ਸੰਵਿਧਾਨਕ ਹੱਕ ਹੈ। ਸਜ਼ਾਯਾਫ਼ਤਾ ਬੰਦੇ ਦੀ ਸਹਾਇਤਾ ਲਈ ਇਸ ਆਧਾਰ 'ਤੇ ਅਪੀਲ ਦੇ ਹੱਕ ਦੀ ਕਾਨੂੰਨੀ ਵਿਵਸਥਾ ਮੌਜੂਦ ਹੈ ਕਿ ਉਸ ਨੂੰ ਦਿੱਤੀ ਮੌਤ ਦੀ ਸਜ਼ਾ ਦਾ ਸਾਲਾਂ ਬੱਧੀ ਲਟਕਦੇ ਰਹਿਣ ਨਾਲ ਉਸ ਨੂੰ ਸੰਤਾਪ ਅਤੇ ਮਾਨਸਿਕ ਕਸ਼ਟ 'ਚੋਂ ਲੰਘਣਾ ਪੈਂਦਾ ਹੈ। ਅਸੀਂ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਦਾ ਕਥਨ ਹੀ ਦੇ ਰਹੇ ਹਾਂ ਜਿਸ ਨੇ 1988 ਵਿਚ ਕਿਹਾ ਸੀ ਕਿ "ਮੌਤ ਦੀ ਸਜ਼ਾ ਦਿੱਤੇ ਜਾਣ 'ਚ ਨਾ-ਵਾਜਬ ਦੇਰੀ ਦੀ ਵਜ੍ਹਾ ਨਾਲ ਸਜ਼ਾਯਾਫ਼ਤਾ ਬੰਦਾ ਧਾਰਾ-32 ਤਹਿਤ ਇਸ ਅਦਾਲਤ ਤੱਕ ਪਹੁੰਚ ਕਰਨ ਦਾ ਹੱਕਦਾਰ ਹੋਵੇਗਾ"।

ਜੇ ਅਫ਼ਜ਼ਲ ਗੁਰੂ, ਉਸ ਦੇ ਪਰਿਵਾਰ ਅਤੇ ਵਕੀਲਾਂ ਨੂੰ ਉਸ ਦੀ ਰਹਿਮ ਦੀ ਅਰਜ਼ੀ ਰੱਦ ਕੀਤੇ ਜਾਣ ਦੀ ਜਾਣਕਾਰੀ ਦਿੱਤੀ ਗਈ ਹੁੰਦੀ ਤਾਂ ਤੁਹਾਡੇ ਵਲੋਂ ਰਹਿਮ ਦੀ ਅਰਜ਼ੀ ਰੱਦ ਕੀਤੇ ਜਾਣ ਦੇ ਬਾਵਜੂਦ ਹਾਲੇ ਵੀ ਉਹ ਜ਼ਿੰਦਾ ਹੁੰਦਾ; ਪਰ ਸ਼ਾਇਦ ਇਸੇ ਹੀ ਡਰੋਂ ਰਾਜ (ਸਟੇਟ) ਨੇ ਜਿਸ ਦੇ ਤੁਸੀਂ ਮੁਖੀ ਹੋ, ਉਸ ਨੂੰ ਚੁੱਪ-ਚੁਪੀਤੇ ਫਾਹੇ ਲਾ ਦੇਣ ਦੀ ਚੋਣ ਕੀਤੀ। ਇਹ ਮੌਤ ਕਾਨੂੰਨ ਵਲੋਂ ਅਖ਼ਤਿਆਰ ਕੀਤੇ ਰਸਤੇ ਦਾ ਸੁਭਾਵਿਕ ਸਿੱਟਾ ਯਾਨੀ ਇੰਵ ਹੀ ਵਾਪਰਨ ਵਾਲਾ ਮਾਮਲਾ ਨਹੀਂ ਸੀ, ਜਿਵੇਂ ਹਕੂਮਤ ਅਤੇ ਮੀਡੀਆ ਵਲੋਂ ਪੇਸ਼ ਕੀਤਾ ਜਾ ਰਿਹਾ ਹੈ। ਦਰਅਸਲ ਅਫ਼ਜ਼ਲ ਗੁਰੂ ਨੂੰ, ਸਨਕੀ ਤੌਰ 'ਤੇ, ਬੇਰਹਿਮੀ ਨਾਲ ਅਤੇ ਗਿਣ-ਮਿਥ ਕੇ ਜੁਡੀਸ਼ਲ ਚਾਰਾਜੋਈ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਜੋ ਉਸ ਦਾ ਹੱਕ ਬਣਦਾ ਸੀ। ਉਸ ਦੇ ਪਰਿਵਾਰ ਨੂੰ ਇਸ ਦੀ ਇਤਲਾਹ ਨਹੀਂ ਦਿੱਤੀ ਗਈ, ਮਹਿਜ਼ ਇਸ ਕਰ ਕੇ ਨਹੀਂ ਕਿ ਸਾਡਾ ਰਾਜ ਗੁੱਝੇ ਰੂਪ 'ਚ ਜ਼ਾਲਮ ਬਣ ਚੁੱਕਾ ਹੈ-ਇੰਵ ਤਾਂ ਇਹ ਹੈ ਹੀ, ਸਗੋਂ ਇਸ ਕਰ ਕੇ ਵੀ, ਕਿਉਂਕਿ ਇਹ ਨਹੀਂ ਸੀ ਚਾਹੁੰਦਾ ਕਿ ਅਫ਼ਜ਼ਲ ਗੁਰੂ ਆਪਣੇ ਕਾਨੂੰਨੀ ਹੱਕ ਇਸਤੇਮਾਲ ਕਰੇ ਅਤੇ ਫਾਂਸੀ ਤੋਂ ਬਚ ਜਾਵੇ। ਉਸ ਦੀ ਪਤਨੀ ਨੂੰ ਸਪੀਡ ਪੋਸਟ ਰਾਹੀਂ ਇਤਲਾਹ ਭੇਜਣਾ ਕਿ ਉਸ ਦੀ ਰਹਿਮ ਦੀ ਅਰਜ਼ੀ ਰੱਦ ਕਰ ਦਿੱਤੀ ਗਈ ਹੈ, ਮਜ਼ਾਕ ਨਹੀਂ ਤਾਂ ਹੋਰ ਕੀ ਹੈ। ਰਾਜ ਨੇ ਜੋ ਕੁਝ ਕੀਤਾ ਹੈ, ਇਹ ਨਿਰਾ ਸਜ਼ਾਯਾਫਤਾ ਬੰਦੇ ਨੂੰ ਮੌਤ ਦੇ ਘਾਟ ਉਤਾਰਨਾ ਨਹੀਂ ਹੈ; ਇਸ ਨੇ ਅਦਾਲਤੀ ਸੰਸਥਾ ਅਤੇ ਸਾਡੇ ਸੰਵਿਧਾਨ 'ਚ ਇਸ ਸਬੰਧੀ ਦਿੱਤੇ ਹੱਕਾਂ ਨੂੰ ਨਾਜਾਇਜ਼ ਠਹਿਰਾ ਕੇ ਅਵਾਮ ਨਾਲ ਧੋਖਾ ਕੀਤਾ ਹੈ।

ਤੇ ਅਖੀਰ 'ਚ, ਭਾਰਤੀ ਰਾਜ ਨੂੰ ਇਹ ਲਾਜ਼ਮੀ ਦੱਸਣਾ ਹੀ ਪਵੇਗਾ ਕਿ ਇਸ ਨੇ ਅਫ਼ਜ਼ਲ ਗੁਰੂ ਨੂੰ ਉਨ੍ਹਾਂ ਤੋਂ ਪਹਿਲਾਂ ਫਾਹੇ ਲਾਉਣ ਦੀ ਐਨੀ ਫ਼ੁਰਤੀ ਕਿਉਂ ਦਿਖਾਈ ਜਿਨ੍ਹਾਂ ਦੀਆਂ ਰਹਿਮ ਦੀਆਂ ਅਰਜ਼ੀਆਂ ਤੁਹਾਡੇ ਦਫ਼ਤਰ ਵਲੋਂ ਇਸ ਤੋਂ ਪਹਿਲਾਂ ਰੱਦ ਕੀਤੀਆਂ ਗਈਆਂ ਹਨ?

*(13 ਫਰਵਰੀ 2013)*

## ਕਸ਼ਮੀਰ ਵਿਚ ਤਸ਼ੱਦਦ ਮਿਥ ਕੇ ਕੀਤਾ ਜਾ ਰਿਹੈ: ਅਰੁੰਧਤੀ

ਕਸ਼ਮੀਰ ਵਿਚ ਫੌਜੀਆਂ ਵੱਲੋਂ ਜੋ ਤਸ਼ੱਦਦ ਹੋ ਰਿਹਾ ਹੈ, ਉਹ ਕਿਸੇ ਫੌਜੀ ਦਾ ਨਿੱਜੀ ਰਵੱਈਆ ਨਹੀਂ, ਸਗੋਂ ਸੰਸਥਾਈ ਯੋਜਨਾ ਹੈ। ਅਲਜੀਰੀਆ ਜਦੋਂ ਫਰਾਂਸ ਦੀ ਬਸਤੀ ਸੀ, ਉਦੋਂ ਇਕ ਫਰਾਂਸੀਸੀ ਫੌਜੀ ਨੇ ਕਿਹਾ ਸੀ-'ਮੇਰਾ ਕੰਮ ਹੈ, ਮੈਂ ਅਲਜੀਰੀਆ ਵਿਚ ਮਨੁੱਖੀ ਹੱਕ ਚਿੱਥ ਦੇਵਾਂ। ਲੋਕਾਂ ਨੂੰ ਡਰਾ ਕੇ ਰੱਖਾਂ। ਮੈਨੂੰ ਇਹੀ ਪਾਠ ਪੜ੍ਹਾਇਆ ਗਿਆ ਹੈ!' ਸੋ, ਇਸ ਲਈ ਮਨੁੱਖੀ ਹੱਕਾਂ ਦੀ ਉਲੰਘਣਾ ਦਾ ਮਸਲਾ ਕਿਸੇ ਦਾ ਨਿੱਜੀ ਮਾਮਲਾ ਨਹੀਂ ਹੈ।

ਕਸ਼ਮੀਰ ਦੀ ਹਾਲਤ ਬੇਹੱਦ ਮਾੜੀ ਹੈ। ਇਸ ਲਿਹਾਜ਼ ਨਾਲ ਪੀ.ਯੂ.ਡੀ.ਆਰ ਨੇ ਰਿਪੋਰਟ 'ਅਲੈਜਡ ਪਰਪੈਟਰੇਟਰਜ਼' ਤਿਆਰ ਕਰ ਕੇ ਜਿਹੜਾ ਕੰਮ ਕੀਤਾ ਹੈ, ਉਸ ਦੀ ਬੇਹੱਦ ਲੋੜ ਹੈ। ਇਹ ਰਿਪੋਰਟ ਮਹਿਜ਼ ਅੰਕੜੇ ਨਹੀਂ, ਸਗੋਂ ਗੰਭੀਰ ਸਵਾਲ ਉਠਾਉਂਦੀ ਹੈ। ਇਹ ਸਾਨੂੰ ਦੱਸਦੀ ਹੈ ਕਿ ਅਸਲ ਵਿਚ ਫੌਜ ਦਬਦਬੇ ਦਾ ਨਤੀਜਾ ਕਿਸ ਰੂਪ ਵਿਚ ਸਾਹਮਣੇ ਆ ਰਿਹਾ ਹੈ। ਮੈਂ ਕਈ ਵਾਰ ਕਸ਼ਮੀਰ ਗਈ ਹਾਂ ਅਤੇ ਦੇਖਿਆ ਹੈ ਕਿ ਲੋਕਾਂ ਦੀਆਂ ਅੱਖਾਂ ਵਿਚ ਕੀ ਹੈ? ਅਫ਼ਸਪਾ ਵਰਗੇ ਕਾਨੂੰਨ ਦੇ ਸਾਏ ਵਿਚ ਜੀਅ ਰਹੇ ਕਸ਼ਮੀਰ ਵਿਚ ਅੱਤਿਆਚਾਰ ਦੀਆਂ ਕਿਸ ਤਰ੍ਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ, ਇਹ ਸਭ ਹੋਰ ਲੋਕਾਂ ਦੀ ਕਲਪਨਾ ਤੋਂ ਪਰ੍ਹੇ ਦੀ ਗੱਲ ਹੈ। ਕਿਸੇ ਵੀ ਘਰ ਵਿਚ ਚਲੇ ਜਾਉ, ਕਾਗਜ਼ਾਂ ਨਾਲ ਭਰਿਆ ਝੋਲਾ ਤੁਹਾਨੂੰ ਮਿਲ ਜਾਵੇਗਾ। ਲੋਕ ਦੱਸਣਗੇ, 'ਮੈਂ ਇੱਥੇ ਐਫ.ਆਈ.ਆਰ ਕੀਤੀ, ਉੱਥੇ ਅਰਜ਼ੀ ਪਾਈ, ਫਿਰ ਉਪਰ ਗਿਆ, ਅਦਾਲਤਾਂ ਦੇ ਚੱਕਰ ਕੱਟੇ, ਪਰ ਕੁੱਝ ਨਹੀਂ ਬਣਿਆ।' ਅਜਿਹੀ ਨਿਰਾਸ਼ਾ ਹਰ ਘਰ ਵਿਚ ਪਸਰੀ ਮਿਲੇਗੀ। ਰੱਖਿਆ ਬਲਾਂ ਵਲੋਂ ਦਿੱਤੇ ਤਸੀਹਿਆਂ 'ਤੇ ਤਾਂ ਸਵਾਲ ਵੀ ਨਹੀਂ ਉੱਠਦੇ। ਵੱਡੀ ਆਬਾਦੀ ਤਸੀਹੇ ਦੇਣ ਵਾਲਿਆਂ ਦੇ ਚੱਕਰਵਿਊ ਵਿਚ ਫਸੀ ਹੋਈ ਹੈ। ਮੈਨੂੰ ਸੰਸਦ ਭਵਨ 'ਤੇ ਹੋਏ ਹਮਲੇ ਦੇ ਤੁਰੰਤ ਬਾਅਦ ਹੋਏ ਟੀ.ਵੀ. ਸ਼ੋਅ ਦੀ ਯਾਦ ਆ ਰਹੀ ਹੈ ਜਿਹੜੀ ਸ਼ਾਇਦ ਸੀ.ਐਨ.ਐਨ-ਆਈ.ਬੀ.ਐਨ 'ਤੇ ਪ੍ਰਸਾਰਤ ਹੋਈ ਸੀ। ਉਸ ਵਿਚ ਸੀਨੀਅਰ ਪੁਲੀਸ ਅਫਸਰ ਕਹਿ ਰਿਹਾ ਸੀ-'ਹਾਂ, ਅਫ਼ਜ਼ਲ ਗੁਰੂ ਨੂੰ ਮੈਂ ਤਸੀਹੇ ਦਿੱਤੇ, ਮੈਂ ਉਸ ਦੀ ਗੁਦਾ ਵਿਚ ਪੈਟਰੋਲ ਪਾਇਆ, ਮੈਂ ਉਸ ਨੂੰ ਬੇਤਹਾਸ਼ਾ ਕੁੱਟਿਆ, ਪਰ ਅਫ਼ਸੋਸ ਉਸ ਨੇ ਕੁੱਝ ਨਹੀਂ ਕਬੂਲਿਆ।' ਉਸ ਚਰਚਾ ਵਿਚ ਕਈ ਸਿਆਸੀ ਵਿਸ਼ਲੇਸ਼ਕ, ਟਿੱਪਣੀਕਾਰ ਅਤੇ ਪੱਤਰਕਾਰ ਵੀ ਸਨ। ਰਾਜਦੀਪ ਸਰਦੇਸਾਈ ਸ਼ੋਅ, ਐਂਕਰ ਕਰ ਰਹੇ ਸਨ, ਪਰ ਕਿਸੇ ਨੇ ਪੁਲੀਸ ਅਫਸਰ ਦੇ ਕਬੂਲਨਾਮੇ 'ਤੇ ਇਕ ਵੀ ਸ਼ਬਦ ਨਹੀਂ ਕਿਹਾ। ਪੁਲੀਸ ਅਫਸਰ ਨੇ ਦਾਅਵਾ ਕੀਤਾ ਕਿ ਉਸ ਨੇ ਰਾਸ਼ਟਰਹਿਤ ਵਿਚ ਅਜਿਹਾ ਕੀਤਾ ਹੈ। ਇਹ ਰਿਪੋਰਟ ਉਨ੍ਹਾਂ ਲੋਕਾਂ ਲਈ ਹੈ ਜਿਹੜੇ ਸੱਚੀ-ਮੁੱਚੀ ਇਨ੍ਹਾਂ ਤਸੀਹਿਆਂ ਨੂੰ ਪ੍ਰਸੰਗ ਸਮੇਤ ਸਮਝਣਾ ਚਾਹੁੰਦੇ ਹਨ ਕਿ ਲੰਘੇ ਛੇ ਦਹਾਕਿਆਂ ਵਿਚ ਕਸ਼ਮੀਰ 'ਚ ਹੋਇਆ ਕੀ ਹੈ?

*(ਜੰਮੂ ਕਸ਼ਮੀਰ ਵਿਚ ਫੌਜੀਆਂ ਦੇ ਤਸ਼ੱਦਦ ਬਾਰੇ ਰਿਪੋਰਟ 'ਅਲੈਜਡ ਪਰਪੈਟਰੇਟਰਜ਼' ਜਾਰੀ ਕਰਨ ਮੌਕੇ ਅਰੁੰਧਤੀ ਰਾਏ ਦੀ ਤਕਰੀਰ ਦਾ ਸਾਰ। ਪੀ.ਯੂ.ਡੀ.ਆਰ. ਵੱਲੋਂ ਤਿਆਰ ਇਸ ਰਿਪੋਰਟ ਵਿਚ 214 ਘਟਨਾਵਾਂ ਦੇ ਹਵਾਲੇ ਹਨ)*

## ਦੇਸ-ਪਰਦੇਸ

# ਭਾਰਤ ਦੀ 'ਸਮੂਹਕ ਭਾਵਨਾ' ਅਤੇ ਕਸ਼ਮੀਰ ਦਾ ਸਵਾਲ

***ਭਾਰਤ ਸਰਕਾਰ ਨੇ ਕਸ਼ਮੀਰੀ ਨੌਜਵਾਨ ਅਫ਼ਜ਼ਲ ਗੁਰੂ ਨੂੰ ਜਿਸ ਢੰਗ ਨਾਲ ਫਾਂਸੀ ਦਿੱਤੀ ਅਤੇ ਜਿਸ ਤਰ੍ਹਾਂ ਦਾ ਵਿਹਾਰ ਉਸ ਦੇ ਘਰਦਿਆਂ ਨਾਲ ਕੀਤਾ ਗਿਆ ਹੈ, ਉਸ ਬਾਰੇ ਕਈ ਤਰ੍ਹਾਂ ਦੇ ਸਵਾਲ ਉਠ ਖੜ੍ਹੇ ਹੋਏ ਹਨ। ਇਸ ਮਾਮਲੇ 'ਤੇ ਸਰਕਾਰ ਬਹੁਤ ਕਸੂਤੀ ਫਸ ਗਈ ਹੈ। ਹਰ ਸੋਚਵਾਨ ਬੰਦਾ ਸਰਕਾਰ ਦੇ ਇਸ ਵਤੀਰੇ ਨੂੰ ਗਲਤ ਅਤੇ ਅਫ਼ਜ਼ਲ ਦੇ ਪਰਿਵਾਰ ਨਾਲ ਜ਼ਿਆਦਤੀ ਗਰਦਾਨ ਰਿਹਾ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਅਸੀਂ ਕਾਲਮਨਵੀਸ ਬੂਟਾ ਸਿੰਘ ਦਾ ਇਹ ਲੇਖ ਛਾਪ ਰਹੇ ਹਾਂ ਜਿਸ ਵਿਚ ਕਸ਼ਮੀਰ ਅਤੇ ਅਫ਼ਜ਼ਲ ਗੁਰੂ ਦੇ ਕੇਸ ਬਾਰੇ ਪੁਣ-ਛਾਣ ਕੀਤੀ ਗਈ ਹੈ। ਅਫ਼ਜ਼ਲ ਦੇ ਕੇਸ ਦੀਆਂ ਚੋਰ-ਮੋਰੀਆਂ ਬਾਰੇ ਵੀ ਇਸ ਵਿਚ ਵਿਚਾਰਾਂ ਕੀਤੀਆਂ ਗਈਆਂ ਹਨ। -ਸੰਪਾਦਕ***

**ਬੂਟਾ ਸਿੰਘ**
ਫੋਨ:91-94634-74342

9 ਫਰਵਰੀ ਨੂੰ ਸਵੇਰੇ ਅੱਠ ਵਜੇ ਭਾਰਤੀ ਰਾਜ ਨੇ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਕਸ਼ਮੀਰੀ ਨੌਜਵਾਨ ਅਫ਼ਜ਼ਲ ਗੁਰੂ ਦੀ ਜਾਨ ਲੈ ਲਈ। ਉਸ ਉੱਪਰ 13 ਦਸੰਬਰ 2001 ਨੂੰ ਸੰਸਦ ਉੱਪਰ 'ਹਮਲੇ ਦਾ ਮਾਸਟਰਮਾਈਂਡ' ਹੋਣ ਦੇ ਦੋਸ਼ ਹੇਠ ਲੰਮਾ-ਚੌੜਾ ਮੁਕੱਦਮਾ ਚਲਾਇਆ ਗਿਆ ਅਤੇ ਬਿਨਾਂ ਕਿਸੇ ਠੋਸ ਸਬੂਤ ਦੇ ਸਮਾਜ ਦੀ 'ਸਮੂਹਿਕ ਭਾਵਨਾ' ਦੀ ਆੜ ਹੇਠ ਮੌਤ ਦੀ ਸਜ਼ਾ ਦਾ ਹੱਕਦਾਰ ਕਰਾਰ ਦੇ ਦਿੱਤਾ ਗਿਆ। ਉਸ ਨੂੰ ਫਾਂਸੀ ਦੀ ਸਜ਼ਾ ਸੁਣਾਉਂਦੇ ਵਕਤ ਭਾਰਤੀ ਸੁਪਰੀਮ ਕੋਰਟ ਦੇ ਜੱਜਾਂ ਨੇ ਆਪਣੀ ਤੁਅੱਸਬੀ ਜ਼ਹਿਨੀਅਤ ਦਾ ਇਜ਼ਹਾਰ ਕਰਦਿਆਂ ਕਿਹਾ ਸੀ, "ਭਾਰੀ ਨੁਕਸਾਨ ਪਹੁੰਚਾਉਣ ਵਾਲੇ ਅਤੇ ਪੂਰੀ ਕੌਮ ਨੂੰ ਝੰਜੋੜ ਦੇਣ ਵਾਲੇ ਹਮਲੇ ਨੂੰ ਦੇਖਦਿਆਂ ਸਮਾਜ ਦੀ ਸਮੂਹਿਕ ਭਾਵਨਾ ਫਿਰ ਹੀ ਸ਼ਾਂਤ ਹੋਵੇਗੀ ਜੇ ਦੋਸ਼ੀ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ।" ਜੱਜਾਂ ਦਾ ਇਸ਼ਾਰਾ ਸਪਸ਼ਟ ਸੀ ਕਿ ਉਸ ਨੂੰ ਸਜ਼ਾ ਨਿਆਂ ਦੇ ਅਸੂਲ ਦੇ ਆਧਾਰ 'ਤੇ ਨਹੀਂ, ਸਗੋਂ ਅਖੌਤੀ ਸਮੂਹਿਕ ਭਾਵਨਾ ਨੂੰ ਸ਼ਾਂਤ ਕਰਨ ਦੇ ਮਕਸਦ ਨਾਲ ਦਿੱਤੀ ਗਈ ਸੀ।

ਕਸ਼ਮੀਰ ਦੇ ਲੋਕ ਸ਼ੁਰੂ ਤੋਂ ਹੀ ਅਫ਼ਜ਼ਲ ਨੂੰ ਝੂਠੇ ਮੁਕੱਦਮੇ 'ਚ ਫਸਾਉਣ ਵਿਰੁੱਧ ਆਵਾਜ਼ ਉਠਾਉਂਦੇ ਰਹੇ ਹਨ। ਜਮਹੂਰੀ ਤਾਕਤਾਂ ਅਤੇ ਬੁੱਧੀਜੀਵੀ ਵੀ ਮੁਕੱਦਮੇ ਦੇ ਥੋਥ ਨੂੰ ਪਹਿਲੇ ਦਿਨ ਤੋਂ ਹੀ ਰੱਦ ਕਰ ਰਹੇ ਹਨ। (ਇਸੇ ਦਬਾਅ ਦੀ ਬਦੌਲਤ ਹੀ ਨਿਆਂ ਪ੍ਰਣਾਲੀ ਨੂੰ ਪ੍ਰੋਫੈਸਰ ਐੱਸ.ਏ.ਆਰ. ਗਿਲਾਨੀ ਅਤੇ ਅਫ਼ਸਾਂ ਗੁਰੂ ਨੂੰ ਬਰੀ ਕਰਨਾ ਪਿਆ ਸੀ ਅਤੇ ਸ਼ੌਕਤ ਗੁਰੂ ਨੂੰ ਸੁਣਾਈ ਮੌਤ ਦੀ ਸਜ਼ਾ ਦਸ ਸਾਲ ਦੀ ਕੈਦ 'ਚ ਬਦਲਣੀ ਪਈ ਸੀ। ਇਹ ਅਫ਼ਸੋਸਨਾਕ ਹੈ ਕਿ ਜਮਹੂਰੀ ਤਾਕਤਾਂ ਅਫ਼ਜ਼ਲ ਦੀ ਜਾਨ ਬਚਾਉਣ ਲਈ ਇਹ ਜਨਤਕ ਦਬਾਅ ਬਰਕਰਾਰ ਨਹੀਂ ਰੱਖ ਸਕੀਆਂ।) ਹੁਣ ਅਫ਼ਜ਼ਲ ਨੂੰ ਫਾਂਸੀ ਦਿੱਤੇ ਜਾਣ ਖ਼ਿਲਾਫ਼ ਮੁਲਕ ਦੇ 200 ਤੋਂ ਵੱਧ ਬੁੱਧੀਜੀਵੀਆਂ ਨੇ ਰਾਸ਼ਟਰਪਤੀ ਨੂੰ ਖੁੱਲ੍ਹਾ ਖ਼ਤ ਲਿਖ ਕੇ ਭਾਰਤੀ ਰਾਜ ਦੀ ਇਸ ਹਰਕਤ ਨੂੰ 'ਲੋਕਾਂ ਨਾਲ ਫਰਾਡ' ਕਰਾਰ ਦਿੱਤਾ ਹੈ।

ਸਮਾਜ ਦੇ ਸਭ ਤੋਂ ਜਾਗਰੂਕ ਤੇ ਚੇਤੰਨ ਹਿੱਸੇ ਅਫ਼ਜ਼ਲ ਨੂੰ ਦੋਸ਼ੀ ਨਹੀਂ ਮੰਨ ਰਹੇ। ਫਿਰ ਸਮਾਜ ਦੀ ਉਸ ਸਮੂਹਿਕ ਭਾਵਨਾ ਦੀ ਤਰਜਮਾਨੀ ਕਿਹੜੀਆਂ ਤਾਕਤਾਂ ਕਰਦੀਆਂ ਹਨ ਜਿਨ੍ਹਾਂ ਨੂੰ ਸ਼ਾਂਤ ਕਰਨਾ ਸੁਪਰੀਮ ਕੋਰਟ ਦੇ ਜੱਜਾਂ ਦੀਆਂ ਨਜ਼ਰਾਂ 'ਚ ਜ਼ਰੂਰੀ ਸੀ? ਇਸ ਵਿਚ ਉਸ 'ਵੰਨ-ਸੁਵੰਨਤਾ ਦੀ ਏਕਤਾ' ਦੀ ਤਰਜਮਾਨੀ ਕਿਥੇ ਹੈ ਜਿਸ ਨੂੰ ਭਾਰਤੀ ਜਮਹੂਰੀਅਤ ਦਾ ਨਿਆਰਾਪਣ ਦੱਸਿਆ ਜਾਂਦਾ ਹੈ? ਦਰਅਸਲ ਇਹ, ਭਾਰਤੀ ਸਮਾਜ ਦਾ ਫਿਰਕੂ ਜ਼ਹਿਨੀਅਤ 'ਚ ਗ੍ਰਸਿਆ ਉਹ ਹਿੱਸਾ ਹੈ ਜਿਸ ਦਾ ਅਕੀਦਾ ਉੱਚ ਜਾਤੀ ਹਿੰਦੂ ਕੌਮਵਾਦ ਹੈ। ਜੋ ਹਰ ਮੁਸਲਮਾਨ ਨੂੰ ਫਾਂਸੀ ਜਾਂ ਮੌਤ ਦੀ ਸਜ਼ਾ ਦਿੱਤੇ ਜਾਣ 'ਤੇ ਜਸ਼ਨ ਮਨਾਉਂਦਾ ਹੈ, ਜੋ ਹਰ ਮੁਸਲਮਾਨ ਦੇ ਖ਼ੂਨ ਦਾ ਤਿਹਾਇਆ ਹੈ ਅਤੇ ਇਸ ਖ਼ਾਤਰ ਪੁਲਿਸ-ਫ਼ੌਜ ਨੂੰ ਪੂਰੀ ਤਰ੍ਹਾਂ ਬੇਲਗਾਮ ਕਰ ਦੇਣ ਦਾ ਹਾਮੀ ਹੈ (ਹਾਲਾਂਕਿ ਇਨ੍ਹਾਂ ਨੂੰ ਪਹਿਲਾਂ ਹੀ ਐਨੇ ਅਧਿਕਾਰ ਹਨ ਕਿ ਆਰਮਡ ਫੋਰਸਿਜ਼ ਪਾਵਰਜ਼ ਐਕਟ ਤਹਿਤ ਮਨਮਾਨੀਆਂ ਕਰ ਰਹੀ ਭਾਰਤੀ ਫ਼ੌਜ ਦੇ ਘਿਣਾਉਣੇ ਜੁਰਮ ਕਰਨ ਵਾਲੇ ਕਿਸੇ ਇਕ ਵੀ ਅਧਿਕਾਰੀ ਨੂੰ ਪਿਛਲੇ ਪੰਜਾਹ ਸਾਲਾਂ ਵਿਚ ਸਜ਼ਾ ਨਹੀਂ ਹੋਈ)। ਇਸ ਦੀ ਨਜ਼ਰ 'ਚ ਹਰ ਮੁਸਲਮਾਨ ਭਾਰਤੀ ਸਰਜ਼ਮੀਨ ਦਾ ਨਾਜਾਇਜ਼ ਬਾਸ਼ਿੰਦਾ ਹੈ ਤੇ ਉਸ ਦੀ ਹਸਤੀ ਦੇਸ਼ਧ੍ਰੋਹੀ ਹੈ ਅਤੇ ਇਸ ਮੁਲਕ ਪ੍ਰਤੀ ਉਸ ਦੀ ਵਫ਼ਾਦਾਰੀ ਸ਼ੱਕੀ ਹੈ। ਜੋ ਕਸ਼ਮੀਰ ਨੂੰ ਭਾਰਤ ਦਾ 'ਗੌਰਵ' ਦੱਸ ਕੇ ਇਸ ਦੀ ਆਜ਼ਾਦੀ ਦੀ ਆਵਾਜ਼ ਨੂੰ ਵੱਧ ਤੋਂ ਵੱਧ ਫ਼ੌਜੀ ਤਾਕਤ ਲਗਾ ਕੇ ਖ਼ਤਮ ਕਰ ਦੇਣ ਦੀ ਵਕਾਲਤ ਅਕਸਰ ਹੀ ਕਰਦਾ ਹੈ, ਪਰ ਜੋ ਮਾਲੇਗਾਓਂ, ਮੱਕਾ ਮਸਜਿਦ, ਗੁਜਰਾਤ ਦੰਗਿਆਂ, ਸਮਝੌਤਾ ਐਕਸਪ੍ਰੈੱਸ ਜਾਂ ਸਿੱਖਾਂ ਦੀ ਕਤਲੋਗਾਰਤ ਦੇ ਦੋਸ਼ੀਆਂ ਲਈ ਮੌਤ ਦੀ ਸਜ਼ਾ ਦੀ ਮੰਗ ਕਦੇ ਨਹੀਂ ਕਰਦਾ।

ਭਾਰਤ ਦੇ ਮੀਡੀਏ ਦਾ ਇਕ ਹਿੱਸਾ ਵੀ ਭਾਰਤੀ ਰਾਜ ਵਲੋਂ ਫੈਲਾਏ ਜਾ ਰਹੇ ਦਹਿਸ਼ਤਵਾਦ ਦਾ ਹਊਆ ਪ੍ਰਚਾਰਨ, ਮੁਸਲਿਮ ਭਾਈਚਾਰੇ ਪ੍ਰਤੀ ਫਿਰਕੂ ਤੁਅੱਸਬ ਪੈਦਾ ਕਰਨ ਅਤੇ ਕੌਮ ਦੀ ਅਖੌਤੀ ਸਮੂਹਿਕ ਭਾਵਨਾ ਦਾ ਜਨੂੰਨ ਪ੍ਰਚਾਰਨ 'ਚ ਸਿੱਧੇ ਤੌਰ 'ਤੇ ਸ਼ਾਮਲ ਹੈ। ਪਹਿਲਾਂ ਕਸਾਬ ਅਤੇ ਹੁਣ ਅਫ਼ਜ਼ਲ ਨੂੰ ਫਾਂਸੀ ਦੇਣ ਮਗਰੋਂ ਜ਼ਿਆਦਾਤਰ ਟੀ.ਵੀ. ਚੈਨਲਾਂ ਤੋਂ ਵਾਰ ਵਾਰ ਪ੍ਰਸਾਰਤ ਕੀਤੇ ਵਿਸ਼ੇਸ਼ ਖ਼ਬਰ ਬੁਲਿਟਨਾਂ 'ਚ ਉਨ੍ਹਾਂ ਨੂੰ ਮੌਤ ਤੋਂ ਬੁਰੀ ਤਰ੍ਹਾਂ ਭੈਭੀਤ, ਘੋਰ ਪਾਪਾਂ ਦੇ ਪਛਤਾਵੇ ਦਾ ਸੰਤਾਪ ਝੱਲਦੇ ਦੋਸ਼ੀ ਬਣਾ ਕੇ ਪੇਸ਼ ਕੀਤਾ ਗਿਆ; ਜਦਕਿ ਅਫ਼ਜ਼ਲ ਨੂੰ ਬਿਨਾਂ ਕਿਸੇ ਠੋਸ ਸਬੂਤ ਦੇ ਦੋਸ਼ੀ ਠਹਿਰਾਉਣ ਦੇ ਸਭ ਤੋਂ ਅਹਿਮ ਪਹਿਲੂ ਦਾ ਇਸ ਮੀਡੀਆ ਵਲੋਂ ਕਦੇ ਜ਼ਿਕਰ ਤੱਕ ਨਹੀਂ ਕੀਤਾ ਗਿਆ। ਇਸ ਫਾਂਸੀ ਨੂੰ ਜਾਇਜ਼ ਠਹਿਰਾਉਣ ਵਾਲਿਆਂ 'ਚ ਕਮਿਊਨਿਸਟ ਕਹਾਉਣ ਵਾਲੇ ਸੀ.ਪੀ.ਐੱਮ ਦੇ ਚੋਟੀ ਦੇ ਆਗੂ ਵੀ ਸ਼ਾਮਲ ਹਨ ਜੋ 'ਖੱਬੇਪੱਖੀ ਅਤਿਵਾਦ' ਵਿਰੁੱਧ ਭਾਰਤੀ ਰਾਜ ਦੀ ਫ਼ੌਜੀ ਮੁਹਿੰਮ 'ਓਪਰੇਸ਼ਨ ਗ੍ਰੀਨ ਹੰਟ' ਦੀ ਹਮਾਇਤ ਕਰਨ 'ਚ ਵੀ ਸਭ ਤੋਂ ਮੋਹਰੀ ਰਹੇ ਹਨ; ਜਿਨ੍ਹਾਂ ਲਈ ਅਵਾਮ ਦੇ ਹਿੱਤਾਂ ਨਾਲੋਂ ਰਾਜ ਦੀ ਦੰਭੀ ਜਮਹੂਰੀਅਤ ਦੀ ਰਾਖੀ ਵੱਧ ਜ਼ਰੂਰੀ ਹੈ। ਇਸ ਮੁੱਦੇ ਬਾਰੇ ਸੱਜੇਪੱਖੀਆਂ, ਮੱਧਮਾਰਗੀ ਕਾਂਗਰਸ ਅਤੇ 'ਖੱਬੇਪੱਖੀਆਂ' ਦੀ ਇਕਸੁਰਤਾ ਮਹਿਜ਼ ਇਤਫ਼ਾਕ ਨਹੀਂ ਹੈ; ਇਸ ਦੇ ਮਾਇਨੇ ਡੂੰਘੇ ਹਨ। ਸੰਸਦ ਨੂੰ 'ਭਾਰਤੀ ਜਮਹੂਰੀਅਤ ਦਾ ਮੰਦਰ' ਦੱਸਣ ਵਾਲੀਆਂ ਇਹ ਸਾਰੀਆਂ ਤਾਕਤਾਂ ਇਹ ਕਦੇ ਨਹੀਂ ਦੱਸਦੀਆਂ ਕਿ ਇਸ 'ਜਮਹੂਰੀਅਤ' ਦਾ ਕਿਰਦਾਰ ਕੀ ਹੈ! ਸੰਸਦ ਦੇ ਅੰਦਰ ਕਿਸ ਦੇ ਹਿੱਤ 'ਚ ਫ਼ੈਸਲੇ ਕੀਤੇ ਜਾਂਦੇ ਹਨ ਅਤੇ ਇਹ ਕਿਨ੍ਹਾਂ ਤਾਕਤਾਂ ਦੀ ਨੁਮਾਇੰਦਗੀ ਕਰਦੀ ਹੈ। ਕਸਾਬ ਨੂੰ ਫਾਂਸੀ ਦੇਣ ਸਮੇਂ ਤੋਂ ਹੀ ਹਿੰਦੂ ਫਿਰਕਾਪ੍ਰਸਤਾਂ ਅਤੇ ਅੰਨ੍ਹੇ ਕੌਮਵਾਦੀ ਜਨੂੰਨ ਦੇ ਡੰਗੇ ਹੋਰ ਤੱਤਾਂ ਨੇ ਅਫ਼ਜ਼ਲ ਨੂੰ ਛੇਤੀ ਤੋਂ ਛੇਤੀ ਫਾਂਸੀ ਦੇਣ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਸੀ। 'ਤਾਏ ਦੀ ਧੀ ਚੱਲੀ...' ਦੇ ਅਖਾਣ ਅਨੁਸਾਰ ਫਿਰ ਕਾਂਗਰਸੀ ਆਗੂ ਪਿੱਛੇ ਕਿਉਂ ਰਹਿੰਦੇ? ਤਿੰਨ ਮਹੀਨਿਆਂ 'ਚ ਹੀ ਦੋ ਮੁਸਲਮਾਨ ਨੌਜਵਾਨਾਂ ਨੂੰ ਫਾਂਸੀ ਦੇ ਕੇ ਉਹ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਉਹ ਸੰਘ ਪਰਿਵਾਰ ਨਾਲੋਂ ਘੱਟ ਹਿੰਦੂਤਵੀ ਨਹੀਂ ਹਨ। ਕਾਂਗਰਸ ਚਾਹੇ ਧਰਮ-ਨਿਰਪੱਖਤਾ ਦੇ ਲੱਖ ਦਾਅਵੇ ਕਰਦੀ ਰਹੇ, ਪਰ ਜ਼ਿਆਦਾਤਰ ਲੋਕਾਂ ਨੂੰ ਹੁਣ ਕੋਈ ਭੁਲੇਖਾ ਨਹੀਂ ਹੈ ਕਿ ਕੌਮੀ ਜਨੂੰਨ ਭੜਕਾ ਕੇ ਹਿੰਦੂ ਅਵਾਮ ਦੇ ਧਾਰਮਿਕ ਜਜ਼ਬਾਤ ਦਾ ਲਾਹਾ ਲੈਣ ਦੀ ਮੁਕਾਬਲੇਬਾਜ਼ੀ 'ਚ ਇਸ ਦਾ ਕੋਈ ਸਾਨੀ ਨਹੀਂ ਹੈ। ਇਸ ਦਾ ਲੰਮਾ ਇਤਿਹਾਸ ਹੈ। ਪਹਿਲਾਂ ਕਸਾਬ ਅਤੇ ਹੁਣ ਅਫ਼ਜ਼ਲ ਗੁਰੂ ਨੂੰ ਫਾਂਸੀ ਦੇਣ ਪਿੱਛੇ ਜਿਥੇ ਕਾਂਗਰਸ ਪਾਰਟੀ ਦੀਆਂ ਰਾਜਸੀ ਗਿਣਤੀਆਂ-ਮਿਣਤੀਆਂ ਕੰਮ ਕਰਦੀਆਂ ਹਨ, ਉੱਥੇ ਇਸ ਵਿਚ ਵੱਡੀ ਭੂਮਿਕਾ ਹੁਕਮਰਾਨ ਜਮਾਤ ਦੀ ਇਸ ਨੁਮਾਇੰਦਾ ਪਾਰਟੀ ਦੀ ਤੱਤ ਰੂਪ 'ਚ ਫਿਰਕੂ ਫਾਸ਼ੀਵਾਦੀ ਸੋਚ ਦੀ ਹੈ ਜੋ ਭਾਰਤੀ ਰਾਜ ਦੀਆਂ ਨੀਤੀਆਂ ਖ਼ਿਲਾਫ਼ ਉੱਠਣ ਵਾਲੇ ਹਿੰਸਕ ਵਿਰੋਧਾਂ ਦੇ ਮੂਲ ਕਾਰਨਾਂ ਨੂੰ ਮੁਖ਼ਾਤਿਬ ਹੋਣ ਦੀ ਥਾਂ ਇਨ੍ਹਾਂ ਨੂੰ ਨਿਰੋਲ ਅਮਨ-ਕਾਨੂੰਨ ਦੇ ਮਸਲੇ ਬਣਾ ਕੇ ਕੁਚਲਣ ਦੀ ਨੀਤੀ ਦੀ ਧਾਰਨੀ ਹੈ। ਇਹ ਇਨ੍ਹਾਂ ਦੋ ਫਾਂਸੀਆਂ ਜ਼ਰੀਏ ਕਸ਼ਮੀਰੀ ਅਵਾਮ (ਅਤੇ ਨਾਲ ਹੀ ਸਮੁੱਚੇ ਮੁਸਲਿਮ ਭਾਈਚਾਰੇ) ਨੂੰ ਇਹ ਪੈਗ਼ਾਮ ਦੇਣਾ ਚਾਹੁੰਦੀ ਹੈ ਕਿ ਜੇ ਉਹ ਕਸ਼ਮੀਰ ਦੀ ਆਜ਼ਾਦੀ ਦੀ ਮੰਗ ਛੱਡਣ ਲਈ ਤਿਆਰ ਨਹੀਂ ਤਾਂ ਭਾਰਤੀ ਰਾਜ ਵੀ ਇਸ ਦਾ ਜਵਾਬ ਫਾਂਸੀਆਂ ਤੇ ਫ਼ੌਜ ਦੀਆਂ ਮਨਮਾਨੀਆਂ ਰਾਹੀਂ ਦੇਣ ਤੋਂ ਪਿੱਛੇ ਹਟਣ ਵਾਲਾ ਨਹੀਂ ਹੈ।



ਭਾਰਤੀ ਹੁਕਮਰਾਨ ਜਮਾਤ, ਖ਼ਾਸ ਕਰ ਕੇ ਕਾਂਗਰਸ ਦੀ ਲੀਡਰਸ਼ਿਪ, ਜਾਣਦੀ ਹੈ ਕਿ ਨੰਗਾ ਅਨਿਆਂ, ਘੋਰ ਨਾ-ਬਰਾਬਰੀ ਤੇ ਵਿਤਕਰਾ ਇਸ ਰਾਜ ਤੇ ਸਮਾਜ ਦਾ ਜਮਾਂਦਰੂ ਗੁਣ ਹੈ ਜੋ ਬੁਨਿਆਦੀ ਸਮਾਜੀ ਤਬਦੀਲੀ ਨਾਲ ਹੀ ਦੂਰ ਹੋਣਾ ਹੈ। ਉਹ 1947 ਤੋਂ ਹੀ ਵਾਰ ਵਾਰ ਜਨਮ ਲੈਣ ਵਾਲੀ ਸਮਾਜੀ-ਰਾਜਸੀ ਬੇਚੈਨੀ 'ਚ ਇਸ ਫੈਕਟਰ ਦੀ ਬੁਨਿਆਦੀ ਭੂਮਿਕਾ ਨੂੰ ਮੰਨਣ ਤੋਂ ਇਨਕਾਰੀ ਹੈ। ਇਸ ਰਵੱਈਏ ਤਹਿਤ ਕਾਂਗਰਸ ਜਮਹੂਰੀਅਤ, ਧਰਮਨਿਰਪੱਖਤਾ, ਬਰਾਬਰੀ ਤੇ ਸਮਾਜਵਾਦ ਦੇ ਸ਼ਬਦ-ਆਡੰਬਰ ਦੀ ਓਟ 'ਚ ਪੁਲਿਸ-ਫ਼ੌਜ ਉੱਪਰ ਮੁਕੰਮਲ ਟੇਕ ਵਾਲਾ ਤਾਨਾਸ਼ਾਹ, ਕਾਰਪੋਰੇਟ ਹਿੰਦੂ ਰਾਜ ਚਲਾ ਰਹੀ ਹੈ। ਭਾਰਤੀ ਨਿਆਂ ਪ੍ਰਬੰਧ ਦੀ ਧੁਸ ਅਤੇ ਸੁਰ ਵੀ ਰਾਜ ਦੇ ਮੂਲ ਸੁਭਾਅ ਤੋਂ ਵੱਖਰੀ ਨਹੀਂ ਹੈ। ਅਫ਼ਜ਼ਲ ਗੁਰੂ ਵਿਰੁੱਧ ਸੰਸਦ ਉੱਪਰ ਹਮਲੇ ਦਾ ਕੋਈ ਸਿੱਧਾ ਸਬੂਤ ਨਾ ਹੋਣ ਦੇ ਬਾਵਜੂਦ 'ਹਾਲਾਤ ਦੀ ਗਵਾਹੀ' ਅਤੇ 'ਖ਼ਾਸ-ਮਖ਼ਾਸ ਮਾਮਲੇ' ਦੀ ਦਲੀਲ ਦੇ ਕੇ ਉਸ ਦੀ ਜਾਨ ਲੈ ਲਈ ਗਈ। ਇਹ ਨੋਟ ਕਰਨਾ ਹੋਵੇਗਾ ਕਿ 'ਖ਼ਾਸ-ਮਖ਼ਾਸ ਮਾਮਲਿਆਂ' ਦੇ ਨਾਂ ਹੇਠ ਫਾਂਸੀ ਦੇਣ ਦਾ ਰੁਝਾਨ ਜ਼ੋਰ ਫੜ ਰਿਹਾ ਹੈ। ਅਫ਼ਜ਼ਲ ਗੁਰੂ ਦੇ ਬਿਆਨ ਅਨੁਸਾਰ ਸਪੈਸ਼ਲ ਟਾਸਕ ਫੋਰਸ ਦੇ ਜਿਨ੍ਹਾਂ ਸ਼ਖ਼ਸਾਂ ਨੇ ਉਸ ਨੂੰ ਸੰਸਦ ਉੱਪਰ ਹਮਲਾ ਕਰਨ ਵਾਲਿਆਂ ਲਈ ਅੰਬੈਸਡਰ ਕਾਰ ਅਤੇ ਮਕਾਨ ਦਾ ਇੰਤਜ਼ਾਮ ਕਰਨ ਦਾ ਹੁਕਮ ਦਿੱਤਾ ਸੀ, ਉਨ੍ਹਾਂ ਦੀ ਪੜਤਾਲ ਕਰਾਉਣ ਦੀ ਜ਼ਰੂਰਤ ਨਿਆਂ ਪ੍ਰਣਾਲੀ ਨੇ ਉਕਾ ਹੀ ਨਹੀਂ ਸਮਝੀ; ਕਿਉਂਕਿ ਸਹੀ ਜਾਂਚ ਨਾਲ ਇਸ ਹਮਲੇ ਦੇ ਅਸਲ ਸਾਜ਼ਿਸ਼ਘਾੜਿਆਂ ਦੇ ਚਿਹਰੇ ਅਤੇ ਉਨ੍ਹਾਂ ਦਾ ਗੁੱਝਾ ਮਕਸਦ ਨੰਗੇ ਹੋ ਜਾਣੇ ਸਨ। ਜੇ ਅਜਿਹਾ ਨਹੀਂ ਹੋਣ ਦਿੱਤਾ ਗਿਆ ਤਾਂ ਇਸ ਪਿੱਛੇ ਡੂੰਘੀ ਸਾਜ਼ਿਸ਼ ਕੰਮ ਕਰਦੀ ਹੈ, ਇਹ ਮਹਿਜ਼ ਦੋ ਚਾਰ ਜੱਜਾਂ ਦੀ ਭੁੱਲ ਦਾ ਸਵਾਲ ਨਹੀਂ ਹੈ।

ਨਿਆਂ ਦਾ ਤਕਾਜ਼ਾ ਇਹ ਸੀ ਕਿ ਐਨੇ ਗੰਭੀਰ ਦੋਸ਼ ਵਾਲੇ ਮੁਕੱਦਮੇ ਦੀ ਕਾਰਵਾਈ ਬਹੁਤ ਹੀ ਸਾਵਧਾਨੀ ਨਾਲ ਅਤੇ ਸਾਫ਼-ਸੁਥਰੇ ਢੰਗ ਨਾਲ ਚਲਾਈ ਜਾਂਦੀ ਅਤੇ ਅਫ਼ਜ਼ਲ ਨੂੰ ਆਪਣਾ ਪੱਖ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਕਰਨ ਲਈ ਕਿਸੇ ਮਾਹਿਰ ਵਕੀਲ ਦੀ ਸਹੂਲਤ ਮੁਹੱਈਆ ਕਰਾਈ ਜਾਂਦੀ। ਜਦੋਂ ਰਾਸ਼ਟਰਪਤੀ ਵੱਲੋਂ ਉਸ ਦੀ ਰਹਿਮ ਦੀ ਅਪੀਲ ਖਾਰਜ ਕੀਤੀ ਗਈ, ਉਦੋਂ ਉਸ ਨੂੰ ਉੱਚ ਅਦਾਲਤ ਜਾਂ ਸੁਪਰੀਮ ਕੋਰਟ ਵਿਚ ਜੁਡੀਸ਼ਲ ਰੀਵਿਊ ਜਾਂ ਲੇਟ ਪਟੀਸ਼ਨ ਦਾਖ਼ਲ ਕਰ ਕੇ ਮੌਤ ਦੀ ਸਜ਼ਾ ਰੱਦ ਕੀਤੇ ਜਾਣ ਦੀ ਮੰਗ ਕਰਨ ਦਾ ਸੰਵਿਧਾਨਕ ਹੱਕ ਦਿੱਤਾ ਜਾਂਦਾ, ਪਰ ਰਾਜ ਵਲੋਂ ਗਿਣ-ਮਿੱਥ ਕੇ, ਪੂਰੀ ਬੇਰਹਿਮੀ ਨਾਲ ਉਸ ਨੂੰ ਬਣਦੇ ਸੰਵਿਧਾਨਕ ਹੱਕਾਂ ਤੋਂ ਵਿਰਵਾ ਰੱਖਿਆ ਗਿਆ। ਅਜਿਹੇ ਰਾਜ ਤੋਂ ਨਿਆਂ ਦੀ ਉਮੀਦ ਵੀ ਕੀ ਹੋ ਸਕਦੀ ਹੈ ਜੋ ਮੁੱਢਲੀਆਂ ਇਨਸਾਨੀ ਕਦਰਾਂ ਦਾ ਘਾਣ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਜੋ ਫਾਂਸੀ ਦੇਣ ਤੋਂ ਪਹਿਲਾਂ ਅਫ਼ਜ਼ਲ ਦੇ ਪਰਿਵਾਰ ਨੂੰ ਉਸ ਨਾਲ ਆਖ਼ਰੀ ਮੁਲਾਕਾਤ ਕਰਨ ਦਾ ਮਨੁੱਖੀ ਹੱਕ ਵੀ ਪੂਰੀ ਹਕਾਰਤ ਨਾਲ ਖੋਹ ਲੈਂਦਾ ਹੈ। ਜੋ ਫਾਂਸੀ ਦੀ ਇਤਲਾਹ ਵੀ ਵਕਤ ਸਿਰ ਅਤੇ ਭਰੋਸੇਯੋਗ ਤਰੀਕੇ ਨਾਲ ਉਸ ਦੇ ਪਰਿਵਾਰ ਨੂੰ ਨਹੀਂ ਭੇਜਦਾ ਅਤੇ ਉਸ ਦੀ ਜਾਨ ਲੈਣ ਪਿੱਛੋਂ ਦੇਹ ਵੀ ਉਨ੍ਹਾਂ ਦੇ ਸਪੁਰਦ ਕਰਨ ਦੀ ਬਜਾਏ ਜੇਲ੍ਹ ਦੇ ਅਹਾਤੇ ਅੰਦਰ ਖ਼ੁਦ ਹੀ ਦੱਬ ਦਿੰਦਾ ਹੈ। ਇਹ 'ਜਮਹੂਰੀਅਤ' ਤਾਂ ਮੱਧਯੁਗੀ ਰਜਵਾੜਾਸ਼ਾਹੀ ਰਾਜਾਂ ਤੋਂ ਵੀ ਗਈ ਗੁਜ਼ਰੀ ਹੈ ਜੋ ਘੱਟੋਘੱਟ ਸਜ਼ਾਏ-ਮੌਤ ਦਾ ਸਾਹਮਣਾ ਕਰਨ ਵਾਲਿਆਂ ਨੂੰ ਆਪਣੇ ਪਰਿਵਾਰਾਂ ਨਾਲ ਮਿਲਣ ਦੀ ਇਜਾਜ਼ਤ ਤਾਂ ਦੇ ਦਿੰਦੇ ਸਨ!

ਇੱਥੇ ਹੀ ਬਸ ਨਹੀਂ, ਅਫ਼ਜ਼ਲ ਦੀ ਜਾਨ ਲੈਂਦੇ ਸਾਰ ਪੂਰੀ ਕਸ਼ਮੀਰ ਵਾਦੀ ਉੱਪਰ ਕਰਫਿਊ ਥੋਪ ਦਿੱਤਾ ਗਿਆ ਅਤੇ ਅਖ਼ਬਾਰਾਂ, ਟੀ.ਵੀ., ਇੰਟਰਨੈੱਟ ਅਤੇ ਫ਼ੋਨ ਸੇਵਾਵਾਂ ਬੰਦ ਕਰ ਕੇ ਸਮੁੱਚੇ ਖੇਤਰ ਨੂੰ ਬਾਕੀ ਦੁਨੀਆਂ ਨਾਲੋਂ ਮੁਕੰਮਲ ਤੌਰ 'ਤੇ ਅਲੱਗ-ਥਲੱਗ ਕਰ ਦਿੱਤਾ ਗਿਆ (ਜਿਵੇਂ 1984 'ਚ ਸਾਕਾ ਨੀਲਾ ਤਾਰਾ ਸਮੇਂ ਸਮੁੱਚੇ ਪੰਜਾਬ 'ਚ ਕੀਤਾ ਗਿਆ ਸੀ) ਤਾਂ ਜੋ ਅਫ਼ਜ਼ਲ ਦੇ ਕਤਲ ਵਿਰੁੱਧ ਕਸ਼ਮੀਰੀ ਅਵਾਮ ਦਾ ਰੋਹ ਕਰਫ਼ਿਊ ਦੀਆਂ ਫ਼ੌਜੀ ਦੀਵਾਰਾਂ ਨਾਲ ਟਕਰਾ ਕੇ ਉੱਥੇ ਹੀ ਦਮ ਤੋੜਦਾ ਰਹੇ ਅਤੇ ਇਸ ਦੀ ਆਵਾਜ਼ ਬਾਕੀ ਆਲਮ ਤੱਕ ਨਾ ਪਹੁੰਚ ਸਕੇ। ਦਹਿਸ਼ਤਵਾਦ ਵਿਰੁੱਧ ਲੜਾਈ ਦੇ ਦਮਗਜ਼ੇ ਮਾਰਨ ਵਾਲੇ ਹੁਕਮਰਾਨ ਫਾਂਸੀ ਵਿਰੁੱਧ ਸ਼ਾਂਤਮਈ ਰੋਸ ਮੁਜ਼ਾਹਰਿਆਂ ਦੀ ਸੰਭਾਵਨਾ ਤੋਂ ਐਨੇ ਭੈਭੀਤ ਸਨ ਕਿ ਪੂਰੇ ਪੰਜ ਦਿਨ ਕਸ਼ਮੀਰੀ ਅਵਾਮ ਨੂੰ ਘਰਾਂ 'ਚ ਬੰਦ ਰੱਖਿਆ ਗਿਆ। ਫਿਰ ਵੀ ਕਸ਼ਮੀਰੀ ਜਿੱਥੇ ਸੰਭਵ ਹੋਇਆ ਸੜਕਾਂ 'ਤੇ ਆਏ। ਭਾਰਤੀ ਫ਼ੌਜੀ ਤਾਕਤਾਂ ਨਾਲ ਟਕਰਾਅ 'ਚ ਚਾਰ ਕਸ਼ਮੀਰੀ ਮਾਰੇ ਗਏ ਅਤੇ 50 ਤੋਂ ਉੱਪਰ ਜ਼ਖ਼ਮੀ ਹੋਏ।

ਮੀਡੀਆ ਦੀ ਸੰਘੀ ਨੱਪਣਾ ਅਤੇ ਅਵਾਮ ਦੀ ਵਿਚਾਰ ਪ੍ਰਗਟਾਵੇ ਤੇ ਇਕੱਠੇ ਹੋਣ ਦੀ ਆਜ਼ਾਦੀ ਦਾ ਘਾਣ ਕਸ਼ਮੀਰੀਆਂ ਲਈ ਨਵੀਂ ਗੱਲ ਨਹੀਂ ਹੈ। ਉੱਥੇ ਇਹ ਅਕਸਰ ਹੀ ਵਾਪਰਦਾ ਹੈ, ਪਰ ਭਾਰਤੀ ਮੀਡੀਆ 'ਚ ਇਸ ਦੀ ਚਰਚਾ ਕਦੇ ਨਹੀਂ ਹੁੰਦੀ। ਇਸ ਦੀਆਂ ਨਜ਼ਰਾਂ 'ਚ ਆਜ਼ਾਦੀ ਦੀ ਮੰਗ ਜਾਂ ਇਸ ਦੀ ਹਮਾਇਤ 'ਵੱਖਵਾਦੀ' ਗੁਨਾਹ ਹੈ ਜਿਸ ਦੇ ਨਾਂ ਹੇਠ ਕੁਝ ਵੀ ਜਾਇਜ਼ ਹੈ। ਜਿਸ ਦਾ ਨੋਟਿਸ ਲੈਣਾ ਜ਼ਰੂਰੀ ਨਹੀਂ ਹੈ।

ਰਾਜਕੀ ਸਰਪ੍ਰਸਤੀ ਵਾਲੇ ਇਸ ਹਿੰਦੂਤਵੀ ਫਾਸ਼ੀ ਰੁਝਾਨ ਦਾ ਇਕ ਹੋਰ ਰੂਪ ਦਿੱਲੀ ਜੰਤਰ-ਮੰਤਰ ਵਿਖੇ ਸਾਹਮਣੇ ਆਇਆ ਜਿੱਥੇ ਅਫ਼ਜ਼ਲ ਨੂੰ ਫਾਂਸੀ ਦਿੱਤੇ ਜਾਣ ਦੀ ਖ਼ਬਰ ਸੁਣ ਕੇ ਰੋਸ ਪ੍ਰਗਟਾ ਰਹੇ ਕਸ਼ਮੀਰੀ ਵਿਦਿਆਰਥੀਆਂ ਅਤੇ ਜਮਹੂਰੀ ਹੱਕਾਂ ਦੇ ਕਾਰਕੁਨਾਂ ਨਾਲ ਬਜਰੰਗ ਦਲੀਆਂ ਨੇ ਪੁਲਿਸ ਦੀ ਸੁਰੱਖਿਆ ਛੱਤਰੀ ਹੇਠ ਬੇਖੌਫ਼ ਗੁੰਡਾਗਰਦੀ ਕੀਤੀ। ਉਨ੍ਹਾਂ ਨੇ ਨਾ ਸਿਰਫ਼ ਔਰਤ ਪ੍ਰਦਰਸ਼ਨਕਾਰੀਆਂ ਨਾਲ ਅਸ਼ਲੀਲ ਹਰਕਤਾਂ ਕੀਤੀਆਂ, ਸਗੋਂ ਕਸ਼ਮੀਰ ਦੇ ਹੱਕ 'ਚ ਲਗਾਤਾਰ ਆਵਾਜ਼ ਬੁਲੰਦ ਕਰਨ ਵਾਲੀ ਸਤਿਕਾਰਤ ਸ਼ਖਸੀਅਤ ਮਨੁੱਖੀ ਅਧਿਕਾਰ ਕਾਰਕੁਨ ਗੌਤਮ ਨਵਲੱਖਾ ਦੇ ਮੂੰਹ 'ਤੇ ਕਾਲਖ਼ ਵੀ ਮਲੀ। ਉਲਟਾ ਪੁਲਿਸ ਵਲੋਂ ਜਮਹੂਰੀ ਢੰਗ ਨਾਲ ਵਿਖਾਵਾ ਕਰਨ ਵਾਲਿਆਂ ਨੂੰ ਹੀ ਗ੍ਰਿਫ਼ਤਾਰ ਕਰਕੇ ਤੰਗ-ਪ੍ਰੇਸ਼ਾਨ ਕੀਤਾ ਗਿਆ। ਹਕੂਮਤ, ਪੁਲਿਸ ਤੇ ਨਿਆਂ ਪ੍ਰਣਾਲੀ ਸਭ ਲਈ ਇਹ ਮਾਮੂਲੀ ਮਸਲਾ ਸੀ।

ਇਹ ਉਹੀ ਨਿਆਂਪ੍ਰਬੰਧ ਹੈ ਜਿਸ ਨੂੰ ਸਿੱਖ ਜਾਂ ਮੁਸਲਿਮ ਧਾਰਮਿਕ ਘੱਟ-ਗਿਣਤੀਆਂ ਜਾਂ ਕਸ਼ਮੀਰੀ ਅਵਾਮ ਦੀ ਦਹਿ-ਹਜ਼ਾਰਾਂ ਦੀ ਤਦਾਦ 'ਚ ਕਤਲੋਗ਼ਾਰਤ ਕਦੇ ਵੀ 'ਸਮਾਜ ਦੀ ਸਮੂਹਿਕ ਭਾਵਨਾ' ਦਾ ਮਸਲਾ ਨਹੀਂ ਲੱਗੀ। ਮੁਸਲਮਾਨਾਂ ਵਿਰੁੱਧ ਦੰਗਿਆਂ ਦੇ 'ਮਾਸਟਰਮਾਈਂਡ' ਬਾਲ ਠਾਕਰੇ, 3000 ਮੁਸਲਮਾਨਾਂ ਦੇ 'ਮਾਸਟਰਮਾਈਂਡ' ਮੋਦੀ ਜਾਂ ਰਾਜੀਵ ਗਾਂਧੀ ਦੇ ਇਸ਼ਾਰੇ 'ਤੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕਰਾਉਣ ਵਾਲੇ ਕਾਂਗਰਸੀ ਆਗੂਆਂ ਐੱਚ.ਕੇ.ਐੱਲ. ਭਗਤ ਜਾਂ ਸੱਜਣ ਕੁਮਾਰ ਵਰਗਿਆਂ ਦੇ ਨਾਕਾਬਲੇ-ਮੁਆਫ਼ੀ ਜੁਰਮ ਨਿਆਂ ਪ੍ਰਬੰਧ ਨੂੰ ਕਦੇ 'ਖ਼ਾਸ-ਮਖ਼ਾਸ ਮਾਮਲੇ' ਮਹਿਸੂਸ ਨਹੀਂ ਹੋਏ। ਘੱਟ-ਗਿਣਤੀਆਂ, ਕੌਮੀਅਤਾਂ, ਆਦਿਵਾਸੀਆਂ, ਦਲਿਤਾਂ ਅਤੇ ਹੋਰ ਦੱਬੇ-ਕੁਚਲੇ ਲੋਕਾਂ ਦੇ ਸੱਥਰ ਵਿਛਾਉਣ ਵਾਲੇ ਉੱਚ ਜਾਤੀ ਜਾਂ ਹਿੰਦੂਤਵੀ ਗੁੰਡਿਆਂ ਦੇ ਮਾਮਲਿਆਂ 'ਚ ਨਿਆਂ ਪ੍ਰਣਾਲੀ ਨੂੰ ਸਮੂਹਿਕ ਭਾਵਨਾ ਨੂੰ ਸ਼ਾਂਤ ਕਰਨ ਲਈ ਸਖ਼ਤ ਸਜ਼ਾਵਾਂ ਦੇਣਾ ਕਦੇ ਜ਼ਰੂਰੀ ਨਹੀਂ ਲੱਗਿਆ; ਸਗੋਂ ਚਸ਼ਮਦੀਦ ਗਵਾਹਾਂ ਦੀਆਂ ਠੋਸ ਗਵਾਹੀਆਂ ਦੇ ਬਾਵਜੂਦ ਇਸੇ ਨਿਆਂ ਪ੍ਰਬੰਧ ਵਲੋਂ ਇਸ ਸ਼੍ਰੇਣੀ ਦੇ ਜ਼ਿਆਦਾਤਰ ਮੁਜਰਮ 'ਨਾਕਾਫ਼ੀ ਸਬੂਤਾਂ' ਦੇ ਅਧਾਰ 'ਤੇ ਬਰੀ ਕੀਤੇ ਜਾਂਦੇ ਰਹੇ ਹਨ। ਫਾਂਸੀ ਕਿਸੇ ਵੀ ਜੁਰਮ ਦੇ ਬਹਾਨੇ ਦਿੱਤੀ ਗਈ ਹੋਵੇ, ਇਹ ਤੈਅ ਹੈ ਕਿ ਅੱਜ ਤੱਕ ਫਾਂਸੀ ਜਾਂ ਹੋਰ ਸਖ਼ਤ ਸਜ਼ਾਵਾਂ ਦਾ ਸ਼ਿਕਾਰ ਹਮੇਸ਼ਾ ਸਮਾਜ ਦੇ ਨਿਤਾਣੇ ਤੇ ਗ਼ਰੀਬ ਲੋਕ ਜਾਂ ਇਨ੍ਹਾਂ ਦੇ ਹੱਕ 'ਚ ਆਵਾਜ਼ ਉਠਾਉਣ ਵਾਲੇ ਹੀ ਹੁੰਦੇ ਰਹੇ ਹਨ।

ਜੰਮੂ-ਕਸ਼ਮੀਰ ਭਾਰਤੀ 'ਜਮਹੂਰੀਅਤ' ਦੀ ਦਰਿੰਦਗੀ ਦੀ ਇਕ ਉੱਘੜਵੀਂ ਮਿਸਾਲ ਹੈ ਜਿਸ ਨੂੰ ਭਾਰਤ ਦਾ ਹਿੱਸਾ ਬਣਾਈ ਰੱਖਣ ਲਈ ਉੱਥੇ ਬੇਇੰਤਹਾ ਜਬਰ ਢਾਹਿਆ ਜਾ ਰਿਹਾ ਹੈ, ਖ਼ਾਸ ਕਰ ਕੇ 1989 ਤੋਂ ਲੈ ਕੇ। ਫ਼ੌਜੀ ਤਾਕਤ ਦੇ ਜ਼ੋਰ ਇਸ ਦਾ ਭਾਰਤ ਨਾਲ ਸਿਰ-ਨਰੜ ਕਰੀ ਰੱਖਣ ਲਈ ਜਿੱਥੇ 7 ਲੱਖ ਦੇ ਕਰੀਬ ਭਾਰਤੀ ਹਥਿਆਰਬੰਦ ਤਾਕਤਾਂ ਤਾਇਨਾਤ ਹਨ। ਜਿੱਥੇ ਨਵੰਬਰ 2012 ਤੱਕ 8,000 ਬੰਦੇ ਲਾਪਤਾ ਹੋ ਚੁੱਕੇ ਸਨ ਅਤੇ ਸੱਤਰ ਹਜ਼ਾਰ ਤੋਂ ਵੱਧ ਜਾਨਾਂ ਜਾ ਚੁੱਕੀਆਂ ਸਨ। ਜਿੱਥੇ 6000 ਤੋਂ ਵੱਧ ਬੇਨਾਮ ਥੋਕ ਕਬਰਾਂ ਦੀ ਨਿਸ਼ਾਨਦੇਹੀ ਹੋ ਚੁੱਕੀ ਹੈ। ਜਿੱਥੇ ਭਾਰਤੀ ਰਾਜ ਦੀ ਧੱਕੇਸ਼ਾਹੀ ਅਤੇ ਦਹਿਸ਼ਤਗਰਦੀ ਦੇ ਸਤਾਏ ਕਸ਼ਮੀਰੀ ਨੌਜਵਾਨ ਜੇ ਖਾੜਕੂ ਬਣਨ ਤੋਂ ਪਿੱਛੋਂ ਆਤਮ-ਸਮਰਪਣ ਕਰ ਦਿੰਦੇ ਹਨ ਤਾਂ ਵੀ ਰਾਜ ਦੇ ਹਥਿਆਰਬੰਦ ਦਸਤੇ ਉਨ੍ਹਾਂ ਨੂੰ ਆਮ ਜ਼ਿੰਦਗੀ ਜਿਉਣ ਦੀ ਇਜਾਜ਼ਤ ਨਹੀਂ ਦਿੰਦੇ। ਉਨ੍ਹਾਂ ਅੱਗੇ ਸਿਰਫ਼ ਦੋ ਰਾਸਤੇ ਹਨ: ਹਥਿਆਰ ਚੁੱਕ ਕੇ ਭਾਰਤੀ ਫ਼ੌਜ ਨਾਲ ਲੜਨ-ਮਰਨ ਜਾਂ ਫਿਰ ਭਾਰਤੀ ਰਾਜ ਦੇ ਇਸ਼ਾਰੇ 'ਤੇ ਆਪਣਿਆਂ ਦਾ ਘਾਣ ਕਰਨ।

ਅਫ਼ਜ਼ਲ ਗੁਰੂ ਨੂੰ ਫਾਂਸੀ ਦੇ ਕੇ ਭਾਰਤੀ ਹੁਕਮਰਾਨਾਂ ਨੇ ਕਸ਼ਮੀਰ ਦੇ ਅਵਾਮ ਅਤੇ ਮੁਸਲਿਮ ਭਾਈਚਾਰੇ ਨੂੰ ਦਹਿਸ਼ਤਜ਼ਦਾ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਨੂੰ ਭੁੱਲਣਾ ਨਹੀਂ ਚਾਹੀਦਾ ਕਿ 1984 'ਚ ਮਕਬੂਲ ਭੱਟ ਨੂੰ ਫਾਂਸੀ ਦੇਣ ਨੇ ਕਸ਼ਮੀਰੀਆਂ ਦੇ ਰੋਹ ਨੂੰ ਜਰਬਾਂ ਦੇਣ ਦਾ ਕੰਮ ਹੀ ਕੀਤਾ ਸੀ। ਚਾਰ ਦਹਾਕਿਆਂ ਤੋਂ ਚਲਦੀ ਆ ਰਹੀ ਆਜ਼ਾਦੀ ਦੀ ਜਮਹੂਰੀ ਸ਼ਾਂਤਮਈ ਲਹਿਰ ਦਾ ਸਬਰ ਜਵਾਬ ਦੇ ਗਿਆ ਸੀ ਅਤੇ ਇਸ ਨੇ 80ਵਿਆਂ ਦੇ ਅਖ਼ੀਰ 'ਚ ਹਥਿਆਰਬੰਦ ਤਹਿਰੀਕ ਦਾ ਰੂਪ ਅਖ਼ਤਿਆਰ ਕਰ ਲਿਆ ਸੀ। ਅਫ਼ਜ਼ਲ ਗੁਰੂ ਨੂੰ ਫਾਂਸੀ ਵੀ ਕਸ਼ਮੀਰੀਆਂ ਅਤੇ ਸਮੁੱਚੀ ਮੁਸਲਿਮ ਘੱਟ-ਗਿਣਤੀ 'ਚ ਅਲਹਿਦਗੀ ਅਤੇ ਅਸੁਰੱਖਿਆ ਦੀ ਭਾਵਨਾ ਨੂੰ ਹੋਰ ਡੂੰਘਾ ਕਰਨ ਦਾ ਕੰਮ ਹੀ ਕਰੇਗੀ। ਭਾਰਤੀ ਰਾਜ ਦਿਨੋ ਦਿਨ ਫਾਸ਼ੀਵਾਦੀ ਰਾਜ ਵੱਲ ਵਧ ਰਿਹਾ ਹੈ। ਇਨਕਲਾਬੀ ਕਵੀ ਪਾਸ਼ ਨੇ ਕਦੇ ਇਸ ਨੂੰ 'ਗੁੰਡਿਆਂ ਦੀ ਸਲਤਨਤ' ਕਿਹਾ ਸੀ। ਇਸ ਲਈ ਜ਼ਰੂਰੀ ਹੈ ਕਿ ਨਾ ਸਿਰਫ਼ ਉਸ 'ਸਮੂਹਕ ਭਾਵਨਾ' ਤੋਂ ਖ਼ੁਦ ਨੂੰ ਅਲੱਗ ਕਰਨਾ ਜ਼ਰੂਰੀ ਹੈ ਜਿਸ ਦੇ ਨਾਂ 'ਤੇ ਕੌਮੀ ਜਨੂੰਨ ਭੜਕਾ ਕੇ ਭਾਰਤੀ ਹੁਕਮਰਾਨ ਆਪਣਾ ਫਾਸ਼ੀਵਾਦੀ ਏਜੰਡਾ ਅੱਗੇ ਵਧਾ ਰਹੇ ਹਨ, ਸਗੋਂ ਇਸ ਖ਼ਿਲਾਫ਼ ਪ੍ਰਭਾਵਸ਼ਾਲੀ ਜਮਹੂਰੀ ਲਹਿਰ ਖੜ੍ਹੀ ਕਰਨ ਦੀ ਲੋੜ ਹੈ।

# ਹੈਲੀਕਾਪਟਰ ਸੌਦੇ ਦੇ ਸਕੈਂਡਲ ਦਾ ਸੱਚ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

*ਸੀ ਬੀ ਆਈ ਜਾਂਚ ਕਰ ਲਵੇ ਜਾਂ ਪਾਰਲੀਮੈਂਟਰੀ ਕਮੇਟੀ ਜਾਂਚ ਕਰੇ, ਸਿੱਟਾ ਕੋਈ ਕੱਢਣਾ ਹੁੰਦਾ ਤਾਂ ਇਨ੍ਹਾਂ ਦੋਵਾਂ ਦੀ ਜਾਂਚ ਨਾਲ ਬੋਫੋਰਜ਼ ਤੋਪ ਸੌਦੇ ਵਾਲਾ ਵੀ ਨਿਕਲ ਸਕਦਾ ਸੀ, ਪਰ ਅੱਜ ਤੱਕ ਨਹੀਂ ਨਿਕਲਿਆ। ਸਰਕਾਰਾਂ ਬਦਲ ਜਾਂਦੀਆਂ ਹਨ ਤੇ ਜਿਹੜੇ ਆਗੂ ਇਹ ਕਹਿ ਕੇ ਰਾਜ ਸੰਭਾਲਦੇ ਹਨ ਕਿ ਇੱਕ ਮਹੀਨੇ ਦੇ ਅੰਦਰ ਸਾਰਾ ਸੱਚ ਸਾਹਮਣੇ ਲਿਆ ਦਿਆਂਗੇ, ਉਹ ਗੱਦੀ ਦਾ ਨਿੱਘ ਮਾਣ ਕੇ ਸਾਰਾ ਸੱਚ ਢਕਿਆ ਹੀ ਛੱਡ ਕੇ ਤੁਰ ਜਾਂਦੇ ਹਨ, ਕਿਸੇ ਨੇ ਕਦੀ ਬਾਹਰ ਨਹੀਂ ਲਿਆਂਦਾ। ਇਸ ਦਾ ਕਾਰਨ ਹੀ ਇਹ ਸੀ ਕਿ ਭਾਰਤ ਵਿਚ ਇੱਕ ਵੀ ਘੋਟਾਲਾ ਇਹੋ ਜਿਹਾ ਨਹੀਂ ਵਾਪਰਿਆ, ਜਿਸ ਵਿਚ ਸਿਰਫ ਇੱਕ ਧਿਰ ਵਾਲੇ ਸ਼ਾਮਲ ਹੋਣ, ਹਰ ਮਾਮਲੇ ਵਾਂਗ ਇਸ ਹੈਲੀਕਾਪਟਰ ਘੋਟਾਲੇ ਵਿਚ ਵੀ ਦੋਵੇਂ ਪਾਸਿਆਂ ਵਾਲੇ ਸ਼ਾਮਲ ਲੱਭਦੇ ਹਨ।*

ਅਗਲੀਆਂ ਪਾਰਲੀਮੈਂਟ ਚੋਣਾਂ ਤੋਂ ਪਹਿਲਾਂ, ਜਾਂ ਫਿਰ ਪਾਰਲੀਮੈਂਟ ਦੇ ਇੱਕ ਹੋਰ ਬੱਜਟ ਸਮਾਗਮ ਤੋਂ ਪਹਿਲਾਂ, ਭਾਰਤ ਦੀ ਰਾਜਨੀਤੀ ਇੱਕ ਨਵੇਂ ਘੋਟਾਲੇ ਦੀ ਲਪੇਟ ਵਿਚ ਆ ਗਈ ਹੈ। ਇਸ ਵਿਚ ਇੱਕ ਦੂਸਰੇ ਵਿਰੁਧ ਜਿਸ ਤਰ੍ਹਾਂ ਦੂਸ਼ਣਬਾਜ਼ੀ ਸ਼ੁਰੂ ਹੋਈ ਹੈ, ਹਮੇਸ਼ਾ ਵਾਂਗ ਮੁੱਖ ਤੌਰ ਉਤੇ ਰਾਜ ਕਰਦੀ ਧਿਰ ਕਟਹਿਰੇ ਵਿਚ ਵੱਧ ਖੜੀ ਨਜ਼ਰ ਆਈ ਹੈ, ਤੇ ਆਉਣੀ ਵੀ ਚਾਹੀਦੀ ਹੈ, ਪਰ ਇੱਕ ਵਾਰ ਫਿਰ ਮੁੱਖ ਵਿਰੋਧੀ ਧਿਰ ਵੀ ਨਾਲ ਹੀ ਸ਼ੱਕ ਦੇ ਸ਼ੀਸ਼ੇ ਹੇਠ ਆ ਗਈ ਹੈ।

ਜਿਸ ਹੈਲੀਕਾਪਟਰ ਦੀ ਖਰੀਦ ਦਾ ਰੌਲਾ ਪਿਆ ਹੈ, ਤੇ ਜਿਸ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਇਸ ਸੌਦੇ ਦੌਰਾਨ ਮੁਲਕ ਦੀ ਸੁਰੱਖਿਆ ਖਤਰੇ ਵਿਚ ਪਾਈ ਗਈ, ਉਸ ਸੌਦੇ ਦਾ ਇਸ ਦੇਸ਼ ਦੀ ਸੁਰੱਖਿਆ ਨਾਲ ਬਹੁਤਾ ਸਬੰਧ ਮੁੱਢਲੇ ਦਿਨੋਂ ਹੀ ਨਹੀਂ ਸੀ। ਇਹ ਸੌਦਾ ਕਰਨ ਬਾਰੇ ਅਟਲ ਬਿਹਾਰੀ ਵਾਜਪਾਈ ਸਰਕਾਰ ਦੇ ਵਕਤ ਇਹ ਸੋਚ ਕੇ ਗੱਲ ਤੋਰੀ ਗਈ ਸੀ ਕਿ ਸਾਡੇ ਦੇਸ਼ ਦੇ ਅਤਿ ਮਹੱਤਵਪੂਰਨ ਵਿਅਕਤੀਆਂ (ਵੀ ਵੀ ਆਈ ਪੀ) ਵਾਸਤੇ ਵਧੀਆ ਤੇ ਆਰਾਮਦੇਹ ਹੈਲੀਕਾਪਟਰ ਚਾਹੀਦੇ ਹਨ। ਫੌਜੀ ਲੋੜਾਂ ਦੀ ਤਾਂ ਕੋਈ ਸੋਚ ਹੀ ਨਹੀਂ ਸੀ ਸੋਚੀ ਗਈ। ਜਦੋਂ ਅਤਿ ਮਹੱਤਵਪੂਰਨ ਵਿਅਕਤੀਆਂ ਲਈ ਚਾਹੀਦੇ ਸਨ ਤਾਂ ਨਾਲ ਇਹ ਵੀ ਸੋਚ ਲਿਆ ਗਿਆ ਕਿ ਕਦੇ-ਕਦਾਈਂ ਇਨ੍ਹਾਂ ਮਹੱਤਵਪੂਰਨ ਵਿਅਕਤੀਆਂ ਨੂੰ ਕਾਰਗਿਲ ਦੇ ਨੇੜੇ ਦੀਆਂ ਚੋਟੀਆਂ ਉਤੇ ਗੇੜਾ ਮਾਰਨਾ ਪੈ ਸਕਦਾ ਹੈ, ਇਸ ਲਈ ਇਹੋ ਜਿਹੇ ਹੈਲੀਕਾਪਟਰ ਦੀ ਖਰੀਦ ਕੀਤੀ ਜਾਵੇ, ਜਿਹੜਾ ਘੱਟੋ-ਘੱਟ ਅਠਾਰਾਂ ਹਜ਼ਾਰ ਫੁੱਟ ਉਚਾ ਉਡ ਸਕਦਾ ਹੋਵੇ। ਉਸ ਸਰਕਾਰ ਦੇ ਜਿਹੜੇ ਲੋਕ 'ਇੰਡੀਆ ਸ਼ਾਈਨਿੰਗ' ਅਤੇ 'ਭਾਰਤ ਉਦੈ' ਦੇ ਨਾਹਰਿਆਂ ਨਾਲ ਖੁਦ ਹੀ ਇਸ ਤੋਂ ਉਚੇ ਉਡਦੇ ਪਏ ਸਨ, ਉਨ੍ਹਾਂ ਨੇ ਇਸ ਸੌਦੇ ਦਾ ਮੁੱਢ ਬੰਨ੍ਹਿਆ। ਮੁਕਾਬਲੇ ਵਿਚ ਜਿਹੜੀਆਂ ਧਿਰਾਂ ਸ਼ਾਮਲ ਹੋਈਆਂ, ਉਨ੍ਹਾਂ ਵਿਚ ਇਟਲੀ ਦੀ ਉਹ ਕੰਪਨੀ ਮੋਹਰੀ ਨਹੀਂ ਸੀ, ਜਿਹੜੀ ਹੁਣ ਚਰਚਾ ਵਿਚ ਹੈ ਕਿ ਉਸ ਨੇ ਕਿਸੇ ਭਾਰਤੀ ਆਗੂ ਨੂੰ ਰਿਸ਼ਵਤ ਦੇ ਕੇ ਸੌਦਾ ਸਿਰੇ ਚੜ੍ਹਾਇਆ ਹੈ। ਪਹਿਲੀ ਪਰਖ ਵਿਚ ਉਹ ਦੂਜੀਆਂ ਦੋਂਹ ਕੰਪਨੀਆਂ ਤੋਂ ਇਸ ਲਈ ਪੱਛੜ ਗਈ ਕਿ ਜਿੰਨੀ ਉਚਾਈ ਤੱਕ ਉਡਾਰੀ ਦੀ ਮੰਗ ਹੋਈ ਸੀ, ਉਸ ਦਾ ਹੈਲੀਕਾਪਟਰ ਓਨਾ ਉਚਾ ਨਹੀਂ ਸੀ ਉਡ ਸਕਦਾ। ਉਸ ਕੰਪਨੀ ਦੀ ਪਹੁੰਚ ਦਾ ਕਮਾਲ ਜਾਂ ਕਿਸੇ ਹੋਰ ਗਿਣਤੀ-ਮਿਣਤੀ ਕਾਰਨ ਫਿਰ ਨਵੇਂ ਸਿਰਿਓਂ ਉਸ ਦੀ ਉਡਾਰੀ ਦੀ ਹੱਦ ਅਠਾਰਾਂ ਹਜ਼ਾਰ ਫੁੱਟ ਤੋਂ ਘਟਾ ਕੇ ਪੰਦਰਾਂ ਹਜ਼ਾਰ ਫੁੱਟ ਕਰ ਦਿੱਤੀ ਗਈ ਤੇ ਨਵੀਂ ਮੰਗ ਦੇ ਮੁਤਾਬਕ ਉਹ ਇਤਾਲਵੀ ਕੰਪਨੀ ਵੀ ਮੁਕਾਬਲੇਬਾਜ਼ਾਂ ਵਿਚ ਸ਼ਾਮਲ ਹੋ ਗਈ ਸੀ।

ਇਹ ਸਾਰਾ ਕੰਮ ਉਦੋਂ ਹੋਇਆ ਸੀ, ਜਦੋਂ ਭਾਰਤ ਵਿਚ ਉਹ ਸਰਕਾਰ ਨਹੀਂ ਸੀ, ਜਿਸ ਦਾ ਰਿਮੋਟ ਇਟਲੀ ਤੋਂ ਆਈ ਇੱਕ ਬੀਬੀ ਦੇ ਹੱਥਾਂ ਵਿਚ ਹੋਣ ਦਾ ਦੋਸ਼ ਲਾਇਆ ਜਾਂਦਾ ਹੈ, ਸਗੋਂ ਉਨ੍ਹਾਂ ਲੋਕਾਂ ਦੀ ਸਰਕਾਰ ਸੀ, ਜਿਹੜੇ ਇਹ ਨਾਹਰਾ ਲਾ ਕੇ ਅੱਗੇ ਆਏ ਸਨ ਕਿ ਦੇਸ਼ ਦੀ ਅਗਵਾਈ ਇੱਕ ਵਿਦੇਸ਼ੀ ਮੂਲ ਦੀ ਔਰਤ ਦੇ ਹੱਥ ਨਹੀਂ ਜਾਣ ਦੇਣੀ। ਅੱਜ ਜਦੋਂ ਉਹ ਇਹ ਕਹਿੰਦੇ ਹਨ ਕਿ ਸਕੈਂਡਲ ਦੀ ਜਾਂਚ ਇਸ ਲਈ ਅੱਗੇ ਨਹੀਂ ਵਧਾਈ ਜਾਂਦੀ ਕਿ ਇਸ ਦਾ ਸਬੰਧ ਇਟਲੀ ਨਾਲ ਜੁੜਦਾ ਹੈ, ਬਹਾਨੇ ਨਾਲ ਸੋਨੀਆ ਗਾਂਧੀ ਵੱਲ ਇਸ਼ਾਰਾ ਕਰਦੇ ਹਨ, ਤਾਂ ਇਹ ਵੀ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਜਦ ਅਠਾਰਾਂ ਹਜ਼ਾਰ ਫੁੱਟ ਤੋਂ ਵੱਧ ਉਚਾਈ ਦਾ ਪ੍ਰਧਾਨ ਮੰਤਰੀ ਵਾਜਪਾਈ ਗੇੜਾ ਮਾਰ ਚੁੱਕੇ ਸਨ ਤਾਂ ਇਟਲੀ ਦੀ ਕੰਪਨੀ ਨੂੰ ਰਾਹ ਦੇਣ ਲਈ ਉਨ੍ਹਾਂ ਨੇ ਉਡਾਰੀ ਦੀ ਹੱਦ ਅਠਾਰਾਂ ਹਜ਼ਾਰ ਤੋਂ ਘਟਾ ਕੇ ਪੰਦਰਾਂ ਹਜ਼ਾਰ ਫੁੱਟ ਆਪ ਕਿਉਂ ਕਰ ਦਿੱਤੀ ਸੀ?

ਜਦੋਂ ਇਹੋ ਜਿਹੇ ਕਿਸੇ ਵੀ ਸੌਦੇ ਦੀ ਗੱਲ ਹੁੰਦੀ ਹੈ ਤਾਂ ਇਥੋਂ ਸ਼ੁਰੂ ਨਹੀਂ ਕਰਨਾ ਚਾਹੀਦਾ ਕਿ ਇਸ ਨਾਲ ਦੇਸ਼ ਦੀ ਸੁਰੱਖਿਆ ਖਤਰੇ ਵਿਚ ਪੈ ਗਈ ਹੈ। ਸੁਰੱਖਿਆ ਤਾਂ ਉਦੋਂ ਹੀ ਖਤਰੇ ਵਿਚ ਪੈ ਜਾਂਦੀ ਹੈ, ਜਦੋਂ ਅਸੀਂ ਕਿਸੇ ਤੀਸਰੇ ਦੇਸ਼ ਤੋਂ ਮਾਲ ਖਰੀਦਦੇ ਹਾਂ ਤੇ ਉਸ ਨੂੰ ਉਸ ਮਾਲ ਦੇ ਗੁਣਾਂ ਦੇ ਨਾਲ ਔਗੁਣਾਂ ਦਾ ਵੀ ਪਤਾ ਹੁੰਦਾ ਹੈ। ਸਾਨੂੰ ਮਾਲ ਵੇਚਣ ਵਾਲੇ ਸਾਡੇ ਨਾਲ ਵਪਾਰਕ ਸਾਂਝ ਪਾਉਂਦੇ ਹਨ, ਵਫਾਦਾਰੀ ਦੀ ਸਾਂਝ ਨਹੀਂ ਪਾ ਰਹੇ ਹੁੰਦੇ। ਉਹ ਵਪਾਰੀ ਹਨ ਤੇ ਜੇ ਕਿਸੇ ਹੋਰ ਪਾਸੇ ਤੋਂ ਉਸ ਮਾਲ ਦੇ ਔਗੁਣਾਂ ਬਾਰੇ ਪੁੱਛਿਆ ਜਾਵੇ ਤਾਂ ਮੁਨਾਸਬ ਮੁੱਲ ਵੱਟ ਕੇ ਇਹ ਜਾਣਕਾਰੀ ਉਸ ਨੂੰ ਵੀ ਵੇਚ ਸਕਦੇ ਹਨ। ਗੱਲ ਮਾਲ ਦੇ ਗੁਣਾਂ ਦੀ ਵੱਖਰੀ ਕਰਨੀ ਚਾਹੀਦੀ ਹੈ ਤੇ ਕਾਲੀ ਕਮਾਈ ਦੀ ਵੱਖਰੀ।



*ਸਕੈਂਡਲ ਚਰਚਾ ਵਿਚ ਆਇਆ ਹੈਲੀਕਾਪਟਰ*

ਸਵੀਡਨ ਦੀ ਬੋਫੋਰਜ਼ ਕੰਪਨੀ ਦੀ ਹਾਵਿਟਜ਼ਰ ਤੋਪ ਜਦੋਂ ਖਰੀਦੀ ਗਈ ਤਾਂ ਕਿਹਾ ਗਿਆ ਕਿ ਮੁਨਾਫਾ ਕਮਾਉਣ ਦੇ ਚੱਕਰ ਵਿਚ ਰੱਦੀ ਤੋਪ ਖਰੀਦ ਲਈ ਹੈ, ਪਰ ਕਾਰਗਿਲ ਦੀ ਜੰਗ ਵਿਚ ਸਿਰਫ ਉਹੋ ਇੱਕ ਤੋਪ ਕੰਮ ਆਈ ਸੀ, ਜਿਸ ਦੇ ਗੋਲੇ ਨੂੰ ਦਾਗਣ ਵੇਲੇ ਫੌਜ ਦੇ ਜਵਾਨ 'ਰਾਜੀਵ ਗਾਂਧੀ ਜ਼ਿੰਦਾਬਾਦ' ਦਾ ਨਾਹਰਾ ਲਾਉਂਦੇ ਟੀ ਵੀ ਚੈਨਲਾਂ ਉਤੇ ਲੋਕਾਂ ਨੂੰ ਸੁਣਨ ਨੂੰ ਮਿਲੇ ਸਨ। ਬਾਅਦ ਵਿਚ ਬੋਫੋਰਜ਼ ਤੋਪ ਦੇ ਵਿਰੋਧੀਆਂ ਦੀ ਸਰਕਾਰ ਨੂੰ ਉਸੇ ਤੋਪ ਦੇ ਗੋਲੇ ਖਰੀਦਣ ਦਾ ਕੰਮ ਖੜੇ ਪੈਰ ਕਰਨਾ ਪਿਆ ਸੀ, ਜਿਹੜੇ ਕਈ ਸਾਲਾਂ ਤੋਂ ਇਨ੍ਹਾਂ ਵਿਵਾਦਾਂ ਦੇ ਕਾਰਨ ਖਰੀਦੇ ਨਹੀਂ ਸਨ ਜਾ ਰਹੇ। ਪਿਛਲੇ ਸਾਲ ਟਾਟਰਾ ਟਰੱਕਾਂ ਦੀ ਖਰੀਦ ਦਾ ਰੌਲਾ ਪੈ ਗਿਆ। ਅੱਜ ਵੀ ਮੰਨਿਆ ਜਾ ਰਿਹਾ ਹੈ ਕਿ ਉਸ ਟਰੱਕ ਵਰਗੇ ਟਰੱਕ ਲੱਭਣੇ ਔਖੇ ਹਨ, ਪਰ ਦਲਾਲੀ ਦੇ ਰੌਲੇ ਨੇ ਉਹ ਸੌਦਾ ਵੀ ਰੋਕ ਦਿੱਤਾ। ਦਲਾਲਾਂ ਦੇ ਗ.ਲ ਪੈਣਾ ਹੋਰ ਗੱਲ ਸੀ, ਪਰ ਟਰੱਕ ਨੂੰ ਖਰੀਦਣ ਦਾ ਫੈਸਲਾ ਗੁਣ-ਦੋਸ਼ ਦੇ ਆਧਾਰ ਉਤੇ ਹੋਣਾ ਚਾਹੀਦਾ ਸੀ। ਜਦੋਂ ਇਸ ਤਰ੍ਹਾਂ ਦੇ ਦੋਸ਼ਾਂ ਦੇ ਕਾਰਨ ਇਹ ਸੌਦੇ ਰੁਕੀ ਜਾਂਦੇ ਹਨ ਤਾਂ ਦੇਸ਼ ਦੀ ਸੁਰੱਖਿਆ ਇਸ ਨਾਲ ਵੀ ਖਤਰੇ ਵਿਚ ਪੈਂਦੀ ਹੈ।

ਰਹੀ ਗੱਲ ਹੁਣ ਵਾਲੇ ਹੈਲੀਕਾਪਟਰ ਸੌਦੇ ਦੀ, ਇਸ ਵਿਚ ਮੌਜੂਦਾ ਸਰਕਾਰ ਨੂੰ ਕਿਸੇ ਵੀ ਤਰ੍ਹਾਂ ਦੀ ਕਲੀਨ-ਚਿੱਟ ਦੇਣ ਦੀ ਗੱਲ ਜਿਹੜਾ ਵੀ ਕਰੇਗਾ, ਉਹ ਗਲਤ ਕਰ ਰਿਹਾ ਹੋਵੇਗਾ। ਜਦੋਂ ਪਿਛਲੇਰੇ ਸਾਲ ਇਸ ਸੌਦੇ ਬਾਰੇ ਰੌਲਾ ਪੈ ਗਿਆ ਸੀ ਕਿ ਇਸ ਵਿਚ ਲੈਣ-ਦੇਣ ਕੀਤਾ ਗਿਆ ਹੈ ਤਾਂ ਜਿਹੜੀ ਸਪਲਾਈ ਹੁਣ ਰੋਕੀ ਗਈ ਹੈ, ਉਹ ਉਦੋਂ ਹੀ ਰੋਕ ਦੇਣੀ ਚਾਹੀਦੀ ਸੀ। ਭਾਰਤ ਦੀ ਸਰਕਾਰ ਦਾ ਇਨ੍ਹਾਂ ਹੈਲੀਕਾਪਟਰਾਂ ਤੋਂ ਬਿਨਾਂ ਕੰਮ ਰੁਕਦਾ ਨਹੀਂ ਸੀ ਪਿਆ। ਸੌਦੇ ਦੀ ਸਾਰੀ ਜਾਂਚ ਤੋਂ ਬਾਅਦ ਬਾਕੀ ਦੇ ਹੈਲੀਕਾਪਟਰ ਮੰਗਵਾਏ ਜਾ ਸਕਦੇ ਸਨ, ਪਰ ਸਰਕਾਰ ਇਹ ਕਹਿ ਕੇ ਟਾਲਦੀ ਰਹੀ ਕਿ ਜਾਂਚ ਦਾ ਹੁਕਮ ਦੇ ਦਿੱਤਾ ਗਿਆ ਹੈ, ਜਦ ਕਿ ਜਾਂਚ ਕੋਈ ਕਰਵਾਈ ਹੀ ਨਹੀਂ ਸੀ ਗਈ। ਗੱਲ ਮਸਾਂ ਇਹ ਕੀਤੀ ਗਈ ਸੀ ਕਿ ਵਿਦੇਸ਼ ਦੇ ਕੁਝ ਆਪਣੇ ਹਾਈ ਕਮਿਸ਼ਨਾਂ ਤੇ ਦੂਤ-ਘਰਾਂ ਨੂੰ ਚਿੱਠੀਆਂ ਲਿਖ ਕੇ ਇਹ ਕਹਿ ਦਿੱਤਾ ਗਿਆ ਕਿ ਉਹ ਇਸ ਸੌਦੇ ਦੀ ਜਾਂਚ ਬਾਰੇ ਉਥੇ ਜੋ ਕੁਝ ਹੋ ਰਿਹਾ ਹੈ, ਉਸ ਦੀ ਜਾਣਕਾਰੀ ਹਾਸਲ ਕਰ ਕੇ ਭੇਜ ਦੇਣ। ਇਸ ਤੋਂ ਬਾਅਦ ਇੱਕ ਚਿੱਠੀ ਉਸ ਹੈਲੀਕਾਪਟਰ ਵੇਚਣ ਵਾਲੀ ਕੰਪਨੀ ਨੂੰ ਲਿਖ ਦਿੱਤੀ ਕਿ ਸਾਨੂੰ ਪਤਾ ਲੱਗਾ ਹੈ ਕਿ ਸੌਦੇ ਦੇ ਦੌਰਾਨ ਕੁਝ ਲੋਕਾਂ ਨਾਲ ਸ਼ੱਕੀ ਕਿਸਮ ਦਾ ਲੈਣ-ਦੇਣ ਹੋਇਆ ਹੈ, ਜੇ ਕੋਈ ਗੱਲ ਇਹੋ ਜਿਹੀ ਹੋਈ ਹੈ ਤਾਂ ਸਾਨੂੰ ਉਹ ਦੱਸ ਦਿੱਤੀ ਜਾਵੇ। ਕੰਪਨੀ ਨੇ ਇਹ ਗੱਲ ਨਾ ਦੱਸਣੀ ਸੀ ਤੇ ਨਾ ਦੱਸੀ, ਸਗੋਂ ਇਹ ਆਖ ਦਿੱਤਾ ਕਿ ਦੋਸ਼ ਫਾਲਤੂ ਜਿਹੇ ਹਨ, ਇਨ੍ਹਾਂ ਵਿਚ ਕੋਈ ਸੱਚਾਈ ਨਹੀਂ। ਇਸ ਨੂੰ ਜਾਂਚ ਕਰਨਾ ਨਹੀਂ, ਘੱਟੇ-ਕੌਡੀਆਂ ਰੋਲਣਾ ਕਿਹਾ ਜਾਂਦਾ ਹੈ।

ਹੁਣ ਜਦੋਂ ਉਸ ਕੰਪਨੀ ਵੱਲੋਂ ਮਾਲ ਵੇਚਣ ਦੇ ਸਮੇਂ ਦੇ ਮੁੱਖ ਕਾਰਜਕਾਰੀ ਅਧਿਕਾਰੀ ਨੂੰ ਉਥੋਂ ਦੀ ਪੁਲਿਸ ਨੇ ਜਾ ਨੱਪਿਆ ਹੈ, ਸਵਿਟਜ਼ਰਲੈਂਡ ਵਿਚ ਲੁਕੇ ਹੋਏ ਉਸ ਦੇ ਦੋ ਇਤਾਲਵੀ ਸਾਥੀਆਂ ਦੇ ਵਾਰੰਟ ਲੈ ਲਏ ਹਨ ਤੇ ਇੰਗਲੈਂਡ ਦੇ ਇੱਕ ਨਾਗਰਿਕ ਨੂੰ ਫੜਨ ਦਾ ਐਲਾਨ ਕਰ ਦਿੱਤਾ ਹੈ ਤਾਂ ਭਾਰਤ ਸਰਕਾਰ ਵੀ ਜਾਂਚ ਸ਼ੁਰੂ ਕਰ ਬੈਠੀ ਹੈ। ਇਸ ਦੀ ਜਾਂਚ ਕਿਸੇ ਸਿੱਟੇ ਉਤੇ ਪਹੁੰਚੇਗੀ, ਇਸ ਦਾ ਕਿਸੇ ਨੂੰ ਭਰੋਸਾ ਨਹੀਂ। ਸੀ ਬੀ ਆਈ ਜਾਂਚ ਕਰ ਲਵੇ ਜਾਂ ਪਾਰਲੀਮੈਂਟਰੀ ਕਮੇਟੀ ਜਾਂਚ ਕਰੇ, ਸਿੱਟਾ ਕੋਈ ਕੱਢਣਾ ਹੁੰਦਾ ਤਾਂ ਇਨ੍ਹਾਂ ਦੋਵਾਂ ਦੀ ਜਾਂਚ ਨਾਲ ਬੋਫੋਰਜ਼ ਤੋਪ ਸੌਦੇ ਵਾਲਾ ਵੀ ਨਿਕਲ ਸਕਦਾ ਸੀ, ਪਰ ਅੱਜ ਤੱਕ ਨਹੀਂ ਨਿਕਲਿਆ। ਸਰਕਾਰਾਂ ਬਦਲ ਜਾਂਦੀਆਂ ਹਨ ਤੇ ਜਿਹੜੇ ਆਗੂ ਇਹ ਕਹਿ ਕੇ ਰਾਜ ਸੰਭਾਲਦੇ ਹਨ ਕਿ ਇੱਕ ਮਹੀਨੇ ਦੇ ਅੰਦਰ ਸਾਰਾ ਸੱਚ ਸਾਹਮਣੇ ਲਿਆ ਦਿਆਂਗੇ, ਉਹ ਗੱਦੀ ਦਾ ਨਿੱਘ ਮਾਣ ਕੇ ਸਾਰਾ ਸੱਚ ਢਕਿਆ ਹੀ ਛੱਡ ਕੇ ਤੁਰ ਜਾਂਦੇ ਹਨ, ਕਿਸੇ ਨੇ ਕਦੀ ਬਾਹਰ ਨਹੀਂ ਲਿਆਂਦਾ। ਇਸ ਦਾ ਕਾਰਨ ਹੀ ਇਹ ਸੀ ਕਿ ਭਾਰਤ ਵਿਚ ਇੱਕ ਵੀ ਘੋਟਾਲਾ ਇਹੋ ਜਿਹਾ ਨਹੀਂ ਵਾਪਰਿਆ, ਜਿਸ ਵਿਚ ਸਿਰਫ ਇੱਕ ਧਿਰ ਵਾਲੇ ਸ਼ਾਮਲ ਹੋਣ, ਹਰ ਮਾਮਲੇ ਵਾਂਗ ਇਸ ਹੈਲੀਕਾਪਟਰ ਘੋਟਾਲੇ ਵਿਚ ਵੀ ਦੋਵੇਂ ਪਾਸਿਆਂ ਵਾਲੇ ਸ਼ਾਮਲ ਲੱਭਦੇ ਹਨ।

ਹੈਲੀਕਾਪਟਰ ਖਰੀਦਣ ਦਾ ਫੈਸਲਾ ਬਿਨਾਂ ਬਹੁਤੀ ਲੋੜ ਤੋਂ ਵਾਜਪਾਈ ਸਰਕਾਰ ਦੇ ਵਕਤ ਕੀਤਾ ਗਿਆ ਸੀ ਤੇ ਇਸ ਦੀ ਉਡਾਰੀ ਦੀ ਉਚਾਈ ਘਟਾ ਕੇ ਇਟਲੀ ਦੀ ਕੰਪਨੀ ਨੂੰ ਰਾਹ ਵੀ ਉਸ ਸਰਕਾਰ ਦੇ ਵਕਤ ਦਿੱਤਾ ਹੋਣ ਕਰ ਕੇ ਇਸ਼ਾਰਾ ਉਨ੍ਹਾਂ ਵੱਲ ਵੀ ਜਾਂਦਾ ਹੈ। ਬਣ ਚੁੱਕੀ ਫਾਈਲ ਨੂੰ ਅੱਗੇ ਤੋਰ ਕੇ ਅੰਤਮ ਫੈਸਲਾ ਹੁਣ ਵਾਲੀ ਸਰਕਾਰ ਨੇ ਕੀਤਾ ਤੇ ਇਸ ਵਿਚ ਹੋਇਆ ਲੈਣ-ਦੇਣ ਇਸ ਦੇ ਵਕਤ ਵੀ ਹੋਇਆ ਹੋਵੇਗਾ। ਹਵਾਈ ਫੌਜ ਦੇ ਇਸ ਦੌਰਾਨ ਤਿੰਨ ਮੁਖੀ ਲੱਗੇ ਤੇ ਉਨ੍ਹਾਂ ਵਿਚੋਂ ਘੱਟੋ-ਘੱਟ ਦੋਂਹ ਵੱਲ ਉਂਗਲਾਂ ਉਠਣ ਤੋਂ ਪਿੱਛੋਂ ਬਹੁਤਾ ਬੋਝ ਪਿਛਲੇ ਏਅਰ ਚੀਫ ਮਾਰਸ਼ਲ ਐਸ ਪੀ ਤਿਆਗੀ ਉਤੇ ਪੈਂਦਾ ਜਾਪਦਾ ਹੈ। ਤਿਆਗੀ ਦੇ ਤਿੰਨ ਚਚੇਰੇ ਭਰਾ ਇਸ ਸੌਦੇ ਵਿਚ ਦਲਾਲ ਦਾ ਕੰਮ ਕਰਦੇ ਰਹੇ ਸਨ। ਉਹ ਪਹਿਲਾਂ ਉਨ੍ਹਾਂ ਨਾਲ ਸਬੰਧਾਂ ਤੋਂ ਮੁੱਕਰਿਆ, ਫਿਰ ਮਿਲਣੀ ਦੀ ਗੱਲ ਮੰਨਿਆ ਪਰ ਜਦੋਂ ਇਹ ਸਾਰਾ ਕੁਝ ਸਾਹਮਣੇ ਆ ਗਿਆ ਲੱਗਦਾ ਸੀ, ਉਸ ਦੇ ਬਚਾਅ ਉਤੇ ਕੋਈ ਕਾਂਗਰਸੀ ਨਹੀਂ, ਭਾਜਪਾ ਆਗੂ ਤੇ ਵਾਜਪਾਈ ਸਰਕਾਰ ਦੇ ਸਮੇਂ ਦਾ ਵਿਦੇਸ਼ ਮੰਤਰੀ ਜਸਵੰਤ ਸਿੰਘ ਆ ਗਿਆ। ਉਸ ਨੇ ਕਿਹਾ ਕਿ ਹਾਲੇ ਤਾਂ ਇਸ ਨੂੰ ਘੋਟਾਲਾ ਵੀ ਕਹਿਣ ਦਾ ਵਕਤ ਨਹੀਂ ਆਇਆ, ਕਿਉਂਕਿ ਇਸ ਦੀ ਜਾਂਚ ਨਹੀਂ ਹੋਈ ਤੇ ਹਵਾਈ ਫੌਜ ਦੇ ਮੁਖੀ ਨੂੰ ਐਵੇਂ ਬਦਨਾਮ ਨਹੀਂ ਕਰਦੇ ਜਾਣਾ ਚਾਹੀਦਾ। ਭਾਰਤੀ ਜਨਤਾ ਪਾਰਟੀ ਵਿਚ ਜਸਵੰਤ ਸਿੰਘ ਦੇ ਬਿਆਨ ਨਾਲ ਹਲਚਲ ਮਚ ਗਈ। ਬਿਨਾਂ ਦੇਰੀ ਕੀਤੇ ਤੋਂ ਪਾਰਟੀ ਨੇ ਬਿਆਨ ਜਾਰੀ ਕੀਤਾ ਕਿ ਜਸਵੰਤ ਸਿੰਘ ਦੇ ਵਿਚਾਰ ਨਿੰਜੀ ਹਨ, ਪਾਰਟੀ ਇਸ ਨਾਲ ਸਹਿਮਤ ਨਹੀਂ, ਪਰ ਜਸਵੰਤ ਸਿੰਘ ਦੇ ਬਿਆਨ ਦੇ ਪਿੱਛੇ ਲੁਕਿਆ ਨਵਾਂ ਸੱਚ ਓਨੀ ਦੇਰ ਨੂੰ ਸਿਰ ਚੁੱਕ ਚੁੱਕਾ ਸੀ।

ਨਵਾਂ ਸੱਚ ਇਹ ਸਿਰ ਚੁੱਕ ਖੜੋਤਾ ਕਿ ਇਸ ਹੈਲੀਕਾਪਟਰ ਸੌਦੇ ਦੀ ਪੈੜ ਅਟਲ ਬਿਹਾਰੀ ਵਾਜਪਾਈ ਦੇ ਘਰ ਤੱਕ ਪਹੁੰਚ ਰਹੀ ਸੀ। ਹਵਾਈ ਫੌਜ ਦੇ ਸਾਬਕਾ ਮੁਖੀ ਐਸ ਪੀ ਤਿਆਗੀ ਦੇ ਜਿਹੜੇ ਤਿੰਨ ਚਚੇਰੇ ਭਰਾਵਾਂ ਦਾ ਨਾਂ ਦਲਾਲਾਂ ਵਜੋਂ ਸਾਹਮਣੇ ਆਇਆ ਸੀ, ਉਨ੍ਹਾਂ ਵਿਚੋਂ ਇੱਕ ਜਣਾ ਰਾਜੀਵ ਤਿਆਗੀ ਤਾਂ ਵਾਜਪਾਈ ਸਰਕਾਰ ਦੇ ਸਮੇਂ ਵਾਜਪਾਈ ਜੀ ਦੇ ਆਪਣੇ ਚੋਣ ਹਲਕੇ ਦਾ ਇੰਚਾਰਜ ਹੁੰਦਾ ਸੀ ਤੇ ਉਸ ਦਾ ਲਾਲਜੀ ਟੰਡਨ ਤੇ ਰੰਜਨ ਭੱਟਾਚਾਰੀਆ ਨਾਲ ਨੇੜ ਸੀ। ਇਹ ਦੋਵੇਂ ਜਣੇ ਕੌਣ ਸਨ, ਇਹ ਵੀ ਜਾਣ ਲੈਣਾ ਚਾਹੀਦਾ ਹੈ। ਲਾਲਜੀ ਟੰਡਨ ਉਤਰ ਪ੍ਰਦੇਸ਼ ਵਿਚ ਭਾਜਪਾ ਵਿਚ ਵਾਜਪਾਈ ਧੜੇ ਦਾ ਉਹ ਪ੍ਰਤੀਨਿਧ ਸੀ, ਜਿਸ ਦੇ ਰਾਹੀਂ ਭਾਜਪਾ ਨਾਲ ਛੇ-ਛੇ ਮਹੀਨੇ ਰਾਜ ਕਰਨ ਦਾ ਸੌਦਾ ਮਾਰ ਕੇ ਬਸਪਾ ਦੀ ਮੁਖੀ ਮਾਇਆਵਤੀ ਨੇ ਉਥੋਂ ਦੀ ਗੱਦੀ ਸੰਭਾਲੀ ਅਤੇ ਇਸ ਨੂੰ ਰੱਖੜੀ ਬੰਨ੍ਹ ਕੇ ਭਰਾ ਬਣਾਇਆ ਸੀ, ਪਰ ਸਰਕਾਰ ਟੁੱਟ ਜਾਣ ਪਿੱਛੋਂ ਇਸ ਨੂੰ 'ਲਾਲਜੀ ਟੰਡਨ' ਦੀ ਬਜਾਏ 'ਲਾਲਚੀ ਟੰਡਨ' ਆਖ ਕੇ ਭੰਡਿਆ ਸੀ। ਦੂਸਰੇ ਬੰਦੇ ਬਾਰੇ ਹੋਰ ਵੀ ਖਾਸ ਗੱਲ ਇਹ ਹੈ ਕਿ ਵਾਜਪਾਈ ਜੀ ਕੁਆਰੇ ਹਨ ਤੇ ਉਨ੍ਹਾਂ ਨੇ ਇੱਕ ਭਾਣਜੀ ਨੂੰ ਆਪਣੀ ਮੁਤਬੰਨੀ ਧੀ ਬਣਾਇਆ ਹੋਇਆ ਹੈ, ਜਿਸ ਦੇ ਪਤੀ ਦਾ ਨਾਂ ਰੰਜਨ ਭੱਟਾਚਾਰੀਆ ਹੈ। ਚਰਚਾ ਛਿੜਨ ਤੋਂ ਬਾਅਦ ਭੱਟਚਾਰੀਆ ਮੰਨ ਗਿਆ ਹੈ ਕਿ ਵਾਜਪਾਈ ਦੇ ਚੋਣ ਹਲਕੇ ਦੇ ਇੰਚਾਰਜ ਵਜੋਂ ਰਾਜੀਵ ਤਿਆਗੀ ਉਸ ਨਾਲ ਮਿਲਦਾ ਰਿਹਾ ਹੈ। ਜਸਵੰਤ ਸਿੰਘ ਵੀ ਵਾਜਪਾਈ ਧੜੇ ਦਾ ਹੋਣ ਕਰ ਕੇ ਉਸ ਨੂੰ ਐਸ ਪੀ ਤਿਆਗੀ ਦਾ ਬਚਾਅ ਇਸ ਲਈ ਕਰਨਾ ਪਿਆ ਹੈ ਕਿ ਇਸ ਤੋਂ ਬਾਅਦ ਗੱਲ ਰਾਜੀਵ ਤਿਆਗੀ ਤੱਕ ਆਊਗੀ ਤੇ ਜੇ ਉਹਦੇ ਤੱਕ ਆਈ ਤਾਂ ਰੰਜਨ ਭੱਟਾਚਾਰੀਆ ਤੱਕ ਵੀ ਆ ਸਕਦੀ ਹੈ।

ਦੂਸਰਾ ਪਾਸਾ ਇਹ ਹੈ ਕਿ ਭਾਰਤ ਦਾ ਵਿਦੇਸ਼ ਸਕੱਤਰ ਰਹਿ ਚੁੱਕੇ ਐਸ ਕੇ ਸਿੰਘ ਦੇ ਪੁੱਤਰ ਕਨਿਸ਼ਕ ਸਿੰਘ ਦਾ ਨਾਂ ਵੀ ਇਸ ਲੈਣ-ਦੇਣ ਵਿਚ ਆ ਗਿਆ ਹੈ। ਕਨਿਸ਼ਕ ਸਿੰਘ ਨੂੰ ਰਾਹੁਲ ਗਾਂਧੀ ਦੀ ਟੀਮ ਵਿਚ ਗਿਣਿਆ ਜਾਂਦਾ ਹੈ। ਭਾਜਪਾ ਆਗੂ ਕਿਰੀਟ ਸੋਮਈਆ ਨੇ ਚਿੱਠੀ ਲਿਖ ਕੇ ਉਸ ਦੇ ਖਿਲਾਫ ਜਾਂਚ ਦੀ ਮੰਗ ਕਰਦਿਆਂ ਦੱਸ ਦਿੱਤਾ ਹੈ ਕਿ ਚੰਡੀਗੜ੍ਹ ਵਿਚ ਜਿਹੜੀ ਕੰਪਨੀ ਬਣਾ ਕੇ ਲੈਣ-ਦੇਣ ਹੋਇਆ, ਰਾਹੁਲ ਗਾਂਧੀ ਦਾ ਨੇੜੂ ਕਨਿਸ਼ਕ ਸਿੰਘ ਉਸ ਨਾਲ ਜੁੜਿਆ ਰਿਹਾ ਹੈ। ਕਨਿਸ਼ਕ ਸਿੰਘ ਇਸ ਤੋਂ ਇਨਕਾਰ ਨਹੀਂ ਕਰ ਸਕਦਾ। ਇਸ ਚਿੱਠੀ ਨੇ ਰਾਹੁਲ ਗਾਂਧੀ ਦੀ ਮੁਸ਼ਕਲ ਜਿੰਨੀ ਵੀ ਵਧਾ ਦਿੱਤੀ ਹੋਵੇ, ਉਸ ਤੋਂ ਵੱਧ ਸੌਖ ਆਮ ਲੋਕਾਂ ਲਈ ਇਹ ਸਮਝਣ ਦੇ ਪੱਖ ਤੋਂ ਪੈਦਾ ਕਰ ਦਿੱਤੀ ਹੈ ਕਿ ਇਹ ਕੇਸ ਦੂਸਰਾ 'ਬੋਫੋਰਜ਼ ਕੇਸ' ਹੈ। ਬੋਫੋਰਜ਼ ਕੇਸ ਵਿਚ ਇੱਕ ਓਤਾਵੀਓ ਕੁਆਤਰੋਚੀ ਦਾ ਨਾਂ ਆਇਆ ਸੀ, ਜਿਹੜਾ ਰਾਜੀਵ ਗਾਂਧੀ ਅਤੇ ਸੋਨੀਆ ਗਾਂਧੀ ਦਾ ਪਰਿਵਾਰਕ ਮਿੱਤਰ ਸੀ, ਪਰ ਉਸੇ ਸੌਦੇ ਵਿਚ ਉਸ ਦੇ ਸਾਥੀ ਤਿੰਨ ਹਿੰਦੂਜਾ ਭਰਾ ਬਣੇ ਸਨ, ਜਿਹੜੇ ਅਟਲ ਬਿਹਾਰੀ ਵਾਜਪਾਈ ਦੇ ਮਿੱਤਰ ਸਨ। ਵਾਜਪਾਈ ਸਰਕਾਰ ਦੇ ਵਕਤ ਜਦੋਂ ਕੁਆਤਰੋਚੀ ਦੇ ਪਿੱਛੇ ਸੀ ਬੀ ਆਈ ਲੱਗੀ ਹੋਈ ਸੀ, ਉਦੋਂ ਹਿੰਦੂਜਾ ਭਰਾਵਾਂ ਦੇ ਖਿਲਾਫ ਕੇਸ ਦਿੱਲੀ ਵਿਚ ਖਾਰਜ ਹੋਣ ਦਿੱਤਾ ਗਿਆ ਸੀ। ਇਹ ਮਿਲੀਭੁਗਤ ਤੋਂ ਬਿਨਾਂ ਨਹੀਂ ਸੀ ਹੋ ਸਕਦਾ।

ਜਿਵੇਂ ਉਦੋਂ ਤੋਪ ਸੌਦੇ ਦੀ ਮਲਾਈ ਚੱਟਣ ਵਿਚ ਦੋਵਾਂ ਮੁੱਖ ਰਾਜਸੀ ਧਿਰਾਂ ਦੇ ਕੁਝ ਲੋਕ ਸ਼ਾਮਲ ਨਿਕਲਦੇ ਸਨ, ਉਵੇਂ ਹੀ ਹੁਣ ਵੀ ਦੇਸ਼ ਦੀ ਰਾਜ ਕਰਦੀ ਅਤੇ ਰਾਜ ਕਰਨ ਲਈ ਤਾਂਘ ਰਹੀ ਦੋਵਾਂ ਧਿਰਾਂ ਵਿਚ ਉਹ ਲੋਕ ਬੈਠੇ ਦਿਖਾਈ ਦਿੰਦੇ ਹਨ, ਜਿਨ੍ਹਾਂ ਨੇ ਹੈਲੀਕਾਪਟਰ ਸੌਦੇ ਵਿਚ ਇੱਕ ਵਿਦੇਸ਼ੀ ਕੰਪਨੀ ਦੇ ਕਾਰਿੰਦੇ ਦੀ ਭੂਮਿਕਾ ਨਿਭਾਈ ਤੇ ਮਾਲ ਕਮਾਇਆ ਹੋਇਆ ਹੈ।

## ਸ਼ਾਵੇਜ਼ ਦੀ ਸਿਹਤ ਬਾਰੇ ਸੱਚ ਛੁਪਾਉਣ ਦਾ ਦੋਸ਼

**ਕਰਾਕਸ:** ਵੈਨਜ਼ੂਏਲਾ ਵਿਚ ਵਿਰੋਧੀ ਧਿਰ ਦੇ ਨੇਤਾ ਹੈਨਰਿਕ ਕੈਪਰਾਇਲਜ਼ ਨੇ ਇਕ ਵਾਰ ਫਿਰ ਸਰਕਾਰ 'ਤੇ ਦੋਸ਼ ਲਾਏ ਹਨ ਕਿ ਇਹ ਕੈਂਸਰ ਤੋਂ ਪੀੜਤ ਰਾਸ਼ਟਰਪਤੀ ਹਿਊਗੋ ਸ਼ਾਵੇਜ਼ ਦੀ ਸਿਹਤ ਬਾਰੇ ਝੂਠ ਬੋਲ ਰਹੀ ਹੈ। ਸ਼ਾਵੇਜ਼ ਇਸ ਵੇਲੇ ਕਿਊਬਾ ਵਿਚ ਤਕੜਾ ਹੋ ਰਿਹਾ ਹੈ। ਕੈਪਰਾਇਲਜ਼ ਨੇ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਸੰਭਵ ਹੈ ਕਿ ਪਿਛਲੇ ਦੋ ਮਹੀਨਿਆਂ ਤੋਂ ਸਰਕਾਰ, ਰਾਸ਼ਟਰਪਤੀ ਦੀ ਸਿਹਤ ਬਾਰੇ ਲੋਕਾਂ ਕੋਲ ਝੂਠ ਬੋਲ ਰਹੀ ਹੋਵੇ।

ਉਨ੍ਹਾਂ ਕਿਹਾ ਕਿ ਸਰਕਾਰ ਪਹਿਲਾਂ ਹੀ ਕਰਾਕਸ ਵਿਚ ਇਹ ਝੂਠ ਬੋਲ ਰਹੀ ਹੈ ਕਿ ਕੌਮੀ ਮੁਦਰਾ ਦੀ ਕੀਮਤ ਘਟਾਈ ਨਹੀਂ ਜਾਵੇਗੀ ਜਦਕਿ ਮੁਦਰਾ ਦੀ ਕੀਮਤ 30 ਫੀਸਦੀ ਘਟਾਉਣ ਦਾ ਐਲਾਨ ਕਰ ਦਿੱਤਾ ਗਿਆ ਜੋ ਲਾਗੂ ਹੋ ਚੁੱਕਿਆ ਹੈ।

ਵਿਰੋਧੀ ਆਗੂ ਅਨੁਸਾਰ ਜੇਕਰ ਕੋਈ ਵਿਅਕਤੀ ਦਸਤਾਵੇਜ਼ਾਂ 'ਤੇ ਦਸਤਖ਼ਤ ਕਰ ਸਕਦਾ ਹੈ ਤਾਂ ਉਹ ਮੁਲਕ ਨਾਲ ਗੱਲ ਕਿਉਂ ਨਹੀਂ ਕਰ ਸਕਦਾ? ਉਸ ਨੇ ਦਾਅਵਾ ਕੀਤਾ ਕਿ ਸੱਚਾਈ ਇਹ ਹੈ ਕਿ ਰਾਸ਼ਟਰਪਤੀ ਨਾ ਬੋਲ ਰਿਹਾ ਹੈ ਤੇ ਨਾ ਹੀ ਦਸਤਾਵੇਜ਼ਾਂ 'ਤੇ ਹਸਤਾਖਰ ਕਰ ਰਿਹਾ ਹੈ। 11 ਦਸੰਬਰ ਨੂੰ ਹਵਾਨਾ ਵਿਚ ਕੈਂਸਰ ਦੇ ਇਲਾਜ ਲਈ ਅਪਰੇਸ਼ਨ ਤੋਂ ਮਗਰੋਂ 58 ਸਾਲਾ ਸ਼ਾਵੇਜ਼ ਨੂੰ ਦੇਖਿਆ-ਸੁਣਿਆ ਨਹੀਂ ਗਿਆ ਹੈ। ਸ਼ਾਵੇਜ਼ ਦੇਸ਼ ਵਿਚ 1999 ਤੋਂ ਸੱਤਾ ਵਿਚ ਹੈ।

## ਇਰਾਨ ਨੂੰ ਪਰਮਾਣੂ ਪ੍ਰੋਗਰਾਮ ਛੱਡਣ ਲਈ ਭਾਰਤ ਮਨਾਏ: ਫਰਾਂਸ

**ਨਵੀਂ ਦਿੱਲੀ:** ਫਰਾਂਸ ਨੇ ਭਾਰਤ ਨੂੰ ਕਿਹਾ ਹੈ ਕਿ ਉਹ ਆਪਣੇ 'ਨੇੜਲੇ ਮਿੱਤਰ' ਇਰਾਨ ਨੂੰ ਪਰਮਾਣੂ ਪ੍ਰੋਗਰਾਮ ਬੰਦ ਕਰਨ ਤੇ ਪਰਮਾਣੂ ਅਪਸਾਰ ਬਾਰੇ ਕੌਮਾਂਤਰੀ ਨਿਯਮਾਂ ਦਾ ਸਤਿਕਾਰ ਕਰਨ ਲਈ ਰਾਜ਼ੀ ਕਰੇ। ਇਸੇ ਨਾਲ ਫਰਾਂਸ ਨੇ ਭਾਰਤ ਨਾਲ ਸ਼ਾਂਤੀ ਕੰਮਾਂ ਲਈ ਪਰਮਾਣੂ ਸਹਿਯੋਗ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਭਾਰਤ ਦੇ ਦੌਰੇ ਦੌਰਾਨ ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾ ਔਲਾਂਦ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਇਹ ਮੰਨਦਾ ਹੈ ਕਿ ਭਾਰਤ ਤੇ ਇਰਾਨ ਚੰਗੇ ਮਿੱਤਰ ਹਨ ਤੇ ਚੰਗੇ ਮਿੱਤਰ ਦਾ ਫਰਜ਼ ਹੈ ਕਿ ਉਹ ਇਕ ਦੂਜੇ ਨੂੰ ਸਹੀ ਰਾਹ ਤੋਰਨ। ਇਸ ਲਈ ਇਰਾਨ ਨੂੰ ਭਾਰਤ ਪਰਮਾਣੂ ਪ੍ਰੋਗਰਾਮ ਬਾਰੇ ਚੱਲ ਰਹੀ ਗੱਲਬਾਤ ਵਿੱਚ ਗੰਭੀਰਤਾ ਦਿਖਾਉਣ ਤੇ ਪਰਮਾਣੂ ਅਪਸਾਰ ਬਾਰੇ ਕੌਮਾਂਤਰੀ ਨਿਯਮਾਂ ਦਾ ਸਤਿਕਾਰ ਕਰਨ ਲਈ ਕਹੇ।

ਉਨ੍ਹਾਂ ਭਾਰਤ ਨੂੰ 'ਸ਼ਾਂਤੀ ਦਾ ਮਸੀਹਾ' ਕਰਾਰ ਦਿੰਦਿਆਂ ਉਸ ਦੀ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿੱਚ ਸਥਾਈ ਮੈਂਬਰਸ਼ਿਪ ਦਾ ਜ਼ੋਰਦਾਰ ਸਮਰਥਨ ਕੀਤਾ।

# ਗੰਨ ਕੰਟਰੋਲ ਲਈ ਗੁਰਦੁਆਰਾ ਕਾਂਡ ਦਾ ਹਵਾਲਾ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਕੌਮ ਦੇ ਨਾਂ ਆਪਣੇ ਭਾਸ਼ਣ ਦੌਰਾਨ ਗੰਨ ਕੰਟਰੋਲ ਲਈ ਸਖਤ ਕਾਨੂੰਨ ਬਣਾਉਣ ਦੀ ਪੈਰਵੀ ਕਰਦਿਆਂ ਓਕ ਕਰੀਕ ਗੁਰਦੁਆਰਾ ਕਾਂਡ ਸਮੇਤ ਦੇਸ਼ ਵਿਚ ਵਾਪਰੇ ਕਈ ਖੌਫਨਾਕ ਗੋਲੀ ਕਾਂਡਾਂ ਦਾ ਜ਼ਿਕਰ ਕੀਤਾ। ਸ੍ਰੀ ਓਬਾਮਾ ਨੇ ਪਿਛਲੇ ਇਕ ਸਾਲ ਦੌਰਾਨ ਵਾਪਰੇ ਵੱਖ-ਵੱਖ ਗੋਲੀ ਕਾਂਡਾਂ ਦਾ ਜ਼ਿਕਰ ਕਰਦਿਆਂ ਆਖਿਆ ਕਿ "ਨਿਊ ਟਾਊਨ ਦੇ ਪਰਿਵਾਰਾਂ ਦੀ ਪੀੜ ਨੂੰ ਸਮਝਣ ਦੀ ਲੋੜ ਹੈ। ਅਰੋਰਾ ਦੇ ਪਰਿਵਾਰਾਂ ਦੇ ਹੱਕ ਵਿਚ ਡਟਣ ਦੀ ਲੋੜ ਹੈ। ਓਕ ਕਰੀਕ, ਟਕਸਨ ਤੇ ਬਲੈਕਬਰਗ ਤੇ ਹੋਰ ਬਹੁਤ ਸਾਰੇ ਪੀੜਤ ਭਾਈਚਾਰਿਆਂ ਦੇ ਹੱਕ ਵਿਚ ਖਲੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਬ੍ਰਾਇਨ ਮਰਫੀ ਨਾਮੀ ਪੁਲਿਸ ਅਫਸਰ ਦੀ ਮਿਸਾਲ 'ਤੇ ਚੱਲਣਾ ਚਾਹੀਦਾ ਹੈ। ਜਦੋਂ ਇਕ ਬੰਦੂਕਧਾਰੀ ਨੇ ਵਿਸਕਾਨਸਿਨ ਵਿਚ ਇਕ ਗੁਰਦੁਆਰੇ ਉਪਰ ਫਾਇਰਿੰਗ ਕੀਤੀ ਸੀ ਤਾਂ ਬ੍ਰਾਇਨ ਉਥੇ ਪਹੁੰਚਣ ਵਾਲਾ ਪਹਿਲਾ ਵਿਅਕਤੀ ਸੀ ਜਿਸ ਨੇ ਆਪਣੀ ਜਾਨ ਦੀ ਪ੍ਰਵਾਹ ਨਹੀਂ ਕੀਤੀ। ਉਹ ਮਦਦ ਪੁੱਜਣ ਤਕ ਲੜਦਾ ਰਿਹਾ ਤੇ ਆਪਣੇ ਸਾਥੀ ਅਫਸਰਾਂ ਨੂੰ ਗੁਰਦੁਆਰਾ ਦੇ ਸ਼ਰਧਾਲੂਆਂ ਨੂੰ ਬਚਾਉਣ ਲਈ




ਕਹਿੰਦਾ ਰਿਹਾ ਹਾਲਾਂਕਿ ਉਸ ਦੇ 12 ਗੋਲੀਆਂ ਵੱਜੀਆਂ ਹੋਈਆਂ ਸਨ। ਉਨ੍ਹਾਂ ਕਿਹਾ ਕਿ ਜਦੋਂ ਬ੍ਰਾਇਨ ਨੂੰ ਪੁੱਛਿਆ ਕਿ ਉਸ ਨੇ ਇਹ ਕਿਵੇਂ ਕੀਤਾ ਤਾਂ ਉਸ ਦਾ ਜਵਾਬ ਸੀ ਕਿ ਉਹ ਬਸ ਇਹੋ ਜਿਹੇ ਹੀ ਹਨ। ਉਹ ਵੱਖ-ਵੱਖ ਨੌਕਰੀਆਂ ਕਰਦੇ ਹਨ ਤੇ ਵੱਖ-ਵੱਖ ਵਰਦੀਆਂ ਪਹਿਨਦੇ ਹਨ ਤੇ ਆਪੋ-ਆਪਣੇ ਵਿਚਾਰ ਰੱਖਦੇ ਹਨ ਪਰ ਅਮਰੀਕੀਆਂ ਦੇ ਤੌਰ 'ਤੇ ਉਹ ਨਾਗਰਿਕ ਦੇ ਤੌਰ 'ਤੇ ਇਕੋ ਜਿਹੇ ਮਾਣਮੱਤੇ ਖਿਤਾਬ ਦੇ ਧਾਰਨੀ ਹਨ। ਇਸੇ ਦੌਰਾਨ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਅਗਲੇ ਇਕ ਸਾਲ ਦੌਰਾਨ ਅਫਗਾਨਿਸਤਾਨ ਵਿਚੋਂ 34000 ਅਮਰੀਕੀ ਫੌਜੀ ਵਾਪਸ ਬੁਲਾਉਣ ਦਾ ਐਲਾਨ ਕੀਤਾ ਜਦਕਿ ਉੱਤਰੀ ਕੋਰੀਆ ਤੇ ਇਰਾਨ ਨੂੰ ਆਪੋ-ਆਪਣੇ ਵਿਵਾਦਗ੍ਰਸਤ ਪਰਮਾਣੂ ਪ੍ਰੋਗਰਾਮਾਂ 'ਤੇ ਕੌਮਾਂਤਰੀ ਮਾਪਦੰਡਾਂ ਦੀ ਪਾਲਣਾ ਕਰਨ ਜਾਂ ਫਿਰ ਸਖ਼ਤ ਕਾਰਵਾਈ ਦਾ ਸਾਹਮਣਾ ਕਰਨ ਦੀ ਚਿਤਾਵਨੀ ਦਿੱਤੀ ਹੈ। ਆਪਣੇ ਦੂਜੇ ਕਾਰਜਕਾਲ ਦੇ ਪਹਿਲੇ ਕੌਮ ਦੇ ਨਾਂ ਭਾਸ਼ਣ ਵਿਚ ਸ੍ਰੀ ਓਬਾਮਾ ਨੇ ਮੱਧਵਰਗ ਨੂੰ ਹੁਲਾਰਾ ਦੇ ਕੇ ਨੌਕਰੀਆਂ ਸਿਰਜ ਕੇ, ਵਿੱਤ ਵਿਵਸਥਾ ਸੁਧਾਰ ਕੇ, ਘੱਟੋ-ਘੱਟ ਉਜਰਤਾਂ ਵਿਚ ਵਾਧਾ ਤੇ ਆਵਾਸ ਪ੍ਰਣਾਲੀ ਦੀ ਕਾਇਆਕਲਪ ਕਰਕੇ ਦੇਸ਼ ਦੇ ਅਰਥਚਾਰੇ ਵਿਚ ਨਵੀਂ ਰੂਹ ਫੂਕਣ ਦੀਆਂ ਤਜਵੀਜ਼ਾਂ ਦਾ ਵੀ ਖੁਲਾਸਾ ਕੀਤਾ ਹੈ।

ਅਮਰੀਕਾ ਦੇ ਮੈਨੂਫੈਕਚਰਿੰਗ ਸੈਕਟਰ ਵੱਲੋਂ ਬੀਤੇ ਤਿੰਨ ਸਾਲਾਂ ਵਿਚ ਕਰੀਬ ਪੰਜ ਲੱਖ ਨੌਕਰੀਆਂ ਪੈਦਾ ਕਰਨ ਤੋਂ ਉਤਸ਼ਾਹਤ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਇਹ ਰੁਝਾਨ ਅੱਗੇ ਵੀ ਬਰਕਰਾਰ ਰਹਿਣਾ ਚਾਹੀਦਾ ਹੈ। ਸ੍ਰੀ ਓਬਾਮਾ ਨੇ ਕਿਹਾ ਕਿ ਤਕਰੀਬਨ 10 ਸਾਲਾਂ ਤੋਂ ਦੇਸ਼ ਵਿਚ ਨੌਕਰੀਆਂ ਖ਼ਤਮ ਹੁੰਦੀਆਂ ਜਾ ਰਹੀਆਂ ਸਨ ਪਰ ਬੀਤੇ ਤਿੰਨ ਸਾਲਾਂ ਵਿਚ ਮੈਨੂਫੈਕਚਰਿੰਗ ਖੇਤਰ ਵਿਚ ਪੰਜ ਲੱਖ ਨੌਕਰੀਆਂ ਪੈਦਾ ਕਰਨ ਵਿਚ ਸਫ਼ਲਤਾ ਮਿਲੀ ਹੈ।

# ਬੇਰਾ ਨੂੰ ਅਮਰੀਕੀ ਸਿਆਸਤ ਵਿਚ ਭਾਰਤੀਆਂ ਦੇ ਦਬਦਬੇ ਦੀ ਆਸ



**ਵਾਸ਼ਿੰਗਟਨ:** ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰ ਅਮੀ ਬੇਰਾ ਨੇ ਆਸ ਪ੍ਰਗਟਾਈ ਹੈ ਕਿ ਉਹ ਸਮਾਂ ਦੂਰ ਨਹੀਂ ਜਦੋਂ ਭਾਰਤੀ ਮੂਲ ਦੇ ਬਹੁਤੇ ਸਾਰੇ ਲੋਕ ਪ੍ਰਤੀਨਿਧੀ ਸਦਨ ਤੇ ਸੈਨੇਟ ਦੇ ਮੈਂਬਰ ਹੋਣਗੇ। ਕੈਲੀਫੋਰਨੀਆ ਤੋਂ ਡੈਮੋਕਰੇਟਿਕ ਪਾਰਟੀ ਦੇ ਸੰਸਦ ਮੈਂਬਰ 47 ਸਾਲਾ ਸ੍ਰੀ ਬੇਰਾ ਨੇ ਕਿਹਾ ਕਿ ਅੱਜ ਉਹ ਕਾਂਗਰਸ (ਸੰਸਦ) ਵਿਚ ਹਨ। ਇਸ ਦਾ ਕਾਰਨ ਹੈ ਕਿ ਉਹ ਭਾਰਤੀ ਅਮਰੀਕੀ ਹੈ। ਭਾਰਤੀ ਭਾਈਚਾਰੇ ਦੇ ਹੋਰ ਲੋਕ ਵੀ ਅਮਰੀਕੀ ਸਿਆਸਤ ਵਿਚ ਹਨ। ਇਸ ਕਾਰਨ ਉਨ੍ਹਾਂ ਨੂੰ ਆਸ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਦੇਸ਼ ਦੀ ਸੰਸਦ ਵਿਚ ਕਈ ਭਾਰਤੀ ਚਿਹਰੇ ਹੋਣਗੇ। ਭਾਰਤੀ ਸਫੀਰ ਨਿਰੂਪਮਾ ਰਾਓ ਵੱਲੋਂ ਕਰਵਾਏ ਸਮਾਗਮ ਵਿਚ ਸ੍ਰੀ ਬੇਰਾ ਤੇ ਤੁਲਸੀ ਗਬਾਰਡ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸ੍ਰੀ ਬੇਰਾ ਨੇ ਕਿਹਾ "ਕਿ ਭਾਰਤ ਤੇ ਅਮਰੀਕਾ ਵਿਚ ਸਬੰਧ ਬੜੇ ਨਿੱਘੇ ਹਨ ਪਰ ਇਨ੍ਹਾਂ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਬਹੁਤ ਕੁਝ ਕੀਤੇ ਜਾਣ ਦੀ ਲੋੜ ਹੈ।

ਭਾਰਤੀ ਸਫ਼ੀਰ ਨਿਰੂਪਮਾ ਰਾਓ ਨੇ ਦੋਵਾਂ ਸੰਸਦ ਮੈਂਬਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਨ੍ਹਾਂ ਦੀ ਪ੍ਰਾਪਤੀ ਨਾਲ ਅਮਰੀਕਾ ਵਿਚ ਰਹਿੰਦੇ ਹੋਰ ਭਾਰਤੀ ਵੀ ਉਤਸ਼ਾਹਤ ਹੋਣਗੇ। ਸ੍ਰੀਮਤੀ ਤੁਲਸੀ ਨੇ ਕਿਹਾ ਕਿ ਭਾਰਤ ਤੇ ਅਮਰੀਕਾ ਦੇ ਸਬੰਧ ਅੱਜ ਜਿਸ ਮੁਕਾਮ 'ਤੇ ਹਨ, ਉਹ ਇਸ ਤੋਂ ਪਹਿਲਾਂ ਕਦੇ ਨਹੀਂ ਸਨ। ਹਾਲੇ ਪਰਵਾਸ ਕਾਨੂੰਨਾਂ ਨੂੰ ਸੋਧਣ ਦੀ ਲੋੜ ਹੈ ਤਾਂ ਜੋ ਹੁਨਰ ਤੇ ਪ੍ਰਤਿਭਾ ਦਾ ਇਥੇ ਸਨਮਾਨ ਹੋ ਸਕੇ।

## ਸਵਿਤਾ ਦੀ ਮੌਤ ਦਾ ਕਾਰਨ ਡਾਕਟਰਾਂ ਦੀ ਅਣਗਹਿਲੀ

**ਲੰਡਨ:** ਆਇਰਲੈਂਡ ਵਿਚ ਪਿਛਲੇ ਸਾਲ ਭਾਰਤੀ ਦੰਦਾਂ ਦੀ ਡਾਕਟਰ ਸਵਿਤਾ ਹਲੱਪਾਨਵਾਰ ਦੀ ਮੌਤ ਡਾਕਟਰਾਂ ਦੀ ਅਣਗਹਿਲੀ ਕਰਕੇ ਹੋਈ ਸੀ। ਇਹ ਖੁਲਾਸਾ ਆਇਰਲੈਂਡ ਦੇ ਸਿਹਤ ਵਿਭਾਗ ਦੀ ਲੀਕ ਹੋਈ ਰਿਪੋਰਟ ਤੋਂ ਹੋਇਆ ਹੈ। ਇਸ ਨਾਲ ਮ੍ਰਿਤਕ ਪਰਿਵਾਰ ਦਾ ਉਹ ਦਾਅਵਾ ਸੱਚ ਸਾਬਤ ਹੋ ਗਿਆ ਹੈ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਡਾਕਟਰਾਂ ਵੱਲੋਂ ਸਵਿਤਾ ਨੂੰ ਬਚਾਇਆ ਜਾ ਸਕਦਾ ਸੀ। ਜਾਂਚ ਰਿਪੋਰਟ ਵਿਚ ਕਿਹਾ ਗਿਆ ਹੈ ਕਿ 31 ਸਾਲਾ ਡਾਕਟਰ ਦੀ ਮੌਤ ਇਨਫੈਕਸ਼ਨ ਕਰਕੇ ਹੋਈ ਹੈ ਜਿਸ ਦਾ ਸਹੀ ਢੰਗ ਨਾਲ ਇਲਾਜ ਨਹੀਂ ਕੀਤਾ ਗਿਆ।

ਸਵਿਤਾ ਦੀ ਮੌਤ 28 ਅਕਤੂਬਰ ਨੂੰ ਗਾਲਵੇਅ ਯੂਨੀਵਰਸਿਟੀ ਹਸਪਤਾਲ ਵਿਚ ਹੋ ਗਈ ਸੀ। ਉਹ 17 ਹਫ਼ਤਿਆਂ ਦੀ ਗਰਭਵਤੀ ਸੀ। ਸਿਹਤ ਵਿਭਾਗ ਵੱਲੋਂ ਕਰਵਾਈ ਗਈ ਜਾਂਚ ਦੀ ਰਿਪੋਰਟ ਇਥੋਂ ਦੇ ਅਖ਼ਬਾਰ ਨੇ ਛਾਪੀ ਹੈ। ਸਵਿਤਾ ਦੀ ਮੌਤ ਤੋਂ ਪਹਿਲਾਂ ਪਰਿਵਾਰ ਨੇ ਵਾਰ-ਵਾਰ ਡਾਕਟਰਾਂ ਨੂੰ ਕਿਹਾ ਸੀ ਕਿ ਉਸ ਦਾ ਗਰਭਪਾਤ ਕਰ ਦਿੱਤਾ ਜਾਵੇ ਪਰ ਡਾਕਟਰਾਂ ਨੇ ਸਖ਼ਤ ਕਾਨੂੰਨ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਉਨ੍ਹਾਂ ਦੇ ਹੱਥ ਬੰਨ੍ਹੇ ਹੋਏ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਿਸ ਲਾਗ ਨਾਲ ਸਵਿਤਾ ਦੀ ਮੌਤ ਹੋਈ ਹੈ, ਉਸ ਦਾ ਤਿੰਨ ਦਿਨਾਂ ਤੱਕ ਇਲਾਜ ਹੀ ਨਹੀਂ ਕੀਤਾ ਗਿਆ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਮਰੀਜ਼ ਵੱਲੋਂ ਵਾਰ-ਵਾਰ ਕਹਿਣ 'ਤੇ ਵੀ ਗਰਭਪਾਤ ਨਹੀਂ ਕੀਤਾ ਗਿਆ।

# ਕੈਨੇਡਾ ਵਿਚ ਵਿਦੇਸ਼ੀ ਪਾੜ੍ਹਿਆਂ ਦਾ ਆਰਥਿਕ ਸ਼ੋਸ਼ਣ

**ਟੋਰਾਂਟੋ (ਬਿਊਰੋ):** ਟੋਰਾਂਟੋ ਦਾ ਇਲਾਕਾ ਬਾਹਰੋਂ ਪੜ੍ਹਨ ਆਉਂਦੇ ਵਿਦਿਆਰਥੀਆਂ ਨਾਲ ਭਰਿਆ ਪਿਆ ਹੈ। ਉਨ੍ਹਾਂ ਦੇ ਰੈਣ ਵਸੇਬੇ ਦੀ ਸਮੱਸਿਆ ਕਿਸੇ ਤੋਂ ਗੁੱਝੀ ਨਹੀਂ ਰਹੀ। ਪੜ੍ਹਾਈ ਲਈ ਮੋਟੀਆਂ ਫੀਸਾਂ ਭਰ ਕੇ ਆਏ ਇਨ੍ਹਾਂ ਪਾੜ੍ਹਿਆਂ ਨੂੰ ਇਥੇ ਕੁੱਲੀ ਗੁੱਲੀ ਤੇ ਜੁੱਲੀ ਬਹੁਤ ਮਹਿੰਗੇ ਮੁੱਲ ਮਿਲਦੀ ਹੈ। ਹਕੀਕਤ ਇਹ ਹੈ ਕਿ ਅੱਜ ਕੱਲ੍ਹ ਇਹ ਮੁੰਡੇ ਕੁੜੀਆਂ ਇਕੱਠੇ ਹੋ ਕੇ ਕਮਰੇ ਲੈਂਦੇ ਹਨ ਤਾਂ ਕਿ ਕਿਰਾਇਆ ਤੇ ਖਰਚਾ ਵੰਡਿਆ ਜਾਵੇ।



ਬੀਤੇ ਦਿਨੀਂ ਇੱਥੇ ਐਸਾ ਮਕਾਨ ਜੱਗ ਜ਼ਾਹਰ ਹੋਇਆ ਹੈ ਜਿਸ ਵਿਚ ਗੈਰਕਾਨੂੰਨੀ ਢੰਗ ਨਾਲ 11 ਵਿਦਿਆਰਥੀਆਂ ਨੂੰ ਕਿਰਾਏਦਾਰ ਬਣਾ ਕੇ ਮੋਟੀ ਰਕਮ ਵਸੂਲੀ ਜਾ ਰਹੀ ਸੀ। ਸਕਾਰਬਰੋ ਸ਼ਹਿਰ ਦਾ ਇਹ ਤਕਰੀਬਨ 3000 ਵਰਗ ਫੁੱਟ ਦਾ ਘਰ ਇਕ ਪਰਿਵਾਰ ਦੇ ਰਹਿਣ ਲਈ ਬਣਾਇਆ ਗਿਆ ਸੀ ਪਰ ਇਸ ਨੂੰ ਪ੍ਰਵਾਨਗੀ ਤੋਂ ਬਗੈਰ ਰੈਨੋਵੇਟ ਕਰ ਕੇ ਵਾਧੂ ਕਮਰੇ ਬਣਾਏ ਗਏ ਸਨ। ਸੂਤਰਾਂ ਮੁਤਾਬਕ ਇਨ੍ਹਾਂ ਇਕੱਲੇ ਇਕੱਲੇ ਵਿਦਿਆਰਥੀਆਂ ਤੋਂ 500 ਤੋਂ 700 ਡਾਲਰ ਮਹੀਨਾ ਕਿਰਾਇਆ ਲਿਆ ਜਾਂਦਾ ਸੀ। ਸ਼ਿਕਾਇਤਾਂ 'ਤੇ ਛਾਪਾ ਮਾਰਨ ਗਏ ਇੰਸਪੈਕਟਰਾਂ ਨੇ ਵੇਖਿਆ ਕਿ ਦੋ ਰਸੋਈਆਂ, ਛੇ ਬਾਥਰੂਮਾਂ ਤੋਂ ਇਲਾਵਾ ਤਿੰਨ ਕਮਰੇ ਬੇਸਮੈਂਟ ਵਿਚ, ਪੰਜ ਉਪਰੀ ਮੰਜ਼ਲ 'ਤੇ ਤੇ ਚਾਰ ਕਮਰੇ 'ਮੇਨ-ਫਲੋਰ'' 'ਤੇ ਬਣਾਏ ਹੋਏ ਸਨ। ਇਹ ਮਕਾਨ ਟੋਰਾਂਟੋ ਯੂਨੀਵਰਸਿਟੀ ਤੇ ਇਕ ਹੋਰ ਕਾਲਜ ਦੇ ਨਜ਼ਦੀਕ ਪੈਂਦਾ ਹੈ।

ਰੀਅਲ ਐਸਟੇਟ ਵਿਚ ਮੈਨੇਜਰ ਬਿੱਲ ਬਲੇਕ ਮੁਤਾਬਕ ਆਪਣੇ ਮੁਲਕਾਂ ਤੋਂ ਹਜ਼ਾਰਾਂ ਮੀਲ ਦੂਰ ਆਏ ਇਹ ਵਿਦਿਆਰਥੀ ਨਾ ਤਾਂ ਆਪਣੇ ਹੱਕਾਂ ਬਾਰੇ ਜਾਣਦੇ ਹਨ ਤੇ ਨਾ ਇਨ੍ਹਾਂ ਨੂੰ ਪਤਾ ਹੈ ਕਿ 700-800 ਡਾਲਰਾਂ ਵਿਚ ਉਨ੍ਹਾਂ ਨੂੰ ਕੀ ਮਿਲਣਾ ਚਾਹੀਦਾ ਹੈ। ਦੂਜੇ ਪਾਸੇ ਕੁਝ ਗਲਤ ਅਨਸਰ (ਮਕਾਨ ਮਾਲਕ) ਇਕ ਮਹੀਨੇ ਦਾ 6-7 ਹਜ਼ਾਰ ਡਾਲਰ ਕਮਾ ਰਹੇ ਹਨ। ਇਹ ਤਾਂ ਇਕ ਮਕਾਨ ਦੀ ਗੱਲ ਹੈ, ਅਜਿਹੇ ਸੈਂਕੜੇ ਮਕਾਨ ਮਾਲਕ ਹਨ ਜੋ ਤਿੰਨ-ਤਿੰਨ ਚਾਰ-ਚਾਰ ਪਾੜ੍ਹਿਆਂ ਨੂੰ ਆਪਣੇ ਘਰਾਂ ਦੀਆਂ ਬੇਸਮੈਂਟਾਂ ਕਿਰਾਏ 'ਤੇ ਦੇਈ ਜਾ ਰਹੇ ਹਨ।

ਟੋਰਾਂਟੋ ਯੂਨੀਵਰਸਿਟੀ ਦੇ ਸਕਾਰਬਰੋ ਕੈਂਪਸ ਵਿਚ ਪਾੜ੍ਹਿਆਂ ਦੀ ਗਿਣਤੀ ਹਰ ਸਾਲ ਵਧ ਰਹੀ ਹੈ ਪਰ ਇਨ੍ਹਾਂ ਨੂੰ ਰਿਹਾਇਸ਼ ਦੀ ਤੰਗੀ ਹੈ। ਇੱਥੇ 11,107 ਵਿਦਿਆਰਥੀ ਪੜ੍ਹਦੇ ਹਨ ਪਰ ਕੈਂਪਸ ਦੇ ਹੋਸਟਲ ਵਿਚ ਸਿਰਫ 765 ਬੈੱਡ ਹਨ। ਇਸ ਨਾਲ ਲਗਵੇਂ ਸੈਨਟੇਨੀਅਲ ਕਾਲਜ ਵਿਚ 3500 ਵਿਦਿਆਰਥੀ ਹਨ ਪਰ ਰਿਹਾਇਸ਼ ਦਾ ਕੋਈ ਪ੍ਰਬੰਧ ਨਹੀਂ। ਹੰਬਰ ਕਾਲਜ ਤੇ ਬਰੈਂਪਟਨ ਦੇ ਸ਼ੈਰੀਡਨ ਕਾਲਜ ਵੀ ਵਿਦੇਸ਼ੀ ਪਾੜ੍ਹਿਆਂ ਦੀ ਕਾਫੀ ਗਿਣਤੀ ਹੈ ਜਿਨ੍ਹਾਂ ਨੂੰ ਰਹਿਣ ਲਈ ਆਸੇ ਪਾਸੇ ਦੇ ਘਰਾਂ ਦੀਆਂ ਬੇਸਮੈਂਟਾਂ ਕਿਰਾਏ 'ਤੇ ਲੈਣੀਆਂ ਪੈ ਰਹੀਆਂ ਹਨ।

ਸੂਬੇ ਵਿਚ ਬਹੁਤ ਸਾਰੇ ਵਿਦਿਅਕ ਅਦਾਰੇ ਜਾਂ ਕਾਲਜ ਚੱਲ ਰਹੇ ਹਨ ਜਿਨ੍ਹਾਂ ਤੋਂ ਵਿਦਿਆਰਥੀ ਕੁਝ ਸਿੱਖਿਆ ਪ੍ਰਾਪਤ ਕਰ ਰਹੇ ਹਨ ਜਾਂ ਨਹੀਂ ਪਰ ਉਨ੍ਹਾਂ ਤੋਂ ਕੋਰਸਾਂ ਦੀਆਂ ਮੋਟੀਆਂ ਫੀਸਾਂ ਭਰਵਾ ਕੇ ਕਾਲਜਾਂ ਵਾਲੇ ਆਰਥਿਕ ਲਾਹਾ ਖੱਟ ਰਹੇ ਹਨ। ਇਨ੍ਹਾਂ ਦੇ ਆਲੇ ਦੁਆਲੇ ਦੇ ਮਕਾਨ ਮਾਲਕਾਂ ਲਈ ਕਿਰਾਇਆ ਮੋਟੀ ਕਮਾਈ ਦਾ ਸਾਧਨ ਬਣਿਆ ਹੋਇਆ ਹੈ।

## ਮਨੀਲਾ ਵਿਚ ਗੋਲੀ ਮਾਰ ਕੇ ਪੰਜਾਬਣ ਦੀ ਹੱਤਿਆ

ਮੋਗਾ: ਮਨੀਲਾ ਵਿਚ ਚਲਦੇ ਲੈਣ-ਦੇਣ ਨੂੰ ਲੈ ਕੇ ਕਤਲ ਕਰਨ ਦਾ ਸਿਲਸਿਲਾ ਥੰਮ ਨਹੀਂ ਰਿਹਾ। ਆਏ ਦਿਨ ਉਥੇ ਆਪਣੇ ਹੀ ਆਪਣਿਆਂ ਨੂੰ ਮਰਵਾ ਰਹੇ ਹਨ। ਇਸੇ ਕੜੀ ਵਿਚ ਮਹਿਣਾ ਕਰਾਰ ਦੇ ਸਮਸ਼ੇਰ ਸਿੰਘ ਦੀ ਨੂੰਹ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ।

ਪਰਿਵਾਰ ਦੀ ਹਾਜ਼ਰੀ ਵਿਚ ਸਰਪੰਚ ਹਰਪਾਲ ਸਿੰਘ ਨੇ ਦੱਸਿਆ ਕਿ ਪਿੰਡ ਦਾ ਜਸਵੀਰ ਸਿੰਘ ਪਿਛਲੇ 15 ਸਾਲਾਂ ਤੋਂ ਮਨੀਲਾ ਰਹਿ ਰਿਹਾ ਹੈ। 2007 ਵਿਚ ਉਸ ਦਾ ਵਿਆਹ ਮਨਪ੍ਰੀਤ ਕੌਰ ਵਾਸੀ ਲੰਮੇ ਜੱਟਪੁਰੇ ਨਾਲ ਹੋਇਆ। 2008 ਵਿਚ ਉਹ ਮਨੀਲਾ ਚਲੀ ਗਈ। ਮਿਲੀ ਜਾਣਕਾਰੀ ਮੁਤਾਬਕ ਮਨੀਲਾ ਵਿਚ ਉਗਰਾਹੀ ਕਰਕੇ ਉਸ ਦਾ ਪਤੀ ਜਸਵੀਰ ਸਿੰਘ ਗੱਡੀ ਪਾਰਕਿੰਗ ਕਰ ਰਿਹਾ ਸੀ ਤੇ ਉਸ ਦੀ ਪਤਨੀ ਪੈਸੇ ਲੈ ਕੇ ਤੁਰੀ ਜਾ ਰਹੀ ਸੀ ਤਾਂ ਅਣਪਛਾਤੇ ਹਮਲਾਵਰਾਂ ਨੇ ਸੱਤ ਗੋਲੀਆਂ ਮਾਰੀਆਂ। ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਹਮਲਾਵਰ ਕਿੰਨੇ ਸਨ। ਹਮਲਾਵਰ ਕੋਈ ਸੋਨਾ ਜਾਂ ਨਕਦੀ ਨਹੀਂ ਲੈ ਕੇ ਗਏ।

# ਪੰਜਾਬ ਦੇ ਸੈਂਕੜੇ ਖੇਤੀ ਮਾਹਿਰਾਂ ਨੇ ਲਾਏ ਵਿਦੇਸ਼ਾਂ ਵਿਚ ਡੇਰੇ

**ਚੰਡੀਗੜ੍ਹ:** ਪੰਜਾਬ ਦੇ ਤਕਰੀਬਨ ਪੌਣੇ ਦੋ ਸੌ ਖੇਤੀਬਾੜੀ ਅਧਿਕਾਰੀ ਵਿਦੇਸ਼ ਉਡਾਰੀ ਮਾਰ ਗਏ ਹਨ। ਪੰਜਾਬ ਵਿਚ ਖੇਤੀ ਸੰਕਟ ਹੈ ਪਰ ਇਨ੍ਹਾਂ ਅਧਿਕਾਰੀਆਂ ਨੇ ਡਾਲਰਾਂ ਨੂੰ ਤਰਜੀਹ ਦਿੱਤੀ। ਇਨ੍ਹਾਂ ਖੇਤੀਬਾੜੀ ਅਧਿਆਪਕਾਂ ਤੇ ਖੇਤੀ ਅਫਸਰਾਂ ਨੇ ਵਿਦੇਸ਼ਾਂ ਵਿਚ ਆਪਣੇ ਪਰਿਵਾਰਾਂ ਨੂੰ ਅਡਜਸਟ ਕਰਨ ਵਾਸਤੇ ਪਹਿਲਾਂ ਪੰਜਾਬ ਸਰਕਾਰ ਤੋਂ ਛੁੱਟੀ ਲਈ ਤੇ ਮਗਰੋਂ ਪੱਕੇ ਤੌਰ 'ਤੇ ਵਿਦੇਸ਼ ਵੱਸ ਗਏ ਹਨ। ਇਨ੍ਹਾਂ ਮਾਹਿਰਾਂ ਤੇ ਅਧਿਆਪਕਾਂ ਨੇ ਤਾਂ ਆਪਣੀ ਪੜ੍ਹਾਈ ਪੰਜਾਬ ਵਿਚੋਂ ਕੀਤੀ ਪਰ ਹੁਣ ਉਹ ਸੇਵਾਵਾਂ ਵਿਦੇਸ਼ਾਂ ਵਿਚ ਦੇ ਰਹੇ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸੂਚਨਾ ਦੇ ਅਧਿਕਾਰ ਤਹਿਤ ਦਿੱਤੀ ਜਾਣਕਾਰੀ ਅਨੁਸਾਰ ਯੂਨੀਵਰਸਿਟੀ ਦੇ 173 ਅਧਿਆਪਕ ਤੇ ਖੇਤੀ ਮਾਹਿਰ ਛੁੱਟੀ ਲੈ ਕੇ ਵਿਦੇਸ਼ ਗਏ ਸਨ ਜਿਨ੍ਹਾਂ ਵਿਚੋਂ 56 ਅਧਿਆਪਕ ਤੇ ਮਾਹਿਰ ਪੱਕੇ ਤੌਰ ਉੱਤੇ ਵਿਦੇਸ਼ ਵਸ ਗਏ। ਇਨ੍ਹਾਂ ਅਧਿਆਪਕਾਂ ਤੇ ਮਾਹਿਰਾਂ ਨੇ ਯੂਨੀਵਰਸਿਟੀ ਦੀ ਨੌਕਰੀ ਛੱਡ ਦਿੱਤੀ ਹੈ। ਇਨ੍ਹਾਂ ਵਿਚੋਂ ਬਹੁਤੇ ਹੁਣ ਇਥੋਂ ਨਾਲੋਂ

## ਖੇਤੀਬਾੜੀ ਵਿਭਾਗ ਦਾ ਕੰਮ ਲੜਖੜਾਇਆ



ਵਿਦੇਸ਼ ਵਿਚ ਚੰਗੀ ਕਮਾਈ ਕਰ ਰਹੇ ਹਨ ਤੇ ਉਨ੍ਹਾਂ ਨੇ ਆਪਣੇ ਬੱਚਿਆਂ ਦੇ ਭਵਿੱਖ ਖਾਤਰ ਵਿਦੇਸ਼ ਨੂੰ ਚੁਣਿਆ ਹੈ। ਇਸੇ ਤਰ੍ਹਾਂ ਖੇਤੀਬਾੜੀ ਯੂਨੀਵਰਸਿਟੀ ਦੇ 53 ਮੁਲਾਜ਼ਮ ਛੁੱਟੀ ਲੈ ਕੇ ਵਿਦੇਸ਼ ਗਏ ਜਿਨ੍ਹਾਂ ਵਿਚੋਂ 10 ਮੁਲਾਜ਼ਮ ਨੌਕਰੀ ਛੱਡ ਗਏ ਹਨ ਤੇ ਉਨ੍ਹਾਂ ਨੇ ਵਿਦੇਸ਼ਾਂ ਵਿਚ ਹੀ ਆਪਣਾ ਪੱਕਾ ਟਿਕਾਣਾ ਬਣਾ ਲਿਆ ਹੈ।

ਪੰਜਾਬ ਖੇਤੀਬਾੜੀ ਵਰਸਿਟੀ ਦੇ 109 ਅਧਿਆਪਕ ਤੇ ਮਾਹਿਰ ਵਾਪਸ ਮੁੜ ਆਏ ਹਨ ਤੇ ਉਨ੍ਹਾਂ ਨੇ ਨੌਕਰੀ ਮੁੜ ਜੁਆਇੰਨ ਕਰ ਲਈ ਹੈ। ਇਨ੍ਹਾਂ ਵਿਚੋਂ ਕਾਫ਼ੀ ਅਧਿਆਪਕ ਤੇ ਮਾਹਿਰ ਤਾਂ ਖੇਤੀ ਖੋਜ ਕਾਰਜਾਂ ਲਈ ਵੀ ਵਿਦੇਸ਼ ਗਏ ਸਨ। ਬਹੁਤੇ ਅਧਿਆਪਕ ਆਪਣੇ ਪਰਿਵਾਰਾਂ ਨੂੰ ਵਿਦੇਸ਼ਾਂ ਵਿਚ ਅਡਜਸਟ ਕਰਕੇ ਵਾਪਸ ਮੁੜ ਆਏ ਹਨ। ਇਸੇ ਤਰ੍ਹਾਂ 39 ਮੁਲਾਜ਼ਮ ਵੀ ਵਿਦੇਸ਼ ਤੋਂ ਵਾਪਸ ਮੁੜ ਆਏ ਹਨ। ਸਰਕਾਰੀ ਸੂਚਨਾ ਅਨੁਸਾਰ ਖੇਤੀਬਾੜੀ ਯੂਨੀਵਰਸਿਟੀ ਦੇ ਅੱਠ ਅਧਿਆਪਕ ਤੇ ਮਾਹਿਰ ਹਾਲੇ ਵੀ ਛੁੱਟੀ 'ਤੇ ਚੱਲ ਰਹੇ ਹਨ ਜੋ ਵਿਦੇਸ਼ ਗਏ ਹੋਏ ਹਨ। ਇਸੇ ਤਰ੍ਹਾਂ ਯੂਨੀਵਰਸਿਟੀ ਦੇ ਚਾਰ ਮੁਲਾਜ਼ਮ ਵੀ ਛੁੱਟੀ ਲੈ ਕੇ ਵਿਦੇਸ਼ ਗਏ ਹੋਏ ਹਨ। ਇਨ੍ਹਾਂ ਮਾਹਿਰਾਂ ਦੇ ਵਿਦੇਸ਼ ਜਾਣ ਕਰਕੇ ਯੂਨੀਵਰਸਿਟੀ ਦੇ ਖੇਤੀ ਖੋਜ ਕਾਰਜ ਵੀ ਪ੍ਰਭਾਵਿਤ ਹੋ ਰਹੇ ਹਨ। ਇਸੇ ਤਰ੍ਹਾਂ ਦਾ ਹਾਲ ਖੇਤੀਬਾੜੀ ਵਿਭਾਗ ਪੰਜਾਬ ਦੇ ਖੇਤੀ ਵਿਕਾਸ ਅਫਸਰਾਂ ਦਾ ਹੈ। ਪੰਜਾਬ ਵਿਚ ਖੇਤੀ ਵਿਕਾਸ ਅਫਸਰਾਂ ਦੀਆਂ ਅਸਾਮੀਆਂ ਵੱਡੇ ਪੱਧਰ 'ਤੇ ਖਾਲੀ ਪਈਆਂ ਹਨ। ਸੂਤਰਾਂ ਅਨੁਸਾਰ ਖੇਤੀਬਾੜੀ ਵਿਭਾਗ ਪੰਜਾਬ ਦੇ ਕਰੀਬ ਸਵਾ ਸੌ ਖੇਤੀਬਾੜੀ ਵਿਕਾਸ ਅਫਸਰ ਤੇ ਖੇਤੀ ਅਫਸਰ ਵਿਦੇਸ਼ ਚਲੇ ਗਏ ਹਨ ਜਿਨ੍ਹਾਂ ਵਿਚੋਂ ਕੁਝ ਤਾਂ ਹਾਲੇ ਛੁੱਟੀ ਲੈ ਕੇ ਹੀ ਗਏ ਹਨ। ਕਾਫ਼ੀ ਖੇਤੀ ਵਿਕਾਸ ਅਫਸਰ ਵਿਦੇਸ਼ਾਂ ਵਿਚ ਪੱਕੇ ਤੌਰ 'ਤੇ ਵਸ ਗਏ ਹਨ। ਬਠਿੰਡਾ ਜ਼ਿਲ੍ਹੇ ਦੇ ਕਰੀਬ ਇਕ ਦਰਜਨ ਖੇਤੀਬਾੜੀ ਵਿਕਾਸ ਅਫਸਰ ਵਿਦੇਸ਼ਾਂ ਵਿਚ ਵਸ ਗਏ ਹਨ। ਇਸ ਜ਼ਿਲ੍ਹੇ ਵਿਚ 69 ਦੇ ਕਰੀਬ ਖੇਤੀਬਾੜੀ ਵਿਕਾਸ ਅਫਸਰਾਂ ਦੀਆਂ ਅਸਾਮੀਆਂ ਪ੍ਰਵਾਨਿਤ ਹਨ ਜਿਨ੍ਹਾਂ 'ਚੋਂ ਬਹੁਗਿਣਤੀ ਅਸਾਮੀਆਂ ਖਾਲੀ ਪਈਆਂ ਹਨ। ਹਾਸਲ ਜਾਣਕਾਰੀ ਅਨੁਸਾਰ ਦਰਜਨ ਖੇਤੀਬਾੜੀ ਵਿਕਾਸ ਅਫਸਰ ਤੇ ਖੇਤੀ ਅਫਸਰ ਵਿਦੇਸ਼ ਜਾ ਵਸੇ ਹਨ। ਦੁਆਬੇ ਦੇ ਜ਼ਿਲ੍ਹਿਆਂ ਵਿਚੋਂ ਕਾਫ਼ੀ ਗਿਣਤੀ ਵਿਚ ਖੇਤੀਬਾੜੀ ਵਿਕਾਸ ਅਫਸਰ ਵਿਦੇਸ਼ ਵਸ ਗਏ ਹਨ।

# ਸੁਮੇਧ ਸੈਣੀ 'ਤੇ ਜ਼ੈਡ ਪਲੱਸ ਸੁਰੱਖਿਆ ਛੱਤਰੀ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਮੁਖੀ (ਡੀਜੀਪੀ) ਸੁਮੇਧ ਸੈਣੀ ਨੂੰ ਮਿਲੀਆਂ ਤਾਜ਼ਾ ਧਮਕੀਆਂ ਨੂੰ ਮੁੱਖ ਰੱਖਦਿਆਂ ਜ਼ੈਡ ਪਲੱਸ ਸੁਰੱਖਿਆ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਬਾਰੇ ਨੋਟੀਫਿਕੇਸ਼ਨ ਵੀ ਕਰ ਦਿੱਤਾ ਹੈ ਤੇ ਸ੍ਰੀ ਸੈਣੀ ਨੂੰ ਸਪੈਸ਼ਲ ਸਕਿਊਰਿਟੀ ਗਰੁੱਪ (ਐਸਐਸਜੀ) ਤਹਿਤ ਜ਼ੈਡ ਪਲੱਸ ਸੁਰੱਖਿਆ ਮਿਲੇਗੀ। ਪੰਜਾਬ ਵਿਚ ਸ੍ਰੀ ਸੈਣੀ ਅਜਿਹੇ ਤੀਜੇ ਵਿਅਕਤੀ ਹਨ ਜਿਨ੍ਹਾਂ ਨੂੰ ਇਹ ਸੁਰੱਖਿਆ ਮਿਲੀ ਹੈ।

ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਹੀ ਜ਼ੈਡ ਪਲੱਸ ਸੁਰੱਖਿਆ ਮਿਲੀ ਹੋਈ ਹੈ। ਰਾਜ ਵਿਚ ਐਸਐਸਜੀ ਤਹਿਤ ਦਿੱਤੀ ਜਾਂਦੀ ਜ਼ੈਡ ਪਲੱਸ ਸੁਰੱਖਿਆ ਕੇਂਦਰ ਵਿਚ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ (ਐਸਪੀਜੀ) ਅਧੀਨ ਮੁਹੱਈਆ ਕੀਤੀ ਜਾਂਦੀ ਸੁਰੱਖਿਆ ਤੋਂ ਵੱਖਰੀ ਹੈ। ਐਸਪੀਜੀ ਸੁਰੱਖਿਆ ਕੇਵਲ ਪ੍ਰਧਾਨ ਮੰਤਰੀ ਤੇ ਇਸ ਪੱਧਰ ਦੀਆਂ ਹੋਰ ਅਹਿਮ ਸ਼ਖ਼ਸੀਅਤਾਂ ਨੂੰ ਦਿੱਤੀ ਜਾਂਦੀ ਹੈ।

ਇਸ ਜ਼ੈਡ ਪਲੱਸ ਸੁਰੱਖਿਆ ਅਧੀਨ ਤਿੰਨ ਦਰਜਨ ਵਿਸ਼ੇਸ਼ ਢੰਗ ਨਾਲ ਸਿੱਖਿਅਤ ਪੁਲੀਸ ਮੁਲਾਜ਼ਮ ਤਾਇਨਾਤ ਕੀਤੇ ਜਾਣਗੇ। ਏਡੀਜੀਪੀ (ਸੁਰੱਖਿਆ) ਦਿਨਕਰ ਗੁਪਤਾ ਨੇ ਡੀਜੀਪੀ ਨੂੰ ਸਪੈਸ਼ਲ ਸੁਰੱਖਿਆ ਦੇਣ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਗ੍ਰਹਿ ਵਿਭਾਗ ਨੇ ਨਿਰਧਾਰਤ ਨਿਯਮਾਂ ਤਹਿਤ ਜ਼ੈਡ ਪਲੱਸ ਦੇ ਬਰਾਬਰ ਮੰਨੀ ਜਾਂਦੀ ਸੁਰੱਖਿਆ ਦੇਣ ਦਾ ਫੈਸਲਾ ਕੀਤਾ ਹੈ। ਇਸ ਬਾਰੇ ਇੰਸਪੈਕਟਰ ਜਨਰਲ (ਸੁਰੱਖਿਆ) ਸੰਜੀਵ ਕਾਲੜਾ ਨੇ ਦੱਸਿਆ ਕਿ ਰਾਜ ਯੈਲੋ ਬੁੱਕ ਅਧੀਨ ਜ਼ੈਡ ਪਲੱਸ ਸੁਰੱਖਿਆ ਖਾਸ ਵਿਅਕਤੀਆਂ ਨੂੰ ਹੀ ਦਿੱਤੀ ਜਾਂਦੀ ਹੈ।

ਇਸ ਸੁਰੱਖਿਆ ਛੱਤਰੀ ਵਿਚ ਅਰਧ-ਸੈਨਿਕ ਬਲਾਂ ਦੇ ਜਵਾਨ ਅਤੇ ਆਮ ਤੌਰ 'ਤੇ ਸੀਆਰਪੀਐਫ ਦੇ ਜਵਾਨ ਹੀ ਤਾਇਨਾਤ ਕੀਤੇ ਜਾਂਦੇ ਹਨ। ਕਿਸੇ ਵਿਅਕਤੀ ਨੂੰ ਅਜਿਹੀ ਸੁਰੱਖਿਆ ਦੇਣ ਦਾ ਫੈਸਲਾ ਰਾਜ ਦੇ ਖੁਫ਼ੀਆ ਤੇ ਸੁਰੱਖਿਆ ਵਿੰਗ ਵੱਲੋਂ ਬੁਲਾਈ ਗਈ ਵਿਸ਼ੇਸ਼ ਮੀਟਿੰਗ ਵਿਚ ਹੀ ਲਿਆ ਜਾ ਸਕਦਾ ਹੈ। ਮੀਟਿੰਗ ਵਿਚ ਉਚੇਰੇ ਤੌਰ 'ਤੇ ਕੇਂਦਰ ਸਰਕਾਰ ਦੇ ਸਬੰਧਤ ਪ੍ਰਤੀਨਿਧ ਵੀ ਸ਼ਾਮਲ ਕੀਤੇ ਜਾਂਦੇ ਹਨ।

ਸੂਤਰਾਂ ਅਨੁਸਾਰ ਰਾਜ ਵੱਲੋਂ ਸਥਾਪਤ ਕੀਤੇ ਸਪੈਸ਼ਲ ਸਕਿਊਰਿਟੀ ਗਰੁੱਪ (ਐਸਐਸਜੀ) ਜ਼ੈਡ ਪਲੱਸ ਸੁਰੱਖਿਆ ਦੇਣ ਦੇ ਸਮਰੱਥ ਨਹੀਂ ਹੈ। ਸ੍ਰੀ ਸੈਣੀ ਸ਼ੁਰੂ ਤੋਂ ਹੀ ਖਾੜਕੂਆਂ ਦੀ ਹਿੱਟ ਲਿਸਟ 'ਤੇ ਹੋਣ ਕਾਰਨ ਉਨ੍ਹਾਂ ਦੀ ਸੁਰੱਖਿਆ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਂਦੇ ਰਹੇ ਹਨ। ਖਾੜਕੂਵਾਦ ਦੇ ਦੌਰ ਸਮੇਂ ਜਦੋਂ ਸ੍ਰੀ ਸੈਣੀ ਡੈਪੂਟੇਸ਼ਨ 'ਤੇ ਚੰਡੀਗੜ੍ਹ ਪੁਲੀਸ ਦੇ ਐਸਐਸਪੀ ਸਨ ਤਾਂ ਉਨ੍ਹਾਂ ਦੀ ਕਾਰ 'ਤੇ ਸੈਕਟਰ-17 ਵਿਖੇ ਬੰਬ ਨਾਲ ਹਮਲਾ ਕੀਤਾ ਗਿਆ ਸੀ ਜਿਸ ਵਿਚ ਉਹ ਵਾਲ-ਵਾਲ ਬਚ ਗਏ ਸਨ ਪਰ ਉਨ੍ਹਾਂ ਦੇ ਡਰਾਈਵਰ ਦੀ ਮੌਤ ਹੋ ਗਈ ਸੀ।

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜਦੋਂ ਦੂਜੀ ਵਾਰ ਸੱਤਾ ਹਾਸਲ ਕੀਤੀ ਸੀ ਤਾਂ ਉਨ੍ਹਾਂ ਸਭ ਤੋਂ ਪਹਿਲਾਂ ਸ੍ਰੀ ਸੈਣੀ ਨੂੰ ਡੀਜੀਪੀ ਦੇ ਅਹੁਦੇ 'ਤੇ ਤਾਇਨਾਤ ਕੀਤਾ ਸੀ। ਜਦੋਂ ਸ੍ਰੀ ਸੈਣੀ ਨੇ ਪੰਜਾਬ ਪੁਲੀਸ ਦੇ ਮੁਖੀ ਦਾ ਅਹੁਦਾ ਸੰਭਾਲਿਆ ਸੀ ਤਾਂ ਸੈਕਟਰ-9 ਸਥਿਤ ਪੰਜਾਬ ਪੁਲਿਸ ਦੇ ਹੈਡਕੁਆਰਟਰ ਨੂੰ ਕਿਲੇ ਦਾ ਰੂਪ ਦੇ ਦਿੱਤਾ ਗਿਆ ਸੀ। ਹੁਣ ਪੁਲਿਸ ਹੈਡਕੁਆਰਟਰ ਦੀ ਸੁਰੱਖਿਆ ਲਈ ਚੁਫੇਰੇ ਕਮਾਂਡੋ ਤਾਇਨਾਤ ਕੀਤੇ ਗਏ ਹਨ।
















# ਦਰਬਾਰ ਸੰਪ੍ਰਦਾਇ ਲੋਪੋਂ



ਸ੍ਰੀਮਾਨ ਸੁਆਮੀ ਸੰਤ ਦਰਬਾਰਾ ਸਿੰਘ ਜੀ



ਸ੍ਰੀਮਾਨ ਸੁਆਮੀ ਸੰਤ ਜੋਰਾ ਸਿੰਘ ਜੀ ਮਹਾਰਾਜ ਲੋਪੋਂ ਵਾਲੇ



ਸੰਤ ਸੁਆਮੀ ਜਗਜੀਤ ਸਿੰਘ ਜੀ ਲੋਪੋਂ ਵਾਲੇ ਪਿੰਡ ਗੁਮਟੀ ਕਲਾਂ, ਬਠਿੰਡਾ ਵਿਖੇ ਸੰਗਤਾਂ ਵਿੱਚ ਹਾਜ਼ਰੀ ਭਰਦੇ ਹੋਏ



ਪਿੰਡ ਗੁਮਟੀ ਕਲਾਂ, ਬਠਿੰਡਾ ਛੋਟੀਆਂ ਬੱਚੀਆਂ ਨੂੰ ਵਸਤਰ ਤਕਸੀਮ ਕਰਦੇ ਹੋਏ ਸੰਤ ਸੁਆਮੀ ਜਗਜੀਤ ਸਿੰਘ ਜੀ ਲੋਪੋਂ ਵਾਲੇ ਅਤੇ ਹੋਰ ਪਿੰਡ ਦੇ ਸੱਜਣ

ਵਿਸ਼ਵ ਪ੍ਰਸਿੱਧ ਧਾਰਮਿਕ ਸੰਸਥਾ ਦਰਬਾਰ ਸੰਪ੍ਰਦਾਇ ਲੋਪੋਂ ਦੇ ਮੁਖੀ ਸੰਤ ਜਗਜੀਤ ਸਿੰਘ ਲੋਪੋਂ ਦੁਆਰਾ ਅਮਰੀਕਾ ਨਿਵਾਸੀ ਸ: ਸੁਖਦੇਵ ਸਿੰਘ ਸਪੁੱਤਰ ਸ: ਲਖਵੀਰ ਸਿੰਘ, ਸ: ਜਸਵੀਰ ਸਿੰਘ, ਸ: ਬਲਵੀਰ ਸਿੰਘ ਦੇ ਗ੍ਰਹਿ ਪਿੰਡ ਗੁੰਮਟੀ ਕਲਾਂ, ਬਠਿੰਡਾ ਵਿਖੇ ਛੋਟੀਆਂ 400 ਬੱਚੀਆਂ ਨੂੰ ਵਸਤਰ ਦਾਨ ਕੀਤੇ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਮਰ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਇਕੱਤਰ ਹੋਈ ਸੰਗਤ ਵਿਚ ਬੱਚੀਆਂ ਨੂੰ ਆਸ਼ੀਰਵਾਦ ਦਿੰਦਿਆਂ ਸੰਪ੍ਰਦਾਇ ਦੇ ਮੁਖੀ ਸੰਤ ਜਗਜੀਤ ਸਿੰਘ ਲੋਪੋਂ ਨੇ ਕਿਹਾ ਕਿ ਸੁਆਮੀ ਸੰਤ ਦਰਬਾਰਾ ਸਿੰਘ ਮਹਾਰਾਜ ਜੀ ਅਤੇ ਸੰਤ ਜੋਰਾ ਸਿੰਘ ਜੀ ਨੇ ਆਪਣੇ ਜੀਵਨ ਦਾ ਹਰ ਪਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਮਾਰਗ ਤੇ ਚਲਦਿਆਂ ਗੁਜ਼ਾਰਿਆ ਉਹਨਾਂ ਹਮੇਸ਼ਾ ਲੋਕ ਹਿੱਤਾਂ ਲਈ ਵਿਕਾਸ ਕਾਰਜਾਂ ਨੂੰ ਤਰਜੀਹ ਦਿੱਤੀ ਅਤੇ ਮਨੁੱਖਤਾ ਦੇ ਭਲੇ ਲਈ ਅਨੇਕਾਂ ਕਾਰਜ ਕੀਤੇ ਉਹਨਾਂ ਪੰਜਾਬਹ ਦੇ ਬੱਚਿਆਂ ਦਾ ਜੀਵਨ ਪੱਧਰ ਉਚਾ ਚੁੱਕਣ ਲਈ ਬੱਚਿਆਂ ਦੇ ਸਕੂਲ ਅਤੇ ਕਾਲਜ ਬਣਵਾਏ। ਇਸ ਤਰ੍ਹਾਂ ਲੋਪੋਂ ਵਿਖੇ ਮਹਾਰਾਜ ਦੀ ਨੇ ਵਿਦਿਅਕ ਅਧਾਰੇ ਸ਼ੁਰੂ ਕੀਤੇ ਤਾਂ ਜੋ ਉਹ ਵਿਦਿਅਕ ਪ੍ਰਾਪਤੀਆਂ ਕਰਕੇ ਆਪਣੇ ਪਰਿਵਾਰ ਤੇ ਦੇਸ਼ ਦਾ ਨਾਮ ਰੋਸ਼ਨ ਕਰ ਸਕਣ। ਇਸ ਮੌਕੇ ਤੇ ਪਿੰਡ ਵਾਸੀ ਅਤੇ ਹੋਰ ਸੰਗਤਾਂ ਵੀ ਹਾਜ਼ਰ ਸਨ।



ਮੀਟਿੰਗ ਤੋਂ ਬਾਅਦ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਹੋਰ ਵਿਦਵਾਨਾਂ ਅਤੇ ਚਰਨ ਸਿੰਘ ਜੱਜ (ਖੱਬਿਓਂ ਦੂਜੇ) ਨਾਲ

# ਗਦਰ ਲਹਿਰ ਦੀ ਸ਼ਤਾਬਦੀ 'ਤੇ ਪੰਜਾਬੀ ਯੂਨੀਵਰਸਿਟੀ ਖੋਜ ਪੁਸਤਕ ਛਾਪੇਗੀ

**ਪਟਿਆਲਾ (ਬਿਊਰੋ):** ਭਾਰਤੀ ਅਜ਼ਾਦੀ ਦੀ ਲੜਾਈ ਵਿਚ ਵੱਡਾ ਹਿੱਸਾ ਪਾਉਣ ਵਾਲੀ ਗਦਰ ਲਹਿਰ ਦੀ ਸੌ ਸਾਲਾ ਵਰ੍ਹੇਗੰਢ ਉਪਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਇਕ ਖੋਜ ਪ੍ਰਾਜੈਕਟ ਤਹਿਤ 15 ਪ੍ਰਸਿੱਧ ਵਿਦਵਾਨਾਂ ਤੋਂ ਖੋਜ-ਪੱਤਰ ਲਿਖਵਾ ਕੇ ਪੁਸਤਕ ਰੂਪ ਵਿਚ ਛਾਪੇ ਜਾਣਗੇ। ਇਸ ਸਬੰਧੀ ਫੈਸਲਾ ਇਥੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਇਸ ਮੀਟਿੰਗ ਵਿਚ ਡਾ. ਜੇ.ਐਸ. ਗਰੇਵਾਲ, ਡਾ. ਪ੍ਰਿਥੀਪਾਲ ਸਿੰਘ ਕਪੂਰ, ਡਾ. ਇੰਦੂ ਬਾਂਗਾ, ਡਾ. ਹਰੀਸ਼ ਕੇ. ਪੁਰੀ, ਡਾ. ਜਸਵਿੰਦਰ ਸਿੰਘ, ਡਾ. ਚਰਨ ਸਿੰਘ ਜੱਜ (ਪ੍ਰਧਾਨ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ), ਕੰਵਰ ਕਸ਼ਮੀਰ ਸਿੰਘ (ਸਕੱਤਰ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ), ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁਖੀ ਡਾ. ਜਸਬੀਰ ਕੌਰ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਪਬਲੀਕੇਸ਼ਨ ਬਿਊਰੋ ਦੇ ਮੁਖੀ ਡਾ. ਧਨਵੰਤ ਕੌਰ ਸ਼ਾਮਲ ਹੋਏ।

ਇਹ ਖੋਜ ਪ੍ਰਾਜੈਕਟ ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਗਦਰ ਫਾਊਂਡੇਸ਼ਨ ਆਫ ਅਮਰੀਕਾ ਦੇ ਸਹਿਯੋਗ ਨਾਲ ਵਿੱਢਿਆ ਗਿਆ ਹੈ। ਜਿਹੜੇ ਵਿਦਵਾਨਾਂ ਦੀਆਂ ਲਿਖਤਾਂ ਇਸ ਖੋਜ ਪੁਸਤਕ ਵਿਚ ਸ਼ਾਮਲ ਕੀਤੀਆਂ ਜਾਣਗੀਆਂ, ਉਨ੍ਹਾਂ ਵਿਚ ਡਾ. ਜੇ.ਐਸ. ਗਰੇਵਾਲ, ਡਾ. ਇੰਦੂ ਬਾਂਗਾ, ਡਾ. ਪ੍ਰੇਮ ਸਿੰਘ, ਡਾ. ਹਰੀਸ਼ ਕੇ ਪੁਰੀ, ਡਾ. ਤੇਜਵੰਤ ਸਿੰਘ ਗਿੱਲ, ਡਾ. ਜਸਵਿੰਦਰ ਸਿੰਘ ਆਦਿ ਸ਼ਾਮਲ ਹੋਣਗੇ। ਇਹ ਪੁਸਤਕ ਲਗਭਗ 400 ਪੰਨਿਆਂ ਦੀ ਹੋਵੇਗੀ ਅਤੇ ਅੰਗਰੇਜ਼ੀ ਤੇ ਪੰਜਾਬੀ 'ਚ ਪ੍ਰਕਾਸ਼ਿਤ ਕੀਤੀ ਜਾਵੇਗੀ। ਇਸ ਵਿਚ ਗਦਰ ਲਹਿਰ ਨਾਲ ਸਬੰਧਿਤ ਇਤਿਹਾਸਕ ਮਹੱਤਵ ਵਾਲੀਆਂ ਤਸਵੀਰਾਂ ਵੀ ਸ਼ਾਮਲ ਹੋਣਗੀਆਂ। ਇਹ ਪੁਸਤਕ ਸੈਕਰਾਮੈਂਟੋ, ਕੈਲੀਫੋਰਨੀਆ ਵਿਚ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਵਲੋਂ 6, 7 ਜੁਲਾਈ 2013 ਨੂੰ ਗਦਰ ਲਹਿਰ ਦੀ ਪਹਿਲੀ ਸ਼ਤਾਬਦੀ ਮੌਕੇ ਕਰਵਾਏ ਜਾ ਰਹੇ ਸਮਾਗਮ ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਰਿਲੀਜ਼ ਕਰਨਗੇ।

## ਪਾਕਿ ਨੇ ਪਰਖੀ ਹੋਰ ਮਿਜ਼ਾਈਲ

**ਇਸਲਾਮਾਬਾਦ:** ਪਾਕਿਸਤਾਨ ਨੇ ਪਰਮਾਣੂ ਸਮਰੱਥਾ ਵਾਲੀ 'ਹਤਫ਼-99' ਮਿਜ਼ਾਈਲ ਦੀ ਪਰਖ ਕੀਤੀ ਜੋ ਸਫ਼ਲ ਰਹੀ। ਇਹ ਮਿਜ਼ਾਈਲ 180 ਕਿਲੋਮੀਟਰ ਤੱਕ ਮਾਰ ਕਰਨ ਦੇ ਸਮਰੱਥ ਹੈ। ਇਹ ਪਰਮਾਣੂ ਤੇ ਰਵਾਇਤੀ ਦੋਵੇਂ ਹਥਿਆਰ ਲਿਜਾ ਸਕਦੀ ਹੈ।

# ਦਿੱਲੀ ਗੁਰਦੁਆਰਾ ਕਮੇਟੀ ਲਈ ਮੈਂਬਰ ਨਾਮਜ਼ਦ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 51 ਮੈਂਬਰੀ ਜਨਰਲ ਹਾਊਸ ਮੁਕੰਮਲ ਕਰਨ ਲਈ ਦਿੱਲੀ ਦੀਆਂ ਰਜਿਸਟਰਡ ਸਿੰਘ ਸਭਾਵਾਂ ਦੇ ਪ੍ਰਧਾਨਾਂ ਦੇ ਨਾਵਾਂ ਵਿਚੋਂ ਲਾਟਰੀ ਰਾਹੀਂ ਦੋ ਪਰਚੀਆਂ ਕੱਢੀਆਂ ਗਈਆਂ। ਲਾਟਰੀ ਪ੍ਰਕਿਰਿਆ ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਵਿਕਾਸ ਪੁਰੀ ਦੇ ਪ੍ਰਧਾਨ ਗੁਰਬਚਨ ਸਿੰਘ ਚੀਮਾ ਤੇ ਗੁਰਦੁਆਰਾ ਭਾਈ ਮਤੀਦਾਸ, ਨਿਊ ਚੰਦਰਾਵਲ ਨਗਰ ਦੀ ਪ੍ਰਧਾਨ ਬੀਬੀ ਧੀਰਜ ਕੌਰ ਦੀਆਂ ਪਰਚੀਆਂ ਨਿਕਲੀਆਂ।

ਇਸ ਤੋਂ ਇਲਾਵਾ ਆਮ ਚੋਣਾਂ ਰਾਹੀਂ ਚੁਣੇ ਗਏ 46 ਮੈਂਬਰਾਂ ਵੱਲੋਂ ਵੀ ਦੋ ਮੈਂਬਰਾਂ, ਪਹਾੜਗੰਜ ਦੇ ਕੁਲਮੋਹਨ ਸਿੰਘ ਤੇ ਚਾਂਦਨੀ ਚੌਕ ਦੇ ਸੁਰਜੀਤ ਸਿੰਘ ਚਾਂਦਨੀ ਨੂੰ ਨਾਮਜ਼ਦ ਕਰਨ ਦੀ ਪ੍ਰਕਿਰਿਆ ਪੂਰੀ ਕੀਤੀ। ਸ਼੍ਰੋਮਣੀ ਕਮੇਟੀ ਵੱਲੋਂ ਨਾਮਜ਼ਦ ਕੀਤੇ ਜਾਣ ਵਾਲੇ ਇਕ ਮੈਂਬਰ ਲਈ ਕਰਨਲ ਗੁਰਮੀਤ ਸਿੰਘ ਲੁਬਾਣਾ ਨੂੰ ਚੁਣਿਆ ਗਿਆ।

ਮੈਂਬਰਾਂ ਦੀ ਨਾਮਜ਼ਦਗੀ ਪ੍ਰਕਿਰਿਆ ਦੌਰਾਨ ਸਰਨਾ ਧੜੇ ਦੇ ਮੈਂਬਰ ਗੈਰ-ਹਾਜ਼ਰ ਰਹੇ। ਇਸ ਤੋਂ ਇਲਾਵਾ ਚਾਰ ਤਖ਼ਤਾਂ ਦੇ ਜਥੇਦਾਰ ਵੀ ਦਿੱਲੀ ਕਮੇਟੀ ਦੇ ਨਾਮਜ਼ਦ ਮੈਂਬਰ ਹੋਣਗੇ ਪਰ ਇਨ੍ਹਾਂ ਨੂੰ ਵੋਟ ਪਾਉਣ ਦਾ ਹੱਕ ਨਹੀਂ ਹੋਵੇਗਾ। ਦਿੱਲੀ ਗੁਰਦੁਆਰਾ ਡਾਇਰੈਕਟੋਰੇਟ ਦੇ ਸੂਤਰਾਂ ਮੁਤਾਬਕ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ 26 ਫਰਵਰੀ ਨੂੰ ਕੀਤੀ ਜਾਵੇਗੀ।



ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਦੀ ਮੀਟਿੰਗ ਤੋਂ ਬਾਅਦ ਲਈ ਗਈ ਪ੍ਰਬੰਧਕੀ ਟੀਮ ਦੀ ਤਸਵੀਰ। ਇਸ ਮੀਟਿੰਗ ਵਿਚ ਕਲੱਬ ਵਲੋਂ ਇਸ ਸਾਲ ਪਿਕਨਿਕ ਆਉਂਦੀ 27 ਅਪਰੈਲ ਅਤੇ ਕਬੱਡੀ ਟੂਰਨਾਮੈਂਟ 28 ਅਪਰੈਲ ਨੂੰ ਕਰਵਾਉਣ ਦਾ ਫੈਸਲਾ ਲਿਆ ਗਿਆ।

# ਗਦਰੀ ਬਾਬਿਆਂ ਦੀ ਯਾਦ 'ਚ ਯੂਬਾ ਸਿਟੀ ਵਿਚ ਮੇਲਾ 30 ਮਾਰਚ ਨੂੰ

**ਯੂਬਾ ਸਿਟੀ (ਬਿਊਰੋ):** ਇੰਡੀਅਨ ਐਜੂਕੇਸ਼ਨ ਐਂਡ ਕਲਚਰਲ ਆਰਗੇਨਾਈਜੇਸ਼ਨ ਯੂਬਾ ਸਿਟੀ ਵਲੋਂ ਗਦਰ ਪਾਰਟੀ ਦੀ ਸਥਾਪਤੀ ਦੀ ਸੌਵੀਂ ਵਰ੍ਹੇਗੰਢ ਮੌਕੇ ਇਥੇ ਗਦਰੀ ਬਾਬਿਆਂ ਦੀ ਯਾਦ 'ਚ ਮੇਲਾ 30 ਮਾਰਚ 2013, ਸਨਿਚਰਵਾਰ ਨੂੰ ਕਰਵਾਇਆ ਜਾਵੇਗਾ। ਇਸ ਸਬੰਧੀ ਫੈਸਲਾ ਜਥੇਬੰਦੀ ਦੀ ਇਥੇ ਲੰਘੇ ਐਤਵਾਰ ਮੱਖਣ ਸਿੰਘ ਬਾਸੀ ਦੇ ਘਰ ਰਵਿੰਦਰ ਸਿੰਘ ਸਹੋਤਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਵਿਚ ਇੰਡੋ-ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਵਲੋਂ ਸੁਰਿੰਦਰ ਸਿੰਘ ਮੰਢਾਲੀ ਅਤੇ ਗੁਰਦੀਪ ਸਿੰਘ ਅਣਖੀ ਅਤੇ ਸੈਕਰਾਮੈਂਟੋ ਤੋਂ ਸ੍ਰੀ ਮੁਲਖ ਰਾਜ, ਸ਼ੰਗਾਰਾ ਰਾਮ ਘੁੜਕਾ, ਇੰਦਰਜੀਤ ਸਿੰਘ ਚੌਕੀਮਾਨ ਅਤੇ ਮਾਡੈਸਟੋ ਤੋਂ ਮਲਕੀਤ ਸਿੰਘ ਸੰਧੂ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

ਮੈਂਬਰਾਂ ਨੇ ਬੜੇ ਉਤਸ਼ਾਹ ਨਾਲ ਤਿਆਰੀਆਂ ਅਰੰਭਣ ਦਾ ਅਹਿਦ ਲੈਂਦਿਆਂ ਸਮੁਚੇ ਭਾਈਚਾਰੇ ਨੂੰ ਸਾਥ ਦੇਣ ਦੀ ਅਪੀਲ ਕੀਤੀ। ਨਵੀਂ ਮੇਲਾ ਕਮੇਟੀ ਦਾ ਗਠਨ ਵੀ ਕੀਤਾ ਗਿਆ ਜਿਸ ਵਿਚ ਸੁਰਿੰਦਰ ਜੋਸ਼ੀ ਪ੍ਰਧਾਨ, ਰਵਿੰਦਰ ਸਿੰਘ ਸਹੋਤਾ ਜਨਰਲ ਸਕੱਤਰ ਅਤੇ ਮਨਜੀਤ ਸਿੰਘ ਢਿੱਲੋਂ ਖਜ਼ਾਨਚੀ ਬਣਾਏ ਗਏ। ਗੁਰਵਿੰਦਰ ਸਿੰਘ ਧੁੱਗਾ, ਬਲਰਾਜ ਸਿੰਘ ਸਹੋਤਾ, ਗੁਰਚਰਨ ਸਿੰਘ ਰੰਧਾਵਾ, ਮਨਜੀਤ ਸਿੰਘ ਨਿੱਝਰ, ਸੁਰਿੰਦਰ ਸਿੰਘ ਜੌਹਲ, ਪੀਟਰ ਜੌਹਲ, ਕਰਿਸ਼ਨ ਸਿੰਘ ਸਹੋਤਾ, ਮੱਖਣ ਸਿੰਘ ਬਾਸੀ, ਹਰਭਜਨ ਸਿੰਘ ਬਾਸੀ, ਦਵਿੰਦਰ ਸਿੰਘ ਚੀਮਾ, ਹਰਪਾਲ ਸਿੰਘ ਸੰਘਾ, ਹਰਜਿੰਦਰ ਸਿੰਘ ਦੁਸਾਂਝ, ਕੁਲਵਿੰਦਰ ਸਿੰਘ ਮਾਨ, ਕਿਰਪਾਲ ਸਿੰਘ ਜੌਹਲ, ਜਸਦੀਪ ਸਿੰਘ ਅਤੇ ਬਲਜਿੰਦਰ ਸਿੰਘ ਤੱਖਰ ਮੈਂਬਰ ਚੁਣੇ ਗਏ।






# ਮਿਲਖਾ ਸਿੰਘ ਤੇ ਹੋਰਾਂ ਵਿਰੁਧ ਕੇਸ ਦਰਜ

**ਚੰਡੀਗੜ੍ਹ:** ਇਥੇ ਗੋਲਫ ਕਲੱਬ ਵਿਚ ਦੋ ਧਿਰਾਂ ਵਿਚਾਲੇ ਹੋਈ ਲੜਾਈ ਵਿਚ ਪੁਲਿਸ ਨੇ ਉਡਣੇ ਸਿੱਖ ਮਿਲਖਾ ਸਿੰਘ, ਸਾਬਕਾ ਮੁੱਖ ਸਕੱਤਰ ਆਰ.ਐਸ. ਮਾਨ, ਅਮਲੋਹ ਹਲਕੇ ਦੇ ਵਿਧਾਇਕ ਰਣਦੀਪ ਸਿੰਘ ਨਾਭਾ ਤੇ ਕਰਨਲ ਵਿਜੈ ਸਿੰਘ ਸੰਧੂ ਵਿਰੁੱਧ ਕੇਸ ਦਰਜ ਕੀਤਾ ਹੈ। ਝਗੜੇ ਦੌਰਾਨ ਵਿਧਾਇਕ ਰਣਦੀਪ ਸਿੰਘ ਨਾਭਾ ਜ਼ਖ਼ਮੀ ਹੋ ਗਏ। ਪੁਲਿਸ ਅਨੁਸਾਰ ਦੋ ਧਿਰਾਂ ਗੋਲਫ ਕਲੱਬ ਵਿਚ ਖੇਡ ਰਹੀਆਂ ਸਨ।

ਇਕ ਧਿਰ ਵਿਚ ਵਿਧਾਇਕ ਰਣਦੀਪ ਸਿੰਘ, ਮਿਲਖਾ ਸਿੰਘ,ਆਰ.ਐਸ.ਮਾਨ ਤੇ ਐਸ.ਐਸ. ਲਹਿਲ ਸ਼ਾਮਲ ਸਨ ਜਦੋਂਕਿ ਦੂਜੀ ਧਿਰ ਵਿਚ ਕਰਨਲ ਵਿਜੈ ਸਿੰਘ ਸੰਧੂ, ਇੰਜਨੀਅਰ ਅਜੈ ਕੰਵਰ ਤੇ ਵਕੀਲ ਹਰਮਨਬੀਰ ਸਿੰਘ ਸੇਠੀ ਸਨ। ਇਨ੍ਹਾਂ ਵਿਚਕਾਰ ਖੇਡ ਨੂੰ ਲੈ ਕੇ ਬਹਿਸ ਸ਼ੁਰੂ ਹੋ ਗਈ ਤੇ ਇੰਨੇ ਨੂੰ ਵਿਧਾਇਕ ਨਾਭਾ ਤੇ ਕਰਨਲ ਸੰਧੂ ਆਪਸ ਵਿਚ ਖਹਿਬੜ ਪਏ। ਇਸ ਤੋਂ ਬਾਅਦ ਦੋਵੇਂ ਧਿਰਾਂ ਨੇ ਗੋਲਫ ਦੀਆਂ ਸਟਿੱਕਾਂ ਨਾਲ ਇਕ ਦੂਸਰੇ 'ਤੇ ਹਮਲਾ ਕਰ ਦਿੱਤਾ।

ਇਸੇ ਦੌਰਾਨ ਪੁਲਿਸ ਨੂੰ ਸੂਚਿਤ ਕੀਤਾ ਗਿਆ ਤੇ ਦੋਵਾਂ ਧਿਰਾਂ ਨੇ ਪੁਲਿਸ ਨੂੰ ਸ਼ਿਕਾਇਤਾਂ ਦਿੱਤੀਆਂ। ਸਮਝੌਤੇ ਦੀ ਗੱਲ ਸਿਰੇ ਨਾ ਲੱਗਣ 'ਤੇ ਪੁਲਿਸ ਨੇ ਸ੍ਰੀ ਸੇਠੀ ਤੇ ਇੰਜਨੀਅਰ ਅਜੈ ਕੰਵਰ ਨੂੰ ਛੱਡ ਕੇ ਹੋਰਾਂ ਖ਼ਿਲਾਫ਼ ਧਾਰਾ 323,506 ਤੇ 34 ਤਹਿਤ ਕੇਸ ਦਰਜ ਕਰ ਲਿਆ ਹੈ। ਕਰਨਲ ਸੰਧੂ ਨੇ ਦੱਸਿਆ ਕਿ ਖੇਡਣ ਦੌਰਾਨ ਉਨ੍ਹਾਂ ਦਾ ਝਗੜਾ ਹੋਇਆ ਸੀ ਜਿਸ ਦੀ ਸ਼ਿਕਾਇਤ ਪੁਲਿਸ ਨੂੰ ਕੀਤੀ ਗਈ ਹੈ। ਡੀ.ਐਸ.ਪੀ. ਵਿਜੈ ਕੁਮਾਰ ਨੇ ਦੱਸਿਆ ਕਿ ਮੁੱਖ ਤੌਰ 'ਤੇ ਝਗੜਾ ਵਿਧਾਇਕ ਰਣਦੀਪ ਨਾਭਾ ਤੇ ਕਰਨਲ ਸੰਧੂ ਵਿਚਕਾਰ ਹੋਇਆ ਹੈ ਹੋਰਨਾਂ ਵਿਅਕਤੀਆਂ ਦੀ ਭੂਮਿਕਾ ਦੀ ਜਾਂਚ ਕੀਤੀ ਜਾਵੇਗੀ।




Anu Peshawaria
Attorney at Law

The Anu Attorney Immigration Law Firm
Law offices of Anu Peshawaria

*More than 25 years of experienced *Internationally Awarded-Extraordinary ability
*Served as Legal Advisor to Govt. of India, Embassy of India, Washington, DC

Licensed to practice Immigration & Bankruptcy in all 50 states.
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India

*Bankruptcy Consultation and Filing

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# ਅੰਬਰ ਦਾ ਕਾਗਜ਼... ...ਪਿਆਰ ਦੀਆਂ ਲੀਕਾਂ

ਕਲਾ ਪਰਿਕਰਮਾ

*ਪੰਜਾਬ ਤੇ ਹਰਿਆਣਾ ਦੇ ਦਲਿਤਾਂ ਅਤੇ ਉਨ੍ਹਾਂ ਦੇ ਦੁੱਖਾਂ-ਦਰਦਾਂ ਬਾਰੇ ਪੱਤਰਕਾਰ ਸੰਜਮਪ੍ਰੀਤ ਸਿੰਘ ਦੀ ਵਿਸ਼ੇਸ਼ ਰਿਪੋਰਟ 'ਪੰਜਾਬ ਟਾਈਮਜ਼' ਦੇ 3 ਨਵੰਬਰ, 2012 ਵਾਲੇ ਅੰਕ ਵਿਚ ਛਪੀ ਸੀ। ਇਹ ਰਿਪੋਰਟ ਉੜੀਸਾ ਦੇ ਇਕ ਪਿੰਡ ਤੋਂ ਸਵੀਡਨ ਗਏ ਦਲਿਤ ਪ੍ਰਦੁਮਨ ਕੁਮਾਰ ਮਹਾਨੰਦੀਆ ਨੇ ਪੜ੍ਹੀ ਅਤੇ ਲੇਖਕ ਨਾਲ ਸੰਪਰਕ ਕੀਤਾ। ਇਸ ਸੰਪਰਕ ਵਿਚੋਂ ਹੀ ਇੱਥੇ ਛਾਪੀ ਜਾ ਰਹੀ ਕਹਾਣੀ ਨਿਕਲੀ ਹੈ। ਇਹ 'ਪੇਂਟਰ ਬਾਬੂ' ਮਹਾਨੰਦੀਆ ਦੀ ਕਲਾ ਅਤੇ ਪਿਆਰ ਦੀ ਵਿਲੱਖਣ ਕਹਾਣੀ ਹੈ। ਇਹ ਗੱਲ ਮੈਂ ਇਸ ਕਰ ਕੇ ਵੀ ਹੁੱਬ ਕੇ ਦੱਸ ਰਿਹਾ ਹਾਂ ਕਿਉਂਕਿ ਇਹ ਕਹਾਣੀ ਮੇਰੇ ਜਿਗਰੀ ਯਾਰ ਮਰਹੂਮ ਨਰਿੰਦਰ ਭੁੱਲਰ ਦੇ ਬੇਟੇ ਸੰਜਮਪ੍ਰੀਤ ਸਿੰਘ ਨੇ ਕੱਢ ਕੇ ਲਿਆਂਦੀ ਹੈ। ਇਸ ਕਹਾਣੀ ਦਾ ਮਾਨਵੀ ਪੱਖ ਬੜਾ ਜ਼ੋਰਦਾਰ ਹੈ। ਨਰਿੰਦਰ ਵੀ ਜ਼ਿੰਦਗੀ ਦੀਆਂ ਲੜੀਆਂ ਇਉਂ ਹੀ ਫੜਦਾ ਹੁੰਦਾ ਸੀ। -ਅਮੋਲਕ ਸਿੰਘ ਜੰਮੂ*

1977 ਦੀਆਂ ਸਰਦੀਆਂ ਵਿਚ ਉੜੀਸਾ ਦੇ ਨਿੱਕੇ ਜਿਹੇ ਪਿੰਡ ਮੁੰਡਾ ਸਾਇਕਲ ਉਤੇ ਪੰਜਾਬ ਗਾਹ ਰਿਹਾ ਹੈ। ਉਹਦੇ ਪੈਰੀਂ ਇਹ ਚੱਕਰ ਪਿਆਰ ਦਾ ਪਾਇਆ ਹੋਇਆ ਹੈ। ਉਹ ਸ਼ਾਇਦ ਪੰਜ ਪਾਣੀਆਂ ਦੀ ਧਰਤੀ ਪੰਜਾਬ ਦੀ ਮਸ਼ਹੂਰ ਲੋਕ ਕਥਾ ਹੀਰ ਤੋਂ ਵਾਕਫ ਨਹੀਂ ਸੀ ਜਿਸ ਨੇ ਕਦੀ ਗਾਇਆ ਸੀ: ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ...। ਉੜੀਸਾ ਦਾ ਇਹ ਮੁੰਡਾ ਪ੍ਰਦੁਮਨ ਕੁਮਾਰ ਮਹਾਨੰਦੀਆ ਸੀ। ਉਸ ਵੇਲੇ ਉਹਦੀ ਉਮਰ 28 ਕੁ ਵਰ੍ਹਿਆਂ ਦੀ ਸੀ ਅਤੇ ਉਹ ਸਵੀਡਨ ਵਿਚ ਰਹਿੰਦੀ



**ਸੰਜਮਪ੍ਰੀਤ ਸਿੰਘ**
ਫੋਨ:91-98720-21979

ਆਪਣੀ ਪਿਆਰੀ ਸ਼ਾਰਲਟ ਵਾਨ ਸਲੈਡਵਿੰਨ ਨੂੰ ਮਿਲਣ ਨਵੀਂ ਦਿੱਲੀ ਤੋਂ ਸਾਇਕਲ ਉਤੇ ਚੱਲਿਆ ਸੀ। ਦਲਿਤਾਂ ਦੇ ਘਰ ਜੰਮੇ ਮਹਾਨੰਦਿਆ ਦਾ ਪਿੰਡ ਅੱਤਾ ਮਲਿਕ ਉੜੀਸਾ ਦੇ ਜ਼ਿਲ੍ਹੇ ਕੰਧਪਾੜਾ ਵਿਚ ਪੈਂਦਾ ਹੈ। ਇਕ ਦਿਨ ਉਹ ਦਿੱਲੀ ਦੇ ਕਨਾਟ ਪਲੇਸ ਵਿਚ ਸਕੈਚ ਬਣਾ ਰਿਹਾ ਸੀ ਕਿ ਸ਼ਾਰਲਟ ਨਾਲ ਮੇਲੇ ਹੋ ਗਏ। ਇਹ ਗੱਲ 1975 ਦੀ ਹੈ। ਸ਼ਾਰਲਟ ਉਦੋਂ 19 ਵਰ੍ਹਿਆਂ ਦੀ ਸੀ। ਮਹਾਨੰਦੀਆ ਦੀ ਸਕੈਚ ਕਲਾ ਬਾਰੇ ਅਖ਼ਬਾਰ ਵਿਚੋਂ ਪੜ੍ਹ ਕੇ ਉਹ ਆਪਣਾ ਸਕੈਚ ਬਣਵਾਉਣ ਆਈ ਸੀ। ਉਹ ਹੈਰਾਨ ਸੀ ਕਿ ਦਿੱਲੀ ਕਾਲਜ ਆਫ਼ ਆਰਟ ਦਾ ਇਹ ਵਿਦਿਆਰਥੀ ਪੈਨਸਿਲ ਨਾਲ ਕਾਗ਼ਜ਼ ਉਤੇ ਅਰਸ਼ ਉਤਾਰ ਰਿਹਾ ਹੈ, ਪਰ ਜਿਉਂ ਹੀ ਸ਼ਾਰਲਟ ਸਕੈਚ ਬਣਵਾਉਣ ਲਈ ਸਾਹਮਣੇ ਬੈਠੀ, ਮਹਾਨੰਦੀਆ ਦੇ ਹੱਥ ਵਿਚ ਫੜੀ ਪੈਨਸਿਲ ਕਹਿਣਾ ਮੰਨਣ ਤੋਂ ਇਨਕਾਰੀ ਹੋ ਗਈ। ਉਸ ਨੂੰ ਜਾਪਿਆ, ਕੁੜੀਆਂ ਦੀਆਂ ਅੱਖਾਂ ਦਾ ਜਾਦੂ ਉਸ ਉਤੇ ਹੋ ਰਿਹਾ ਹੈ। ਉਸ ਦਿਨ ਉਹ ਪਹਿਲੀ ਵਾਰ ਸਕੈਚ ਨਹੀਂ ਬਣਾ ਸਕਿਆ। ਉਹ ਯਾਦ ਕਰਦਾ ਹੈ, "ਸ਼ਾਰਲਟ ਨੂੰ ਦੇਖਦਿਆਂ ਹੀ ਮੇਰੇ ਦਿਲ ਵਿਚ ਉਥਲ-ਪੁਥਲ ਮਚ ਗਈ।" ਤੇ ਸ਼ਾਰਲਟ ਵੀ ਉਸ ਦੀ ਸਾਦਗੀ ਉਤੇ ਮਰ ਮਿਟੀ ਸੀ।

ਛੇਤੀ ਹੀ ਉਨ੍ਹਾਂ ਦੀਆਂ ਮਿਲਣੀਆਂ ਲੰਮੀਆਂ ਹੋਣ ਲੱਗੀਆਂ ਅਤੇ ਫਿਰ ਉਨ੍ਹਾਂ ਵਿਆਹ ਕਰਵਾ ਲਿਆ। ਸਵੀਡਨ ਦੀ ਸ਼ਾਰਲਟ (CHARLOTTE) ਮਹਾਨੰਦੀਆ ਦੀ ਚਾਰੂ ਲਤਾ (CHARU LATA) ਹੋ ਗਈ। ਕੁਝ ਸਮੇਂ ਬਾਅਦ ਉਹ ਆਪਣੇ ਵਤਨ ਸਵੀਡਨ ਪਰਤ ਗਈ। ਉਸ ਨੇ ਮਹਾਨੰਦੀਆ ਨੂੰ ਵੀ ਨਾਲ ਚੱਲਣ ਲਈ ਜ਼ੋਰ ਪਾਇਆ, ਪਰ ਮਹਾਨੰਦੀਆ ਆਪਣੀ ਪੜ੍ਹਾਈ ਪੂਰੀ ਕਰਨਾ ਚਾਹੁੰਦਾ ਸੀ। ਉਸ ਦੇ ਮਨ ਵਿਚ ਕਿਤੇ ਇਹ ਗੱਲ ਡੂੰਘੀ ਬੈਠੀ ਹੋਈ ਸੀ ਕਿ ਪੜ੍ਹਾਈ ਤੋਂ ਬਗੈਰ ਉਹ ਜ਼ਿੰਦਗੀ ਵਿਚ ਵਾਰ ਵਾਰ ਪੈ ਰਹੇ ਅੜਿੱਕੇ ਪਾਰ ਨਹੀਂ ਕਰ ਸਕੇਗਾ। ਚਾਰੂ ਲਤਾ ਨੇ ਉਸ ਨੂੰ ਉਥੋਂ ਹਵਾਈ ਟਿਕਟ ਭੇਜਣ ਦੀ ਪੇਸ਼ਕਸ਼ ਵੀ ਕੀਤੀ, ਪਰ ਮਹਾਨੰਦੀਆ ਫਿਰ ਵੀ ਨਾ ਮੰਨਿਆ, ਸਗੋਂ ਕਿਹਾ ਕਿ ਉਹ ਆਪਣੀ ਪਿਆਰੀ ਚਾਰੂ ਲਤਾ ਕੋਲ ਆਪ ਆਵੇਗਾ। ਮਹਾਨੰਦੀਆ ਨੇ ਚਾਰੂ ਲਤਾ ਨੂੰ ਇਹ ਕਹਿ ਤਾਂ ਦਿੱਤਾ ਸੀ ਪਰ ਹਕੀਕਤ ਇਸ ਤੋਂ ਐਨ ਉਲਟ ਸੀ। ਉਸ ਦਾ ਬੋਝਾ ਉੱਕਾ ਹੀ ਖਾਲੀ ਸੀ। ਆਖਕਾਰ ਉਸ ਨੇ ਆਪਣਾ ਸਾਰਾ ਸਾਮਾਨ ਕੁੱਲ 1200 ਰੁਪਏ ਵੇਚ ਦਿੱਤਾ। ਇਨ੍ਹਾਂ ਵਿਚੋਂ ਉਸ ਨੇ 60 ਰੁਪਏ ਦਾ ਪੁਰਾਣਾ ਸਾਇਕਲ ਖਰੀਦ ਲਿਆ। ਫਿਰ ਆਪਣਾ ਬੁਰਸ਼, ਰੰਗ ਤੇ ਪੈਨਸਿਲਾਂ ਬੋਝੇ ਵਿਚ ਪਾਏ ਅਤੇ ਦਿੱਲੀ ਤੋਂ ਨਿਕਲ ਪਿਆ।

ਮਹਾਨੰਦੀਆ ਦੀ ਆਪਣੇ ਪਿਆਰ ਲਈ ਵਿੱਢੀ ਇਸ ਸਾਇਕਲ ਯਾਤਰਾ ਦੀ ਵੀ ਆਪਣੀ ਕਹਾਣੀ ਹੈ। ਇਸ ਯਾਤਰਾ ਦੀ ਪ੍ਰੇਰਨਾ ਉਸ ਨੂੰ ਹਿੱਪੀਆਂ ਤੋਂ ਮਿਲੀ ਜਿਹੜੇ ਆਏ ਸਾਲ ਸੜਕ ਰਾਹੀਂ ਭਾਰਤ ਪੁੱਜਦੇ ਸਨ। ਉਸ ਦੀ ਚਾਰੂ ਲਤਾ ਵੀ ਤਾਂ ਵੈਨ ਰਾਹੀਂ 22 ਦਿਨਾਂ ਦਾ ਪੈਂਡਾ ਮਾਰ ਕੇ ਭਾਰਤ ਪੁੱਜੀ ਸੀ। ਦਿੱਲੀ ਤੋਂ ਚੱਲਿਆ ਮਹਾਨੰਦੀਆ ਜਦੋਂ ਅੰਮ੍ਰਿਤਸਰ ਪੁੱਜਾ। ਉਥੇ ਵਿਦੇਸ਼ੀ ਸੈਲਾਨੀਆਂ ਦੇ ਸਕੈਚ ਬਣਾਏ ਅਤੇ ਲੋੜ ਜੋਗੇ ਪੈਸੇ ਕਮਾ ਲਏ। ਮਹਾਨੰਦਿਆ ਗੁਰੂ ਦੀ ਨਗਰੀ ਤੋਂ ਅਫ਼ਗਾਨਿਸਤਾਨ, ਇਰਾਨ, ਤੁਰਕੀ, ਬੁਲਗਾਰੀਆ, ਯੂਗੋਸਲਾਵੀਆ, ਜਰਮਨੀ, ਆਸਟਰੀਆ ਹੁੰਦਾ ਹੋਇਆ ਡੈਨਮਾਰਕ ਪਹੁੰਚ ਗਿਆ। ਕਈ ਵਾਰ ਉਸ ਦਾ ਸਾਇਕਲ ਜਵਾਬ ਦੇ ਗਿਆ, ਪਰ ਮਹਾਨੰਦੀਆ ਨੇ ਹੌਸਲਾ ਨਹੀਂ ਹਾਰਿਆ। ਆਖਰਕਾਰ ਚਾਰ ਮਹੀਨੇ ਅਤੇ ਤਿੰਨ ਹਫਤਿਆਂ ਦੇ ਲੰਮੇ ਪੈਂਡੇ ਤੋਂ ਬਾਅਦ ਉਹ ਆਪਣੀ ਮੰਜ਼ਿਲ ਉਤੇ ਪਹੁੰਚਿਆ। ਇਹ ਸਵੀਡਨ ਦੇ ਪੱਛਮ ਵਿਚ ਸਥਿਤ ਸ਼ਹਿਰ ਗੋਦਨਬਰਗ ਸੀ। ਉਥੇ ਸਵੀਡਨ ਦੇ ਇਮੀਗਰੇਸ਼ਨ ਅਧਿਕਾਰੀਆਂ ਨੇ ਉਸ ਨੂੰ ਘੇਰ ਲਿਆ। ਸਵੀਡਨ ਆਉਣ ਦਾ ਮਕਸਦ ਪੁੱਛਿਆ। ਮਹਾਨੰਦੀਆ ਨੇ ਚਾਰੂ ਲਤਾ ਨਾਲ ਆਪਣੇ ਵਿਆਹ ਦੀਆਂ ਤਸਵੀਰਾਂ ਦਿਖਾਉਂਦਿਆਂ ਸਾਰੀ ਕਹਾਣੀ ਦੱਸੀ। ਇਮੀਗਰੇਸ਼ਨ ਅਧਿਕਾਰੀਆਂ ਨੂੰ ਯਕੀਨ ਹੀ ਨਹੀਂ ਸੀ ਹੋ ਰਿਹਾ ਕਿ ਅਮੀਰ ਖਾਨਦਾਨ ਦੀ ਲੜਕੀ ਸ਼ਾਰਲਟ ਨੇ ਕਿਸੇ ਗਰੀਬ ਦਲਿਤ ਭਾਰਤੀ ਮੁੰਡੇ ਨਾਲ ਵਿਆਹ ਕਰਵਾਇਆ ਹੈ। ਉਸ ਵੇਲੇ ਤੱਕ ਮਹਾਨੰਦੀਆ ਨੂੰ ਖ਼ਬਰ ਨਹੀਂ ਸੀ ਕਿ ਚਾਰੂ ਲਤਾ ਦਾ ਸਬੰਧ ਕਿਸੇ ਉਚ ਪਰਿਵਾਰ ਨਾਲ ਹੈ। ਉਹਨੂੰ ਖੁਦ ਨੂੰ ਯਕੀਨ ਨਹੀਂ ਸੀ ਆ ਰਿਹਾ ਸੀ ਕਿ ਚਾਰੂ ਲਤਾ ਉਸ ਨੂੰ ਹੁਣ ਸਵੀਕਾਰ ਕਰੇਗੀ ਜਾਂ ਨਹੀਂ! ਇਮੀਗਰੇਸ਼ਨ ਅਧਿਕਾਰੀਆਂ ਨੇ ਤੁਰੰਤ ਸ਼ਾਰਲਟ ਦੇ ਘਰ ਪਹੁੰਚ ਕੀਤੀ ਅਤੇ ਸੁਨੇਹਾ ਮਿਲਦਿਆਂ ਹੀ ਉਸ ਦੀ ਚਾਰੂ ਲਤਾ ਆਪਣੇ ਜੱਦੀ ਕਸਬੇ ਬੋਰਸ ਜੋ ਉਥੋਂ 70 ਕਿਲੋ ਮੀਟਰ ਦੂਰ ਪੈਂਦਾ ਸੀ, ਤੋਂ ਝੱਟ ਉਹਦੇ ਕੋਲ ਪਹੁੰਚ ਗਈ ਅਤੇ ਇਮੀਗਰੇਸ਼ਨ ਅਧਿਕਾਰੀਆਂ ਨੂੰ ਹੈਰਾਨ ਕਰਦੀ ਆਪਣੇ ਪਿਆਰੇ ਮਹਾਨੰਦੀਆ ਨੂੰ ਆਪਣੇ ਨਾਲ ਲੈ ਗਈ।

ਮਹਾਨੰਦੀਆ ਨੇ ਚਾਰੂ ਲਤਾ ਦੇ ਮਾਪਿਆਂ ਦਾ ਦਿਲ ਵੀ ਲੁੱਟ ਲਿਆ ਸੀ। ਉਹ ਹੈਰਾਨ ਸਨ ਕਿ ਇੰਨੀ ਦੂਰੋਂ ਇਹ ਮੁੰਡਾ ਸਾਇਕਲ ਉਤੇ ਚਾਰੂ ਲਤਾ ਕੋਲ ਆਣ ਪੁੱਜਾ ਹੈ। ਉਨ੍ਹਾਂ ਨੇ ਉਸ ਨੂੰ ਆਪਣੇ ਪਰਿਵਾਰ ਦਾ ਮੈਂਬਰ ਬਣਾਉਣਾ ਸਵੀਕਾਰ ਕਰ ਲਿਆ ਪਰ ਕੁਝ ਕੁ ਸ਼ਰਤਾਂ ਜ਼ਰੂਰ ਲਾਈਆਂ ਤਾਂ ਕਿ ਉਨ੍ਹਾਂ ਦੀ ਰਵਾਇਤੀ ਸ਼ਾਨ ਦੀ ਉਲੰਘਣਾ ਨਾ ਹੋਵੇ। ਇਕ ਵਾਰ ਫਿਰ 1979 ਵਿਚ ਦੋਹਾਂ ਦਾ ਵਿਆਹ ਸਵੀਡਨ ਦੀਆਂ ਰੀਤਾਂ ਮੁਤਾਬਕ ਹੋਇਆ। ਮਹਾਨੰਦੀਆ ਹੁਣ 64 ਸਾਲ ਦਾ ਹੈ ਅਤੇ ਆਪਣੇ ਵਤਨ ਪਰਤਣ ਬਾਰੇ ਉਸ ਦੇ ਮਨ ਵਿਚ ਕਦੀ ਕੋਈ ਵਿਚਾਰ ਨਹੀਂ ਆਇਆ। ਉਹ ਉਸ ਧਰਤੀ ਉਤੇ ਕਿਉਂ ਪਰਤਣਾ ਚਾਹੇਗਾ ਜਿਥੇ ਉਸ ਨੂੰ ਠੋਕਰਾਂ ਅਤੇ ਵਿਤਕਰਿਆਂ ਤੋਂ ਸਿਵਾ ਕੁਝ ਮਿਲਿਆ ਹੀ ਨਹੀਂ ਸੀ। ਫਿਰ ਵੀ ਉਸ ਨੂੰ ਉਚ ਜਾਤ ਵੱਲੋਂ ਦਿੱਤੇ ਜ਼ਖ਼ਮਾਂ ਦਾ ਕੋਈ ਗੁੱਸਾ ਗਿਲਾ ਨਹੀਂ। ਉਹ ਆਖਦਾ ਹੈ-'ਮੇਰੇ ਪਿਆਰ ਨੇ ਮੈਨੂੰ ਇੰਨੀ ਕੁ ਤਾਕਤ ਬਖ਼ਸ਼ ਦਿੱਤੀ ਹੈ ਕਿ ਮੈਂ ਤੱਦੀਆਂ ਕਰਨ ਵਾਲੇ ਉਨ੍ਹਾਂ ਲੋਕਾਂ ਨੂੰ ਮੁਆਫ਼ ਕਰ ਦਿੱਤਾ ਹੈ।' ਆਪਣੇ ਬੱਚਿਆਂ ਨੂੰ ਵੀ ਉਹ ਇਹੀ ਪਿਆਰ-ਸੁਨੇਹਾ ਦਿੰਦਾ ਹੈ। ਚਾਰੂ ਲਤਾ ਅਤੇ ਮਹਾਨੰਦੀਆ ਦੇ ਘਰ ਦੋ ਬੱਚੇ ਹਨ। ਧੀ ਐਮਿਲੀ ਹੁਣ 27 ਸਾਲ ਅਤੇ ਪੁੱਤਰ ਸਿਧਾਰਥ 24 ਸਾਲ ਦਾ ਹੈ।








*ਅਖਬਾਰ ਵਿਚ ਛਪਿਆ ਫੀਚਰ ਜਿਸ ਨੂੰ ਪੜ੍ਹ ਕੇ ਦੋਹਾਂ ਦੇ ਮੇਲੇ ਹੋਏ, (ਹੇਠਾਂ) ਭਾਰਤ ਵਿਚ ਵਿਆਹ ਵੇਲੇ ਦੀ ਤਸਵੀਰ ਅਤੇ (ਸੱਜੇ) ਸਵੀਡਨ ਵਿਚ ਆਪਣੇ ਘਰ ਵਿਚ ਸ਼ਾਰਲਟ ਤੇ ਮਹਾਨੰਦੀਆ।*

## ਨਵੀਂ ਦਿੱਲੀ ਤੋਂ ਬੋਰਸ

*ਸਵੀਡਨ ਦੇ ਪੱਤਰਕਾਰ ਪੇਰ ਜੇ. ਐਂਡਰਸਨ ਨੇ ਮਹਾਨੰਦੀਆ ਦੀ ਇਸ ਸਾਇਕਲ ਯਾਤਰਾ ਬਾਰੇ ਕਿਤਾਬ ਲਿਖੀ ਹੈ। ਉਸ ਨੇ ਇਸ ਦਾ ਨਾਂ ਰੱਖਿਆ ਹੈ: ਨਵੀਂ ਦਿੱਲੀ-ਬੋਰਸ। ਇਹ ਕਿਤਾਬ ਇਸੇ ਸਾਲ (2013) ਵੈਲੇਨਟਾਈਨ ਦਿਵਸ ਮੌਕੇ ਸਵੀਡਨ ਵਿਚ ਰਿਲੀਜ਼ ਕੀਤੀ ਗਈ। ਇਸ ਕਿਤਾਬ ਵਿਚ ਮਹਾਨੰਦੀਆ ਅਤੇ ਚਾਰੂ ਲਤਾ ਦੀ ਕਥਾ ਤੋਂ ਇਲਾਵਾ ਭਾਰਤ ਦੇ ਅਛੂਤ ਲੋਕਾਂ ਦੀਆਂ ਦਰਦ ਕਹਾਣੀਆਂ ਵੀ ਬਿਆਨ ਕੀਤੀਆਂ ਗਈਆਂ ਹਨ।*




# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ **ਕਵਿਤਾ ਦੀਆਂ ਇਕ-ਦੋ ਸਤਰਾਂ** ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 2 ਮਾਰਚ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-53



*ਰੂਪ ਸਵਾਇਆ ਡੁਲ੍ਹ ਡੁਲ੍ਹ ਪੈਂਦਾ ਪਹਿਨ ਕੇ ਜਰੀਆਂ ਵਰੀਆਂ।*
*ਧਰਤੀ ਉਤੇ ਉਤਰ ਆਈਆਂ ਲਗਦੀਆਂ ਹੂਰਾਂ ਪਰੀਆਂ!*

## ਕੈਪਸ਼ਨ ਮੁਕਾਬਲਾ-51



ਕਿੰਜ ਚੁੱਕਾਂ ਭਾਰੀ ਪੰਡ ਕੱਲਾ।
ਵੱਟ ਉਤੇ ਨਾ ਕੋਈ ਤੁਰਿਆ ਦਿਸੇ,
ਜਿਹਨੂੰ ਆਖਾਂ, 'ਪੰਡ ਚੁਕਾਈਂ ਮੱਲਾ।'
**-ਬਲਜਿੰਦਰ ਸਿੰਘ ਖਾਲਸਾ**

---

ਕੁਤਰ ਕੇ ਪੱਠੇ ਪੰਡ ਬੰਨ੍ਹ ਲਈ,
ਹੁਣ ਇਹ ਨਾ ਚੁੱਕੀ ਜਾਵੇ।
ਝਾਕ 'ਚ ਬੈਠਾ 'ਡੀਕੀ ਜਾਵਾਂ,
ਕਿਧਰੋਂ ਤਾਂ ਕੋਈ ਆਵੇ।
ਰਿਹਾ ਨਾ ਜੋਰ ਜਵਾਨੀ ਵਾਲਾ,
ਬੱਸ ਇਹੋ ਝੋਰਾ ਖਾਵੇ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਬੁੱਢ ਵਰੇਸੇ ਹਾਲ ਕੀ ਹੋਏ,
ਦਿਲ ਜਾਣੇ ਜਾਂ ਜਾਣੇ ਅੱਲ੍ਹਾ।
ਸਾਰੀ ਉਮਰ ਕੀਤੀ ਮਿਹਨਤ,
ਪਰ ਖਾਲੀ ਦਾ ਖਾਲੀ ਪੱਲਾ।
ਪਏ ਮਾਮਲੇ ਕਿਸਮਤ ਵਾਲੇ,
ਦੇਹ ਨੂੰ ਵੀ ਲੱਗਾ ਰੋਗ ਅਵੱਲਾ।
ਫਸਲ-ਬਾੜੀ ਮੈਨੂੰ ਦੇਣ ਧਰਾਸ,
ਉਂਜ ਵਿਹਲਾ ਬੰਦਾ ਹੋ ਜੇ ਝੱਲਾ।
ਪੱਠੇ ਵੱਢੇ ਤੇ ਫਿਰ ਮੈਂ ਕੁਤਰੇ,
ਪੰਡ ਪੱਠਿਆਂ ਦੀ ਕੁਤਰ
ਬਾਪੂ ਨੇ ਬੰਨ੍ਹ ਸਵਾਰ ਕੇ ਰੱਖੀ।
ਲੱਤਾਂ ਦੁਖਦੀਆਂ ਦੁਖਦੇ ਮੋਢੇ
ਘੱਟ ਦਿਸਦਾ ਏ ਅੱਖੀਂ।
ਵੇਲਾ ਸੀ ਇਹ ਸੁੱਖ ਮਾਣਨ ਦਾ
ਮੰਨਣੇ ਪੈ ਗਏ ਭਾਣੇ,
ਦੁਖ 'ਸੁਰਜੀਤ' ਕਿਨ੍ਹਾਂ ਨੂੰ ਦੱਸੀਏ
ਰੱਬ ਸਾਡਾ ਹੀ ਜਾਣੇ।
**-ਸੁਰਜੀਤ ਕੌਰ ਸੈਕਰਾਮੈਂਟੋ**

# ਲੱਚਰ ਗਾਇਕੀ ਨਾ ਰੋਕਣ 'ਤੇ ਹਾਈ ਕੋਰਟ ਖ਼ਫਾ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਲੱਚਰ ਗਾਇਕੀ ਨੂੰ ਰੋਕਣ ਲਈ ਦਾਇਰ ਜਨ ਹਿੱਤ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਪ੍ਰਮੁੱਖ ਸਕੱਤਰ ਗ੍ਰਹਿ ਤੇ ਪ੍ਰਮੁੱਖ ਸਕੱਤਰ ਸੱਭਿਆਚਾਰਕ ਮਾਮਲੇ ਤੋਂ ਜਵਾਬ ਤਲਬ ਕੀਤਾ ਹੈ। ਇਹ ਪਟੀਸ਼ਨ ਨਵਾਂ ਸ਼ਹਿਰ ਦੀ ਗੈਰ ਸਰਕਾਰੀ ਸੰਸਥਾ ਹੈਲਪ ਦੇ ਨੁਮਾਇੰਦੇ ਪਰਵਿੰਦਰ ਸਿੰਘ ਕਿੱਤਣਾ ਵੱਲੋਂ ਦਾਇਰ ਕੀਤੀ ਗਈ ਹੈ ਜਿਸ ਵਿਚ ਕੁਝ ਪੰਜਾਬੀ ਗੀਤਾਂ ਦਾ ਹਵਾਲਾ ਦਿੰਦਿਆਂ ਦੋਸ਼ ਲਾਇਆ ਗਿਆ ਹੈ ਕਿ ਸੱਭਿਆਚਾਰ ਦੇ ਨਾਂ 'ਤੇ ਲੱਚਰਤਾ ਪਰੋਸੀ ਜਾ ਰਹੀ ਹੈ। ਪਟੀਸ਼ਨਰ ਨੇ ਗਾਇਕ ਹਨੀ ਸਿੰਘ ਦੇ ਗਾਣਿਆਂ ਦਾ ਹਵਾਲਾ ਵੀ ਦਿੱਤਾ।

ਪਟੀਸ਼ਨਰ ਨੇ ਮੰਗ ਕੀਤੀ ਹੈ ਕਿ ਲੱਚਰ ਗਾਇਕੀ ਨੂੰ ਠੱਲ੍ਹ ਪਾਉਣ ਲਈ ਸਰਕਾਰ ਨੂੰ ਕਿਸੇ ਅਜਿਹੀ ਅਥਾਰਟੀ ਦਾ ਗਠਨ ਕਰਨਾ ਚਾਹੀਦਾ ਹੈ ਜੋ ਇਸ ਤਰ੍ਹਾਂ ਦੇ ਰੁਝਾਨ ਨੂੰ ਲਗਾਤਾਰ ਰੋਕੇ। ਬੋਲਣ ਦੀ ਆਜ਼ਾਦੀ ਦੇ ਨਾਂ 'ਤੇ ਔਰਤਾਂ ਵਿਰੁਧ ਗੀਤਾਂ ਵਿਚ ਅਪਸ਼ਬਦ ਵਰਤੇ ਜਾਂਦੇ ਹਨ ਜਿਨ੍ਹਾਂ ਦਾ ਸਮਾਜ 'ਤੇ ਮਾੜਾ ਅਸਰ ਪੈਂਦਾ ਹੈ। ਅਦਾਲਤ ਨੇ ਸਰਕਾਰ ਤੋਂ ਇਸ ਪਟੀਸ਼ਨ 'ਤੇ ਜਵਾਬ ਮੰਗਿਆ ਹੈ।

### ਗਾਂਧੀ ਬਾਰੇ ਰਾਸ਼ਟਰਪਤੀ ਓਬਾਮਾ ਕੋਲ ਪਟੀਸ਼ਨ

# ਨਸਲੀ ਤੇ ਜਾਤ-ਪਾਤੀ ਨਫ਼ਰਤ ਫੈਲਾਉਣ ਦਾ ਦੋਸ਼

**ਸੈਨ ਫਰਾਂਸਿਸਕੋ:** ਘੱਟਗਿਣਤੀਆਂ ਅਤੇ ਦਲਿਤ ਵਰਗ ਨਾਲ ਸਬੰਧਤ ਇਕ ਧਿਰ ਵਲੋਂ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਦਿੱਤੀ ਗਈ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਮਹਾਤਮਾ ਗਾਂਧੀ ਨੇ ਆਪਣੀ ਸਾਰੀ ਉਮਰ ਨਸਲੀ ਨਫ਼ਰਤ ਫੈਲਾਈ ਅਤੇ ਜਾਤ-ਪਾਤੀ ਸਿਸਟਮ ਉਤੇ ਆਧਾਰਤ ਬੁਨਿਆਦੀ ਵਰਣ ਵੰਡ ਦੀ ਸਦਾ ਪ੍ਰਸੰਸਾ ਕੀਤੀ। ਪਟੀਸ਼ਨ ਲਈ ਮੁਹਿੰਮ ਚਲਾ ਰਹੇ ਲੋਕਾਂ ਦਾ ਕਹਿਣਾ ਹੈ ਕਿ ਉਹ 12 ਮਾਰਚ ਤੱਕ ਇਕ ਲੱਖ ਆਨਲਾਈਨ ਦਸਤਖ਼ਤ ਕਰਵਾ ਕੇ ਓਬਾਮਾ ਪ੍ਰਸ਼ਾਸਨ ਨੂੰ ਕਹਿਣਗੇ ਕਿ ਉਚ ਜਾਤ ਦੇ ਇਸ ਹਿੰਦੂ ਲੀਡਰ ਬਾਰੇ ਪੁਨਰ-ਵਿਚਾਰ ਕੀਤਾ ਜਾਵੇ ਜਿਸ ਨੂੰ ਰਾਸ਼ਟਰਪਤੀ ਓਬਾਮਾ ਆਪਣੀ ਪ੍ਰੇਰਨਾ ਦਾ ਸਰੋਤ ਕਹਿ ਰਹੇ ਹਨ।

ਆਰਗੇਨਾਈਜੇਸ਼ਨ ਫ਼ਾਰ ਮਾਇਨਾਰਟੀਜ਼ ਇਨ ਇੰਡੀਆ (ਓ.ਐਫ.ਐਮ.ਆਈ.) ਦੇ ਡਾਇਰੈਕਟਰ (ਕਮਿਊਨੀਕੇਸ਼ਨ) ਅਰਵਿਨ ਵਾਲਮੀਕੀ ਨੇ ਦੋਸ਼ ਲਾਇਆ ਹੈ ਕਿ ਗਾਂਧੀ ਨੇ ਅਫ਼ਰੀਕਨਾਂ ਖ਼ਿਲਾਫ਼ ਨਸਲੀ ਪ੍ਰਚਾਰ ਕੀਤਾ ਅਤੇ ਦੱਖਣੀ ਅਫ਼ਰੀਕਾ ਵਿਚ ਨਸਲਪ੍ਰਸਤੀ ਨੂੰ ਹੱਲਾਸ਼ੇਰੀ ਦਿੱਤੀ, ਕਾਲਿਆਂ ਨੂੰ ਮਾਰਨ ਲਈ ਬਸਤੀਵਾਦੀ ਅੰਗਰੇਜ਼ਾਂ ਦੀ ਜੰਗ ਵਿਚ ਮਦਦ ਕੀਤੀ ਅਤੇ ਫਿਰ ਆਪਣੇ ਹੀ ਲੋਕਾਂ ਵਿਚ ਜਾਤੀ ਪਾੜਾ ਵਧਾਉਣ ਲਈ ਭਾਰਤ ਪਰਤ ਗਏ। ਮਨੁੱਖ-ਵਿਰੋਧੀ ਵਰਣ-ਵੰਡ ਵਾਲੀ ਫਿਲਾਸਫੀ ਵਿਚ ਉਨ੍ਹਾਂ ਦਾ ਦ੍ਰਿੜ ਵਿਸ਼ਵਾਸ ਸੀ। ਵਰਣ-ਵੰਡ ਉਹੀ ਸਿਸਟਮ ਹੈ ਜਿਸ ਨੇ ਹਜ਼ਾਰਾਂ ਸਾਲਾਂ ਤੋਂ ਭਾਰਤੀ ਸੱਭਿਆਚਾਰ ਨੂੰ ਵਿਤਕਰੇ ਅਤੇ ਵੰਡ ਦੀ ਜ਼ਹਿਰ ਨਾਲ ਭਰ ਦਿੱਤਾ ਹੋਇਆ ਹੈ।

ਗੌਰਤਲਬ ਹੈ ਕਿ ਸ੍ਰੀ ਓਬਾਮਾ, ਗਾਂਧੀ ਦੇ ਵੱਡੇ ਪ੍ਰਸੰਸਕ ਹਨ ਅਤੇ ਗਾਹੇ-ਬਗਾਹੇ ਇਸ ਬਾਰੇ ਆਪਣੇ ਵਿਚਾਰ ਵੀ ਪ੍ਰਗਟ ਕਰਦੇ ਰਹਿੰਦੇ ਹਨ। 2008 ਵਿਚ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਜੀਵਤ ਜਾਂ ਮ੍ਰਿਤਕਾਂ ਵਿਚੋਂ ਉਨ੍ਹਾਂ ਦੀ ਇੱਛਾ ਕਿਸ ਬੰਦੇ ਨਾਲ ਬੈਠ ਕੇ ਭੋਜਨ ਛਕਣ ਦੀ ਹੈ, ਤਾਂ ਉਨ੍ਹਾਂ ਗਾਂਧੀ ਦਾ ਹੀ ਨਾਂ ਲਿਆ ਸੀ। ਉਹ ਗਾਂਧੀ ਦੀ ਸਪਿਰਿਟ ਤੇ ਦੱਖਣੀ ਅਫ਼ਰੀਕਾ 'ਚ ਉਨ੍ਹਾਂ ਦੀ 'ਮਿਸਾਲੀ ਕਾਰਗੁਜ਼ਾਰੀ' ਤੋਂ ਬਹੁਤ ਪ੍ਰਭਾਵਿਤ ਹਨ।



ਮਹਾਤਮਾ ਗਾਂਧੀ

ਦੂਜੇ ਬੰਨੇ ਪਟੀਸ਼ਨ ਵਿਚ ਇਸ ਦੇ ਬਿਲਕੁਲ ਉਲਟ ਤੱਥ ਪੇਸ਼ ਕੀਤੇ ਗਏ ਹਨ। ਇਸ ਵਿਚ ਕਿਹਾ ਗਿਆ ਹੈ ਕਿ ਗਾਂਧੀ ਨੇ ਪਹਿਲਾਂ ਦੱਖਣੀ ਅਫ਼ਰੀਕਾ ਵਿਚ ਅਤੇ ਫਿਰ ਆਪਣੇ ਵਤਨ ਭਾਰਤ ਵਿਚ ਨਸਲਪ੍ਰਸਤੀ ਨੂੰ ਸ਼ਹਿ ਦਿੱਤੀ। ਆਰਗੇਨਾਈਜੇਸ਼ਨ ਦੇ ਮਨੁੱਖੀ ਅਧਿਕਾਰਾਂ ਬਾਰੇ ਕੌਮਾਂਤਰੀ ਵਿੰਗ ਦੇ ਸਲਾਹਕਾਰ ਡਾ. ਮੁਨੀ ਸੁਬਰਾਮਣੀ ਮੁਤਾਬਕ, "ਗਾਂਧੀ ਹਿੰਦੂਆਂ ਦੇ ਜਾਤ-ਪਾਤੀ ਸਿਸਟਮ ਵਰਣ ਆਸ਼ਰਮ ਧਰਮ ਦੇ ਪੱਕੇ ਹਮਾਇਤੀ ਸਨ। ਉਨ੍ਹਾਂ ਦਾ ਹਰ ਕੰਮ ਅਫ਼ਰੀਕਾ ਦੇ ਲਿਤਾੜੇ ਸਿਆਹਫਾਮ ਲੋਕਾਂ, ਭਾਰਤ ਦੇ ਦਲਿਤਾਂ ਅਤੇ ਸੰਸਾਰ ਦੇ ਦੱਬੇ-ਕੁਚਲੇ ਲੋਕਾਂ ਦੇ ਖਿਲਾਫ਼ ਜਾਂਦਾ ਸੀ। ਉਹ ਸਦਾ ਜਾਤ-ਪਾਤੀ ਸਿਸਟਮ ਰਾਹੀਂ ਕੀਤੀ ਜਾ ਰਹੀ ਹਿੰਸਾ ਦੇ ਹੱਕ ਵਿਚ ਭੁਗਤਦੇ ਰਹੇ। ਇਹ ਸਿਸਟਮ ਸਦੀਆਂ ਪੁਰਾਣਾ ਹੈ ਅਤੇ ਹੁਣ ਵੀ ਉਸੇ ਤਰ੍ਹਾਂ ਚੱਲ ਰਿਹਾ ਹੈ। ਇਸੇ ਲਈ ਹੁਣ ਅਸੀਂ ਆਪਣੀ ਪਟੀਸ਼ਨ ਵਿਚ ਮੰਗ ਕੀਤੀ ਹੈ ਕਿ ਰਾਸ਼ਟਰਪਤੀ ਓਬਾਮਾ, ਗਾਂਧੀ ਦੀ ਅਸਲੀਅਤ ਨੂੰ ਸਮਝਦੇ ਹੋਏ ਉਨ੍ਹਾਂ ਦੇ ਵਿਚਾਰਾਂ ਨੂੰ ਰੱਦ ਕਰਨ।"

ਡਾ. ਸੁਬਰਾਮਣੀ ਅਤੇ ਸ੍ਰੀ ਵਾਲਮੀਕੀ ਨੇ ਸ੍ਰੀ ਗਾਂਧੀ ਦੇ ਖੁਦ ਲਿਖੇ ਸ਼ਬਦਾਂ ਨੂੰ ਸਬੂਤ ਵਜੋਂ ਪੇਸ਼ ਕਰਦਿਆਂ ਕੁਝ ਤੱਥ ਉਘਾੜੇ ਹਨ। ਉਨ੍ਹਾਂ ਮੁਤਾਬਕ 1921 ਵਿਚ ਗਾਂਧੀ ਨੇ ਐਲਾਨ ਕੀਤਾ ਸੀ, "ਮੈਂ ਬੁਨਿਆਦੀ ਵੰਡ ਖ਼ਤਮ ਕਰਨ ਦੀ ਹਰ ਕੋਸ਼ਿਸ਼ ਦੇ ਖ਼ਿਲਾਫ਼ ਹਾਂ। ਜਾਤ-ਪਾਤੀ ਸਿਸਟਮ ਵਿਚ ਕੋਈ ਗੈਰ-ਬਰਾਬਰੀ ਨਹੀਂ।" ਇਸ ਤੋਂ ਵੀ ਪਹਿਲਾਂ 1920 ਵਿਚ ਉਨ੍ਹਾਂ ਕਿਹਾ ਸੀ, "ਮੇਰਾ ਵਿਸ਼ਵਾਸ ਹੈ ਕਿ ਜਨਮ ਦੇ ਨਾਲ ਹੀ ਬੰਦੇ ਦੀ ਜਾਤ ਬਣ ਜਾਂਦੀ ਹੈ। ਜੇ ਕੋਈ ਬ੍ਰਾਹਮਣ ਪਰਿਵਾਰ ਵਿਚ ਜੰਮਿਆ ਹੈ ਤਾਂ ਉਹ ਬ੍ਰਾਹਮਣ ਵਜੋਂ ਹੀ ਮਰੇਗਾ।" ਜਾਤ-ਪਾਤ ਦੇ ਸਿਸਟਮ ਦੇ ਹੱਕ ਵਿਚ ਗਾਂਧੀ ਨੇ ਸਭ ਤੋਂ ਤਿੱਖਾ ਬਿਆਨ 1933 ਵਿਚ ਦਿੱਤਾ। ਉਨ੍ਹਾਂ ਕਿਹਾ, "ਮੇਰੀ ਨਜ਼ਰ ਵਿਚ ਜਾਤ-ਪਾਤੀ ਸਿਸਟਮ ਦਾ ਵਿਗਿਆਨਕ ਆਧਾਰ ਹੈ। ਇਸ ਦੇ ਖ਼ਿਲਾਫ਼ ਕੋਈ ਦਲੀਲ ਨਹੀਂ ਹੈ। ਜਾਤ-ਪਾਤ ਨਾਲ ਸਮਾਜਕ ਅਤੇ ਨੈਤਿਕ ਵਰਜਨਾਵਾਂ ਬਣਦੀਆਂ ਹਨ। ਮੈਨੂੰ ਇਨ੍ਹਾਂ ਦੇ ਖ਼ਾਤਮੇ ਲਈ ਕੋਈ ਦਲੀਲ ਨਹੀਂ ਲੱਭਦੀ। ਜਾਤ-ਪਾਤ ਨੂੰ ਖ਼ਤਮ ਕਰਨਾ ਹਿੰਦੂਵਾਦ ਨੂੰ ਤਹਿਸ-ਨਹਿਸ ਕਰਨਾ ਹੈ। ਵਰਣ ਆਸ਼ਰਮ ਦੇ ਖ਼ਿਲਾਫ ਲੜਨ ਦੀ ਕੋਈ ਤੁਕ ਨਹੀਂ। ਮੈਨੂੰ ਨਹੀਂ ਲਗਦਾ ਕਿ ਵਰਣ ਆਸ਼ਰਮ ਕੋਈ ਘਿਨਾਉਣਾ ਤੇ ਜ਼ਹਿਰੀਲਾ ਧਰਮ-ਸਿਧਾਂਤ ਹੈ। ਇਸ ਵਿਚ ਕੋਈ ਖ਼ਰਾਬੀ ਨਹੀਂ ਹੈ।"

ਡਾ. ਸੁਬਰਾਮਣੀ ਨੇ ਕਿਹਾ ਕਿ ਗਾਂਧੀ ਨੇ ਜਾਤ-ਪਾਤੀ ਸਿਸਟਮ ਦੀ ਰਾਖੀ ਕਰ ਕੇ ਅਸਲ ਵਿਚ ਛੂਤ-ਛਾਤ ਨੂੰ ਹੱਲਾਸ਼ੇਰੀ ਦਿੱਤੀ। ਜੇ ਤੁਸੀਂ ਸ਼ਰੇਆਮ ਕਹਿੰਦੇ ਹੋ ਕਿ ਮਨੁੱਖਾਂ ਦੀਆਂ ਚਾਰ ਸ਼੍ਰੇਣੀਆਂ ਹਨ ਤਾਂ ਇਹ ਗੱਲ ਤਾਂ ਆਪੇ ਬਣ ਜਾਂਦੀ ਹੈ ਕਿ ਇਨ੍ਹਾਂ ਵਿਚੋਂ ਕੋਈ ਸਭ ਤੋਂ ਉਪਰ ਅਤੇ ਕੋਈ ਸਭ ਤੋਂ ਹੇਠਾਂ ਤਾਂ ਹੋਵੇਗਾ ਹੀ। ਫਿਰ ਬਰਾਬਰੀ ਕਿੱਥੇ ਗਈ? ਜ਼ਾਹਿਰ ਹੈ ਕਿ ਜਾਤ-ਪਾਤੀ ਸਿਸਟਮ ਇਹ ਸਬਕ ਦਿੰਦਾ ਹੈ ਕਿ ਮਨੁੱਖ ਗੈਰ-ਬਰਾਬਰ ਹੀ ਜੰਮਦੇ ਹਨ ਅਤੇ ਸਮਾਜ ਵਿਚ ਗੈਰ-ਬਰਾਬਰੀ ਰਹਿੰਦੀ ਹੀ ਹੈ।



ਬਰਾਕ ਓਬਾਮਾ

ਉਨ੍ਹਾਂ ਕਿਹਾ ਕਿ ਦਲਿਤਾਂ ਨੂੰ ਮਾਨਸਿਕ ਤੌਰ 'ਤੇ ਇੰਨਾ ਕਮਜ਼ੋਰ ਕਰ ਦਿੱਤਾ ਗਿਆ ਕਿ ਉਹ ਆਪਣਾ ਮਨੁੱਖ ਹੋਣ ਦਾ ਹੱਕ ਵੀ ਗੁਆ ਬੈਠੇ। ਹਰ ਪਾਸੇ ਉਨ੍ਹਾਂ ਨਾਲ ਬਦਸਲੂਕੀ ਕੀਤੀ ਗਈ। ਪਟੀਸ਼ਨ ਵਿਚ ਇਹੀ ਸਾਰੇ ਤੱਥ ਉਭਾਰੇ ਗਏ ਹਨ। ਉਨ੍ਹਾਂ ਦੱਸਿਆ ਕਿ ਓ.ਐਫ.ਐਮ.ਆਈ. 2006 ਵਿਚ ਬਣਾਈ ਗਈ ਸੀ। ਇਸ ਸੰਸਥਾ ਦਾ ਮੁੱਖ ਮਕਸਦ ਦੱਖਣੀ ਏਸ਼ੀਆ ਖਿੱਤੇ ਦੇ ਦੇਸ਼ਾਂ ਨਾਲ ਸਬੰਧਤ ਦਲਿਤਾਂ, ਈਸਾਈਆਂ, ਬੋਧੀਆਂ, ਮੁਸਲਮਾਨਾਂ, ਸਿੱਖਾਂ ਅਤੇ ਹੋਰ ਘੱਟ-ਗਿਣਤੀਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨਾ ਹੈ।

## ਜਗਤਾਰ ਜੱਗੀ ਦੇ ਪਿਤਾ ਦੇ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਮਾਡੈਸਟੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ-ਅਮਰੀਕਾ ਦੇ ਪ੍ਰਧਾਨ ਸ੍ਰੀ ਹੈਰੀ ਗਿੱਲ ਨੇ ਹਾਸਰਸ ਕਲਾਕਾਰ ਜਗਤਾਰ ਜੱਗੀ ਦੇ ਪਿਤਾ ਸ੍ਰੀ ਸਰਵਣ ਸਿੰਘ ਦੇ ਅਚਾਨਕ ਅਕਾਲ ਚਲਾਣੇ 'ਤੇ ਡੂੰਗੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਸ੍ਰੀ ਗਿੱਲ ਦੀ ਪ੍ਰਧਾਨਗੀ ਹੇਠ ਇਥੇ ਹੋਈ ਇਕ ਸ਼ੋਕ ਸਭਾ ਵਿਚ ਬੋਲਦਿਆਂ 'ਸਾਂਝੀ ਸੋਚ' ਅਖਬਾਰ ਦੇ ਪ੍ਰੈਜ਼ੀਡੈਂਟ ਸ੍ਰੀ ਬੂਟਾ ਬਾਸੀ ਨੇ ਕਿਹਾ ਕਿ ਅਸੀਂ ਸ੍ਰੀ ਜੱਗੀ ਦੇ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹਾਂ। ਪਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ। ਇਸ ਸ਼ੋਕ ਸਭਾ ਵਿਚ ਹੋਰਨਾਂ ਤੋਂ ਇਲਾਵਾ ਜੀ ਪੀ ਸਿੰਘ, ਵਿਕਰਮ ਵੋਹਰਾ, ਹਰਪ੍ਰੀਤ ਸਿੱਧੂ, ਸੰਨੀ ਮਾਨ, ਸੁਰਿੰਦਰ ਮਹੇ, ਮਨਜਿੰਦਰ ਸਿੰਘ, ਹਰਭਜਨ ਸਿੰਘ ਬਾਸੀ, ਰਵਿੰਦਰ ਢਿੱਲੋਂ, ਰਮਾ ਕਾਂਤ ਡਾਵਰ, ਰਾਜ ਭਨੋਟ, ਦਵਿੰਦਰ ਪੰਮੀ ਅਤੇ ਇੰਦਰਜੀਤ ਸਿੰਘ ਲੱਕੀ ਨੇ ਸ਼ਿਰਕਤ ਕੀਤੀ। ਸਵਰਗੀ ਸ. ਸਰਵਣ ਸਿੰਘ ਦੀ ਅੰਤਿਮ ਅਰਦਾਸ ਉਨ੍ਹਾਂ ਦੇ ਜੱਦੀ ਪਿੰਡ ਸੰਢਾਵਾਲ ਜਿਲ੍ਹਾ ਜਲੰਧਰ ਵਿਚ 22 ਫਰਵਰੀ ਨੂੰ ਹੋਵੇਗੀ।

## ਭਾਰਤ-ਪਾਕਿ ਸ਼ਾਂਤੀ ਨਾਲ ਮਸਲਾ ਹੱਲ ਕਰਨ: ਮੂਨ

**ਸੰਯੁਕਤ ਰਾਸਟਰ:** ਭਾਰਤੀ ਖੇਤਰ ਵਿਚ ਦਾਖਲ ਹੋਏ ਇਕ ਪਾਕਿ ਫੌਜੀ ਦੀ ਭਾਰਤੀ ਫੌਜੀਆਂ ਵੱਲੋਂ ਕੀਤੀ ਹੱਤਿਆ ਤੋਂ ਬਾਅਦ ਸੰਯੁਕਤ ਰਾਸਟਰ ਪ੍ਰਮੁੱਖ ਬਾਨ ਕੀ ਮੂਨ ਨੇ ਭਾਰਤ ਤੇ ਪਾਕਿਸਤਾਨ ਨੂੰ ਜੰਗਬੰਦੀ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ ਤੇ ਕਿਹਾ ਹੈ ਕਿ ਦੋਵੇਂ ਦੇਸ਼ ਸ਼ਾਂਤੀਪੂਰਨ ਤਰੀਕੇ ਨਾਲ ਮਸਲੇ ਨੂੰ ਹੱਲ ਕਰਨ।

ਬਾਨ ਕੀ ਮੂਨ ਦੇ ਮੀਡੀਆ ਬੁਲਾਰੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੰਯੁਕਤ ਰਾਸਟਰ ਪ੍ਰਮੁੱਖ ਪਾਕਿ ਫੌਜੀ ਦੀ ਹੱਤਿਆ ਤੇ ਉਸ ਪਿਛੋਂ ਹੋਈ ਜੰਗਬੰਦੀ ਦੀ ਉਲੰਘਣਾ ਤੋਂ ਵਾਕਿਫ ਹੈ। ਬੁਲਾਰੇ ਨੇ ਦੱਸਿਆ ਕਿ ਸੰਯੁਕਤ ਰਾਸਟਰ ਪ੍ਰਮੁੱਖ ਨੇ ਹਮੇਸ਼ਾ ਜ਼ੋਰ ਦਿੱਤਾ ਹੈ ਕਿ ਭਾਰਤ-ਪਾਕਿਸਤਾਨ ਕਿਸੇ ਵੀ ਮਸਲੇ ਨੂੰ ਸ਼ਾਂਤੀਪੂਰਨ ਤਰੀਕੇ ਨਾਲ ਹੱਲ ਕਰਨ।




Global Multi Services

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ

ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

ਇਸ ਮਹੀਨੇ ਸਪੈਸ਼ਲ ਆਫਰ

8 Drive Tire for $2300+Tax

80,000 Miles Warranty



Repair Shop

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰਮੰਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।

ਫੋਨ: 209-547-9210

ਫੈਕਸ: 209-547-9211

Dispatch

ਅਸੀਂ ਕੈਨੇਡਾ ਵਾਸਤੇ ਪੱਕੇ ਲੋਡ ਚੁੱਕਦੇ ਹਾਂ। Calgary ਅਤੇ Edmonton ਦੇ Dedicated ਲੋਡ ਹਨ। ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ। ਅਸੀਂ Fuel Advance ਵੀ ਦਿੰਦੇ ਹਾਂ।

ਫੋਨ: 209-547-9210

ਫੈਕਸ: 209-547-9211

Registration Services

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

ਫੋਨ: 209-982-9996

ਫੈਕਸ: 209-982-9997

Allignment, Axle, Speceial Offer $179

(Exp: March 31, 2013)

ਅਸੀਂ ਹੁਣ ਟਰੱਕ ਤੇ ਟਰੇਲਰ ਦੀ ਅਲਾਈਨਮੈਂਟ ਵੀ ਕਰਦੇ ਹਾਂ

ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ Allignment Shop



Rajinder Singh

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ

Stockton ਵਿਚ Highway 4 ਦੇ ਬਿਲਕੁਲ ਨਜ਼ਦੀਕ

1950 E. Miner Ave., Stockton, CA 95205

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਫੋਨ: 209-982-9996 ਫੈਕਸ: 209-982-9997

e-mail: globalmultiservices123@yahoo.com



Manitpal Singh

# ਉਲਕਾ ਪਿੰਡ ਨੇ ਵਰਤਾਇਆ ਰੂਸ ਵਿਚ ਕਹਿਰ

## 1000 ਤੋਂ ਵੱਧ ਲੋਕ ਜ਼ਖ਼ਮੀ

**ਮਾਸਕੋ:** ਰੂਸ ਵਿਚ ਤਿੰਨ ਥਾਈਂ ਤੇ ਨਾਲ ਲੱਗਦੇ ਕਜ਼ਾਖ਼ਸਤਾਨ ਵਿਚ ਟੁੱਟੇ ਤਾਰਿਆਂ ਦੇ ਡਿੱਗਣ ਨਾਲ 159 ਬੱਚਿਆਂ ਸਮੇਤ 1000 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ। ਅਧਿਕਾਰੀਆਂ ਮੁਤਾਬਕ 112 ਲੋਕਾਂ ਨੂੰ ਹਸਪਤਾਲ ਦਾਖ਼ਲ ਕਰਾਇਆ ਗਿਆ ਜਿਨ੍ਹਾਂ ਵਿਚੋਂ ਤਿੰਨ ਦੀ ਹਾਲਤ ਗੰਭੀਰ ਸੀ। ਬਹੁਤ ਲੋਕ ਖਿੜਕੀਆਂ ਦੇ ਸ਼ੀਸ਼ੇ ਟੁੱਟਣ ਨਾਲ ਜ਼ਖ਼ਮੀ ਹੋਏ। ਬਹੁਤੇ ਲੋਕ ਚੇਲਿਆਬਿੰਸਕ ਖ਼ਿੱਤੇ ਨਾਲ ਸਬੰਧਤ ਹਨ ਜਿਥੇ ਉਲਕਾ ਦੀ ਸਭ ਤੋਂ ਵੱਧ ਮਾਰ ਪਈ ਹੈ।

ਇਸ ਖੇਤਰ ਵਿਚ ਬਹੁਤ ਸਾਰੇ ਪਰਮਾਣੂ ਪਲਾਂਟ ਹਨ ਤੇ ਇਸ ਕਰਕੇ ਉਨ੍ਹਾਂ ਦੀ ਸੁਰੱਖਿਆ ਵੱਲ ਵਧੇਰੇ ਧਿਆਨ ਦਿੱਤਾ ਜਾ ਰਿਹਾ ਹੈ। ਰੂਸ ਦੀ ਕੌਮੀ ਪੁਲਾੜ ਏਜੰਸੀ ਰੌਸਕੌਸਮੌਸ ਨੇ ਪੁਸ਼ਟੀ ਕੀਤੀ ਹੈ ਕਿ ਆਕਾਸ਼ ਵਿਚੋਂ ਪਈ ਬਿੱਜ ਇਕ ਵੱਡਾ ਇਕੋ ਤਾਰਾ ਜਾਂ ਉਲਕਾ ਪਿੰਡ ਸੀ ਜੋ ਟੁੱਟ ਕੇ ਧਰਤੀ 'ਤੇ ਡਿੱਗਿਆ। ਜਿਉਂ-ਜਿਉਂ ਇਹ ਬੇਹੱਦ ਚਮਕ ਨਾਲ ਧਰਤੀ ਵੱਲ ਵਧਿਆ ਤਾਂ ਇਹ ਟੁੱਟਦਾ ਗਿਆ ਤੇ ਇਸ ਦੇ ਟੁਕੜਿਆਂ ਨਾਲ ਇਹ ਸਾਰਾ ਨੁਕਸਾਨ ਹੋਇਆ।


ਉਲਕਾ ਪਿੰਡ ਲੰਘਣ ਪਿੱਛੋਂ ਆਕਾਸ਼ ਵਿਚ ਪਈ ਲਕੀਰ।

ਉਲਕਾ ਪਿੰਡ ਹੀਰੋਸ਼ੀਮਾ ਪ੍ਰਮਾਣੂ ਬੰਬ ਨਾਲੋਂ 30 ਗੁਣਾਂ ਵਧ ਸ਼ਕਤੀਸ਼ਾਲੀ ਸੀ। ਇਹ ਇਕ ਅਜਿਹੀ ਘਟਨਾ ਹੈ ਜਿਸ ਨੂੰ ਅੱਜ ਦੇ ਆਧੁਨਿਕ ਜ਼ਮਾਨੇ ਵਿਚ ਹੈਰਾਨੀਜਨਕ ਸਮਝਿਆ ਜਾ ਰਿਹਾ ਹੈ। ਇਸ ਦੀ ਰਫ਼ਤਾਰ 30 ਕਿਲੋਮੀਟਰ ਪ੍ਰਤੀ ਸੈਕਿੰਡ ਸੀ। ਅੰਤਾਂ ਦੀ ਚਮਕੀਲੀ ਰੌਸ਼ਨੀ ਦੇ ਨਾਲ ਇਸ ਦੀ ਗੜਕ ਤੋਂ ਵੀ ਲੋਕ ਡਰ ਗਏ। ਰੂਸ ਦੀ ਖ਼ਬਰ ਏਜੰਸੀ ਵੱਲੋਂ ਦਿੱਤੇ ਵੇਰਵਿਆਂ ਮੁਤਾਬਕ ਚੇਲਿਆਬਿੰਸਕ ਖੇਤਰ ਦੇ ਲੋਕਾਂ ਨੇ ਪਹਿਲਾਂ ਤਾਂ ਅੱਖਾਂ ਚੁੰਧਿਆਂ ਦੇਣ ਵਾਲੀ ਰੌਸ਼ਨੀ ਦੇਖੀ ਜੋ ਬੇਹੱਦ ਤੇਜ਼ ਸੀ ਤੇ ਅਚਾਨਕ ਇਹ ਖ਼ਤਰਨਾਕ ਢੰਗ ਨਾਲ ਇਸ ਤਰ੍ਹਾਂ ਹੋਰ ਚੁੰਧਿਆਉਣ ਵਾਲੀ ਬਣ ਗਈ ਜਿਵੇਂ ਹਰ ਚੀਜ਼ ਅੰਤਾਂ ਦੀ ਜਗਮਗ-ਜਮਗਮ ਕਰਨ ਲੱਗੀ ਹੋਵੇ।

ਚੇਲਿਆਬਿੰਸਕ ਦੇ ਗਵਰਨਰ ਨੇ ਦੱਸਿਆ ਕਿ ਐਮਰਜੈਂਸੀ ਅਧਿਕਾਰੀ ਧਰਤੀ 'ਤੇ ਡਿੱਗੇ ਇਸ ਆਕਾਸ਼ੀ ਪਿੰਡ ਦੇ ਟੁਕੜਿਆਂ ਦੀ ਭਾਲ ਕਰ ਰਹੇ ਹਨ। ਰੂਸ ਦੇ ਪ੍ਰਧਾਨ ਮੰਤਰੀ ਦਮਿੱਤਰੀ ਮੇਦਵੇਦੇਵ ਉਸ ਵੇਲੇ ਸਾਇਬੇਰੀਆ 'ਚ ਚੱਲ ਰਹੇ ਆਰਥਿਕ ਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਇਸ ਆਕਾਸ਼ੀ ਪਿੰਡ ਨੂੰ ਫੋਰਮ ਦਾ ਹੀ ਚਿੰਨ੍ਹ ਕਰਾਰ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਇਸ ਦੇ ਕੋਈ ਗੰਭੀਰ ਸਿੱਟੇ ਨਹੀਂ ਹੋਣਗੇ ਪਰ ਇਹ ਪ੍ਰਤੱਖ ਹੈ ਕਿ ਨਾ ਕੇਵਲ ਆਰਥਿਕਤਾ ਹੀ ਨਾਜ਼ੁਕ ਦੌਰ 'ਚ ਹੈ ਬਲਕਿ ਪ੍ਰਿਥਵੀ ਵੀ ਸੰਕਟ ਵਿਚ ਹੈ।

## ਪਨੇਟਾ ਵੱਲੋਂ ਲਾਦਿਨ ਦੀ ਮੌਤ ਬਾਰੇ ਅਹਿਮ ਖ਼ੁਲਾਸਾ

**ਵਾਸ਼ਿੰਗਟਨ:** ਪਾਕਿਸਤਾਨ ਦੇ ਖੇਤਰ ਐਬਟਾਬਾਦ ਵਿਚ ਵਿਸ਼ਵ ਦੇ ਸਭ ਤੋਂ ਖ਼ਤਰਨਾਕ ਦਹਿਸ਼ਤਗਰਦ ਓਸਾਮਾ ਬਿਨ ਲਾਦਿਨ ਦੀ ਮੌਤ ਬਾਰੇ ਭੇਤ ਜੱਗ ਜ਼ਾਹਿਰ ਹੋਣੇ ਸ਼ੁਰੂ ਹੋ ਗਏ ਹਨ। ਲੰਘੇ ਦਿਨ ਅਮਰੀਕੀ ਸੈਨਿਕਾਂ ਵੱਲੋਂ ਕੀਤੇ ਗਏ ਅਹਿਮ ਖ਼ੁਲਾਸਿਆਂ ਤੋਂ ਬਾਅਦ ਅਮਰੀਕਾ ਦੇ ਰੱਖਿਆ ਮੰਤਰੀ ਲਿਓਨ ਪਨੇਟਾ ਨੇ ਕਿਹਾ ਹੈ ਕਿ ਪਾਕਿਸਤਾਨ ਵਿਚ ਓਸਾਮਾ ਬਿਨ ਲਾਦਿਨ ਨੂੰ ਉਸ ਦੇ ਐਬਟਾਬਾਦ ਵਾਲੇ ਘਰ ਵਿਚ ਮਾਰਨਾ ਬੇਹੱਦ ਹਿੰਮਤ ਵਾਲਾ ਕੰਮ ਸੀ।

ਉਨ੍ਹਾਂ ਕਿਹਾ ਕਿ ਇਹ ਕੰਮ ਹੋਰ ਵੀ ਖ਼ਤਰਨਾਕ ਸੀ ਕਿਉਂਕਿ ਇਸ ਗੱਲ ਦੀ 100 ਫੀਸਦੀ ਗਰੰਟੀ ਨਹੀਂ ਸੀ ਕਿ ਅਲਕਾਇਦਾ ਦਾ ਮੁਖੀ ਉੱਥੇ ਮੌਜੂਦ ਹੈ। ਸੀਆਈਏ ਦੇ ਡਾਇਰੈਕਟਰ ਹੁੰਦਿਆਂ ਪਨੇਟਾ ਨੇ ਲਾਦਿਨ ਨੂੰ ਲੱਭਣ ਤੇ ਉਸ ਨੂੰ ਖ਼ਤਮ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਸੀ। ਇਸ ਕਾਰਵਾਈ ਤੋਂ ਬਾਅਦ ਹੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਉਸ ਨੂੰ ਰੱਖਿਆ ਮੰਤਰੀ ਬਣਾ ਦਿੱਤਾ। ਸ੍ਰੀ ਪਨੇਟਾ ਨੇ ਕਿਹਾ ਕਿ ਇਹ ਬੇਹੱਦ ਖ਼ੁਫੀਆ ਕਾਰਵਾਈ ਸੀ ਜਿਸ ਨਾਲ ਐਬਟਾਬਾਦ ਵਿਚ ਲਾਦਿਨ ਦੀ ਛੁਪਣਗਾਹ ਦਾ ਪਤਾ ਲਾਇਆ ਗਿਆ। ਉਨ੍ਹਾਂ ਕਿਹਾ ਕਿ ਸ਼ੁਰੂ ਵਿਚ ਇਹ ਸਾਰਾ ਕੰਮ ਬੇਹੱਦ ਰਿਸਕ ਵਾਲਾ ਸੀ ਕਿਉਂਕਿ ਉਹ ਤਾਂ ਇਹ ਵੀ ਨਹੀਂ ਜਾਣਦੇ ਸਨ ਕਿ ਇਹ ਬਿਨ ਲਾਦਿਨ ਹੀ ਹੈ। ਉਨ੍ਹਾਂ ਕਿਹਾ ਕਿ ਇਹ ਸਾਰੀ ਕਾਰਵਾਈ ਖ਼ੁਫੀਆ ਜਾਣਕਾਰੀ ਦੇ ਆਧਾਰ 'ਤੇ ਕੀਤੀ ਗਈ ਸੀ। ਇਸ ਅਪਰੇਸ਼ਨ ਦੀ ਤਿਆਰੀ ਵੇਲੇ ਕਈ ਸਵਾਲ ਉੱਭਰੇ ਜਿਨ੍ਹਾਂ ਵਿਚ ਇਹ ਵੀ ਸ਼ਾਮਲ ਸੀ ਕਿ ਅਮਰੀਕਾ ਨੂੰ ਅਜਿਹਾ ਕਰਨਾ ਵੀ ਚਾਹੀਦਾ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਕਾਰਵਾਈ ਨੂੰ ਅੰਜਾਮ ਦੇਣ ਵੇਲੇ ਸਾਰਿਆਂ ਦੀ ਜਾਨ ਮੁੱਠੀ ਵਿਚ ਆਈ ਹੋਈ ਸੀ। ਲਾਦਿਨ ਨੇ ਹਮੇਸ਼ਾ ਅਲਕਾਇਦਾ ਲਈ ਪ੍ਰੇਰਨਾ ਦਾ ਸਰੋਤ ਬਣੇ ਰਹਿਣਾ ਸੀ ਜਿਸ ਕਰਕੇ ਅਮਰੀਕਾ 'ਤੇ ਖ਼ਤਰੇ ਦੇ ਬੱਦਲ ਛਾਏ ਰਹਿਣੇ ਸਨ। ਉਨ੍ਹਾਂ ਕਿਹਾ ਕਿ ਲਾਦਿਨ ਬੇਸ਼ੱਕ ਅਲਕਾਇਦਾ ਦੀ ਮੁਹਰਲੀ ਕਤਾਰ ਦੇ ਨੇੜੇ ਨਹੀਂ ਸੀ ਪਰ ਉਨ੍ਹਾਂ ਨਾਲ ਸੰਪਰਕ ਜ਼ਰੂਰ ਰੱਖਦਾ ਸੀ।

## 1455 ਭਾਰਤੀਆਂ ਨੂੰ ਮਿਲੀ ਸਜ਼ਾ-ਏ-ਮੌਤ

**ਨਵੀਂ ਦਿੱਲੀ:** ਭਾਰਤ ਵਿਚ 2001 ਤੇ 2011 ਦਰਮਿਆਨ 1455 ਵਿਅਕਤੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਜਿਸ ਦਾ ਅਰਥ ਇਹ ਬਣਦਾ ਹੈ ਕਿ ਤਕਰੀਬਨ ਹਰ ਤੀਜੇ ਦਿਨ ਮੌਤ ਦੀ ਸਜ਼ਾ ਸੁਣਾਈ ਗਈ ਹੈ। ਏਐਚਆਰਸੀ (ਏਸ਼ੀਅਨ ਸੈਂਟਰ ਫ਼ਾਰ ਹਿਊਮਨ ਰਾਈਟਸ) ਦੀ ਰੀਪੋਰਟ ਵਿਚ ਕਿਹਾ ਗਿਆ ਹੈ ਕਿ ਕੌਮੀ ਅਪਰਾਧ ਰੀਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਕ ਪਿਛਲੇ ਦਹਾਕੇ ਦੌਰਾਨ ਹਰ ਸਾਲ ਔਸਤਨ 132 ਦੋਸ਼ੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ।

ਇਸੇ ਸਮੇਂ ਦੌਰਾਨ ਉੱਤਰ ਪ੍ਰਦੇਸ਼ ਵਿਚ ਸਭ ਤੋਂ ਵੱਧ ਮੌਤ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ ਜਿਥੇ ਇਹ ਅੰਕੜਾ 370 ਹੈ। ਇਸੇ ਤਰ੍ਹਾਂ ਬਿਹਾਰ ਵਿਚ 132, ਮਹਾਰਾਸ਼ਟਰ ਵਿਚ 125, ਕਰਨਾਟਕ ਤੇ ਤਾਮਿਲਨਾਡੂ 'ਚ 95-95, ਰਾਜਸਥਾਨ 'ਚ 38, ਦਿੱਲੀ 'ਚ 71 ਮੌਤ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ। ਚੰਡੀਗੜ੍ਹ ਵਿਚ ਇਹ ਗਿਣਤੀ ਚਾਰ ਤੇ ਹਿਮਾਚਲ ਪ੍ਰਦੇਸ਼ 'ਚ ਇਕ ਹੈ।

# ਹਿਟਲਰ ਦੇ ਸ਼ਾਕਾਹਾਰੀ ਹੋਣ ਦਾ ਦਾਅਵਾ

**ਲੰਡਨ:** ਦੁਨੀਆ ਫਤਿਹ ਕਰਨ ਦਾ ਸ਼ੌਕੀਨ ਤੇ ਜਰਮਨੀ ਦੇ ਨਾਜ਼ੀ ਤਾਨਾਸ਼ਾਹ ਅਡੋਲਫ ਹਿਟਲਰ ਦਾ ਜਾਂਚ ਲਈ ਖਾਣਾ ਚੱਖਣ ਲਈ ਜ਼ਿੰਮੇਵਾਰ ਰਹੀ ਇਕ ਔਰਤ ਨੇ ਦਾਅਵਾ ਕੀਤਾ ਹੈ ਕਿ ਹਿਟਲਰ ਸ਼ਾਕਾਹਾਰੀ ਸੀ। ਦੂਜੀ ਸੰਸਾਰ ਜੰਗ ਦੌਰਾਨ ਜਦੋਂ ਹਿਟਲਰ 'ਵੁਲਫਜ਼ ਲੇਅਰ' ਵਿਚ ਰਹਿ ਰਿਹਾ ਸੀ ਤਾਂ 95 ਸਾਲਾ ਮਾਰਗਟ ਵੋਇਕ ਦੀ ਦਸ ਹੋਰ ਔਰਤਾਂ ਨਾਲ ਹਿਟਲਰ ਨੂੰ ਪਰੋਸਿਆ ਜਾਣ ਵਾਲਾ ਖਾਣਾ ਚੱਖਣ ਦੀ ਜ਼ਿੰਮੇਵਾਰ ਸੀ ਤਾਂ ਕਿ ਇਹ ਪਤਾ ਲੱਗ ਸਕੇ ਕਿ ਖਾਣੇ ਵਿਚ ਜ਼ਹਿਰ ਨਾ ਮਿਲਾਈ ਗਈ ਹੋਵੇ।

ਸੰਸਾਰ ਜੰਗ ਵੇਲੇ ਬੀਬੀ ਵੋਇਕ ਦੇ ਪਤੀ ਨੂੰ ਜੰਗ ਉੱਤੇ ਤੋਰ ਦਿੱਤਾ ਗਿਆ ਸੀ ਜੋ ਉਸ ਵੇਲੇ ਜਰਮਨ ਨਾਗਰਿਕ ਸਨ।ਇਸ ਤੋਂ ਬਾਅਦ ਹਿਟਲਰ ਦੀ ਨਾਜ਼ੀ ਫੌਜ ਦੇ ਖਾਸ ਗਰੁੱਪ ਐਸਐਸ ਜਬਰੀ ਬੀਬੀ ਵੋਇਕ ਨੂੰ ਹਿਟਲਰ ਦੇ ਪੂਰਬੀ ਮੋਰਚੇ ਦੇ ਹੈਡਕੁਆਰਟਰ 'ਵੁਲਫਜ਼ ਲੇਅਰ' ਵਿਚ ਪਹੁੰਚਾ ਦਿੱਤਾ ਸੀ। ਇਹ ਥਾਂ ਅੱਜ-ਕੱਲ੍ਹ ਪੋਲੈਂਡ ਵਿਚ ਹੈ।



ਉਨ੍ਹਾਂ ਦੱਸਿਆ ਕਿ ਸਾਨੂੰ 11 ਤੋਂ 12 ਵਜੇ ਦੌਰਾਨ ਖਾਣਾ ਚੱਖਣਾ ਪੈਂਦਾ ਸੀ ਤੇ ਇਸ ਪਿੱਛੋਂ ਹੀ ਐਸਐਸ ਵੱਲੋਂ ਇਹ ਹਿਟਲਰ ਨੂੰ ਪਰੋਸਿਆ ਜਾਂਦਾ ਸੀ। ਇਹ ਖਾਣਾ ਪੂਰੀ ਤਰ੍ਹਾਂ ਸ਼ਾਕਾਹਾਰੀ ਹੁੰਦਾ ਸੀ, ਜਿਸ ਵਿਚ ਤਾਜ਼ਾ ਫਲ, ਸਬਜ਼ੀਆਂ, ਚੌਲ ਤੇ ਸਲਾਦ ਸ਼ਾਮਲ ਹੁੰਦਾ ਸੀ।ਇਹ ਰਿਪੋਰਟ ਰੋਜ਼ਨਾਮਾ 'ਟੈਲੀਗ੍ਰਾਫ' ਨੇ ਛਾਪੀ ਹੈ। ਹਿਟਲਰ 1941 ਤੋਂ ਨਵੰਬਰ 1944 ਦੌਰਾਨ ਤਕਰੀਬਨ 800 ਦਿਨ ਵੁਲਫਜ਼ ਲੇਅਰ ਵਿਚ ਰਿਹਾ ਸੀ ਤੇ ਫੇਰ ਰੂਸੀ ਫੌਜਾਂ ਦੇ ਨੇੜੇ ਆ ਜਾਣ ਕਾਰਨ ਉਥੋਂ ਚਲਾ ਗਿਆ ਸੀ।

ਦੱਸਿਆ ਜਾਂਦਾ ਹੈ ਕਿ ਜੰਗ ਜਿੱਤਣ ਪਿੱਛੋਂ ਹਿਟਲਰ ਜਰਮਨੀ ਨੂੰ ਸ਼ਾਕਾਹਾਰੀ ਬਣਾਉਣਾ ਚਾਹੁੰਦਾ ਸੀ। ਉਸ ਨੇ 1930ਵਿਆਂ ਵਿਚ ਮਾਸ ਦੇ ਬਦਲ ਵਜੋਂ ਸੋਇਆਬੀਨ ਨੂੰ ਵੀ ਉਤਸ਼ਾਹਤ ਕੀਤਾ ਸੀ। ਉਹ ਇਨ੍ਹਾਂ ਨੂੰ 'ਨਾਜ਼ੀ ਬੀਨਜ਼' ਕਹਿੰਦਾ ਸੀ। ਉਂਜ ਜੰਗ ਤੋਂ ਪਹਿਲਾਂ ਉਸ ਦੇ ਰਸੋਈਏ ਰਹੇ ਡਿਓਨ ਲੁਕਾਸ ਦਾ ਦਾਅਵਾ ਹੈ ਕਿ ਹਿਟਲਰ ਭੁੰਨੇ ਹੋਏ ਕਬੂਤਰ ਦੇ ਮਾਸ ਦਾ ਸ਼ੌਕੀਨ ਸੀ। ਉਹ ਕੁਝ ਹੋਰ ਕਿਸਮ ਦਾ ਮਾਸ ਵੀ ਪਸੰਦ ਕਰਦਾ ਸੀ।

# ਬਰਤਾਨੀਆ ਦੇ ਡਾਕਟਰਾਂ ਨੇ ਕੀਤਾ ਨਵਾਂ ਕ੍ਰਿਸ਼ਮਾ

**ਲੰਡਨ:** ਸਿਹਤ ਖੇਤਰ ਵਿਚ ਇਕ ਨਵਾਂ ਤਜ਼ਰਬਾ ਕਰਦਿਆਂ ਬਰਤਾਨੀਆ ਦੇ ਡਾਕਟਰਾਂ ਨੇ ਦਿਲ ਦੇ ਰੋਗ ਤੋਂ ਪੀੜਤ ਇਕ ਨਵ-ਜੰਮੇ ਬੱਚੇ ਨੂੰ ਬਚਾਅ ਲਿਆ। ਇਸ ਬੱਚੇ ਦਾ ਦਿਲ ਇਕ ਮਿੰਟ ਵਿਚ 300 ਵਾਰ ਧੜਕਦਾ ਸੀ ਤੇ ਡਾਕਟਰਾਂ ਨੇ ਉਸ ਨੂੰ ਸਰੀਰ ਦਾ ਤਾਪਮਾਨ ਘਟਾ ਕੇ ਇਸ ਧੜਕਣ ਨੂੰ ਦਰੁਸਤ ਕਰਕੇ ਬੱਚੇ ਨੂੰ ਬਚਾ ਲਿਆ।

ਯੂਨੀਵਰਸਿਟੀ ਕਾਲਜ ਲੰਡਨ ਹਸਪਤਾਲ ਵਿਚ ਬੀਤੇ ਸਾਲ ਅਗਸਤ ਵਿਚ ਐਡਵਰਡ ਆਇਵਸ ਨੇ ਜਨਮ ਲਿਆ। ਉਸ ਦੇ ਦਿਲ ਦੀ ਧੜਕਣ ਐਨੀ ਜ਼ਿਆਦਾ ਸੀ ਕਿ ਡਾਕਟਰਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਕਿਉਂਕਿ ਅਜਿਹੀ ਬਿਮਾਰੀ ਤੋਂ ਪੀੜਤ ਬੱਚੇ ਦੇ ਜਿਉਣ ਦੀ ਸੰਭਾਵਨਾ ਸਿਰਫ 5 ਫੀਸਦੀ ਹੀ ਹੁੰਦੀ ਹੈ। ਆਮ ਬੱਚੇ ਦੀ ਜਨਮ ਵੇਲੇ ਦਿਲ ਦੀ ਧੜਕਣ 160 ਪ੍ਰਤੀ ਮਿੰਟ ਹੁੰਦੀ ਹੈ। ਇਸ ਦੀ 300 ਵਾਰ ਸੀ। ਡਾਕਟਰਾਂ ਨੇ 37 ਡਿਗਰੀ ਤਾਪਮਾਨ ਵਾਲੇ ਇਸ ਬੱਚੇ ਦਾ ਤਾਪਮਾਨ ਚਾਰ ਡਿਗਰੀ ਤੱਕ ਘਟਾ ਦਿੱਤਾ ਤੇ ਸਰੀਰ ਨੂੰ 33.3 ਡਿਗਰੀ 'ਤੇ ਰੱਖ ਦਿੱਤਾ। ਤਾਪਮਾਨ ਘਟਾਉਣ ਲਈ ਠੰਢੀ ਜੈਲ ਦੇ ਕੰਬਲ ਦੀ ਵਰਤੋਂ ਕੀਤੀ ਗਈ ਤੇ ਬੱਚੇ ਨੂੰ ਉਸ ਵਿਚ ਲਪੇਟਿਆ ਗਿਆ। ਇਸ ਹਾਲਤ ਵਿਚ ਬੱਚੇ ਨੂੰ ਚਾਰ ਦਿਨਾਂ ਤੱਕ ਰੱਖਿਆ ਗਿਆ। ਪਹਿਲਾਂ ਦੋ ਦਿਨਾਂ ਮਗਰੋਂ ਬੱਚੇ ਦਾ ਤਾਪਮਾਨ ਵਧਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਸ ਦੇ ਦਿਲ ਦੀ ਧੜਕਣ ਮੁੜ ਵਧ ਗਈ। ਇਸ ਕਾਰਨ ਉਸ ਨੂੰ ਦੋ ਦਿਨ ਹੋਰ ਉਸੇ ਹਾਲਤ ਵਿਚ ਰੱਖਿਆ ਗਿਆ। ਇਸ ਨਾਲ ਬੱਚੇ ਦੇ ਦਿਲ ਦੀ ਧੜਕਣ ਆਮ ਹੋ ਗਈ। ਐਡਵਰਡ ਦੀ ਮਾਂ ਨੇ ਕਿਹਾ ਕਿ ਜਦੋਂ ਦੇਖਿਆ ਕਿ ਮੇਰੇ ਪੁੱਤ ਨੂੰ ਠੰਢ ਵਿਚ ਰੱਖਿਆ ਗਿਆ ਹੈ ਤਾਂ ਮੇਰਾ ਕਾਲਜਾ ਮੂੰਹ ਨੂੰ ਆਉਂਦਾ ਸੀ ਪਰ ਰੱਬ ਨੇ ਸਭ ਠੀਕ ਕਰ ਦਿੱਤਾ।

# ਪਾਕਿਸਤਾਨ ਦਾ ਨਜ਼ਰੀਆ ਅਜੇ ਨਹੀਂ ਬਦਲਿਆ: ਹੌਫਮੈਨ

**ਵਾਸ਼ਿੰਗਟਨ:** ਭਾਰਤ ਦੀ ਆਰਥਿਕ ਤਰੱਕੀ ਤੋਂ ਲਾਹਾ ਉਠਾਉਣ ਦੀ ਬਜਾਏ ਪਾਕਿਸਤਾਨ ਹਾਲੇ ਵੀ ਪਰਮਾਣੂ ਜ਼ਖ਼ੀਰਾ ਵਧਾਉਣ ਤੇ ਲੁਕਵੇਂ ਰੂਪ ਵਿਚ ਦਹਿਸ਼ਤਪਸੰਦ ਜਥੇਬੰਦੀਆਂ ਨੂੰ ਮਦਦ ਦੇਣ ਦੇ ਰਾਹ 'ਤੇ ਚੱਲ ਰਿਹਾ ਹੈ। ਇਹ ਗੱਲ ਅਮਰੀਕੀ ਕਾਨੂੰਨਸਾਜ਼ ਫਰੈਂਕ ਹੌਫਮੈਨ ਜੋ ਵੱਕਾਰੀ ਨੈਸ਼ਨਲ ਡਿਫੈਂਸ ਯੂਨੀਵਰਸਿਟੀ ਵਿਚ ਸੀਨੀਅਰ ਰਿਸਰਚ ਫੈਲੋ ਹਨ, ਨੇ ਸੰਸਦੀ ਸੁਣਵਾਈ ਦੌਰਾਨ ਆਖੀ ਹੈ।

ਸ੍ਰੀ ਹੌਫਮੈਨ ਨੇ ਕਿਹਾ ਕਿ ਪਾਕਿਸਤਾਨ ਉਹੀ ਕੁਝ ਕਰਦਾ ਰਹੇਗਾ ਜੋ ਉਹ ਪਿਛਲੇ ਕਈ ਸਾਲਾਂ ਤੋਂ ਕਰਦਾ ਆ ਰਿਹਾ ਹੈ। ਭਾਰਤ ਦਾ ਆਕਾਰ, ਆਬਾਦੀ ਤੇ ਆਰਥਿਕ ਅਸਰ-ਰਸੂਖ਼ ਦਾ ਪੈਮਾਨਾ ਪਾਕਿਸਤਾਨ ਲਈ ਬਹੁਤ ਡਰਾਉਣਾ ਹੈ ਤੇ ਉਨ੍ਹਾਂ ਦਾ ਕੌਮੀ ਲਹਿਜੇ ਦਾ ਖਿਆਲ ਵੀ ਕੁਝ ਇਹੋ ਜਿਹਾ ਹੀ ਹੈ ਤੇ ਇਸ ਤੋਂ ਉਨ੍ਹਾਂ ਨੂੰ ਪਰਮਾਣੂ ਸਮੱਗਰੀ ਵਿਚ ਹੋਰ ਪੈਸਾ ਝੋਕਣਾ ਜਾਇਜ਼ ਲੱਗਦਾ ਹੈ। ਉਹ ਅਜੇ ਵੀ ਪਹਿਲਾਂ ਵਾਂਗ ਉਨ੍ਹਾਂ ਗੱਠਜੋੜਾਂ ਤੇ ਲੁਕਵੀਆਂ ਤਾਕਤਾਂ ਦੀ ਪਿੱਠ ਠੋਕ ਰਹੇ ਹਨ ਜਿਨ੍ਹਾਂ ਦੀ ਫ਼ਿਤਰਤ ਦਹਿਸ਼ਤਵਾਦੀ ਕਿਸਮ ਦੀ ਹੈ।

ਹੌਫਮੈਨ ਨੇ ਇਹ ਟਿੱਪਣੀ ਫਲੋਰਿਡਾ ਤੋਂ ਰਿਪਬਲਿਕਨ ਕਾਂਗਰਸਮੈਨ ਰਿਚ ਨਿਊਜੈਂਟ ਦੇ ਸਵਾਲ ਦੇ ਜੁਆਬ ਵਿਚ ਕੀਤੀ। ਸ੍ਰੀ ਹੌਫਮੈਨ ਨੇ ਕਿਹਾ ਕਿ ਉਨ੍ਹਾਂ ਦਾ ਖਿਆਲ ਹੈ ਕਿ ਵੱਡੇ ਪੱਧਰ 'ਤੇ ਕੌਮੀ ਪਹੁੰਚ ਤੇ ਭਾਰਤ ਨਾਲ ਉਸ ਦੇ ਸਬੰਧਾਂ ਦਾ ਪੈਮਾਨਾ ਇਸ ਗੱਲ ਵੱਲ ਹੀ ਝੁਕਿਆ ਰਹੇਗਾ ਕਿ ਪਰਮਾਣੂ ਜਾਂ ਫਿਰ ਕਿਸੇ ਹੋਰ ਢੰਗ ਨਾਲ ਆਪਣਾ ਹੱਥ ਉੱਚਾ ਕੀਤਾ ਜਾਵੇ। ਸੰਸਦ ਦੀ ਸਬ-ਕਮੇਟੀ ਸਾਹਮਣੇ ਪੇਸ਼ ਹੁੰਦਿਆਂ ਰਣਨੀਤਕ ਤੇ ਕੌਮਾਂਤਰੀ ਅਧਿਐਨ ਕੇਂਦਰ ਦੇ ਕੌਮਾਂਤਰੀ ਸੁਰੱਖਿਆ ਪ੍ਰੋਗਰਾਮਾਂ ਦੇ ਡਾਇਰੈਕਟਰ ਡੇਵਿਡ ਬਰਟਿਊ ਨੇ ਖਿੱਤੇ ਦੀ ਆਰਥਿਕ ਇਕਜੁੱਟਤਾ ਤੇ ਇਸ ਤਰ੍ਹਾਂ ਭਾਰਤ ਦੇ ਆਰਥਿਕ ਵਿਕਾਸ ਤੋਂ ਉਸ ਦੇ ਲਾਹੇਵੰਦ ਹੋਣ ਦੀ ਦਲੀਲ ਪੇਸ਼ ਕੀਤੀ।

## ਗੋਲੀਬੰਦੀ ਲਈ ਨਹੀਂ ਮੰਨੇ ਤਾਲਿਬਾਨ

**ਇਸਲਾਮਾਬਾਦ:** ਪਾਕਿਸਤਾਨ ਦੇ ਗ੍ਰਹਿ ਮੰਤਰੀ ਰਹਿਮਾਨ ਮਲਿਕ ਵੱਲੋਂ ਸ਼ਾਂਤੀ ਵਾਰਤਾ ਤੋਂ ਪਹਿਲਾਂ ਗੋਲੀਬੰਦੀ ਦੀ ਰੱਖੀ ਸ਼ਰਤ ਨੂੰ ਤਾਲਿਬਾਨ ਨੇ ਠੁਕਰਾ ਦਿੱਤਾ ਹੈ। ਤਹਿਰੀਕ-ਏ-ਤਾਲਿਬਾਨ ਮੁਤਾਬਕ ਸ਼ਾਂਤੀਵਾਰਤਾ ਵਿਚ ਗੋਲੀਬੰਦੀ ਦਾ ਮੁੱਦਾ ਇਕ ਏਜੰਡਾ ਹੋ ਸਕਦਾ ਹੈ ਪਰ ਗੱਲਬਾਤ ਤੋਂ ਪਹਿਲਾਂ ਗੋਲੀਬੰਦੀ ਕਿਸੇ ਪਾਸੇ ਤੋਂ ਸੰਭਵ ਨਹੀਂ ਹੈ।

# ਅਫਗਾਨਿਸਤਾਨ ਵਿਚੋਂ ਅਮਰੀਕੀ ਫੌਜ ਕੱਢਣ ਦਾ ਐਲਾਨ

**ਵਾਸ਼ਿੰਗਟਨ:** ਅਮਰੀਕਾ ਨੇ ਅਗਲੇ ਇਕ ਸਾਲ ਦੌਰਾਨ ਅਫ਼ਗਾਨਿਸਤਾਨ ਵਿਚੋਂ 34000 ਅਮਰੀਕੀ ਫੌਜੀ ਵਾਪਸ ਬੁਲਾਉਣ ਦਾ ਐਲਾਨ ਕੀਤਾ ਹੈ ਜਦਕਿ ਉੱਤਰੀ ਕੋਰੀਆ ਤੇ ਇਰਾਨ ਨੂੰ ਆਪੋ-ਆਪਣੇ ਵਿਵਾਦਗ੍ਰਸਤ ਪਰਮਾਣੂ ਪ੍ਰੋਗਰਾਮਾਂ 'ਤੇ ਕੌਮਾਂਤਰੀ ਮਾਪਦੰਡਾਂ ਦੀ ਪਾਲਣਾ ਕਰਨ ਜਾਂ ਫਿਰ ਸਖ਼ਤ ਕਾਰਵਾਈ ਦਾ ਸਾਹਮਣਾ ਕਰਨ ਦੀ ਚਿਤਾਵਨੀ ਦਿੱਤੀ ਹੈ।

ਆਪਣੇ ਦੂਜੇ ਕਾਰਜਕਾਲ ਦੇ ਪਹਿਲੇ ਕੌਮ ਦੇ ਨਾਂ ਭਾਸ਼ਣ ਵਿਚ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਇਸ ਬਹਾਰ ਰੁੱਤੇ ਫੌਜ ਸਹਾਇਕ ਭੂਮਿਕਾ ਵਿਚ ਚਲੀ ਜਾਵੇਗੀ ਜਦਕਿ ਅਫ਼ਗਾਨ ਸੁਰੱਖਿਆ ਦਸਤੇ ਮੋਹਰੀ ਕਿਰਦਾਰ ਨਿਭਾਉਣਗੇ। ਅਮਰੀਕਾ, ਨਾਟੋ ਤੇ ਅਫ਼ਗਾਨਿਸਤਾਨ ਨੇ 2010 ਵਿਚ ਲਿਸਬਨ ਤੇ ਇਕ ਸਾਲ ਬਾਅਦ ਸ਼ਿਕਾਗੋ ਵਿਚ ਤੈਅ ਕੀਤਾ ਸੀ ਕਿ 2014 ਦੇ ਅਖੀਰ ਤਕ ਕਾਬੁਲ ਨੂੰ ਸੁਰੱਖਿਆ ਦੀ ਸਮੁੱਚੀ ਜ਼ਿੰਮੇਵਾਰੀ ਸੌਂਪ ਦਿੱਤੀ ਜਾਵੇਗੀ। ਉੱਤਰੀ ਕੋਰੀਆ ਵੱਲੋਂ ਕੀਤੇ



ਪਰਮਾਣੂ ਤਜਰਬੇ ਜਿਸ ਨੂੰ ਉਨ੍ਹਾਂ ਭੜਕਾਊ ਕਾਰਵਾਈ ਕਰਾਰ ਦਿੱਤਾ ਸੀ, ਬਾਰੇ ਆਖਿਆ ਕਿ ਉੱਤਰੀ ਕੋਰੀਆ ਦੀ ਹਕੂਮਤ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਹ ਕੌਮਾਂਤਰੀ ਮਾਪਦੰਡਾਂ ਦੀ ਪਾਲਣਾ ਕਰਕੇ ਹੀ ਸੁਰੱਖਿਆ ਤੇ ਖ਼ੁਸ਼ਹਾਲੀ ਹਾਸਲ ਕਰ ਸਕਦੇ ਹਨ। ਉਨ੍ਹਾਂ ਇਰਾਨੀ ਆਗੂਆਂ ਨੂੰ ਵੀ ਆਖਿਆ ਕਿ ਤਹਿਰਾਨ ਦੇ ਪਰਮਾਣੂ ਪ੍ਰੋਗਰਾਮ ਬਾਰੇ ਅੜਿੱਕਾ ਖ਼ਤਮ ਕਰਨ ਦਾ ਸਮਾਂ ਆ ਗਿਆ ਹੈ ਤੇ ਇਸਲਾਮੀ ਗਣਰਾਜ ਲਈ ਕੂਟਨੀਤਕ ਰਾਹ ਅਜੇ ਵੀ ਖੁੱਲ੍ਹਾ ਹੋਇਆ ਹੈ। ਉਨ੍ਹਾਂ ਰੂਸ ਨੂੰ ਪਰਮਾਣੂ ਹਥਿਆਰਾਂ ਵਿਚ ਹੋਰ ਕਟੌਤੀ ਕਰਨ ਲਈ ਹੱਥ ਮਿਲਾਉਣ ਦੀ ਅਪੀਲ ਵੀ ਕੀਤੀ। ਸ੍ਰੀ ਓਬਾਮਾ ਨੇ ਸਕੂਲਾਂ ਤੇ ਸਵੱਛ ਊਰਜਾ ਵਿਚ ਵਧੇਰੇ ਨਿਵੇਸ਼, ਖ਼ਰਚਿਆਂ ਵਿਚ ਕਮੀ ਰਾਹੀਂ ਮਾਲੀ ਖ਼ਸਾਰਾ ਘਟਾਉਣ, ਟੈਕਸ ਵਧਾਉਣ ਤੇ ਬੇਹੱਦ ਮਹੱਤਵਪੂਰਨ ਸਹਾਇਕ ਢਾਂਚੇ ਨੂੰ ਵਿਦੇਸ਼ੀ ਦੁਸ਼ਮਣਾਂ ਦੇ ਸਾਈਬਰ ਹਮਲਿਆਂ ਤੋਂ ਬਚਾਉਣ ਦੇ ਨਵੇਂ ਤੌਰ-ਤਰੀਕਿਆਂ 'ਤੇ ਜ਼ੋਰ ਦਿੱਤਾ।

# ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਪ੍ਰਵੇਸ਼ ਦੁਆਰ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਮੇਰਾ ਐਸ ਏ ਐਸ ਨਗਰ ਉਰਫ ਅਜੀਤਗੜ੍ਹ ਵਿਚ ਉਦੋਂ ਦਾ ਆਉਣ ਜਾਣ ਹੈ ਜਦੋਂ ਇਹ ਇਕ ਨਿੱਕਾ ਜਿਹਾ ਪਿੰਡ ਹੁੰਦਾ ਸੀ, ਮੋਹਾਲੀ ਨਾਂ ਦਾ। ਖਰੜ ਨਾਂ ਦੇ ਕਸਬੇ ਦਾ ਇੱਕ ਪਿੰਡ ਜਿਹੜਾ ਖੁਦ ਰੋਪੜ ਦੀ ਤਹਿਸੀਲ ਵਿਚ ਪੈਂਦਾ ਸੀ। ਉਦੋਂ ਚੰਡੀਗੜ੍ਹ ਦਾ ਕੋਈ ਨਾਂ ਨਿਸ਼ਾਨ ਨਹੀਂ ਸੀ। ਤੇ ਜ਼ੀਰਕਪੁਰ ਨੂੰ ਅੰਬਾਲਾ ਤੋਂ ਰੋਪੜ ਜਾਣ ਵਾਲੀ ਸੜਕ ਦਾ ਪਟਿਆਲਾ ਮੋੜ ਕਹਿੰਦੇ ਸਨ, ਜਿੱਥੇ ਇੱਕ ਚਾਹ ਪਿਲਾਉਣ ਵਾਲਾ ਤੇ ਇੱਕ ਪੰਕਚਰ ਲਾਉਣ ਵਾਲਾ ਬਹਿੰਦਾ ਸੀ ਤੇ ਉਹ ਵੀ ਕੇਵਲ ਦਿਨ ਵੇਲੇ। ਖਰੜ ਤੇ ਮੋਹਾਲੀ ਪੰਚਕੂਲਾ ਸਮੇਤ ਅੰਬਾਲਾ ਜ਼ਿਲੇ ਦਾ ਅੰਗ ਸਨ। ਰੋਪੜ ਨਾਂ ਦੀ ਤਹਿਸੀਲ ਵਿਚ।

ਅੱਜ ਵਾਲੀ ਖਰੜ/ਮੋਹਾਲੀ ਉਸ ਵੇਲੇ ਦੇ ਰੱਖਿਆ ਮੰਤਰੀ ਬਲਦੇਵ ਸਿੰਘ ਦੀ ਦੇਣ ਹੈ। ਉਹਦਾ ਜੱਦੀ ਪਿੰਡ ਦੁੱਮਣਾ ਸੀ। ਮੋਰਿੰਡਾ ਦੀ ਬੁੱਕਲ ਵਿਚ ਚਮਕੌਰ ਸਾਹਿਬ ਵਾਲੇ ਪਾਸੇ ਜਿਸ ਦੀ ਵੱਸੋਂ ਹਾਲੀ ਵੀ 1080 ਹੈ। ਜਦੋਂ ਪਾਕਿਸਤਾਨੀ ਪੰਜਾਬ ਨਾਲੋਂ ਟੁੱਟੇ ਹਰਿਆਣਾ, ਪੰਜਾਬ ਤੇ ਹਿਮਾਚਲ ਵਾਲੇ ਪੰਜਾਬ ਨੂੰ ਰਾਜਧਾਨੀ ਬਣਾਉਣ ਵਾਸਤੇ ਥਾਂ ਦੀ ਲੋੜ ਪਈ ਤਾਂ ਦੁੱਮਣਾ ਵਾਲੇ ਦੀ ਸੁਣੀ ਗਈ। ਧਰਤੀ ਨੂੰ ਭਾਗ ਲਗਣੇ ਸੀ। ਲਾਉਣ ਵਾਲਾ ਪੰਡਤ ਨਹਿਰੂ ਦਾ ਨਿਕਟੀ ਸੀ। ਨੁਕਤਾ ਇਹ ਕਿ ਇਹ ਖੇਤਰ ਫਸਲਬਾੜੀ ਲਈ ਬਹੁਤ ਮਾੜਾ ਸੀ। ਇਮਾਰਤਾਂ ਲਈ ਠੀਕ ਸੀ।

ਇਸ ਨਗਰ ਆਉਣ ਲਈ ਹਿਮਾਚਲ ਵਾਲੇ ਪਿੰਜੌਰ/ਪੰਚਕੂਲਾ ਫਸ ਜਾਂਦੇ, ਹਰਿਆਣਾ ਵਾਲੇ ਜ਼ੀਰਕਪੁਰ, ਤੇ ਮਾਝੇ/ਦੁਆਬੇ ਵਾਲੇ ਖਰੜ ਜਾਂ ਲਾਂਡਰਾਂ। ਹਰਿਆਣਾ ਵਾਲਿਆਂ ਲਈ ਜ਼ੀਰਕਪੁਰ ਦਾ ਓਵਰ ਬਰਿੱਜ ਬਣ ਗਿਆ ਹੈ ਤੇ ਹਿਮਾਚਲ ਵਾਲਿਆਂ ਲਈ ਪਰਵਾਣੂ-ਪੰਚਕੂਲਾ ਸ਼ਾਹ-ਰਾਹ। ਮਾਝਾ ਤੇ ਦੁਆਬਾ ਵਾਲਿਆਂ ਨੂੰ ਕੋਈ ਸਰਕਾਰ ਢੋਈ ਨਹੀਂ ਦੇ ਰਹੀ-ਨਾ ਕੇਂਦਰ ਵਾਲੀ ਤੇ ਨਾ ਪੰਜਾਬ ਵਾਲੀ। ਫਤਿਹਗੜ੍ਹ ਸਾਹਿਬ ਤੇ ਅਨੰਦਪੁਰ ਸਾਹਿਬ ਦੇ ਵਿਕਾਸ ਅਤੇ ਬੰਦਾ ਬਹਾਦਰ ਵਾਲੀ ਚਪੜਚਿੜੀ ਵਾਲੀ ਯਾਦਗਾਰ ਨੇ ਉਧਰੋਂ ਆਉਣ ਵਾਲਿਆਂ ਦੀ ਭੀੜ ਹੋਰ ਵਧਾ ਦਿੱਤੀ ਹੈ। ਜਦੋਂ ਬਾਹਰੋਂ ਆਉਣ ਵਾਲੀਆਂ ਇਹ ਸੜਕਾਂ ਖੁਲ੍ਹੀਆਂ ਹੋ ਰਹੀਆਂ ਸਨ ਤਾਂ ਯਾਤਰੀ ਬੜੇ ਖੁਸ਼ ਸਨ। ਪਰ ਉਹ ਕੀ ਜਾਣਦੇ ਸਨ ਕਿ ਉਨ੍ਹਾਂ ਦੀ ਸੈਂਕੜੇ ਕਿਲੋਮੀਟਰਾਂ ਦੀ ਖੁਸ਼ੀਆਂ ਵਾਲੀ ਯਾਤਰਾ ਖਰੜ ਤੇ ਲਾਂਡਰਾਂ ਪ੍ਰਵੇਸ਼ ਕਰਦੇ ਸਮੇਂ ਗਡੀ-ਤੋੜ ਧਕ-ਮ-ਧੱਕੇ ਵਿਚ ਵਟ ਜਾਣੀ ਹੈ। ਗਰਮੀ ਦੀ ਰੁੱਤੇ ਹੋਰ ਵੀ ਬੁਰਾ ਹਾਲ ਹੋਵੇਗਾ। ਮੁੜਕਿਆਂ ਨਾਲ।

ਦੁੱਮਣੇ ਵਾਲੇ ਬਲਦੇਵ ਸਿੰਘ ਨੂੰ ਤੁਰਿਆਂ ਅੱਧੀ ਸਦੀ ਹੋ ਗਈ ਹੈ ਤੇ ਖਰੜ ਨੂੰ ਅਪਨਾਉਣ ਵਾਲੇ ਮਹਿੰਦਰ ਸਿੰਘ ਰੰਧਾਵਾ ਨੂੰ ਚੱਪਾ ਸਦੀ। ਗਿਆਨੀ ਜ਼ੈਲ ਸਿੰਘ ਦੀ ਸਰਪ੍ਰਸਤੀ ਵੀ ਕਦੋਂ ਦੀ ਚੁੱਕੀ ਜਾ ਚੁੱਕੀ ਹੈ। ਐਮ ਐਸ ਰੰਧਾਵਾ ਦੀ ਜਰਮਨ ਮੂਲ ਵਾਲੀ ਨੂੰਹ ਆਪਣੇ ਘਰ ਵਾਲੀ ਸੜਕ 'ਤੇ ਕਿਸੇ ਵਾਹਨ ਦੀ ਲਪੇਟ ਵਿਚ ਆ ਕੇ ਸਾਲ ਭਰ ਹਸਪਤਾਲ ਰਹਿ ਕੇ ਖਤਮ ਹੋਈ। ਬਾਹਰੋਂ ਆਈ ਵੱਸੋਂ ਦੀ ਬਹੁਲਤਾ ਕਾਰਨ ਇਸ ਖੇਤਰ ਨੂੰ ਕੋਈ ਧੜੱਲੇਦਾਰ ਸਥਾਨਕ ਨੇਤਾ ਨਹੀਂ ਮਿਲ ਰਿਹਾ। ਮੁੱਖ ਮੰਤਰੀ ਤਾਂ ਕਿਸ ਨੇ ਬਣਨਾ ਹੋਇਆ? ਰਾਜ ਸਰਕਾਰ ਕੋਲ ਉਂਜ ਹੀ ਵਿਹਲ ਨਹੀਂ। ਜੇ ਅੱਜ ਮੋਗੇ ਬੈਠੀ ਹੈ ਤਾਂ ਕੱਲ੍ਹ ਨੂੰ ਹੋਰ ਦੂਰ ਜਾ ਸਕਦੀ ਹੈ। ਹੈ ਕੋਈ ਖਰੜ ਦੇ ਪ੍ਰਵੇਸ਼ ਮਾਰਗਾਂ ਦੀ ਸਾਰ ਲੈਣ ਵਾਲਾ? ਜੇ ਰਾਓ ਨਦੀ ਵਾਲਾ ਪੁੱਲ ਹੀ ਟੁੱਟ ਗਿਆ ਫੇਰ ਕੀ ਕਰਾਂਗੇ?



ਪਰਵਾਣੂ ਬਾਈਪਾਸ

### ਬਸੰਤ ਪੰਚਮੀ ਬਨਾਮ ਵੈਲੰਟਾਈਨ ਡੇ

ਇਸ ਵਰ੍ਹੇ ਵੈਲੰਟਾਈਨ ਦਿਵਸ ਤੇ ਬਸੰਤ ਪੰਚਮੀ ਉਪਰੋਥਲੀ ਆ ਪਏ ਨੇ। ਦੇਖਣ ਵਿਚ ਆਇਆ ਹੈ ਕਿ ਪੂਰਬ ਦੀ ਬਸੰਤ ਨੂੰ ਪੱਛਮ ਦੇ ਵੈਲੰਟਾਈਨ ਨੇ ਦਬਾ ਲਿਆ ਹੈ। ਮੇਰੀ ਪੀੜ੍ਹੀ ਦੇ ਲੋਕ ਜਿਹੜੇ ਸਰ੍ਹੋਂ ਦੇ ਫੁੱਲਾਂ ਨਾਲ ਬਸੰਤੀ ਪਗੜੀਆਂ ਤੇ ਇਸ ਹੀ ਰੰਗ ਦੇ ਦੁੱਪਟੇ ਦੇਖਣ ਦੇ ਆਦੀ ਸਨ, ਨਿਰਾਸ ਹਨ। ਸਕੂਲਾਂ-ਕਾਲਜਾਂ ਵਾਲਿਆਂ ਨੇ ਆਪਣੇ ਵਿਦਿਆਰਥੀਆਂ ਰਾਹੀਂ ਨਵੀਂ ਰੁੱਤ ਦਾ ਸਵਾਗਤ ਕਰਨ ਦੀ ਥਾਂ ਛੁਟੀ ਕਰ ਛੱਡੀ ਹੈ। ਦਫਤਰ ਵੀ ਬੰਦ ਹਨ। ਕੁਝ ਠੰਢ ਦਾ ਵੀ ਕਸੂਰ ਹੈ। ਮੌਸਮ ਖੁਲ੍ਹਣ ਦਾ ਨਾਂ ਨਹੀਂ ਲੈ ਰਿਹਾ। ਹਰ ਕੋਈ ਘਰ ਦੇ ਅੰਦਰ ਬਹਿ ਕੇ ਹੀ ਸੋਗ ਮਨਾ ਰਿਹਾ ਹੈ। ਬਸੰਤੀ ਚੋਲੇ ਦੀ ਮੰਗ ਪਾਉਣ ਵਾਲਾ ਕੋਈ ਵੀ ਨਹੀਂ।

ਇਸ ਦੇ ਉਲਟ ਇੱਕ ਦਿਨ ਪਹਿਲਾਂ ਵੈਲੰਟਾਈਨ ਦਿਵਸ ਮਨਾਉਣ ਵਾਲਿਆਂ ਦੀ ਆਵਾਜਾਈ ਨੇ ਸੜਕਾਂ ਨੀਵੀਆਂ ਕਰ ਰੱਖੀਆਂ ਸਨ। ਦੋ ਪਹੀਆ ਵਾਹਨਾਂ ਵਾਲੇ ਗਲਾਂ ਨਾਲ ਗੁਬਾਰੇ ਬੰਨ੍ਹੀ ਫਿਰਦੇ ਸਨ ਤੇ ਚਾਰ ਪਹੀਆਂ ਵਾਲਿਆਂ ਨੇ ਗਡੀ ਦੀਆਂ ਛੱਤਾਂ ਦੇ ਜੰਗਲੇ ਇਸ ਕੰਮ ਲਈ ਵਰਤ ਰੱਖੇ ਸਨ। ਨੱਚਣ ਕੁੱਦਣ ਦਾ ਚਾਅ ਏਨਾ ਸੀ ਕਿ ਚਲਾਨ ਕਰਨ ਵਾਲੇ ਸਿਪਾਹੀਆਂ ਨੂੰ ਪਰਚੀਆਂ ਕੱਟਣ ਤੋਂ ਵਿਹਲ ਨਹੀਂ ਸੀ ਲਗ ਰਹੀ। ਕੁੜੀਆਂ ਦੀ ਆਪਸੀ ਛੇੜ-ਛਾੜ ਦੇ ਅਵਸਰ ਵੀ ਘਟ ਨਹੀਂ ਸਨ।

ਵੈਲੰਟਾਈਨ ਦਿਵਸ ਦੇ ਟਾਕਰੇ 'ਤੇ ਬਸੰਤ ਪੰਚਮੀ ਦਾ ਹਾਰਨਾ ਹੋਰ ਕੁਝ ਦੱਸੇ ਨਾ ਦੱਸੇ ਪੱਛਮੀ ਕਦਰਾਂ-ਕੀਮਤਾਂ ਲਈ ਵਧ ਰਹੇ ਝੁਕਾਅ ਦਾ ਲਖਾਇਕ ਤਾਂ ਹੈ ਹੀ। ਸਹਿਜ ਤੇ ਸੁੱਚਮ ਤਿਆਗੇ ਜਾ ਰਹੇ ਹਨ ਤੇ ਰੌਲਾ ਰੱਪਾ ਦਾ ਸਵਾਗਤ ਹੋ ਰਿਹਾ ਹੈ। ਇਹ ਨਚਣਾ ਗਾਉਣਾ ਤੇ ਛੇੜ-ਛਾੜ ਕਲ੍ਹ ਨੂੰ ਭੈੜਾ ਰੂਪ ਵੀ ਧਾਰ ਸਕਦਾ ਹੈ।

ਉਪਰ ਵਾਲਾ ਵੀ ਉੱਤਰੀ ਭਾਰਤ ਦਾ ਸਾਥ ਨਹੀਂ ਦੇ ਰਿਹਾ। ਉਸ ਦਾ ਚਲਾਨ ਕਰਨ ਵਾਲਾ ਵੀ ਕੋਈ ਨਹੀਂ।

**ਅੰਤਿਕਾ:** (ਟੀ ਐਨ ਰਾਜ਼)
ਸਾਧੂਓਂ ਕਾ ਹੋਗਾ ਸੰਗਮ
ਅਬ ਜੋ ਗੰਗਾ ਘਾਟ ਪਰ,
ਹੈ ਖਬਰ ਸਭ ਇਸ਼ਰਤੇਂ
ਵੁਹ ਟੈਂਟ ਹੀ ਮੇਂ ਪਾਏਂਗੇ।
ਯੋਗਾ ਆਸਨ ਔਰ
ਪਰਾਣਾਯਾਮ ਹੀ ਕੇ ਜ਼ੋਰ ਪਰ,
ਭਗਤਨੋਂ ਕੋ ਲੇ ਕੇ ਸਵਾਮੀ
ਏਕ ਦਿਨ ਉੜ ਜਾਏਂਗੇ।

# ਪ੍ਰਕਾਸ਼ ਕੌਰ: ਲੋਕਗੀਤਾਂ ਦੀ ਪ੍ਰਕਾਸ਼ਦਾਤੀ

## ਸੁਰਤ ਤੇ ਸੰਗੀਤ



**ਗੁਰਬਚਨ ਸਿੰਘ ਭੁੱਲਰ**
ਫੋਨ:91-11-65736868

ਪੰਜਾਬੀ ਲੋਕ-ਗਾਇਕੀ ਦੇ ਇਤਿਹਾਸ ਵਿਚੋਂ ਜੇ ਪਹਿਲਾ ਅਜਿਹਾ ਇਸਤਰੀ ਨਾਂ ਲੈਣਾ ਹੋਵੇ ਜੀਹਨੇ ਲੋਕਗੀਤਾਂ ਨੂੰ ਪੂਰੀ ਇਕਾਗਰਤਾ, ਸੁਹਿਰਦਤਾ ਤੇ ਕਲਾਤਮਿਕਤਾ ਨਾਲ ਪ੍ਰਕਾਸ਼ਮਾਨ ਕੀਤਾ, ਉਹ ਬਿਨਾਂ-ਸ਼ੱਕ ਪ੍ਰਕਾਸ਼ ਕੌਰ ਦਾ ਨਾਂ ਹੀ ਹੋਵੇਗਾ। ਜਦੋਂ ਮੈਂ ਹੋਸ਼ ਸੰਭਾਲੀ, ਉਹਦੀ ਭਰ-ਮੁਟਿਆਰ ਆਵਾਜ਼ ਮਾਹੌਲ ਵਿਚ ਰਸੀ-ਵਸੀ ਹੋਈ ਸੀ। ਆਪਣੇ ਬਚਪਨ ਵਿਚ ਆਲੇ-ਦੁਆਲੇ ਗਾਏ ਜਾਂਦੇ ਲੋਕਗੀਤਾਂ ਨੂੰ ਮੈਂ ਜਦੋਂ ਉਨ੍ਹਾਂ ਦੇ ਸੰਪੂਰਨ ਸਰਵਣੀ ਜਲੌਅ ਵਿਚ ਸੁਣਿਆ, ਉਹ ਪ੍ਰਕਾਸ਼ ਕੌਰ ਤੇ ਜਾਂ ਫੇਰ ਉਹਦੀ ਭੈਣ ਸੁਰਿੰਦਰ ਕੌਰ ਦੇ ਮੂੰਹੋਂ ਹੀ ਸੀ।

ਜਵਾਨੀਉਂ ਪਹਿਲੀ ਉਸ ਉਮਰੇ ਜਦੋਂ ਅਜੇ ਦਿਲ ਨੂੰ ਇਹ ਸ਼ਨਾਖ਼ਤ ਵੀ ਨਹੀਂ ਸੀ ਹੋਣ ਲੱਗੀ ਕਿ ਉਹਦੇ ਅੰਦਰ ਇਹ ਹੋ ਕੀ ਰਿਹਾ ਹੈ, ਪ੍ਰਕਾਸ਼ ਕੌਰ ਦੇ ਗੀਤ ਸੁਣ ਕੇ ਦਿਲ ਨੂੰ ਚੰਗਾ ਚੰਗਾ ਕੁਛ ਕੁਛ ਹੋਣ ਲਗਦਾ ਸੀ। *ਬਾਜਰੇ ਦਾ ਸਿੱਟਾ ਅਸਾਂ ਤਲੀ 'ਤੇ ਮਰੋੜਿਆ..., ਚੰਨ ਕਿਥਾਂ ਗੁਜਾਰੀਆਈ ਰਾਤ ਵੇ..., ਅੜੀ ਵੇ ਅੜੀ, ਲੱਗੀ ਸਾਉਣ ਦੀ ਝੜੀ..., ਕਾਲਾ ਡੋਰੀਆ ਕੁੰਡੇ ਵਿਚ ਅੜਿਆ ਈ ਓਇ..., ਅੰਦਰ ਜਾਵਾਂ ਬਾਹਰ ਜਾਵਾਂ ਲਾਲ ਚੂੜਾ ਛਣਕਦਾ..., ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀ..., ਟਾਂਡੇ ਚੂਪ ਨਾ ਚਰ੍ਹੀ ਦੇ ਹਾਣੀਆਂ ਵੇ ਘਰ 'ਚ ਸੰਧੂਰੀ ਅੰਬੀਆਂ..., ਨੀ ਮੈਨੂੰ ਦਿਉਰ ਦੇ ਵਿਆਹ ਵਿਚ ਨੱਚ ਲੈਣ ਦੇ..., ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ..., ਚੰਨ ਵੇ ਕਿ ਸ਼ੌਂਕਣ ਮੇਲੇ ਦੀ..., ਵੇ ਲੈ ਦੇ ਮੈਨੂੰ ਮਖ਼ਮਲ ਦੀ ਪੱਖੀ ਘੁੰਗਰੂਆਂ ਵਾਲੀ..., ਇਕ ਕੈਂਠੇ ਵਾਲਾ ਆ ਗਿਆ ਪ੍ਰਾਹੁਣਾ, ਨੀ ਮਾਏ ਤੇਰੇ ਕੰਮ ਨਾ ਮੁਕੇ...,* ਆਦਿ ਅਜਿਹੇ ਗੀਤ ਸਨ ਜਿਨ੍ਹਾਂ ਵਿਚੋਂ ਕੋਈ ਵਜਦਾ ਤਾਂ ਕਿਸੇ ਲਈ ਵੀ ਉਹਨੂੰ ਅਣਸੁਣਿਆ ਤੇ ਅਣਗੌਲਿਆ ਕਰਨਾ ਸੰਭਵ ਨਹੀਂ ਸੀ ਹੁੰਦਾ। ਇਨ੍ਹਾਂ ਵਿਚੋਂ ਬਹੁਤੇ ਲੋਕਗੀਤ ਸਨ ਤੇ ਕੁਛ ਨੰਦ ਲਾਲ ਨੂਰਪੁਰੀ ਦੀ ਰਚਨਾ ਸਨ। ਆਮ ਸਰੋਤੇ ਦਾ ਉਨ੍ਹਾਂ ਵਿਚ ਕੋਈ ਫ਼ਰਕ ਨਾ ਕਰ ਸਕਣਾ ਨੂਰਪੁਰੀ ਦੀ ਕਲਮ ਦਾ ਕਮਾਲ ਸੀ।

ਪ੍ਰਕਾਸ਼ ਕੌਰ ਦਾ ਜਨਮ 19 ਸਤੰਬਰ 1919 ਨੂੰ ਲਾਹੌਰ ਵਿਚ ਹੋਇਆ। ਲਾਹੌਰ ਉਸ ਸਮੇਂ ਪੰਜਾਬੀ ਸਭਿਆਚਾਰ ਦਾ ਕੇਂਦਰ ਸੀ, ਲੋਕਗੀਤ ਜਿਸਦੇ ਪੌਣਪਾਣੀ ਵਿਚ ਘੁਲੇ ਹੋਏ ਸਨ। ਸੁਰਤ ਸੰਭਾਲਦਿਆਂ ਉਹਨੂੰ ਵਿਆਹ-ਸ਼ਾਦੀਆਂ ਤੇ ਤਿੱਥ-ਤਿਹਾਰਾਂ ਨੂੰ ਸੁਆਣੀਆਂ ਦੇ ਗਾਏ ਲੋਕਗੀਤ ਤਾਂ ਸੁਣਨ ਨੂੰ ਮਿਲਦੇ ਹੀ, ਘਰ-ਪਰਿਵਾਰ ਵਿਚ ਕੰਮ-ਧੰਦੀਂ ਲੱਗੀਆਂ ਵਡੇਰੀਆਂ ਦੀ ਲੋਕਗੀਤਾਂ ਦੀ ਗੁਣਗੁਣਾਹਟ ਵੀ ਕੰਨੀਂ ਪੈਂਦੀ ਰਹਿੰਦੀ। ਇਹੋ ਪ੍ਰਕਾਸ਼ ਕੌਰ ਦਾ ਪਹਿਲਾ ਸੰਗੀਤ-ਸਕੂਲ ਸੀ। ਇਸੇ ਸਿਖਲਾਈ ਵਿਚੋਂ ਲੰਘਦਿਆਂ ਉਹ ਆਪ ਉਨ੍ਹਾਂ ਦਾ ਸਾਥ ਦੇਣ ਲੱਗੀ।

ਪ੍ਰਕਾਸ਼ ਕੌਰ ਨੂੰ ਅਜਿਹੀ ਮਖ਼ਮਲੀ ਆਵਾਜ਼ ਦਾ ਵਰ ਮਿਲਿਆ ਹੋਇਆ ਸੀ ਜਿਸ ਦੇ ਕੁਦਰਤੀ ਤੇ ਸੁਭਾਵਿਕ ਪ੍ਰਵਾਹ ਵਿਚ ਵਿਗਣ ਪਾਉਣ ਵਾਲੀ ਕੋਈ ਰੋਕ ਗਲ਼ੇ ਵਿਚ ਹੈ ਹੀ ਨਹੀਂ ਸੀ। ਆਵਾਜ਼ ਨੂੰ ਗੀਤ ਦੀ ਭਾਵਨਾ ਅਤੇ ਸੰਗੀਤ ਦੀ ਮੰਗ ਅਨੁਸਾਰ ਸੁਰ ਕਰਨ ਵਿਚ ਉਹਨੂੰ ਕਿਸੇ ਵਿਸ਼ੇਸ਼ ਜਤਨ ਜਾਂ ਤਰੱਦਦ ਦੀ ਲੋੜ ਨਹੀਂ ਸੀ ਪੈਂਦੀ। ਉਹ ਆਪਣੇ ਸਹਿਜ-ਸੁਭਾ ਰੰਗ ਵਿਚ ਗਾਉਂਦੀ ਤਾਂ ਲਗਦਾ, ਇਹ ਗੀਤ ਉਹਦੇ ਗਾਉਣ ਲਈ ਹੀ ਬਣਿਆ ਹੈ ਜਾਂ ਫੇਰ ਉਹਨੂੰ ਇਸ ਆਵਾਜ਼ ਦੀ ਬਖ਼ਸ਼ਿਸ਼ ਇਹ ਗੀਤ ਗਾਉਣ ਲਈ ਹੀ ਹੋਈ ਹੈ! ਇਹੋ ਕਾਰਨ ਸੀ ਕਿ ਉਹਨੂੰ ਵਿਆਹਾਂ-ਸਾਹਿਆਂ ਵੇਲੇ ਸਕੇ-ਸਬੰਧੀਆਂ ਤੇ ਦੋਸਤ-ਵਾਕਿਫ਼ ਪਰਿਵਾਰਾਂ ਵੱਲੋਂ ਉਚੇਚ ਨਾਲ ਬੁਲਾਇਆ ਜਾਣ ਲੱਗਿਆ। ਛੇਤੀ ਹੀ ਉਹਦੀ ਆਵਾਜ਼ ਨੇ, ਇਨ੍ਹਾਂ ਘਰੇਲੂ ਗੀਤ-ਮੰਡਲੀਆਂ ਵਿਚ ਆਪਣੀ ਵੱਖਰੀ ਪਛਾਣ ਬਣਾ ਲਈ। ਇਸ ਪਛਾਣ ਨੇ ਆਖ਼ਰ ਨੂੰ ਉਹਨੂੰ ਅਜਿਹੇ ਉਚੇ ਆਸਨ ਉਤੇ ਬਿਰਾਜਮਾਨ ਕਰ ਦਿੱਤਾ ਜਿਸ ਉਤੇ ਉਹਦੇ ਬਰਾਬਰ ਬੈਠਣ ਦਾ ਉਹਦੀ ਆਪਣੀ ਭੈਣ ਸੁਰਿੰਦਰ ਕੌਰ ਤੋਂ ਬਿਨਾਂ ਹੋਰ ਕੋਈ ਗਾਇਕਾ ਕਦੀ ਸੁਫ਼ਨਾ ਵੀ ਨਾ ਲੈ ਸਕੀ।

ਸਾਊ ਘਰਾਂ ਦੀਆਂ ਕੁੜੀਆਂ ਦੇ ਗਾਉਣ ਲਈ ਜਨਤਕ ਮੰਚ ਉਸ ਸਮੇਂ ਵਰਜਿਤ ਵਰਗੇ ਹੀ ਸਨ ਅਤੇ ਧੀਆਂ ਅਜਿਹਾ ਸਮਾਜਕ ਬੋਝ ਸਮਝੀਆਂ ਜਾਂਦੀਆਂ ਸਨ ਜਿਨ੍ਹਾਂ ਨੂੰ ਜਿੰਨੀ ਛੇਤੀ ਹੋ ਸਕੇ, ਡੋਲੀ ਬਿਠਾ ਕੇ ਸੁਰਖ਼ਰੂ ਹੋਇਆ ਜਾਵੇ। ਪ੍ਰਕਾਸ਼ ਕੌਰ ਦੀ ਡੋਲੀ ਵੀ ਪੰਦਰਾਂ ਸਾਲ ਦੀ ਛੋਟੀ ਉਮਰ ਵਿਚ ਤੋਰ ਦਿੱਤੀ ਗਈ। ਪੇਕਿਆਂ ਨਾਲੋਂ ਸਹੁਰੇ ਘਰ ਉਹਦੇ ਸ਼ੌਕ ਲਈ ਮਾਹੌਲ ਤਾਂ ਵਧੇਰੇ ਸੁਖਾਵਾਂ ਸੀ, ਪਰ ਇਸ ਤੋਂ ਪਹਿਲਾਂ ਕਿ ਪਤੀ ਉਹਦੀ ਪ੍ਰਤਿਭਾ ਪਛਾਣਦਾ ਅਤੇ ਉਹਦੀ ਕਲਾ ਨੂੰ ਆਪਣੇ ਘਰ ਤੱਕ ਸੀਮਤ ਨਾ ਰੱਖਣ ਦੀ ਮਹੱਤਤਾ ਸਮਝਦਾ, ਘਰੇਲੂ ਕੰਮ-ਧੰਦਿਆਂ ਵਿਚ ਰੁਝਿਆਂ ਤੇ ਵਿਚ ਵਿਚ ਮਿਲਦੀ ਵਿਹਲ ਸਮੇਂ ਹਾਰਮੋਨੀਅਮ ਦੀਆਂ ਸੁਰਾਂ ਨਾਲ ਸੁਰ ਮੇਲਦਿਆਂ ਕਈ ਸਾਲ ਬੀਤ ਗਏ।



*ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ*

ਪਹਿਲੀ ਵਾਰ ਉਹਦੀ ਗਾਇਕੀ ਉਤੇ ਮਾਨਤਾ ਦੀ ਮੋਹਰ ਬਾਈ ਸਾਲ ਦੀ ਉਮਰ ਵਿਚ ਉਸ ਸਮੇਂ ਲੱਗੀ ਜਦੋਂ 1941 ਵਿਚ ਉਹਨੇ 'ਮਾਂਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ' ਗੀਤ ਪੇਸ਼ਾਵਰ ਰੇਡੀਓ ਤੋਂ ਗਾਇਆ। ਉਹ ਦਿਨ ਸੋ ਉਹ ਦਿਨ, ਫੇਰ ਪ੍ਰਕਾਸ਼ ਕੌਰ ਦੀ ਗੀਤ-ਯਾਤਰਾ ਸਾਹਮਣੇ ਕੋਈ ਦਿਸਣਯੋਗ ਹੱਦ ਨਾ ਰਹੀ ਅਤੇ ਗਾਇਕੀ ਉਹਦੇ ਲਈ ਇਸ਼ਕ ਦੇ ਨਾਲ ਨਾਲ ਕਿੱਤਾ ਵੀ ਬਣ ਗਈ। ਉਹਨੂੰ ਬੁਲਾ ਸਕਣ ਦੇ ਸਮਰੱਥ ਘਰਾਂ ਦੇ ਵਿਆਹ-ਸਾਹਿਆਂ ਵਿਚ ਤਾਂ ਉਹਦੀ ਸਰਦਾਰੀ ਬਣ ਹੀ ਚੁੱਕੀ ਸੀ, ਰੇਡੀਓ ਨੇ ਉਹਨੂੰ ਅਨੇਕ ਘਰਾਂ ਦੀਆਂ ਬੈਠਕਾਂ ਦੀ ਮਾਣਯੋਗ ਮਹਿਮਾਨ ਬਣਾ ਦਿੱਤਾ। ਜਦੋਂ ਵਾਰੀ ਤਵਿਆਂ ਦੀ ਆਈ, ਉਹਦੀ ਪਹੁੰਚ ਘਰ ਘਰ ਹੋ ਗਈ। ਫੇਰ ਤਾਂ ਉਹਦੀ ਕਲਾ ਉਹਨੂੰ ਕਈ ਵਾਰ ਪਰਦੇਸੀ ਸਰੋਤਿਆਂ ਕੋਲ ਵੀ ਲੈ ਗਈ। ਗੀਤਾਂ ਲਈ ਅਜੋਕੇ ਦੁਰਦਸ਼ਾਈ ਜੁੱਗ ਵਿਚ ਵੀ ਵਿਆਹ-ਸਾਹਿਆਂ ਵੇਲੇ ਕਥਿਤ 'ਲੇਡੀ ਸੰਗੀਤ' ਸਮੇਂ ਉਹਦੇ ਗਾਏ ਗੀਤ ਗੂੰਜਦੇ ਰਹਿੰਦੇ ਹਨ।

ਅਨੇਕ ਗੀਤ ਜਿਹੜੇ ਉਹਨੇ ਇਕੱਲੀ ਨੇ ਗਾਏ, ਉਹ ਸੁਰਿੰਦਰ ਕੌਰ ਨਾਲ ਰਲ ਕੇ ਵੀ ਗਾਏ। ਆਸਾ ਸਿੰਘ ਮਸਤਾਨਾ ਸਮੇਤ ਉਹਨੇ ਕਈ ਪੁਰਸ਼ ਗਾਇਕਾਂ ਨਾਲ ਵੀ ਦੋਗਾਣੇ ਗਾਏ। ਕਈ ਗੀਤਾਂ ਦੇ ਸਾਥੀ ਤ੍ਰਿਲੋਕ ਕਪੂਰ ਨਾਲ ਗਾਇਆ ਉਹਦਾ ਦੋਗਾਣਾ *'ਬੂਹੇ ਤਾਂ ਮਾਰਾਂਗੀ ਜੰਦਰਾ, ਵੇ ਪੇਕੇ ਲਾਵਾਂਗੀ ਡੇਰਾ...'* ਤਾਂ ਬੇਹੱਦ ਮਕਬੂਲ ਹੋਇਆ। ਦੋਗਾਣਿਆਂ ਵਿਚ ਉਹਦਾ ਸਭ ਤੋਂ ਬਹੁਤਾ ਸਾਥ ਹਜ਼ਾਰਾ ਸਿੰਘ ਰਮਤਾ ਨੇ ਦਿੱਤਾ।

ਪੰਜਾਬੀ ਦੀ ਇਸ ਉਚ-ਦੁਮਾਲੜੀ ਗਾਇਕਾ ਨੇ ਅਜੇ ਛੇ ਦਹਾਕੇ ਹੀ ਪੂਰੇ ਕੀਤੇ ਸਨ ਕਿ ਗੁਰਦਿਆਂ ਦੇ ਰੋਗ ਅਤੇ ਇਕ ਕਾਰ ਹਾਦਸੇ ਕਾਰਨ ਉਹਦੀ ਸਿਹਤ ਦੀਆਂ ਉਲਝਣਾਂ ਵਧਣ ਲੱਗੀਆਂ। ਆਖ਼ਰ 2 ਨਵੰਬਰ 1982 ਨੂੰ 63 ਸਾਲ ਦੀ ਉਮਰੇ ਇਹ ਨਵੇਕਲੀ ਆਵਾਜ਼ ਸਦਾ ਵਾਸਤੇ ਖ਼ਾਮੋਸ਼ ਹੋ ਗਈ। ਪਰ ਉਹ ਗੀਤਾਂ ਦਾ ਜੋ ਖ਼ਜ਼ਾਨਾ ਸਾਡੇ ਲਈ ਛੱਡ ਗਈ ਹੈ, ਪੰਜਾਬ ਦੇ ਸਭਿਆਚਾਰਕ ਇਤਿਹਾਸ ਵਿਚ ਉਹਦਾ ਸਥਾਨ ਅਟੱਲ-ਅਮਿੱਟ ਹੈ। ਇਹ ਉਹਦੇ ਗੀਤਾਂ ਦੀ ਸਦਾ-ਸੱਜਰੀ ਸਦੀਵਤਾ ਸਦਕਾ ਹੀ ਹੈ ਕਿ ਛੇ ਦਹਾਕੇ ਤੋਂ ਬਹੁਤਾ ਸਮਾਂ ਬੀਤਣ ਲੱਗਿਆ ਹੈ, ਅੱਜ ਵੀ ਉਹਦੇ ਕਿਸੇ ਗੀਤ ਦਾ ਚੇਤਾ ਆਉਂਦਾ ਹੈ ਤਾਂ ਸਿਰਫ਼ ਸ਼ਬਦ ਬਣ ਕੇ ਨਹੀਂ ਆਉਂਦਾ, ਸਗੋਂ ਉਹਦੇ ਮਾਖਿਉਂ-ਮਿਸਰੀ ਬੋਲ ਬਣ ਕੇ ਆਉਂਦਾ ਹੈ।

## ਮਿੰਨੀ ਕਹਾਣੀ

### ਬੱਚਿਆਂ ਲਈ

"ਹੋਰ ਸੇਠ ਜੀ, ਕੀ ਹਾਲ ਚਾਲ ਨੇ?"

"ਆਓ ਜੀ, ਬਾਊ ਜੀ, ਸਭ ਅਨੰਦ ਮੰਗਲ ਐ ਜੀ। ਕਿਰਪਾ ਉਪਰ ਵਾਲੇ ਦੀ।"

"ਹੋਰ, ਕੰਮਕਾਰ ਕਿਵੇਂ ਚਲਦੈ?"

"ਮੇਹਰਾਂ ਨੇ ਜੀ ਦਾਤੇ ਦੀਆਂ, ਆਹ ਪਿਛਲੇ ਹਫ਼ਤੇ ਇੱਕ ਹੋਰ ਏਜੰਸੀ ਲੈ ਲਈ ਸੀ, ਚਾਹ-ਪੱਤੀ ਦੀ। ਸਾਰੇ ਸ਼ਹਿਰ ਵਿਚ ਆਪਣਾ ਈ ਮਾਲ ਜਾਂਦੈ ਜੀ।"

"ਕੰਮ ਵਾਹਵਾ ਵਧਾ ਲਿਆ ਲਗਦੈ ਸੇਠ ਜੀ।"

"ਹੋਰ ਜੀ, ਬੱਚਿਆਂ ਵਾਸਤੇ ਕਰਦੇ ਆਂ ਜੀ ਸਭ ਕੁਝ।"

"ਅੱਛਾ, ਕਿਹੜੀ-ਕਿਹੜੀ ਜਮਾਤ ਵਿਚ ਹੋ ਗਏ ਐਤਕੀਂ ਜਵਾਕ?"

"ਹਾਂ ਜੀ ਛੇਵੀਂ 'ਚ ਹੋ ਗਿਆ ਮੁੰਡਾ ਤਾਂ, ਕੁੜੀ ਹਾਲੇ ਪਹਿਲੀ ਦੂਜੀ 'ਚ ਈ ਹੋਊ।"

"ਮੈਂ ਸੁਣਿਐਂ, ਪਲਾਟਾਂ ਪਲੂਟਾਂ ਦਾ ਵੀ ਲੈਣ ਦੇਣ ਕਰਦੇ ਓ।"

"ਹਾਂ ਜੀ ਚਲਦਾ ਈ ਰਹਿੰਦੈ, ਪਿਛਲੇ ਮਹੀਨੇ ਆਹ ਮੇਨ ਰੋਡ 'ਤੇ ਕੱਟੀ ਸੀ ਕਲੋਨੀ, ਇੱਕ-ਦੋ ਪਲਾਟ ਈ ਬਚੇ ਐ, ਹੱਥੋ-ਹੱਥੀ ਵਿਕਗੇ ਜੀ ਸਾਰੇ।"

"ਵਾਹਵਾ ਮਿਹਨਤ ਵਾਲਾ ਕੰਮ ਐ ਜੀ ਇਹ ਤਾਂ।"

"ਹਾਂ ਜੀ, ਦਿਨ ਰਾਤ ਇੱਕ ਕਰਨਾ ਪੈਂਦਾ ਜੀ ਏਸ ਕੰਮ 'ਚ ਤਾਂ, ਕੀ ਕਰੀਏ ਜੀ ਬੱਚਿਆਂ ਵਾਸਤੇ ਸਭ ਕੁਝ ਕਰਨਾ ਪੈਂਦਾ। ਇਨ੍ਹਾਂ ਵਾਸਤੇ ਈ ਤੁਰੇ-ਫਿਰਦੇ ਆਂ ਦਿਨ-ਰਾਤ।"

"ਇਹ ਗੱਲ ਤਾਂ ਠੀਕ ਐ ਸੇਠ ਜੀ, ਮੈਂ ਤਾਂ ਤੁਹਾਨੂੰ ਸੁਨੇਹਾ ਦੇਣ ਆਇਆ ਸੀ ਬਈ ਆਪਣੇ ਬੱਚਿਆਂ ਦੇ ਸਕੂਲ ਵਿਚ ਇੱਕ-ਦੋ ਘਾਟਾਂ ਨੇ, ਸਕੂਲ ਪ੍ਰਬੰਧਕਾਂ ਨਾਲ ਮਿਲ ਕੇ ਇਨ੍ਹਾਂ ਦਾ ਹੱਲ ਕੱਢਣ ਵਾਸਤੇ ਆਪਾਂ ਇੱਕ ਮੀਟਿੰਗ ਰੱਖੀ ਐ ਜੀ ਪਰਸੋਂ, ਤੁਸੀਂ ਜ਼ਰੂਰ ਪਹੁੰਚਣਾ।"

"ਪਰਸੋਂ ਤਾਂ ਬਾਊ ਜੀ, ਰਜਿਸਟਰੀ ਕਰਵਾਉਣੀ ਐ ਇੱਕ। ਮੈਥੋਂ ਤਾਂ ਆ ਨੀਂ ਹੋਣਾ, ਮੇਰੇ ਵੱਲੋਂ ਤਾਂ ਤੁਸੀਂ ਈ ਮਾਫ਼ੀ ਮੰਗ ਲੈਣਾ।"

**-ਸੰਦੀਪ ਢੰਡ**

# ਠਾਣੇਦਾਰਨੀ ਜਿਹਾ ਹੀ ਰੋਹਬ ਸੀ ਬੇਬੇ ਦਾ...

## ਪਹਿਲੀ ਬਰਸੀ 'ਤੇ

ਦੋ ਕੁ ਹਫਤੇ ਪਹਿਲਾਂ ਦੀ ਗੱਲ ਹੈ। ਯੂ ਟੀ ਗੈਸਟ ਹਾਊਸ ਚੰਡੀਗੜ੍ਹ ਵਿਚ ਠਹਿਰੇ ਆਪਣੇ ਇਕ ਮਿੱਤਰ ਨੂੰ ਮਿਲ ਕੇ ਮੈਂ ਪੰਜਾਬ ਗਵਰਨਰ ਹਾਊਸ ਕੋਲ ਪੁੱਜਾ ਤਾਂ ਅਚਨਚੇਤ ਸਾਡੀ ਬੇਬੇ ਸੁਰਜੀਤ ਕੌਰ ਯਾਦ ਆ ਗਈ। ਬੁਲ੍ਹਾਂ 'ਤੇ ਕੁਲਦੀਪ ਮਾਣਕ ਦਾ ਗੀਤ 'ਮਾਂ ਹੁੰਦੀ ਏ ਮਾਂ...' ਆ ਗਿਆ। ਨਾਲ ਹੀ ਚੇਤੇ ਆਇਆ, ਬੇਬੇ ਕਿਹਾ ਕਰਦੀ ਸੀ, 'ਮਾਂਵਾਂ ਠੰਡੀਆਂ ਛਾਂਵਾਂ, ਬਿਨ ਮਾਂਵਾਂ

ਬਲਵਿੰਦਰ ਜੰਮੂ ਜ਼ੀਰਕਪੁਰ
ਫੋਨ: 91-97799 21999

ਛਾਂਵਾਂ ਕੌਣ ਕਰੇ।' ਮਨ ਇਕਦਮ ਮਾਂ ਦੀ ਇਸ ਛਾਂ ਨੂੰ ਤਰਸ ਗਿਆ। ਅੱਧੀ ਰਾਤ ਦਾ ਸਮਾਂ ਤੇ ਸੁੰਨ-ਮਸਾਣ ਸੜਕ ਸੀ। ਗੱਡੀ ਦੀ ਬਰੇਕ ਲਾ ਕੇ ਮੈਂ ਵੱਡੇ ਵੀਰ ਅਮੋਲਕ ਸਿੰਘ ਨੂੰ ਸ਼ਿਕਾਗੋ ਫੋਨ ਮਿਲਾ ਲਿਆ। ਕਿੰਨਾ ਚਿਰ ਦੋਵੇਂ ਭਰਾ ਅਸੀਂ ਮਾਤਾ ਨੂੰ ਚੇਤੇ ਕਰਦੇ ਰਹੇ। ਸਮੁੰਦਰੋਂ ਪਾਰ ਬੈਠੇ ਪੁੱਤ ਨੂੰ ਪਿੱਛੋਂ ਤੁਰ ਗਈ ਮਾਂ ਦਾ ਦੁੱਖ ਡਾਢਾ ਸੀ। ਅਚਾਨਕ ਸਾਡੇ ਦੋਹਾਂ ਦੇ ਬੁਲ੍ਹਾਂ 'ਤੇ ਸੁਰਜੀਤ ਪਾਤਰ ਦੇ ਇਹ ਸ਼ਬਦ ਨਿਕਲ ਤੁਰੇ—ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ, ਬਾਕੀ ਕਬਰਾਂ ਦੇ ਰੁਖ ਹੇਠ ਜਾ ਬਹਿਣਗੇ।

ਅਜੇ ਪਿਛਲੇ ਸਾਲ 22 ਫਰਵਰੀ ਦੀ ਤਾਂ ਗੱਲ ਹੈ ਜਦੋਂ ਮੈਂ ਰਾਤ ਨੂੰ ਦੋ ਵੱਜ ਕੇ ਪੈਂਤੀ ਮਿੰਟ 'ਤੇ ਉਨ੍ਹਾਂ ਨੂੰ ਪਹਿਲਾ ਫੋਨ ਕੀਤਾ ਸੀ, 'ਬੇਬੇ ਸੰਪੂਰਨ ਹੋ ਗਈ।' ਉਨ੍ਹਾਂ ਕਿਹਾ, 'ਏਨੀ ਛੇਤੀ' ਤੇ ਫਿਰ ਉਨ੍ਹਾਂ ਦੇ ਮੂੰਹੋਂ ਹੋਰ ਕੁੱਝ ਨਾ ਨਿਕਲਿਆ ਤੇ ਫੋਨ ਵਿਚੋਂ ਦਬੇ ਸੁਰ ਕੰਨਾਂ ਵਿਚ ਵਿਰਲਾਪਦੇ ਰਹੇ।

ਸਾਡੀ ਮਾਂ ਇਕ ਸਾਧਾਰਨ ਅਨਪੜ੍ਹ ਔਰਤ ਸੀ ਪਰ ਸੀ ਤਾਂ ਮਾਂ। ਹੁਣ ਮਾਂ ਬਗੈਰ ਘਰ ਦਾ ਵਿਹੜਾ ਭਾਂ-ਭਾਂ ਕਰ ਰਿਹਾ ਮਹਿਸੂਸ ਹੁੰਦਾ ਹੈ। ਬਾਪੂ ਜੀ ਵੱਲ ਵੇਖੀਦਾ ਹੈ ਤਾਂ ਮਾਂ ਹੋਰ ਵੀ ਵੱਧ ਚੇਤੇ ਆ ਜਾਂਦੀ ਹੈ। ਬੇਬੇ ਦਾ ਵੱਡਾ ਖਲਾਅ ਮਹਿਸੂਸ ਹੁੰਦਾ ਹੈ। ਮਾਂ ਦੇ ਤੁਰ ਜਾਣ ਦੇ ਦੁੱਖ ਦਾ ਪਤਾ ਹੁਣ ਲੱਗ ਰਿਹਾ ਹੈ। ਪੁੱਤਾਂ ਦੀਆਂ ਸਾਰੀਆਂ ਬਲਾਵਾਂ ਆਪਣੇ ਸਿਰ ਲੈਣ ਵਾਲੀ ਮਾਂ ਦੇ ਹੁੰਦਿਆਂ ਕਿਸੇ ਬਲਾ ਦਾ ਡਰ ਨਹੀਂ ਸੀ। ਮਾਂ ਦੀ ਆਂਦਰ ਬਿਨਾ ਦਸੇ ਢਿੱਡੋਂ ਜਾਏ ਦੀ ਪੀੜ ਜੋ ਪਛਾਣ ਲੈਂਦੀ ਸੀ। ਬੇਬੇ ਕਿਹਾ ਕਰਦੀ, "ਵਿਹੜੇ ਬੈਠੀ ਮਾਂ ਵਿਹੜਾ ਕਰੇ ਭਾਂ-ਭਾਂ, ਵਿਹੜੇ ਬੈਠੀ ਰੰਨ ਵਿਹੜਾ ਕਰੇ ਧੰਨ-ਧੰਨ।" ਉਸ ਦੀ ਇਹ ਗੱਲ ਸ਼ਾਇਦ ਸਹੀ ਵੀ ਹੈ। ਨਵੀਂ ਪੀੜ੍ਹੀ ਆਉਂਦੀ ਹੈ ਤਾਂ ਰੌਣਕਾਂ ਉਸ ਦੁਆਲੇ ਜੁੜਦੀਆਂ ਹਨ। ਫਿਰ ਵੀ ਮਾਂ ਦੀ ਆਪਣੀ ਰੌਣਕ ਹੁੰਦੀ ਐ।

ਪਿਛਲੇ ਸਾਲ ਯਾਨਿ 2012 ਦੇ ਜਨਵਰੀ ਮਹੀਨੇ ਮਾਤਾ ਦੇ ਸਿਰ ਵਿਚ ਕੈਂਸਰ ਵਾਲੀ ਰਸੌਲੀ ਹੋਣ ਦਾ ਪਤਾ ਲੱਗਾ। ਸਾਰੀ ਉਮਰ ਠਾਣੇਦਾਰਨੀ ਬਣ ਗਜਦੀ ਰਹੀ ਮਾਤਾ ਝੱਟ ਹੀ ਢੇਰੀ ਢਾਹ ਗਈ। ਜਿੰਨੇ ਦਿਨ ਬੇਬੇ ਮੰਜੇ 'ਤੇ ਰਹੀ ਉਸ ਦਾ ਹਰ ਸਾਹ ਸਾਡੇ ਲਈ ਕੀਮਤੀ ਬਣਦਾ ਗਿਆ। ਬੇਬੇ ਦੇ ਪੋਤਰੇ ਹਨੀ, ਰਾਜਾ, ਸਨੀ ਆਪਣੀ ਦਾਦੀ ਦੇ ਆਲੇ-ਦੁਆਲੇ ਰਹੇ। ਸ਼ਿਕਾਗੋ ਵਸਦਾ ਬੇਬੇ ਦਾ ਚੌਥਾ ਤੇ ਸਭ ਤੋਂ ਵੱਡਾ ਪੋਤਰਾ ਮਨਦੀਪ ਬੇਬੇ ਨੂੰ ਮਿਲਣ ਆਉਣ ਲਈ ਤਰਲੇ ਲੈਂਦਾ ਰਿਹਾ ਪਰ ਪਹੁੰਚ ਨਾ ਸਕਿਆ ਤੇ ਬੇਬੇ ਤੁਰਦੀ ਹੋਈ। ਘਰ ਵਿਚ ਮਾਂ ਨੂੰ ਕੋਈ ਬੀਬੀ ਕਹਿੰਦਾ, ਕੋਈ ਬੇਬੇ ਕਹਿੰਦਾ ਤੇ ਕੋਈ ਅੰਬੋ ਕਹਿ ਲੈਂਦਾ, ਮਾਤਾ ਖੁਸ਼ ਹੋ ਲੈਂਦੀ। ਦੋਹਤਰੇ ਬੱਬੂ, ਰਿੰਕੂ, ਸ਼ੰਮੀ ਤੇ ਦੋਹਤਰੀ ਮੀਤੂ ਬੇਬੇ ਦੁਆਲੇ ਝੁਰਮਟ ਪਾਈ ਰਖਦੇ। ਬੇਬੇ ਦੇ ਆਖਰੀ ਦਿਨਾਂ ਵਿਚ ਇਹ ਸਾਰੇ ਬੇਬੇ ਨਾਲ ਸ਼ਰਾਰਤਾਂ ਕਰਦੇ ਰਹਿੰਦੇ। ਉਹ ਸਿਰਫ ਮੁਸਕਰਾ ਛਡਦੀ।

ਬੇਬੇ ਨੇ ਕਿਹਾ ਕਰਨਾ, 'ਭੁੱਖੀ ਰਹਿ ਲਊਂ, ਕਿਸੇ ਅੱਗੇ ਹੱਥ ਨਹੀਂ ਅੱਡਣੇ।' ਉਹ ਸਾਰੀ ਉਮਰ ਕਿਸੇ ਦੀ ਮੁਥਾਜ ਨਾ ਹੋਈ, ਛੇਕੜ ਉਮਰੇ ਵੀ ਰੋਟੀ-ਪਾਣੀ ਆਪਣਾ ਆਪ ਕਰਦੀ। ਕਦੇ ਕਿਸੇ ਤੋਂ ਨਾ ਹਾਰਨ ਵਾਲੀ ਬੇਬੇ ਵੀ ਕੈਂਸਰ ਦੇ ਮਰੀਜ਼ਾਂ ਦੀ ਨਾ ਮੁੱਕ ਰਹੀ ਲਾਈਨ ਵਿਚ ਲੱਗ ਚੁਕੀ ਸੀ, ਤੇ ਅਖੀਰ ਹਾਰ ਗਈ। ਸ਼ਾਇਦ ਕਿਸੇ ਦੀ ਮੁਥਾਜੀ ਝੱਲਣ ਨਾਲੋਂ ਮਾਤਾ ਨੇ ਇਸ ਜਹਾਨੋਂ ਛੇਤੀ ਤੁਰ ਜਾਣਾ ਸਹੀ ਜਾਤਾ। ਇਕਿਆਸੀ ਸਾਲ ਦੀ ਉਮਰੇ ਅੰਬੋ ਦੀ ਅਖੀਰੀ ਦੇਖੀ ਨਾ ਜਾਂਦੀ ਤੇ ਅਸੀਂ ਬੇਬੇ ਤੋਂ ਪਾਸੇ ਹੋ ਹੋ ਵਿਲਕਦੇ। ਹੰਝੂ ਰੋਕਿਆਂ ਨਾ ਰੁਕਦੇ। ਐਸੀ ਘੜੀ ਵਿਚ ਘਰ ਦੇ ਸਾਰੇ ਜੀਅ ਕਹਿੰਦੇ, ਬੇਬੇ ਲੜਦੀ ਘੁਲਦੀ ਈ ਚੰਗੀ ਲੱਗਦੀ ਸੀ।

ਬੇਬੇ ਦੇ ਤੁਰ ਜਾਣ ਉਪਰੰਤ ਮੈਂ ਰਿਸ਼ਤੇ ਵਿਚ ਲੱਗਦੀ ਇਕ ਮਾਸੀ ਦੇ ਘਰ ਗਿਆ ਤਾਂ ਮਾਸੀ ਨੇ ਬੇਬੇ ਨੂੰ ਚੇਤੇ ਕਰਦਿਆਂ ਕਿਹਾ, 'ਸੁਭਾਅ ਦੀ ਤਾਂ ਥੋੜੀ ਕੌੜੀ ਸੀ ਜੀਤਾਂ...।' ਮੈਂ ਝੱਟ ਟੋਕਿਆ, 'ਕੌੜੀ ਸੀ, ਭਾਵੇਂ ਮਿੱਠੀ; ਸਾਡੀ ਤਾਂ ਬੇਬੇ ਸੀ।' ਮਾਸੀ ਚੁੱਪ ਵੱਟ ਗਈ।

ਢਿੱਲ ਮੱਠ ਸਮੇਂ ਬੇਬੇ ਜਦੋਂ ਕਦੇ ਹਸਪਤਾਲ ਦਾਖਲ ਹੁੰਦੀ ਡਾਕਟਰ, ਨਰਸਾਂ ਤੇ ਹੋਰ ਸਟਾਫ ਬੇਬੇ ਦੇ ਅੱਗੇ ਪਿੱਛੇ ਫਿਰਦੇ, ਬੇਬੇ ਸਭ ਨੂੰ ਅਸੀਸਾਂ ਵੰਡੀ ਜਾਂਦੀ। ਕਦੀ ਦਬਕਾ ਵੀ ਮਾਰ ਦਿੰਦੀ। ਪਤਾ ਨਹੀਂ ਕਿਉਂ, ਹਸਪਤਾਲ ਵਿਚ ਰਹਿ ਕੇ ਬੇਬੇ ਕਦੇ ਅੱਕਦੀ ਨਾ ਤੇ ਡਾਕਟਰਾਂ ਦੇ ਕਿਹਾਂ ਵੀ ਛੁੱਟੀ ਲੈਣ ਲਈ ਤਿਆਰ ਨਾ ਹੁੰਦੀ, ਦੋ ਚਾਰ ਦਿਨ ਵੱਧ ਲਾ ਆਉਂਦੀ।

ਬੇਬੇ ਕਿਹਾ ਕਰਦੀ, "ਮੈਂ ਸੱਚੀ ਗੱਲ ਕਰੂੰ ਭਾਵੇਂ ਕਿਸੇ ਨੂੰ ਚੰਗੀ ਲੱਗੇ, ਭਾਵੇਂ ਕੌੜੀ।" ਤੇ ਸੱਚ ਹੀ ਮਾਤਾ ਗੱਲ ਕਹਿਣ ਲਗਿਆਂ ਉਕਾ ਨਾ ਝਕਦੀ, ਕਿਸੇ ਨੂੰ ਚੰਗੀ ਲੱਗੇ ਜਾਂ ਬੁਰੀ। ਸੱਚ ਦੀ ਪਹਿਰੇਦਾਰ ਬੇਬੇ ਦਾ ਸੱਚ ਹੋਰਨਾਂ ਦੇ ਨਾਲ ਸਾਨੂੰ ਵੀ ਕੌੜਾ ਲਗਦਾ ਤੇ ਫੇਰ ਬੇਬੇ ਵੀ ਕੌੜੀ ਲੱਗਣ ਲੱਗ ਜਾਂਦੀ। ਜਦੋਂ ਗੁੱਸੇ ਵਿਚ ਹੁੰਦੀ ਤਾਂ ਬੇਬੇ ਦਾ ਗੁੱਸਾ ਅਸਮਾਨ ਚੀਰਦਾ। ਜੀਰਕਪੁਰ ਰਹਿੰਦੇ ਸਾਂ ਤਾਂ ਕਦੇ ਕਦੇ ਬੇਬੇ ਗਲੀ ਵਿਚੋਂ ਲੋਕਾਂ ਦਾ ਲੰਘਣਾ ਵੀ ਬੰਦ ਕਰ ਦਿੰਦੀ, ਗਲੀ ਵਿਚੋਂ ਫਾਲਤੂ ਬੰਦਿਆਂ ਦਾ ਲੰਘਣਾ ਉਸ ਨੂੰ ਬਰਦਾਸ਼ਤ ਨਾ ਹੁੰਦਾ। ਕਈ ਵਾਰ ਦਫਤਰ ਬੈਠੇ ਨੂੰ ਮੈਨੂੰ ਗੁਆਂਢੀਆਂ ਦਾ ਫੋਨ ਆਉਂਦਾ, "ਤੁਹਾਡੀ ਬੇਬੇ ਕਿਸੇ ਨੂੰ ਗਲੀ ਵਿਚੋਂ ਲੰਘਣ ਨਹੀਂ ਦੇ ਰਹੀ, ਇੱਟਾਂ ਮਾਰਦੀ ਆ। ਸਮਝਾਓ ਆ ਕੇ।" ਕਈ ਬੁਢੀਆਂ ਗਲੀ 'ਚੋਂ ਇਹ ਕਹਿ ਕੇ ਮੁੜ ਜਾਂਦੀਆਂ, "ਅੱਗੇ ਠਾਣੇਦਾਰਨੀ ਖੜੀ ਆ।" ਪਰ ਜਦੋਂ ਬੇਬੇ ਦਿਆਲ ਹੁੰਦੀ, ਅਸੀਸੜੀਆਂ ਨਾਲ ਅਗਲੇ ਦੀਆਂ ਝੋਲੀਆਂ ਭਰ ਦਿੰਦੀ।

ਨਿੱਕੇ ਹੁੰਦਿਆਂ ਅਕਸਰ ਮਾਤਾ ਦੇ ਮੂੰਹੋਂ ਸੁਣਦੇ, 'ਮਾਂ ਦੀਆਂ ਗਾਲ੍ਹਾਂ ਘਿਓ ਦੀਆਂ ਨਾਲਾਂ', 'ਇਕ ਦੀ ਮਾਂ ਅੰਨੀ, ਦੋ ਦੀ ਕਾਣੀ।' ਇਨ੍ਹਾਂ ਦੇ ਅਰਥ ਅੱਜ ਬੇਬੇ ਦੇ ਤੁਰ ਜਾਣ ਪਿੱਛੋਂ ਸਮਝ ਆ ਰਹੇ ਹਨ। ਉਹ ਕਿਹਾ ਕਰਦੀ, 'ਪੁੱਤ ਕਪੁੱਤ ਹੋ ਜਾਂਦੇ ਨੇ ਮਾਪੇ ਕੁਮਾਪੇ ਨਹੀਂ ਹੁੰਦੇ।' ਅਸੀਂ ਅਗੋਂ ਚਰੇਡ ਕਰਦੇ, 'ਮਾਂ ਕੁਮਾਂ ਹੋ ਜਾਂਦੀ ਆ ਬੇਬੇ, ਪੁੱਤ ਕਪੁੱਤ ਨਹੀਂ ਹੁੰਦੇ।' ਬੇਬੇ ਸਾਡੀ ਗੱਲ 'ਤੇ 'ਹੈ ਮਰ ਜਾਣੀ ਦਾ' ਕਹਿ ਕੇ ਹੱਸ ਛੱਡਦੀ। ਜਦੋਂ ਬੇਬੇ ਸਾਡੇ ਨਵੇਂ ਕਪੜੇ ਪਾਉਂਦੀ ਤਾਂ ਕਿਹਾ ਕਰਦੀ, 'ਮੇਰਾ ਪੁੱਤ ਇਹ ਹੰਢਾਵੇ ਤੇ ਹੋਰ ਪਾਵੇ।'

ਸਾਡਾ ਪਿੰਡ ਕੁੱਤੇਵਢ ਸਾਰੇ ਦਾ ਸਾਰਾ ਪਾਕਿਸਤਾਨੋਂ ਆ ਕੇ ਇਥੇ ਵਸੇ ਰਿਫਿਊਜੀਆਂ ਦਾ ਸੀ। ਵਖੋ-ਵਖ ਇਲਾਕਿਆਂ ਤੇ ਬਰਾਦਰੀਆਂ ਦੇ ਲੋਕ-ਜਾਣੋਂ ਵਣ ਵਣ ਦੀ ਲਕੜੀ। ਉਜੜ ਕੇ ਆਏ ਹੋਣ ਕਰਕੇ ਇਕੋ ਬਰਾਦਰੀ ਦੇ ਬਹੁਤੇ ਲੋਕ ਆਪੋ ਵਿਚ ਕਰੀਬੀ ਰਿਸ਼ਤੇਦਾਰ ਵੀ ਸਨ। ਮਾਤਾ ਦੇ ਨਾਨਕੇ ਵੀ ਸਾਡੇ ਪਿੰਡ ਹੀ ਵਸਦੇ ਸਨ। ਮਾਤਾ ਦੇ ਨਾਨੇ ਦੇ ਦੋ ਵਿਆਹ ਸਨ ਤੇ ਦੂਜੇ ਵਿਆਹ ਵਿਚੋਂ ਦੋ ਮੁੰਡੇ ਸਨ। ਇਕ ਦੇ ਪੰਜ ਪੁਤ ਤੇ ਸੱਤ ਧੀਆਂ ਤੇ ਦੂਜੇ ਦੇ ਪੰਜ ਧੀਆਂ ਤੇ ਸੱਤ ਪੁੱਤ-ਉਨ੍ਹਾਂ ਦਾ ਆਪਣਾ ਵੱਖਰਾ ਹੀ ਪਿੰਡ ਜਾਪਦਾ। ਇਕ ਦਿਨ ਮਾਤਾ ਦਾ ਨਾਨਾ ਗਲੀ ਵਿਚੋਂ ਹੱਥ 'ਚ ਦਾਤੀ ਅਤੇ ਛੋਟੀ ਜਿਹੀ ਗਠੜੀ ਪਠਿਆਂ ਦੀ ਬੰਨ੍ਹੀ ਤੁਰਿਆ ਜਾਵੇ। ਮਾਤਾ ਦੇ ਮੂੰਹੋਂ ਸਹਿਜ ਸੁਭਾਅ ਨਿਕਲ ਗਿਆ, 'ਅੱਠ ਪੁਤ ਅਠਾਰਾਂ ਪੋਤੇ, ਅਜੇ ਬਾਬਾ ਘਾਹ ਖੋਤੇ।'

'ਕੁੜੀ ਪੇਟ ਕਣਕ ਖੇਤ, ਆ ਜਵਾਈਆ ਮੰਡੇ ਖਾਹ', 'ਆਪ ਕੁਚੱਜੀ ਵਿਹੜੇ ਨੂੰ ਦੋਸ਼', 'ਕੰਮ ਨਾ ਕਾਜ ਦੀ ਦੁਸ਼ਮਣ ਅਨਾਜ ਦੀ', 'ਦੋ ਪਈਆਂ ਵਿਸਰ ਗਈਆਂ ਸਦਕੇ ਯਾਰਾਂ ਦੀ ਢੂਹੀ ਦੇ' ਅਤੇ ਹੋਰ ਪਤਾ ਨਹੀਂ ਕਿੰਨੇ ਕੁ ਅਖਾਣ ਸਾਨੂੰ ਰੋਜ਼ ਬੇਬੇ ਤੋਂ ਸੁਣਨ ਨੂੰ ਮਿਲਦੇ। ਹਰ ਵਾਕ ਵਿਚ ਅਖਾਣ ਬੋਲ ਕੇ ਬੇਬੇ ਆਪਣੀ ਗੱਲ ਵਿਚ ਜਾਨ ਪਾ ਦਿੰਦੀ। ਹਰ ਗੱਲ ਨਾਲ ਕੋਈ ਨਾ ਕੋਈ ਅਖਾਣ ਪਾਉਣਾ ਬੇਬੇ ਦਾ ਸੁਭਾਅ ਸੀ। ਬੇਬੇ 'ਚੋਰੀ ਮਿਹਣਾ ਯਾਰੀ ਮਿਹਣਾ, ਮਜ਼ੂਰੀ ਦਾ ਕੀ ਮਿਹਣਾ' ਕਹਿ ਕੇ ਸਾਡੇ ਵਿਚ ਕੰਮ ਕਰਨ ਦਾ ਜੋਸ਼ ਪੈਦਾ ਕਰਦੀ ਤੇ ਮਿਹਨਤ ਕਰਨ ਦਾ ਜਜ਼ਬਾ ਭਰਦੀ।

ਮਾਤਾ ਪਰਦੇਸੀਂ ਜਾ ਵਸੇ ਵਡੇ ਪੁੱਤ ਨੂੰ ਮਿਲਣ ਦਾ ਅੰਦਰ ਹੀ ਅੰਦਰ ਝੋਰਾ ਕਰਿਆ ਕਰਦੀ ਸੀ। ਜ਼ੀਰਕਪੁਰ ਦਸਮੇਸ਼ ਕਾਲੋਨੀ ਵਿਚ ਸਾਡੇ ਨਾਲ ਦੇ ਘਰ ਵਿਚ ਡਾ. ਸਤਨਾਮ ਸਿੰਘ ਰੰਧਾਵਾ ਦੀ ਮੰਜੇ 'ਤੇ ਪਈ ਬਜ਼ੁਰਗ ਮਾਂ ਵੀ ਆਪਣੇ ਅਮਰੀਕਾ ਗਏ ਪੁੱਤ ਨੂੰ ਯਾਦ ਕਰਦਿਆਂ ਬਹੁਤੀਆਂ ਪਾਇਆ ਕਰਦੀ ਸੀ, 'ਵੇ ਛਿੰਦੀ ...ਵੇ ਛਿੰਦੀ ...ਪੁੱਤ, ਮਾਂ ਨੂੰ ਜਿਉਂਦਿਆਂ ਵੀ ਮਿਲਣਾ ਕਿ ਕੜਾਹ ਖਾਣ ਈ ਆਊਣੈ...।' ਲੰਮੀ ਉਡੀਕ ਮਗਰੋਂ ਜਿਸ ਦਿਨ ਛਿੰਦੀ ਦਿੱਲੀ ਹਵਾਈ ਅੱਡੇ 'ਤੇ ਉਤਰਿਆ, ਉਸ ਦੇ ਘਰ ਪਹੁੰਚਣ ਤੋਂ ਪਹਿਲਾਂ ਹੀ ਮਾਂ ਮੁੱਕ ਗਈ ਤੇ ਜਿਉਂਦੇ ਜੀਅ ਆਪਣੇ ਲਾਡਲੇ ਪੁੱਤ ਨੂੰ ਮਿਲਣ ਦੀ ਤਾਂਘ ਦਿਲ ਵਿਚ ਲੈ ਕੇ ਹੀ ਤੁਰਦੀ ਬਣੀ। ਪੁੱਤ ਨੂੰ ਮਿਲਣ ਦਾ ਉਸ ਮਾਂ ਦਾ ਰੁਦਨ ਸਾਡੇ ਕੰਨਾਂ ਵਿਚ ਹਾਲੇ ਤੱਕ ਵੀ ਗੂੰਜਦਾ ਹੈ। ਸਾਡੀ ਬੇਬੇ ਦਾ ਵੀ ਪਰਦੇਸੀਂ ਜਾ ਵਸਿਆ ਵੱਡਾ ਪੁੱਤ ਆਪਣੀ ਸਿਹਤ ਦੀਆਂ ਮਜਬੂਰੀਆਂ ਕਰਕੇ ਚਾਹ ਕੇ ਵੀ ਮਰਨ ਕੰਢੇ ਪਈ ਮਾਂ ਦਾ ਦਰਸ਼ਨ ਕਰਨ ਨਾ ਪਹੁੰਚ ਸਕਿਆ।

ਜਦੋਂ ਪੰਜਾਬ ਪੁਲਿਸ ਵਿਚ ਸਾਡੇ ਬਾਪੂ ਜੀ ਠਾਣੇਦਾਰ ਬਣੇ ਤਾਂ ਬੇਬੇ ਨੂੰ ਵੀ ਪਿੰਡ ਕੁੱਤੇਵਡ ਦੇ ਲੋਕ ਠਾਣੇਦਾਰਨੀ ਕਹਿਣ ਲੱਗ ਪਏ। ਉਸ ਦਾ ਰੋਹਬ ਠਾਣੇਦਾਰ ਤੋਂ ਵੀ ਵਧ ਕੇ ਸੀ। ਅੱਠ ਦਹਾਕੇ ਲੰਘ ਗਈ ਜ਼ਿੰਦਗੀ ਦਾ ਹਰ ਛਿਣ ਬੇਬੇ ਨੂੰ ਆਪਣੇ ਪੋਟਿਆਂ 'ਤੇ ਯਾਦ ਸੀ। ਬਾਪੂ ਨਾਲ ਵਿਆਹੁਤਾ ਜ਼ਿੰਦਗੀ ਦੇ ਬੇਬੇ ਨੂੰ ਜਿੰਨੇ ਮਾਣ ਸਨ, ਉਨੇ ਹੀ ਗਿਲੇ ਸਨ। ਕਿਹਾ ਕਰਦੀ, "ਤੁਹਾਡੇ ਦਾਦੇ ਨੇ ਦਸ ਤੋਲੇ ਸੋਨਾ ਪਾ ਕੇ ਲਿਆਂਦਾ ਸੀ ਮੈਨੂੰ। ਕੁੜੀ ਦਿੰਦਾ ਕੋਣ ਸੀ ਇਨ੍ਹਾਂ ਨੂੰ?" ਸਾਡੇ ਬਾਪੂ ਦੀ ਪੁਲਿਸ ਦੀ ਨੌਕਰੀ ਤੋਂ ਉਹ ਕਦੇ ਖੁਸ਼ ਨਾ ਰਹੀ ਤੇ ਕਿਹਾ ਕਰਦੀ, "ਪੁਲਸੀਆਂ ਦਾ ਖੋਤੇ ਜਿੰਨਾ ਵੀ 'ਡਮਾਕ' ਨਹੀਂ ਹੁੰਦਾ।" ਬੇਬੇ ਬਾਪੂ ਬਾਰੇ ਅਕਸਰ ਕਹਿ ਦਿੰਦੀ, "ਜਿਹਾ ਮੁੰਨੀ ਬੱਧਾ, ਤੇਹਾ ਚੋਰਾਂ ਖੋਲ੍ਹ ਖੜ੍ਹਿਆ, ਇਹ ਹੈ ਮੇਰਾ ਬੰਦਾ।" ਸਾਰੀ ਉਮਰ ਬਾਪੂ ਬੇਬੇ ਵਿਚ ਖੜ੍ਹਕਾ-ਦੜ੍ਹਕਾ ਹੁੰਦਾ ਰਿਹਾ ਜਿਸ ਦਾ ਸਿੱਤਮ ਅਸੀਂ ਝੱਲਦੇ ਰਹੇ। ਕਈ ਵਾਰ ਦੋਹਾਂ ਦੀ ਆਪਸ ਵਿਚ ਲੜਾਈ ਹੁੰਦੀ ਤੇ ਕੁੱਟ ਸਾਨੂੰ ਪੈ ਜਾਂਦੀ। ਬਹੁਤੀ ਵਾਰ ਬੇਬੇ-ਬਾਪੂ ਦੀ ਆਪਸ 'ਚ ਲੜਾਈ ਸ਼ਰੀਕੇ ਅਤੇ ਬੇਬੇ ਦੇ ਪੇਕਿਆਂ ਕਰਕੇ ਹੀ ਹੁੰਦੀ ਜੋ ਪਿੰਡ ਹੀ ਵਸਦੇ ਸਨ। ਪੇਕਿਆਂ ਨਾਲ ਅੰਤਾਂ ਦੇ ਮੋਹ ਕਾਰਨ ਪੇਕੇ ਘਰੋਂ ਆਈ ਹਰ ਸ਼ੈਅ ਬੇਬੇ ਲਈ ਸੋਨਾ ਹੁੰਦੀ। ਅੱਜ ਬਾਪੂ ਜੀ ਵੀ ਬੇਬੇ ਦੇ ਤੁਰ ਜਾਣ ਉਪਰੰਤ ਇਕੱਲੇ ਇਕੱਲੇ ਮਹਿਸੂਸ ਕਰਦੇ ਹਨ।

ਛੋਟੇ ਹੁੰਦਿਆਂ ਦੇ ਪਿੰਡ ਕੁੱਤੇਵਢ ਦੇ ਵੇਲੇ ਮੈਨੂੰ ਯਾਦ ਹਨ। ਬੇਬੇ ਆਪ ਅੰਮ੍ਰਿਤ ਵੇਲੇ ਉਠਦੀ, ਦੁੱਧ ਮਧਾਣੀ ਪਾਉਂਦੀ ਅਤੇ ਜਪੁਜੀ ਸਾਹਿਬ ਦੀਆਂ ਕੁਝ ਪਉੜੀਆਂ ਦਾ ਪਾਠ ਕਰਦੀ। ਬਾਅਦ ਵਿਚ ਸਮਝ ਆਈ ਕਿ ਮਾਤਾ ਬਾਣੀ ਦੇ ਅੱਧੇ ਸ਼ਬਦ ਗਲਤ ਹੀ ਬੋਲੀ ਜਾਂਦੀ ਪਰ ਬੋਲਦੀ ਪੂਰੀ ਸ਼ਰਧਾ ਨਾਲ। ਵੇਲੇ ਨਾਲ ਉਠਾਉਣ ਲਈ ਸਾਨੂੰ ਕਿਹਾ ਕਰਦੀ, "ਉਏ ਦਲਿੱਦਰੀਓ ਉਠੋ, ਦਿਨ ਸਿਰ 'ਤੇ ਚੜ੍ਹ ਆਇਆ।" ਜੇ ਨਾ ਉਠਦੇ ਤਾਂ ਬੇਬੇ ਪਾਣੀ ਦੀ ਬਾਲਟੀ ਪਾ ਦਿਆ ਕਰਦੀ। ਇਸ ਡਰੋਂ ਅਸੀਂ ਉਠ ਕੇ ਸਕੂਲ ਲਈ ਫਟਾਫਟ ਤਿਆਰ ਹੋਇਆ ਕਰਦੇ।

ਅਸੀਂ ਚਾਰ ਭੈਣ-ਭਰਾ ਹਾਂ। ਮੈਂ ਸਭ ਤੋਂ ਛੋਟਾ ਹਾਂ, ਵਿਚਕਾਰ ਦੋ ਭੈਣਾਂ ਤੇ ਸਭ ਤੋਂ ਵਡੇ ਭਾਅ ਜੀ। ਪਤਾ ਨਹੀਂ ਕਿਉਂ ਬੇਬੇ ਨੂੰ ਧੀਆਂ ਦੇ ਮੁਕਾਬਲੇ ਪੁੱਤ ਹਮੇਸ਼ਾ ਪਿਆਰੇ ਰਹੇ। ਧੀਆਂ ਨੂੰ ਖਾਣ ਨੂੰ ਬਾਅਦ ਵਿਚ ਦਿੰਦੀ ਤੇ ਪੁੱਤਾਂ ਨੂੰ ਪਹਿਲਾਂ। ਧੀਆਂ ਨੂੰ ਹਮੇਸ਼ਾ ਕਹਿੰਦੀ, ਤੁਸੀਂ ਇਨ੍ਹਾਂ ਨਾਲ ਹੀ ਸੋਂਹਦੀਆਂ ਜੇ। ਸ਼ਾਇਦ ਮਾਤਾ ਉਤੇ ਧੀਆਂ ਨਾਲੋਂ ਪੁੱਤਾਂ ਨੂੰ ਪਹਿਲ ਦੇਣ ਦੇ ਰਵਾਇਤੀ ਸਭਿਆਚਾਰ ਦਾ ਅਸਰ ਸੀ। ਪੁੱਤ ਵਿਆਹੇ ਤਾਂ ਹਮੇਸ਼ਾ ਉਸ ਪੋਤਰੇ ਮੰਗੇ, ਧੀਆਂ ਵਿਆਹੀਆਂ ਤਾਂ ਦੋਹਤਰੇ।

ਸ਼ਿਕਾਗੋ ਵਿਚ ਪੋਤੇ ਮਨਦੀਪ ਦਾ ਵਿਆਹ ਸੀ। ਬੇਬੇ ਨੂੰ ਆਪਣੇ ਵੱਡੇ ਪੋਤੇ ਦੇ ਵਿਆਹ ਦਾ ਬੇਹੱਦ ਚਾਅ ਸੀ ਅਤੇ ਅਮਰੀਕਾ ਜਾਣ ਲਈ ਉਹ ਸਭ ਤੋਂ ਵੱਧ ਕਾਹਲੀ ਸੀ। ਦਿੱਲੀ ਅਮਰੀਕਨ ਅੰਬੈਸੀ ਵਿਚ ਅਸੀਂ ਵੀਜ਼ੇ ਲਈ ਗਏ, ਵੀਜ਼ਾ ਨਾ ਲੱਗਿਆ। ਫਿਰ ਵੀ ਬੇਬੇ ਨੂੰ ਲੱਗਾ, ਉਹ ਸਚਮੁਚ ਅਮਰੀਕਾ ਜਾ ਆਈ ਹੈ। ਪੋਤਰੇ ਦੇ ਵਿਆਹ ਵਾਲੇ ਦਿਨ ਸ਼ਿਕਾਗੋ ਤੋਂ ਹਜ਼ਾਰਾਂ ਮੀਲ ਦੂਰ ਜ਼ੀਰਕਪੁਰ ਬੈਠੀ ਬੇਬੇ ਨੇ ਆਪਣੇ ਪੋਤਰੇ ਮਨਦੀਪ ਦੀਆਂ ਘੋੜੀਆਂ ਗਾਈਆਂ। ਗਲੀ ਗੁਆਂਢ ਲੱਡੂ ਵੰਡੇ। ਅਮਰੀਕਾ ਬੈਠੇ ਪੁੱਤ ਨੂੰ ਦੱਸਣ ਲੱਗੀ, ਅਸੀਂ ਮਨਦੀਪ ਦੇ ਵਿਆਹ 'ਤੇ ਗਿੱਧਾ ਪਾਇਆ ਤੇ 'ਮੂੰਗੀ' ਵੀ ਬਣਾਈ ਹੈ। ਉਹ ਸੋਚਣ 'ਮੂੰਗੀ' ਕੀ ਹੋਈ? ਪਿੱਛੋਂ ਪਤਾ ਲੱਗਾ ਕਿ ਮਾਤਾ ਮੂਵੀ ਨੂੰ 'ਮੂੰਗੀ' ਕਹਿੰਦੀ ਹੈ। ਮਾਤਾ ਨੂੰ ਆਪਣੀ ਪੋਤ ਨੂੰਹ ਨੂੰ ਵੇਖਣ ਦੀ ਬੜੀ ਰੀਝ ਸੀ ਪਰ ਕੈਨੇਡਾ ਤੋਂ ਅਮਰੀਕਾ ਵਿਆਹ ਕੇ ਲਿਆਂਦੀ ਆਪਣੀ ਪੋਤ ਨੂੰਹ ਸੰਦੀਪ ਕੌਰ ਦਾ ਮੂੰਹ ਵੇਖਣ ਦੀ ਰੀਝ ਬੇਬੇ ਪੂਰੀ ਹੋਣ ਤੋਂ ਪਹਿਲਾਂ ਹੀ ਤੁਰਦੀ ਬਣੀ। ਪਹਿਲਾਂ ਅਮਰੀਕਾ ਦਾ ਵੀਜ਼ਾ ਨਾ ਮਿਲਣ ਕਰਕੇ ਅਤੇ ਫਿਰ ਮੌਤ ਦੇ ਕਾਹਲੀ ਕਰ ਜਾਣ ਕਰਕੇ।

ਦੋ ਕੁ ਮਹੀਨੇ ਪਹਿਲਾਂ ਇਕ ਦਿਨ ਸਾਡੀ ਵੱਡੀ ਭੈਣ ਸੁਰਿੰਦਰ ਕੌਰ ਮਿਲਣ ਆਈ, ਅਸੀਂ ਸਾਰੇ ਬੇਬੇ ਦੀਆਂ ਗੱਲਾਂ ਕਰਨ ਲੱਗੇ। ਬੇਬੇ ਦੇ ਪੋਤੇ ਵੀ ਇਕ ਦੂਜੇ ਤੋਂ ਵੱਧ ਬੇਬੇ ਨੂੰ ਚੇਤੇ ਕਰ ਰਹੇ ਸਨ। ਨੀਂਦ ਕਿਸੇ ਦੇ ਨੇੜੇ ਨਹੀਂ ਸੀ। ਰਾਤ ਕਾਫੀ ਹੋ ਗਈ ਸੀ ਤੇ ਬੇਬੇ ਦੀਆਂ ਗੱਲਾਂ ਮੁੱਕਣ 'ਤੇ ਨਹੀਂ ਸੀ ਆ ਰਹੀਆਂ। ਭੈਣ ਦੇ ਮੂੰਹੋਂ ਨਿਕਲਿਆ, "ਸਾਰੀ ਉਮਰ ਬੇਬੇ ਲੜਦੀ ਰਹੀ, ਜਾਂਦੀ ਜਾਂਦੀ ਤਤੜੀ ਮੋਹ ਪਾ ਗਈ।" ਬੇਬੇ ਨੂੰ ਯਾਦ ਕਰਦਿਆਂ ਅੱਥਰੂ ਰੁਕ ਨਹੀਂ ਸੀ ਰਹੇ।



2006 ਵਿਚ ਚੰਡੀਗੜ੍ਹ ਮਾਤਾ ਅਤੇ ਭਾਪਾ ਜੀ ਆਪਣੇ ਵੱਡੇ ਪੁੱਤਰ ਅਮੋਲਕ ਸਿੰਘ ਨਾਲ



ਮਾਤਾ ਆਪਣੀ ਵੱਡੀ ਧੀ ਸੁਰਿੰਦਰ (ਐਨ ਖੱਬੇ), ਵੱਡੀ ਨੂੰਹ ਜਸਪ੍ਰੀਤ ਅਤੇ ਛੋਟੀ ਧੀ ਪਰਮਿੰਦਰ ਨਾਲ

### ਮਾਂ-ਦਿਲ

'ਮਾਂ-ਦਿਲ' ਵਿਚ ਪਿਆਰ ਹੁੰਦਾ
ਸਦਾ ਇਕ ਬੱਚੇ ਦਾ ਆਪਣੇ
ਪਰ 'ਮਾਂ-ਦਿਲ' ਸਭ ਬੱਚਿਆਂ ਨੂੰ
ਦੁੱਧ ਪਿਆਣ ਵਾਲਾ
ਜੀਵਣ ਸਭ ਬੱਚੇ, ਮਾਂਵਾਂ ਦੇ,
ਹਰ ਮਾਂ ਆਖਦੀ
ਤੱਤੀ 'ਵਾ ਨਾ ਲੱਗੇ ਕਿਸੇ ਨੂੰ,
ਇਹ ਜੱਗ ਦਿਲ ਮਾਂ ਦਾ
ਇਕ ਨਿੱਕਾ ਜਿਹਾ ਦਿਲ ਜਿਹੜਾ
ਕੁਲ ਆਲਮ ਨੂੰ ਠਾਰਦਾ
ਸਮਾਧੀ ਮਾਂ ਦੇ ਵਾਤਸਲ-ਪਿਆਰ ਦੀ
ਸਦਾ ਪੂਰਨ
ਨਿਰਵਿਕਲਪ 'ਨਿਰਚਾਹ' ਬੇਗਰਜ਼,
ਉਚਾ, ਵੱਡਾ ਵਿਸ਼ਾਲ ਮਾਂ-ਦਿਲ ਹੈ
ਪਿਆਰ ਦੀ ਕੁੱਠੀ
ਪਿਆਰ ਦੀ ਦਿਨ-ਰਾਤ
ਮੈਲ ਸਾਰੀ ਧੋਂਦੀ,
ਨਿੱਤ ਨਵਾਂ ਰੂਪ ਦਿੰਦੀ ਬਾਲ ਨੂੰ।

-ਪ੍ਰੋ. ਪੂਰਨ ਸਿੰਘ

### ਮਾਂ

ਤਾਰਿਆਂ 'ਚੋਂ ਕਦੀ ਕਦੀ ਆਇਆ ਕਰ ਮਾਂ।
ਚਾਹੇ ਥੋੜ੍ਹੀ ਦੇਰ ਲਈ ਚਾਹੇ ਥੋੜ੍ਹੀ ਦੇਰ ਲਈ
ਦੁੱਖ ਮੇਰੇ ਦਿਲ ਦਾ ਮੁਕਾਇਆ ਕਰ ਮਾਂ
ਚਾਹੇ ਥੋੜ੍ਹੀ ਦੇਰ ਲਈ ਚਾਹੇ ਥੋੜ੍ਹੀ ਦੇਰ ਲਈ

ਮੇਰਾ ਪੁੱਤ ਛੋਟਾ ਤੂੰ, ਕਾਲਜੇ ਦਾ ਟੋਟਾ ਤੂੰ
ਜਾਨ ਤੋਂ ਪਿਆਰਾ ਤੂੰ, ਅੱਖੀਆਂ ਦਾ ਤਾਰਾ ਤੂੰ
ਸੁਪਨੇ 'ਚ ਆਣ ਕੇ ਬੁਲਾਇਆ ਕਰ ਮਾਂ
ਚਾਹੇ ਥੋੜ੍ਹੀ ਦੇਰ ਲਈ ਚਾਹੇ ਥੋੜ੍ਹੀ ਦੇਰ ਲਈ

ਤੇਰੇ ਬਿਨਾਂ ਜੱਗ 'ਤੇ, ਜ਼ਿੰਦਗੀ ਦੀ ਵੱਗ 'ਤੇ
ਡਿੱਗ ਜਦੋਂ ਪਈ ਦਾ, ਨਾਮ ਤੇਰਾ ਲਈ ਦਾ
ਹੱਥ ਫੇਰ ਸਿਰ 'ਤੇ ਉਠਾਇਆ ਕਰ ਮਾਂ
ਚਾਹੇ ਥੋੜ੍ਹੀ ਦੇਰ ਲਈ ਚਾਹੇ ਥੋੜ੍ਹੀ ਦੇਰ ਲਈ

ਭੈਣ ਜਾਂ ਕਿ ਭਾਈ ਆ, ਲੱਭਦੇ ਕਮਾਈ ਆ
ਚੀਰ ਦੀ ਕਲੇਜਾ ਗੱਲ, ਕਰੇ ਭਰਜਾਈ ਆ
ਆ ਕੇ ਚੁੱਪ ਰੋਂਦੇ ਨੂੰ ਕਰਾਇਆ ਕਰ ਮਾਂ
ਚਾਹੇ ਥੋੜ੍ਹੀ ਦੇਰ ਲਈ ਚਾਹੇ ਥੋੜ੍ਹੀ ਦੇਰ ਲਈ

ਮੈਨੂੰ ਸੀ ਦੁਲਾਰ ਕੇ, ਔਖੇ ਕੀ ਵਿਚਾਰ ਕੇ
ਫਿਰ ਦਮ ਤੋੜ ਗਈ ਸੀ, ਹੌਕਾ ਜਿਹਾ ਮਾਰ ਕੇ
ਲੈ ਗਈ ਮੇਰਾ ਦਿਲ 'ਚ ਫਿਕਰ ਭਰ ਮਾਂ
ਚਾਹੇ ਥੋੜ੍ਹੀ ਦੇਰ ਲਈ ਚਾਹੇ ਥੋੜ੍ਹੀ ਦੇਰ ਲਈ
ਤਾਰਿਆਂ 'ਚੋਂ ਕਦੀ ਕਦੀ ਆਇਆ ਕਰ ਮਾਂ।

-ਇੰਦਰਜੀਤ ਕਾਜਲ

# ਭਗਤ ਰਵਿਦਾਸ ਜੀ ਦੀ ਵਿਚਾਰਧਾਰਾ

**ਜਨਮ ਦਿਹਾੜੇ 'ਤੇ ਵਿਸ਼ੇਸ਼**

ਡਾ. ਅਮਨਦੀਪ ਸਿੰਘ ਟੱਲੇਵਾਲੀਆ
ਫੋਨ: 91-98146-99446

ਭਗਤ ਰਵਿਦਾਸ ਦਾ ਜਨਮ ਅਜਿਹੇ ਸਮੇਂ ਹੋਇਆ ਜਦੋਂ ਸਮਾਜ ਜਾਤਾਂ-ਪਾਤਾਂ ਦੇ ਤਾਣੇ ਵਿਚ ਉਲਝਿਆ ਹੋਇਆ ਸੀ। ਇੱਕ ਪਾਸੇ ਵਿਦੇਸ਼ੀ ਹਕੂਮਤਾਂ ਸਨ ਤੇ ਦੂਜੇ ਪਾਸੇ ਸਵਦੇਸ਼ੀ ਹਕੂਮਤ ਜਿਸ ਵਿਚ ਬ੍ਰਾਹਮਣਵਾਦੀ ਵਿਚਾਰਧਾਰਾ ਅਨੁਸਾਰ ਲੋਕ ਵਰਣ ਵੰਡ ਰਾਹੀਂ ਵੰਡੇ ਹੋਏ ਸਨ। ਪੁਜਾਰੀ ਅਤੇ ਪੁਰੋਹਿਤ ਸ਼੍ਰੇਣੀ ਨੇ ਯੋਜਨਾਬੱਧ ਤਰੀਕੇ ਨਾਲ ਧਾਰਮਿਕ ਗ੍ਰੰਥਾਂ ਰਾਹੀਂ ਮਨੁੱਖਾਂ ਵਿਚ ਵੰਡ ਪਾਈ ਹੋਈ ਸੀ। ਮਨੂ ਸਿਮਰਤੀ ਵਿਚ ਲਿਖਿਆ ਮਿਲਦਾ ਹੈ ਕਿ ਜੇਕਰ ਕੋਈ ਦਲਿਤ ਵੇਦਾਂ ਦਾ ਪਾਠ ਸੁਣਦਾ ਹੈ ਤਾਂ ਉਸ ਦੇ ਕੰਨ ਵਿਚ ਸਿੱਕਾ ਪਿਘਲਾ ਕੇ ਪਾ ਦਿੱਤਾ ਜਾਵੇ ਅਤੇ ਜੇਕਰ ਕੋਈ ਦਲਿਤ ਵੇਦਾਂ ਦਾ ਪਾਠ ਕਰਦਾ ਹੈ ਤਾਂ ਉਸ ਦੀ ਜੀਭ ਕੱਟ ਦਿੱਤੀ ਜਾਵੇ। ਅਜਿਹੇ ਸਮੇਂ ਵਿਚ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਵਿਰੋਧ ਵਿਚ ਇੱਕ ਲਹਿਰ ਚੱਲੀ ਜਿਸ ਨੂੰ ਭਗਤੀ ਲਹਿਰ ਦਾ ਨਾਂ ਦਿੱਤਾ ਗਿਆ। ਇਤਫ਼ਾਕਵਸ ਇਸ ਲਹਿਰ ਦਾ ਮੁੱਢ ਉਤਰੀ ਭਾਰਤ ਵਿਚ ਬਨਾਰਸ ਤੋਂ ਹੀ ਬੱਝਾ ਜੋ ਬ੍ਰਾਹਮਣਵਾਦੀ ਸੱਭਿਆਚਾਰ ਦਾ ਕੇਂਦਰ ਸੀ।

ਇਸ ਲਹਿਰ ਦੇ ਦੋ ਮੋਹਰੀਆਂ ਭਗਤ ਕਬੀਰ ਅਤੇ ਭਗਤ ਰਵਿਦਾਸ, ਜੋ ਕਥਿਤ ਨੀਵੀਆਂ ਜਾਤਾਂ ਨਾਲ ਸਬੰਧਤ ਸਨ, ਨੇ ਉਸ ਸਮੇਂ ਦੀ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਅਜਿਹੀ ਚੁਣੌਤੀ ਦਿੱਤੀ ਜਿਸ ਨੇ ਨੀਚ ਸਮਝੀਆਂ ਜਾਂਦੀਆਂ ਜਾਤੀਆਂ ਦੇ ਲੋਕਾਂ ਨੂੰ ਅਣਖ ਅਤੇ ਸਵੈਮਾਣ ਨਾਲ ਜਿਊਣ ਦਾ ਪਾਠ ਪੜ੍ਹਾਇਆ ਅਤੇ ਲੋਕਾਈ ਵਿਚ ਇਹ ਦ੍ਰਿੜ ਕਰਵਾਇਆ ਕਿ ਕੋਈ ਵੀ ਮਨੁੱਖ ਆਪਣੇ ਕੰਮਾਂ-ਕਾਰਾਂ ਕਰਕੇ ਛੋਟਾ-ਵੱਡਾ ਨਹੀਂ ਹੁੰਦਾ ਸਗੋਂ ਉਸ ਦੀ ਸੋਚ ਹੀ ਉਸ ਨੂੰ ਵੱਡਾ ਜਾਂ ਛੋਟਾ ਬਣਾਉਂਦੀ ਹੈ ਅਤੇ ਇਸ ਤਰ੍ਹਾਂ ਭਗਤ ਰਵਿਦਾਸ ਨੇ ਕਦੇ ਵੀ ਆਪਣੇ ਆਪ ਨੂੰ ਜਾਂ ਆਪਣੇ ਪਿਤਾ ਪੁਰਖੀ ਕਿੱਤੇ ਨੂੰ ਕਿਤੇ ਲੁਕਾਉਣ ਦਾ ਯਤਨ ਨਹੀਂ ਕੀਤਾ ਸਗੋਂ ਡੰਕੇ ਦੀ ਚੋਟ 'ਤੇ ਕਿਹਾ, 'ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸਾ ਪਾਸਾ॥' (ਗੁਰੂ ਗ੍ਰੰਥ ਸਾਹਿਬ)

ਭਗਤ ਰਵਿਦਾਸ ਦੀ ਜਨਮ ਮਿਤੀ ਬਾਰੇ ਇਤਿਹਾਸਕਾਰ ਇਕ ਮੱਤ ਨਹੀਂ ਹਨ ਪਰ ਬਹੁਤੇ ਇਤਿਹਾਸਕਾਰ ਉਨ੍ਹਾਂ ਦਾ ਜਨਮ ਮਾਘ ਸੁਦੀ 15 ਸੰਮਤ 1633 ਨੂੰ ਮੰਨਦੇ ਹਨ। ਉਨ੍ਹਾਂ ਦੇ ਨਾਮ ਬਾਰੇ ਵੀ ਪ੍ਰਚਲਿਤ ਹੈ ਕਿ ਰਵੀਵਾਰ ਮਤਲਬ ਐਤਵਾਰ ਦੇ ਦਿਨ ਦਾ ਜਨਮ ਹੋਣ ਕਰਕੇ ਉਨ੍ਹਾਂ ਦਾ ਨਾਮ ਰਵਿਦਾਸ ਰੱਖਿਆ ਗਿਆ। ਕਈ ਲੋਕ ਇਸ ਨਾਮ ਦਾ ਮਤਲਬ ਕੱਢਦੇ ਹਨ ਕਿ ਰੱਬ ਦਾ ਦਾਸ ਰਵਿਦਾਸ। ਕਈ ਲੇਖਕਾਂ ਦਾ ਮੱਤ ਹੈ ਕਿ ਸ਼ੁਰੂ ਵਿਚ ਭਗਤ ਰਵਿਦਾਸ ਨੂੰ ਰੈਦਾਸ ਵੀ ਆਖਿਆ ਜਾਂਦਾ ਸੀ। ਬੰਗਾਲ ਵਿਚ ਉਨ੍ਹਾਂ ਨੂੰ ਰੁਹਿਦਾਸ ਜਾਂ ਰਾਯਦਾਸ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਭਗਤ ਰਵਿਦਾਸ ਅਤੇ ਭਗਤ ਕਬੀਰ ਬਾਰੇ ਆਮ ਆਖਿਆ ਜਾਂਦਾ ਹੈ ਕਿ ਉਹ ਵੀ ਸੰਤ ਰਾਮਾਨੰਦ ਦੇ ਚੇਲੇ ਸਨ ਪਰ ਭਗਤ ਰਵਿਦਾਸ ਦੀ ਰਚਨਾ ਅਤੇ ਉਨ੍ਹਾਂ ਦੇ ਜੀਵਨ ਉਪਰ ਕੰਮ ਕਰਨ ਵਾਲੇ ਵਿਦਵਾਨਾਂ ਨੇ ਅਸਹਿਮਤੀ ਪ੍ਰਗਟਾਈ ਹੈ। ਭਗਤ ਰਵਿਦਾਸ ਨੇ ਜਿਨ੍ਹਾਂ ਮਹਾਪੁਰਸ਼ਾਂ ਤੋਂ ਪ੍ਰੇਰਣਾ ਲਈ, ਉਨ੍ਹਾਂ ਦੇ ਨਾਂਵਾਂ ਦਾ ਜ਼ਿਕਰ ਉਨ੍ਹਾਂ ਨੇ ਆਪਣੀ ਬਾਣੀ ਵਿਚ ਕੀਤਾ ਹੈ,

ਨਾਮਦੇਵ ਕਬੀਰੁ ਤਿਲੋਚਨੁ
ਸਧਨਾ ਸੈਨੁ ਤਰੈ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ
ਹਰਿ ਜੀਉ ਤੇ ਸਭੈ ਸਰੈ॥
(ਗੁਰੂ ਗ੍ਰੰਥ ਸਾਹਿਬ)

ਗੁਰੂ ਅਰਜਨ ਦੇਵ ਨੇ ਵੀ ਭਗਤ ਰਵਿਦਾਸ ਦਾ ਕੋਈ ਦੇਹਧਾਰੀ ਗੁਰੂ ਨਹੀਂ ਮੰਨਿਆ। ਉਹ ਲਿਖਦੇ ਹਨ, ਰਵਿਦਾਸ ਜੀ ਨੇ ਪਰਮਾਤਮਾ ਦੀ ਪ੍ਰਾਪਤੀ ਸਤਿਸੰਗ ਵਿਚੋਂ ਕੀਤੀ ਹੈ,

ਰਵਿਦਾਸੁ ਢੁਵੰਤਾ ਢੋਰ ਨੀਤਿ
ਤਿਨਿ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ
ਹਰਿ ਦਰਸਨੁ ਪਾਇਆ॥

ਕਬੀਰ ਜੀ ਦਾ ਵਿਚਾਰ ਹੈ ਕਿ ਰਵਿਦਾਸ ਜੀ ਹਰੀ ਦੇ ਬਿਨਾਂ ਕਿਸੇ ਹੋਰ 'ਚ ਸ਼ਰਧਾ ਨਹੀਂ ਰੱਖਦੇ,

ਹਰਿ ਸੋ ਹੀਰਾ ਛਾਡਿ ਕੈ
ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ
ਸਤਿ ਭਾਖੈ ਰਵਿਦਾਸ॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ ਜੀ ਦੇ 40 ਸ਼ਬਦ ਅੰਕਿਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਪ੍ਰਾਪਤ ਬਾਣੀ ਦੀ ਪ੍ਰਮਾਣਿਕਤਾ ਤੇ ਵਿਦਵਾਨਾਂ ਵਲੋਂ ਸ਼ੱਕ ਪ੍ਰਗਟ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਬਾਣੀ ਵਿਚ ਹਰੀ ਦੇ ਨਾਮ ਦੀ ਉਸਤਤਿ ਤਾਂ ਕੀਤੀ ਹੀ ਗਈ ਹੈ, ਨਾਲ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਣ, ਹਉਮੈ ਨੂੰ ਤਿਆਗ ਕੇ ਪਰਮਾਤਮਾ ਨਾਲ ਇਕ-ਮਿਕ ਹੋ ਜਾਣ ਲਈ ਪ੍ਰੇਰਿਤ ਕੀਤਾ ਗਿਆ ਹੈ। ਭਗਤ ਜੀ ਨੇ ਬਹੁਤ ਹੀ ਵਧੀਆ ਉਦਾਹਰਣਾਂ ਦੇ ਕੇ ਮਨੁੱਖ ਨੂੰ ਮਾੜੇ ਕੰਮਾਂ ਤੋਂ ਬਚਣ ਲਈ ਅਤੇ ਲੋਕਾਈ ਦੀ ਸੇਵਾ ਲਈ ਤੱਤਪਰ ਰਹਿਣ ਦਾ ਉਪਦੇਸ਼ ਦਿੱਤਾ ਹੈ,

ਮ੍ਰਿਗ ਮੀਨ ਭ੍ਰਿੰਗ ਪਤੰਗ
ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ
ਤਾ ਕੀ ਕੇਤਕ ਆਸ॥
ਮਾਧੋ ਅਬਿਦਿਆ ਹਿਤ ਕੀਨ॥
ਬਿਬੇਕ ਦੀਪ ਮਲੀਨ॥ ਰਹਾਉ॥
---
ਕੂਪ ਭਰਿਓ ਜੈਸੇ ਦਾਦਿਰਾ
ਕਛੁ ਦੇਸੁ ਬਿਦੇਸੁ ਨ ਬੂਝ॥
ਐਸੇ ਮੇਰਾ ਮਨ ਬਿਖਿਆ ਬਿਮੋਹਿਆ
ਕਛੁ ਆਰਾ ਪਾਰੁ ਨਾ ਸੂਝ॥
ਸਗਲ ਭਵਨ ਕੇ ਨਾਇਕਾ
ਇਕੁ ਛਿਨੁ ਦਰਸੁ ਦਿਖਾਇ ਜੀ॥ਰਹਾਉ॥

ਨਾਮ ਅਭਿਆਸ 'ਤੇ ਜੋਰ ਦਿੰਦਿਆਂ ਭਗਤ ਰਵਿਦਾਸ ਨੇ ਨਾਮ ਜਪਣ ਨੂੰ ਹੀ ਸਭ ਤੋਂ ਉਤਮ



ਦੱਸਿਆ ਹੈ। ਬਾਕੀ ਸਭ ਫੋਕਟ ਕਰਮਕਾਂਡ ਹਨ। ਧਨਾਸਰੀ ਰਾਗ ਵਿਚ ਨਿਰੰਕਾਰ ਨੂੰ ਸੰਬੋਧਿਤ ਹੁੰਦਿਆਂ ਲਿਖਦੇ ਹਨ,

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ
ਝੂਠੇ ਸਗਲ ਪਾਸਾਰੇ॥ਰਹਾਉ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
ਨਾਮੁ ਤੇਰਾ ਅੰਭੁਲਾ ਨਾਮ ਤੇਰੋ ਚੰਦਨੋ
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥

ਭਗਤ ਜੀ ਨੇ ਪੱਥਰ ਦੇ ਠਾਕਰ ਤੇ ਦੇਵਤਿਆਂ ਨੂੰ ਖੁਸ਼ ਕਰਨ ਲਈ ਚੜ੍ਹਾਈ ਜਾਣ ਵਾਲੀ ਸਮੱਗਰੀ 'ਤੇ ਵਿਅੰਗ ਕਸਦਿਆਂ ਲਿਖਿਆ ਹੈ,

ਦੂਧੁ ਤ ਬਛਰੈ ਥਨਹੁ ਬਿਟਾਰਿਓ॥
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥
ਅਵਰੁ ਨ ਫੂਲੁ ਅਨੂਪ ਨ ਪਾਵਉ॥ਰਹਾਉ॥

ਭਗਤ ਰਵਿਦਾਸ ਨੇ ਆਪਣੀ ਬਾਣੀ ਵਿਚ ਇੱਕ ਅਜਿਹੇ ਸ਼ਹਿਰ ਦਾ ਸੁਪਨਾ ਲਿਆ ਹੈ ਜਿਸ ਵਿਚ ਕਿਸੇ ਨੂੰ ਕੋਈ ਦੁੱਖ ਤਕਲੀਫ਼ ਨਾ ਹੋਵੇ, ਨਾਗਰਿਕਾਂ ਦੇ ਜਾਨ-ਮਾਲ ਦੀ ਗਾਰੰਟੀ ਹੋਵੇ, ਰਾਜ ਸ਼ਕਤੀਸ਼ਾਲੀ ਹੋਵੇ ਅਤੇ ਉਸ ਨੂੰ ਕਿਸੇ ਅੰਦਰੂਨੀ ਜਾਂ ਬਾਹਰੀ ਖ਼ਤਰੇ ਦਾ ਡਰ ਨਾ ਹੋਵੇ, ਲੋਕਾਂ ਨੂੰ ਕਿਸੇ ਚੀਜ਼ ਦੀ ਕੋਈ ਘਾਟ ਨਾ ਹੋਵੇ, ਉਨ੍ਹਾਂ ਦੇ ਸੁੱਖ ਸਹੂਲਤ ਦਾ ਪੂਰਾ ਖਿਆਲ ਰੱਖਿਆ ਜਾਵੇ ਅਤੇ ਸਭ ਨੂੰ ਆਜ਼ਾਦੀ ਹੋਵੇ,

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥

ਇਸ ਪ੍ਰਕਾਰ ਰਵਿਦਾਸ ਬਾਣੀ ਵਿਚ ਧਾਰਮਿਕ, ਸਮਾਜਿਕ, ਰਾਜਨੀਤਕ ਵਿਸ਼ਿਆਂ ਉਪਰ ਚਾਨਣਾ ਪਾਇਆ ਗਿਆ ਹੈ। ਉਨ੍ਹਾਂ ਦੀ ਬਾਣੀ ਸਿੱਖ ਸਿਧਾਂਤਾਂ ਦੇ ਅਨੁਕੂਲ ਹੋਣ ਕਰਕੇ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਇਸ ਨੂੰ ਉਚੇਚਾ ਥਾਂ ਦਿੱਤਾ।

ਦੁਨੀਆਂ ਵਿਚ ਕੇਵਲ ਗੁਰੂ ਗ੍ਰੰਥ ਸਾਹਿਬ ਹੀ ਅਜਿਹਾ ਗ੍ਰੰਥ ਹੈ ਜਿਸ ਵਿਚ ਗੁਰੂਆਂ ਦੀ ਬਾਣੀ ਦੇ ਨਾਲ ਨਾਲ ਭਗਤਾਂ ਦੀ ਬਾਣੀ ਵੀ ਦਰਜ ਹੈ ਜਿਸ ਕਰਕੇ ਸੂਝ ਬੂਝ ਰੱਖਣ ਵਾਲੇ ਹਰ ਧਰਮ ਦੇ ਪੈਰੋਕਾਰ ਉਸ ਨੂੰ ਸਿੱਖਾਂ ਵਾਂਗ ਪੂਰਾ ਮਾਣ ਸਤਿਕਾਰ ਦਿੰਦੇ ਹਨ। ਭਗਤ ਕਬੀਰ, ਰਵਿਦਾਸ, ਨਾਮਦੇਵ ਅਤੇ ਸਿੱਖ ਸਿਧਾਂਤ ਇੱਕ ਅਜਿਹੇ ਸਮਾਜ ਦੀ ਸਿਰਜਣਾ ਦੇ ਹਾਮੀ ਹਨ ਜੋ ਹਰ ਧਰਮ ਦੇ ਸਰਮਾਏਦਾਰੀ ਸੋਚ ਵਾਲੇ ਲੋਕਾਂ ਨੂੰ ਰਾਸ ਨਹੀਂ ਆ ਰਹੇ ਅਤੇ ਉਹ ਹਰ ਵੇਲੇ ਐਸੇ ਮੌਕੇ ਦੀ ਤਾਕ ਵਿਚ ਰਹਿੰਦੇ ਹਨ ਜਿਸ ਨਾਲ ਇਨ੍ਹਾਂ ਮਹਾਂਪੁਰਖਾਂ ਦੇ ਪੈਰੋਕਾਰਾਂ ਨੂੰ ਆਪਸ ਵਿਚ ਲੜਾਇਆ ਜਾਵੇ। ਜਿਹੜੇ ਆਦਮੀ ਭਗਤਾਂ ਅਤੇ ਗੁਰੂਆਂ ਦੀ ਬਾਣੀ ਦਾ ਸਤਿਕਾਰ ਕਰਦੇ ਹਨ, ਉਨ੍ਹਾਂ ਨੂੰ ਅਜਿਹੇ ਸਮਾਜ ਵਿਰੋਧੀਆਂ ਦੀਆਂ ਚਾਲਾਂ ਵਿਚ ਨਹੀਂ ਫਸਣਾ ਚਾਹੀਦਾ।

ਭਗਤ ਰਵਿਦਾਸ ਨੇ ਦੱਬੇ-ਕੁਚਲੇ ਅਤੇ ਲਿਤਾੜੇ ਜਾ ਰਹੇ ਵਰਗ, ਜਿਸ ਨੂੰ ਉਸ ਸਮੇਂ 'ਅਛੂਤ' ਵੀ ਆਖਿਆ ਜਾਂਦਾ ਸੀ, ਅੰਦਰ ਚਾਨਣ ਦੀ ਇੱਕ ਅਜਿਹੀ ਕਿਰਨ ਜਗਾਈ। ਉਹ ਕ੍ਰਾਂਤੀਕਾਰੀ ਰਹਿਬਰ, ਜਿਸ ਨੇ ਬਰਾਬਰੀ ਦਾ ਸੰਦੇਸ਼ ਦਿੱਤਾ, ਪਖੰਡਵਾਦ ਵਿਰੁਧ ਜੰਗ ਵਿੱਢੀ ਅਤੇ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿਚ ਲੈਣ ਦਾ ਯਤਨ ਕੀਤਾ, ਉਸ ਨੂੰ ਸਿਰਫ ਇੱਕ ਭਾਈਚਾਰੇ ਦੀਆਂ ਜਾਂ ਫਿਰਕੇ ਦੀਆਂ ਤੰਗ ਵਲਗਣਾਂ ਵਿਚ ਕਿਉਂ ਬੰਨਿਆ ਜਾ ਰਿਹਾ ਹੈ? ਅੱਜ ਅਸੀਂ ਫਿਰ ਉਸੇ ਬ੍ਰਾਹਮਣਵਾਦੀ ਚਾਲ ਵਿਚ ਫਸ ਕੇ ਵਖਰੇਵੇਂ ਖੜੇ ਕਰ ਰਹੇ ਹਾਂ। ਚਾਹੀਦਾ ਤਾਂ ਇਹ ਸੀ ਕਿ ਭਗਤ ਰਵਿਦਾਸ ਦੀ ਸਮੁੱਚੀ ਵਿਚਾਰਧਾਰਾ ਨੂੰ ਪੂਰੇ ਸੰਸਾਰ ਵਿਚ ਫੈਲਾਉਣ ਦਾ ਯਤਨ ਕੀਤਾ ਜਾਵੇ ਪਰ ਕੁਝ ਸੌੜੀ ਸੋਚ ਵਾਲੇ ਲੋਕ ਸਿਆਸਤ ਦੇ ਧੱਕੇ ਚੜ੍ਹ ਕੇ ਗੁਰੂ ਨਾਨਕ ਅਤੇ ਭਗਤ ਰਵਿਦਾਸ ਨੂੰ ਅਲੱਗ ਕਰ ਰਹੇ ਹਨ। ਉਨ੍ਹਾਂ ਨੂੰ ਭਗਤ, ਗੁਰੂ ਜਾਂ ਸਤਿਗੁਰੂ ਕਹਿਣ ਦਾ ਬਿਖੇੜਾ ਸ਼ੁਰੂ ਕਰ ਲਿਆ ਗਿਆ ਹੈ, ਜਦੋਂਕਿ ਉਨ੍ਹਾਂ ਖੁਦ ਲਿਖਿਆ ਹੈ 'ਭਗਤ ਬਰਾਬਰਿ ਅਉਰੁ ਨ ਕੋਇ' ਅਤੇ ਜਿਸ ਭਗਤ, ਗੁਰੂ ਜਾਂ ਰਹਿਬਰ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਹੋ ਕੇ ਗੁਰਬਾਣੀ ਬਣ ਗਈ ਫਿਰ ਉਨ੍ਹਾਂ ਬਾਰੇ ਗੁਰੂ ਹੋਣ ਜਾਂ ਨਾ ਹੋਣ ਦਾ ਬਿਖੇੜਾ ਸ਼ੁਰੂ ਕਰਨਾ ਕਿਸੇ ਸੋਚੀ ਸਮਝੀ ਸਾਜਿਸ਼ ਦਾ ਨਤੀਜਾ ਹੈ ਜਿਸ ਤੋਂ ਸੁਚੇਤ ਹੋਣ ਦੀ ਲੋੜ ਹੈ।

ਸਮੂਹ ਰਵਿਦਾਸੀਆ ਭਾਈਚਾਰਾ ਸਿੱਖ ਕੌਮ ਦਾ ਇੱਕ ਅਟੁੱਟ ਅੰਗ ਹੈ (ਜਾਂ ਇਹ ਕਹਿ ਲਈਏ ਸਿੱਖ ਕੌਮ ਅਤੇ ਦਲਿਤਾਂ ਦਾ ਰਿਸ਼ਤਾ ਨਹੁੰ-ਮਾਸ ਦਾ ਹੈ) ਸਿੱਖ ਗੁਰੂ ਸਾਹਿਬਾਨ ਨੇ ਵੀ ਜਾਤਾਂ-ਪਾਤਾਂ ਵਿਰੁਧ ਲੜਾਈ ਲੜੀ ਅਤੇ ਹਮੇਸ਼ਾਂ ਨੀਵਿਆਂ ਨਾਲ ਸਾਥ ਨਿਭਾਇਆ ਹੈ। ਗੁਰੂ ਨਾਨਕ ਦੇਵ ਦਾ ਫੁਰਮਾਨ ਹੈ,

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ॥

ਸੋ ਸਾਨੂੰ ਅਜਿਹੀਆਂ ਵਲਗਣਾਂ 'ਚੋਂ ਨਿਕਲ ਕੇ ਰਵਿਦਾਸ ਭਗਤ ਦੇ ਬੇਗਮਪੁਰੇ ਦੇ ਸੰਕਲਪ ਨੂੰ ਦੁਨੀਆਂ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ। ਬੇਸ਼ੱਕ ਹੁਣ ਦੁਨੀਆਂ ਵਿਚ ਕਾਰਲ ਮਾਰਕਸ ਦੇ ਸਮਾਜਵਾਦੀ ਸਿਧਾਂਤ ਦੀ ਚਰਚਾ ਹੈ ਪਰ ਇਸ ਗੱਲ ਦਾ ਮਾਣ ਭਗਤ ਰਵਿਦਾਸ ਨੂੰ ਜਾਂਦਾ ਹੈ ਜਿਨ੍ਹਾਂ ਨੇ ਬੇਗਮਪੁਰੇ ਦੇ ਸਿਧਾਂਤ ਨੂੰ ਚਿਤਵਿਆ। ਪਰ ਪਤਾ ਨਹੀਂ ਕਿਉਂ ਸਾਡੇ ਵਿਚ ਆਪਣੇ ਵਿਰਸੇ ਨਾਲੋਂ ਟੁੱਟ ਕੇ ਦੂਜਿਆਂ ਨੂੰ ਅਪਨਾਉਣ ਦੀ ਹੋੜ ਜਿਹੀ ਲੱਗੀ ਹੋਈ ਹੈ। ਇਹ ਵੀ ਇੱਕ ਸਾਜਿਸ਼ ਹੈ ਜਿਸ ਨੂੰ ਸਮਝਣਾ ਸਮੇਂ ਦੀ ਲੋੜ ਹੈ।

# ਨਾਂਵਾਂ ਨਾਲ ਰੁਤਬੇ ਚਿਪਕਾਉਣ ਦਾ ਰੁਝਾਨ

**ਪ੍ਰਤੀਕਰਮ ਦਰ ਪ੍ਰਤੀਕਰਮ**

ਭਾਰਤ ਵਿਚ ਅਣਗਿਣਤ ਰੋਗੀਆਂ, ਕੋਹੜੀਆਂ, ਬੇਸਹਾਰਾ ਦੁਖੀਆਂ ਦੀ ਬਾਂਹ ਮਦਰ ਟੇਰੇਸਾ (26.08.1910 ਤੋਂ 05.09.1997) ਨੇ ਕਲਕੱਤੇ ਵਿਖੇ ਫੜੀ। ਉਸ ਨੇ ਕਿਹਾ ਸੀ, "ਮੇਰਾ ਖੂਨ ਅਲਬਾਨੀਆਂ ਦਾ ਹੈ, ਨਾਗਰਿਕ ਮੈਂ ਭਾਰਤ ਦੀ ਹਾਂ, ਧਰਮ ਮੇਰਾ ਕੈਥੋਲਿਕ ਹੈ ਤੇ ਹਾਂ ਮੈਂ ਸਾਧਵੀ (ਨੱਨ), ਸਾਰਾ ਸੰਸਾਰ ਮੇਰਾ ਘਰ ਹੈ, ਮੈਂ ਯਸੂ ਮਸੀਹ ਦੇ ਦਿਲ ਤਕ ਅਪੜਦੀ ਹਾਂ, ਕੱਦ ਮੇਰਾ ਛੋਟਾ ਹੈ ਤਾਂ ਕੀ, ਆਤਮਵਿਸ਼ਵਾਸ ਵਿਚ ਪੂਰਨ ਹਾਂ। ਮੈਨੂੰ ਅਸੀਸ ਦਿੰਦਿਆਂ ਲੋਕ ਆਖ ਦਿੰਦੇ ਹਨ-ਤੇਰਾ ਸਵਰਗ ਵਿਚ ਵਾਸਾ ਹੋਵੇ। ਪਰ ਸਵਰਗ ਵਿਚ ਤਾਂ ਮੇਰੇ ਕਰਨ ਯੋਗ ਕੋਈ ਕੰਮ ਹੀ ਨਹੀਂ ਹੋਵੇਗਾ, ਇਸ ਲਈ ਨਰਕਵਾਸੀਆਂ ਦਾ ਭਲਾ ਕਰਨ ਹਿਤ ਨਰਕ ਵਿਚ ਰਹਿਣਾ ਮੇਰੇ ਲਈ ਵੱਧ ਠੀਕ ਹੋਵੇਗਾ।"

ਮਦਰ ਟੇਰੇਸਾ ਨੂੰ ਸੰਤ ਦਾ ਖਿਤਾਬ ਦਿਤਾ ਜਾਵੇ ਕਿ ਨਾ, ਇਸ ਵਾਸਤੇ ਪੋਪ ਨੇ ਕਮੇਟੀਆਂ ਬਣਾਈਆਂ, ਸਰਵੇਖਣ ਕਰਵਾਏ, ਤਾਂ ਕਿਤੇ ਜਾ ਕੇ ਉਸ ਨੂੰ ਮੌਤ ਤੋਂ ਦਸ ਸਾਲ ਬਾਦ ਸੰਤ ਦਾ ਖਿਤਾਬ ਮਿਲਿਆ। ਸ਼ਹੀਦ ਬੀਬੀ ਜੋਨ ਆਫ ਆਰਕ (1412-1431) ਨੂੰ ਸੰਤ ਦਾ ਖਿਤਾਬ ਪੰਜ ਸਦੀਆਂ ਬਾਅਦ ਦਿਤਾ ਗਿਆ।

ਇਥੇ ਸਾਡੇ ਪੰਜਾਬੀਆਂ ਦੀ ਸ਼ਾਨ ਹੀ ਨਿਰਾਲੀ ਹੈ। ਬੰਦਾ ਜੋ ਮਰਜ਼ੀ ਆਪਣੇ ਨਾਮ ਨਾਲ ਲਿਖ ਲਏ। ਸੰਤ, ਬ੍ਰਹਮਗਿਆਨੀ, ਪ੍ਰਿੰਸੀਪਲ, ਪ੍ਰੋਫੈਸਰ, ਜਿੰਨੇ ਮਰਜ਼ੀ ਰੁਤਬੇ ਆਪਣੇ ਨਾਂਵਾਂ ਨਾਲ ਕੋਈ ਚਿਪਕਾ ਲਵੇ, ਕਿਸੇ 'ਤੇ ਕੋਈ ਰੋਕ ਨਹੀਂ। ਯੂਨੀਵਰਸਿਟੀਆਂ ਵਿਚੋਂ ਮਿਲੀਆਂ ਆਨਰੇਰੀ ਡਾਕਟਰੇਟ ਉਪਾਧੀਆਂ ਜਾਂ ਰਾਸ਼ਟਰਪਤੀ ਵਲੋਂ ਮਿਲੇ ਕੀਰਤੀ ਚੱਕਰ ਆਦਿਕ ਟਾਈਟਲ ਵੀ ਆਪਣੇ ਨਾਮ ਨਾਲ ਨਹੀਂ ਚਿਪਕਾਏ ਜਾ ਸਕਦੇ। ਫਿਰ ਵੀ ਲੋਕ ਚਿਪਕਾਈ ਫਿਰਦੇ ਹਨ। ਜਿਹੜਾ ਬੰਦਾ ਜੋ ਹੈ, ਸੋ ਹੈ, ਇਨ੍ਹਾਂ ਉਪਾਧੀਆਂ ਨੂੰ ਚਿਪਕਾਉਣ ਨਾਲ ਵੱਡਾ ਨਹੀਂ ਬਣਦਾ ਸਗੋਂ ਉਹ ਇਨਫੀਰੀਆਰਟੀ ਕੰਪਲੈਕਸ (ਅਹਿਸਾਸ-ਏ-ਕਮਤਰੀ) ਦਾ ਸ਼ਿਕਾਰ ਹੈ। ਇਹ ਬੀਮਾਰ ਰੁਝਾਨ ਸਿੱਖ ਪ੍ਰਚਾਰਕਾਂ ਵਿਚ ਕੁਝ ਜ਼ਿਆਦਾ ਹੀ ਦੇਖਣ ਵਿਚ ਆਇਆ ਹੈ। ਭਾਈ ਮਨਜੀਤ ਸਿੰਘ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਹੁੰਦਿਆਂ ਇਹ ਰੁਤਬਾ ਮਰਜ਼ੀ ਨਾਲ ਆਪਣੇ ਨਾਮ ਨਾਲ ਲਿਖਦੇ ਰਹੇ ਅਤੇ ਹੁਣ ਤਕ ਵੀ ਲਿਖਦੇ ਆ ਰਹੇ ਹਨ। ਅਫਸੋਸ ਉਦੋਂ ਹੁੰਦਾ ਹੈ ਜਦੋਂ ਧਰਮ ਦੇ ਖੇਤਰ ਵਿਚ ਸੇਵਾ ਨਿਭਾਉਣ ਵਾਲੇ ਸ਼ਖਸ ਅਜਿਹੀ ਠੱਗੀ ਕਰਨ। ਉਨ੍ਹਾਂ ਦੇ ਪ੍ਰਚਾਰ ਦਾ ਕਿੰਨਾ ਕੁ ਅਸਰ ਹੋਵੇਗਾ?

ਮੈਂ ਆਪਣੀ ਲਿਖਤ ਵਿਚ ਛਪਣ ਵਾਲੇ ਨਾਮ ਨਾਲ ਪ੍ਰੋਫੈਸਰ ਜਾਂ ਡਾਕਟਰ ਉਪਾਧੀ ਨਹੀਂ ਲਿਖਦਾ ਕਿਉਂਕਿ ਮੈਨੂੰ ਪਤਾ ਹੈ ਇਨ੍ਹਾਂ ਸ਼ਬਦਾਂ ਸਦਕਾ ਨਹੀਂ, ਮੇਰੀ ਲਿਖਤ ਦੀ ਸਮੱਗਰੀ ਅਨੁਸਾਰ ਮੇਰੀ ਇੱਜ਼ਤ ਜਾਂ ਬੇਇਜ਼ਤੀ ਹੋਏਗੀ। ਜਦੋਂ ਪੀਐਚ.ਡੀ. ਦੀ ਡਿਗਰੀ ਮਿਲੀ, ਮੈਂ ਬਹੁਤ ਖੁਸ਼ ਹੋਇਆ ਪਰ ਹਫਤੇ ਕੁ ਬਾਦ ਮੈਂ ਬੈਚੇਨ ਹੋ ਕੇ ਆਪਣੇ ਇਕ ਦੋਸਤ ਕੋਲ ਗਿਆ, ਦੱਸਿਆ, "ਮੈਨੂੰ ਲਗਦਾ ਸੀ ਇਹ ਡਿਗਰੀ ਹਾਸਲ ਕਰਨ ਬਾਦ ਮੈਨੂੰ ਅਕਲ ਆ ਜਾਏਗੀ, ਪਰ ਮੈਂ ਤਾਂ ਜਿਹੋ ਜਿਹਾ ਸਾਂ, ਉਹੋ ਹੁਣ ਹਾਂ, ਇਸ ਦਾ ਕੀ ਲਾਭ ਹੋਇਆ?" ਦੋਸਤ ਨੇ ਕਿਹਾ, "ਤੈਨੂੰ ਕਿਸ ਨੇ ਦੱਸਿਆ ਸੀ ਕਿ ਇਹ ਡਿਗਰੀ ਲੈਣ ਬਾਦ ਤੈਨੂੰ ਅਕਲ ਆ ਜਾਏਗੀ? ਕਾਗਜ਼ ਦਾ ਇਹ ਟੁਕੜਾ ਕੇਵਲ ਇਸ ਗੱਲ ਦਾ ਸਬੂਤ ਹੈ ਕਿ ਤੈਨੂੰ ਖੋਜ ਵਿਧੀਆਂ ਦਾ ਪਤਾ ਲੱਗ ਗਿਆ ਹੈ, ਹੁਣ ਜੇ ਚਾਹੇਂ ਤਾਂ ਕੁੱਝ ਕੰਮ ਦਾ ਲਿਖ ਸਕਦਾ ਹੈਂ। ਆਪਣੇ ਆਪ ਵਿਚ ਇਹ ਕਾਗਜ਼ ਵਿਅਰਥ ਹੈ।"

ਸਿੱਖ ਇਸ ਬਿਮਾਰ ਰੁਝਾਨ ਵਿਚੋਂ ਨਿਕਲ ਜਾਣ ਤਾਂ ਇਹ ਉਨ੍ਹਾਂ ਲਈ ਹਿਤਕਾਰੀ ਹੋਵੇਗਾ। ਅਲਬੇਅਰ ਆਈਨਸਟੀਨ ਨੇ ਕਿਹਾ ਸੀ, ਸਕੂਲ, ਕਾਲਜ ਅਤੇ ਯੂਨੀਵਰਸਿਟੀ ਵਿਚੋਂ ਜੋ ਤੁਸੀਂ ਸਿਖਿਆ, ਉਹ ਮਨਫੀ ਕਰਕੇ ਜੋ ਬਾਕੀ ਬਚਦਾ ਹੈ, ਤੁਸੀਂ ਉਹੋ ਹੁੰਦੇ ਹੋ।

*-ਹਰਪਾਲ ਸਿੰਘ ਪੰਨੂ*
harpalsinghpannu@gmail.com

# ਔਰਤਾਂ ਦੇ ਅੰਮ੍ਰਿਤ ਛਕਣ ਬਾਰੇ

'ਪੰਜਾਬ ਟਾਈਮਜ਼' ਦੇ 29 ਦਸੰਬਰ 2012 ਵਾਲੇ ਅੰਕ ਵਿਚ ਗਿਆਨ ਸਿੰਘ ਬਿਲਗਾ ਦਾ ਲਿਖਿਆ ਨਾਮਧਾਰੀ ਸੰਪਰਦਾ ਅਤੇ ਸਤਿਗੁਰੂ ਜਗਜੀਤ ਸਿੰਘ ਬਾਰੇ ਜਾਣਕਾਰੀ ਭਰਪੂਰ ਲੇਖ ਛਪਿਆ ਸੀ। ਇਸ ਲੇਖ ਵਿਚ ਇਕ ਤਸਵੀਰ ਵੀ ਛਪੀ ਸੀ ਜਿਸ ਦੇ ਹੇਠਾਂ ਲਿਖਿਆ ਸੀ, "ਸਿੱਖ ਇਤਿਹਾਸ ਵਿਚ ਪਹਿਲੀ ਵਾਰੀ ਸਤਿਗੁਰੂ ਰਾਮ ਸਿੰਘ ਨੇ ਸਿੱਖ ਔਰਤਾਂ ਨੂੰ ਅੰਮ੍ਰਿਤ ਛਕਾ ਕੇ ਕੌਰ (ਰਾਜ ਕੁਮਾਰੀ) ਦਾ ਸਰੂਪ ਦਿੱਤਾ: ਜੂਨ 1863"

ਛੋਟੇ ਹੁੰਦਿਆਂ ਤੋਂ ਸਕੂਲੀ ਕਿਤਾਬਾਂ ਅਤੇ ਵਿਸਾਖੀ ਦੇ ਦਿਹਾੜਿਆਂ 'ਤੇ ਕਥਾਕਾਰਾਂ, ਰਾਗੀਆਂ, ਢਾਡੀਆਂ ਤੋਂ ਸੁਣਦੇ ਆਏ ਹਾਂ ਕਿ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ। ਉਨ੍ਹਾਂ ਆਦਮੀਆਂ ਨੂੰ ਸਿੰਘ ਅਤੇ ਔਰਤਾਂ ਨੂੰ ਕੌਰ ਦਾ ਸਰੂਪ ਦੇ ਕੇ ਮਾਣ ਬਖ਼ਸ਼ਿਆ ਅਤੇ ਆਪ ਵੀ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ। ਮਨ ਵਿਚ ਦੁਬਿਧਾ ਪੈਦਾ ਹੋਈ ਕਿ ਕਿਸ ਗੱਲ ਨੂੰ ਸਹੀ ਮੰਨਿਆ ਜਾਵੇ! ਜੇ ਤਸਵੀਰ ਨੂੰ ਸਹੀ ਮੰਨਦੇ ਹਾਂ ਤਾਂ ਕੀ ਗੁਰੂ ਸਾਹਿਬ ਨੇ ਕੇਵਲ ਪੰਜ ਪਿਆਰੇ ਸਾਜ ਕੇ ਹਾਕਮਾਂ ਅਤੇ ਜ਼ੋਰਾਵਰ ਧੱਕੜਸ਼ਾਹਾਂ ਵੱਲੋਂ ਮਜ਼ਲੂਮਾਂ ਉਪਰ ਹੁੰਦੇ ਜ਼ੁਲਮ ਦਾ ਟਾਕਰਾ ਕਰਨ ਵਾਸਤੇ ਖਾਲਸਾ ਪੰਥ ਦੀ ਸਥਾਪਨਾ ਕੀਤੀ, ਜਾਂ ਕੀ ਤਸਵੀਰ ਵਿਚ ਵਿਖਾਈ ਘਟਨਾ ਵੀ ਕਿਤੇ ਉਸੇ ਤਰ੍ਹਾਂ ਤਾਂ ਨਹੀਂ ਜਿਸ ਤਰ੍ਹਾਂ ਸਿਰਸਾ ਵਾਲੇ ਸੱਚਾ ਸੌਦਾ ਮੁਖੀ ਵੱਲੋਂ ਜਾਮ-ਏ- ਇਨਸਾਂ ਵਾਲੀ ਘਟਨਾ ਕੀਤੀ ਗਈ ਹੈ!! ਕੁਝ ਕੁ ਵਿਚਾਰਨ ਤੋਂ ਇੰਜ ਮਹਿਸੂਸ ਹੁੰਦਾ ਹੈ ਕਿ ਸ਼ਾਇਦ ਤਸਵੀਰ ਵਾਲੀ ਗੱਲ ਸਹੀ ਹੈ, ਕਿਉਂਕਿ ਮਹਾਨ ਔਰਤ ਸ਼ਖ਼ਸੀਅਤਾਂ ਜਿਵੇਂ ਮਾਤਾ ਗੁਜਰੀ, ਮਾਤਾ ਸੁੰਦਰੀ, ਮਾਈ ਭਾਗੋ ਅਤੇ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਦੀਆਂ ਪਤਨੀਆਂ ਦੇ ਨਾਂਵਾਂ ਨਾਲ ਵੀ ਕੌਰ ਨਹੀਂ ਲੱਗਿਆ ਹੋਇਆ। ਇਸ ਲਈ ਲਗਦਾ ਹੈ ਕਿ ਔਰਤਾਂ ਦੇ ਨਾਂਵਾਂ ਨਾਲ ਕੌਰ ਲਾਉਣਾ ਜੂਨ 1863 ਤੋਂ ਬਾਅਦ ਹੀ ਸ਼ੁਰੂ ਹੋਇਆ।

ਉਂਜ, ਇਕ ਹੋਰ ਗੱਲ ਵੱਲ ਵੀ ਧਿਆਨ ਜਾਂਦਾ ਹੈ ਕਿ ਵੀਹਵੀਂ ਸਦੀ ਦੇ ਆਖਰੀ ਡੇਢ ਦਹਾਕੇ (ਭਾਵ 1980ਵਿਆਂ ਦੇ ਅੱਧ ਤੋਂ ਪਿੱਛੋਂ) ਵਿਚ ਉਪਰੋਕਤ ਮਹਾਨ ਔਰਤਾਂ ਦੇ ਨਾਂਵਾਂ 'ਤੇ ਰੱਖੇ ਗਏ ਕੁਝ ਟਰੱਸਟ ਅਤੇ ਵਿਦਿਅਕ ਜਾਂ ਕਿੱਤਾਕਾਰੀ ਸੰਸਥਾਵਾਂ ਦੇ ਨਾਂ ਇਨ੍ਹਾਂ ਮਹਾਨ ਔਰਤਾਂ ਦੇ ਨਾਂਵਾਂ ਨਾਲ ਕੌਰ ਸ਼ਬਦ ਵਰਤ ਕੇ ਰੱਖੇ ਗਏ ਹਨ। ਹੋ ਸਕਦਾ ਹੈ, ਇਨ੍ਹਾਂ ਟਰੱਸਟਾਂ ਜਾਂ ਸੰਸਥਾਵਾਂ ਦੇ ਸੰਸਥਾਪਕਾਂ ਨੇ ਕਿਸੇ ਇਤਿਹਾਸਕ ਖੋਜ ਤੋਂ ਬਾਅਦ ਇਨ੍ਹਾਂ ਮਹਾਨ ਔਰਤਾਂ ਨੂੰ ਕੌਰ ਲਿਖ ਕੇ ਸੰਬੋਧਨ ਕੀਤਾ ਹੋਵੇ। ਇਸੇ ਤਰ੍ਹਾਂ ਪਿਛਲੇ ਕੁਝ ਸਮੇਂ ਤੋਂ ਆਪਾਂ ਦੇਖਦੇ ਸੁਣਦੇ ਹਾਂ ਕਿ ਕੁਝ ਇਕ ਮਸ਼ਹੂਰ ਕਥਾਵਾਚਕ ਅਤੇ ਕੀਰਤਨੀਏ ਵੀ ਕਈ ਵਾਰ ਇਨ੍ਹਾਂ ਮਹਾਨ ਔਰਤਾਂ ਦੇ ਨਾਂਵਾਂ ਨਾਲ ਕੌਰ ਸ਼ਬਦ ਦੀ ਵਰਤੋਂ ਕਰਦੇ ਹਨ, ਜਿਵੇਂ ਮਾਤਾ ਗੁਜਰੀ ਦੀ ਥਾਂ ਉਹ ਮਾਤਾ ਗੁਜਰ ਕੌਰ ਕਹਿੰਦੇ ਹਨ। ਸੋ, ਦੁਬਿਧਾ ਉਵੇਂ ਹੀ ਹੈ।

*-ਨੰਦ ਸਿੰਘ ਬਰਾੜ, ਫੋਨ: 916-674-2201*

# ਸਾ ਰੁਤ ਸੁਹਾਵੀ-4



ਡਾ. ਗੁਰਨਾਮ ਕੌਰ, ਕੈਨੇਡਾ

ਇਸ ਲੇਖ ਲੜੀ ਵਿਚ-ਜਿਸ ਤਰ੍ਹਾਂ ਗੁਰੂ ਸਾਹਿਬਾਨ ਨੇ ਮਹੀਨਿਆਂ ਨੂੰ ਮੌਸਮ ਨਾਲ, ਮੌਸਮ ਅਤੇ ਮਹੀਨਿਆਂ ਨੂੰ ਪਰਮ-ਸਤਿ ਦੇ ਰਹੱਸਾਤਮਕ ਅਨੁਭਵ ਨਾਲ ਸਬੰਧਤ ਕਰਕੇ ਬਾਣੀ ਵਿਚ ਉਸ ਦਾ ਜੋ ਪ੍ਰਕਾਸ਼ਨ ਕੀਤਾ ਹੈ, ਜੋ ਗਿਆਨ ਦਿੱਤਾ ਹੈ, ਉਸ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। ਪਿਛਲੇ ਲੇਖ ਵਿਚ ਕੱਤਕ ਤੱਕ ਦੇ ਮਹੀਨਿਆਂ ਦਾ ਵਰਣਨ ਸੀ। ਕੱਤਕ ਤੋਂ ਅਗਲਾ ਮਹੀਨਾ ਮੱਘਰ ਦਾ ਹੈ, ਜਿਸ ਵਿਚ ਸਰਦੀ ਦਾ ਮੌਸਮ ਸ਼ੁਰੂ ਹੋ ਜਾਂਦਾ ਹੈ।

ਗੁਰੂ ਨਾਨਕ ਰਾਗ ਤੁਖਾਰੀ ਵਿਚ ਮੱਘਰ ਦੇ ਮਹੀਨੇ ਦਾ ਜ਼ਿਕਰ ਕਰਦਿਆਂ ਕਹਿੰਦੇ ਹਨ ਕਿ ਮੱਘਰ ਦਾ ਮਹੀਨਾ ਉਸ ਜੀਵ-ਆਤਮਾ ਅਰਥਾਤ ਮਨੁੱਖ ਲਈ ਚੰਗਾ ਹੈ, ਭਲਾ ਹੈ, ਜਿਹੜਾ ਉਸ ਪਰਵਰਦਗਾਰ ਦੇ ਗੁਣਾਂ ਦਾ ਗਾਇਨ ਕਰਕੇ, ਉਸ ਦੀ ਸਿਫਤਿ-ਸਾਲਾਹ ਕਰਕੇ ਉਸ ਨੂੰ ਆਪਣੇ ਅੰਦਰ ਅਨੁਭਵ ਕਰਨ ਦਾ ਯਤਨ ਕਰਦਾ ਹੈ (ਗੁਣਾਂ ਦੇ ਗਾਇਨ ਰਾਹੀਂ, ਸਿਫ਼ਤਿ-ਸਾਲਾਹ ਰਾਹੀਂ ਹੀ ਮਨੁੱਖ ਉਸ ਅਕਾਲ ਪੁਰਖ ਦੇ ਗੁਣਾਂ ਨੂੰ ਆਤਮਸਾਤ ਕਰ ਸਕਦਾ ਹੈ, ਆਪਣੇ ਅੰਦਰ ਉਸ ਨਾਲ ਇਕਸੁਰਤਾ ਪੈਦਾ ਕਰ ਸਕਦਾ ਹੈ)। ਜਿਹੜੀ ਜੀਵ-ਇਸਤਰੀ ਭਾਵ ਮਨੁੱਖ ਉਸ ਅਕਾਲ ਪੁਰਖ ਦੇ ਗੁਣਾਂ ਨੂੰ ਸਿਮਰਦਾ ਹੈ, ਚੇਤੇ ਕਰਦਾ ਹੈ, ਉਹ ਮਨੁੱਖ ਉਸ ਸਦਾ ਰਹਿਣ ਵਾਲੀ ਹਸਤੀ ਦੀ ਨਜ਼ਰ ਵਿਚ ਕਬੂਲ ਹੋ ਜਾਂਦਾ ਹੈ।

ਇਹ ਸਾਰਾ ਸੰਸਾਰ ਬਿਨਸਣਹਾਰ ਹੈ, ਚਲਾਇਮਾਨ ਹੈ, ਇੱਕ ਉਹ ਅਕਾਲ ਪੁਰਖ ਹੀ ਜੋ ਸਭ ਦਾ ਸਿਰਜਣਹਾਰ, ਸਰਬ-ਗਿਆਤਾ, ਚਤੁਰ ਅਤੇ ਸਿਆਣਾ ਹੈ, ਸਦਾ ਕਾਇਮ ਰਹਿਣ ਵਾਲੀ ਹਸਤੀ ਹੈ। ਉਹ ਸਦੀਵੀ ਹੋਂਦ ਅਕਾਲ ਪੁਰਖ ਉਸ ਗੁਣਵਾਨ ਮਨੁੱਖ ਨੂੰ ਪਿਆਰਾ ਲਗਦਾ ਹੈ ਜਿਹੜਾ ਉਸ ਦੇ ਗੁਣਾਂ ਦਾ ਗਾਇਨ ਕਰਦਾ ਹੈ, ਉਸ ਦਾ ਗਿਆਨ ਪ੍ਰਾਪਤ ਕਰਦਾ ਹੈ, ਆਪਣੀ ਸੁਰਤਿ ਉਸ ਦੇ ਧਿਆਨ ਵਿਚ ਜੋੜਦਾ ਹੈ, ਉਸ ਦੀ ਅਕਾਲ ਪੁਰਖ ਨਾਲ ਇਕਸੁਰਤਾ ਹੋ ਜਾਂਦੀ ਹੈ, ਸਾਂਝ ਬਣ ਜਾਂਦੀ ਹੈ, ਉਹ ਅਕਾਲ ਪੁਰਖ ਦੇ ਗੁਣਾਂ ਨੂੰ ਆਪਣੇ ਮਨ ਅੰਦਰ ਵਸਾ ਲੈਂਦਾ ਹੈ। ਅਜਿਹੇ ਮਨੁੱਖ ਨੂੰ ਅਕਾਲ ਪੁਰਖ ਦੀ ਰਜ਼ਾ ਵਿਚ ਹੀ ਇਹ ਸਭ ਕੁੱਝ ਚੰਗਾ ਲੱਗਣ ਲੱਗ ਪੈਂਦਾ ਹੈ। ਪਰਮਾਤਮਾ ਦੀ ਸਿਫਤਿ-ਸਾਲਾਹ ਦੇ ਗੀਤ, ਬਾਣੀ, ਕਾਵਿ ਸੁਣ ਸੁਣ ਕੇ, ਉਸ ਦੇ ਨਾਮ ਵਿਚ ਜੁੜ ਕੇ ਮਨੁੱਖ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਅਜਿਹੀ ਜੀਵ-ਇਸਤਰੀ ਅਕਾਲ ਪੁਰਖ ਨੂੰ ਪਿਆਰੀ ਲਗਦੀ ਹੈ ਜਿਸ ਦਾ ਹਿਰਦਾ ਪਰਮਾਤਮ-ਭਗਤੀ ਵਿਚ ਜੁੜਿਆ ਰਹਿੰਦਾ ਹੈ,

ਗੀਤ ਨਾਦ ਕਵਿਤ ਕਵੇ ਸੁਣਿ
ਰਾਮ ਨਾਮਿ ਦੁਖੁ ਭਾਗੈ॥
ਨਾਨਕ ਸਾਧਨ ਨਾਹ ਪਿਆਰੀ
ਅਭ ਭਗਤੀ ਪਿਰ ਆਗੈ॥13॥

ਗੁਰੂ ਅਰਜਨ ਦੇਵ ਮੱਘਰ ਦੇ ਮਹੀਨੇ ਦਾ ਵਰਣਨ ਕਰਦੇ ਹੋਏ ਫਰਮਾਉਂਦੇ ਹਨ ਕਿ ਇਸ ਮਹੀਨੇ ਵਿਚ ਉਹ ਜੀਵ-ਇਸਤਰੀਆਂ ਅਰਥਾਤ ਮਨੁੱਖ ਚੰਗੇ ਲੱਗਦੇ ਹਨ ਜਿਹੜੇ ਆਪਣੇ ਪਤੀ-ਪਰਮੇਸ਼ਰ ਦੇ ਨਾਲ ਬੈਠੇ ਹੁੰਦੇ ਹਨ। ਅਜਿਹੇ ਜੀਵ ਜਿਨ੍ਹਾਂ ਨੂੰ ਪਰਮਾਤਮਾ ਨੇ ਆਪਣੇ ਨਾਲ ਮਿਲਾ ਲਿਆ ਹੈ, ਉਨ੍ਹਾਂ ਦੀ ਵਡਿਆਈ ਬਿਆਨ ਕਰਨੀ ਔਖੀ ਹੈ। ਸਤਿ-ਸੰਗੀਆਂ ਦੀ ਸੰਗਤਿ ਵਿਚ ਪਰਮਾਤਮਾ ਦੇ ਗੁਣ ਗਾਇਨ ਕਰਦਿਆਂ ਅਜਿਹੇ ਮਨੁੱਖਾਂ ਦਾ ਤਨ ਅਤੇ ਮਨ ਦੋਵੇਂ ਸਦਾ ਖੇੜੇ ਵਿਚ ਰਹਿੰਦੇ ਹਨ। ਜਿਹੜੇ ਸਤਿ-ਸੰਗੀਆਂ ਦੀ ਸੰਗਤਿ ਨਹੀਂ ਕਰਦੇ ਉਹ ਫਿਰ ਸੰਸਾਰ ਵਿਚ ਇਕੱਲੇ ਪੈ ਜਾਂਦੇ ਹਨ, ਉਨ੍ਹਾਂ ਦਾ ਕੋਈ ਸੰਗੀ-ਸਾਥੀ ਨਹੀਂ ਹੁੰਦਾ। ਉਨ੍ਹਾਂ ਦਾ ਦੁੱਖ ਕਦੇ ਵੀ ਦੂਰ ਨਹੀਂ ਹੁੰਦਾ ਅਰਥਾਤ ਉਹ ਵਿਕਾਰਾਂ ਤੋਂ ਛੁਟਕਾਰਾ ਨਹੀਂ ਪਾ ਸਕਦੇ ਅਤੇ ਸਦਾ ਮੌਤ ਦੇ ਭੈ ਵਿਚ ਜਿਉਂਦੇ ਹਨ, ਜਮ ਉਨ੍ਹਾਂ ਨੂੰ ਘੇਰੀ ਰੱਖਦੇ ਹਨ (ਗੁਰਮਤਿ ਵਿਚ ਏਕਾਂਤਕ ਭਗਤੀ ਦੀ ਪ੍ਰੇਰਨਾ ਨਹੀਂ ਕੀਤੀ ਗਈ ਬਲਕਿ ਸਤਿ-ਸੰਗਤਿ ਵਿਚ ਜਾ ਕੇ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਨ, ਨਾਮ ਸਿਮਰਨ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ। ਸਤਿ-ਸੰਗਤਿ ਵਿਚ ਜਾਇਆਂ ਹੀ ਔਗੁਣ ਅਤੇ ਵਿਕਾਰ ਦੂਰ ਹੁੰਦੇ ਹਨ ਅਤੇ ਮਨੁੱਖ ਗੁਣ ਪ੍ਰਾਪਤ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਸਤਿ-ਸੰਗਤਿ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ ਕਿਉਂਕਿ ਮਨੁੱਖ ਉਤੇ ਸੰਗਤਿ ਦਾ ਅਸਰ ਬਹੁਤ ਜਲਦੀ ਅਤੇ ਗਹਿਰਾ ਹੁੰਦਾ ਹੈ)। ਜਿਨ੍ਹਾਂ ਨੇ ਅਕਾਲ ਪੁਰਖ ਦਾ ਸਾਥ ਮਾਣਿਆ ਹੈ, ਉਹ ਵਿਕਾਰਾਂ ਅਤੇ ਔਗੁਣਾਂ ਪ੍ਰਤੀ ਸੁਚੇਤ ਰਹਿੰਦੇ ਹਨ ਅਤੇ ਇਨ੍ਹਾਂ ਨੂੰ ਆਪਣੇ ਉਤੇ ਹਾਵੀ ਨਹੀਂ ਹੋਣ ਦਿੰਦੇ। ਪਰਮਾਤਮਾ ਦੇ ਗੁਣ ਉਨ੍ਹਾਂ ਦੇ ਹਿਰਦੇ ਵਿਚ ਇਸ ਤਰ੍ਹਾਂ ਪਰੋਏ ਰਹਿੰਦੇ ਹਨ ਜਿਵੇਂ ਹੀਰੇ, ਜਵਾਹਰ ਅਤੇ ਲਾਲ ਜੜ ਕੇ ਗਲ ਵਿਚ ਹਾਰ ਪਾਇਆ ਹੋਵੇ। ਗੁਰੂ ਸਾਹਿਬ ਕਹਿੰਦੇ ਹਨ ਕਿ ਅਜਿਹੇ ਮਨੁੱਖਾਂ ਦੇ ਚਰਨਾਂ ਦੀ ਧੂੜ ਮੰਗਦਾਂ ਹਾਂ ਜਿਹੜੇ ਪਰਮਾਤਮਾ ਦੇ ਦਰ ਤੇ ਪਏ ਰਹਿੰਦੇ ਹਨ, ਜਿਹੜੇ ਉਸ ਦੀ ਸ਼ਰਨ ਵਿਚ ਰਹਿੰਦੇ ਹਨ। ਮੱਘਰ ਵਿਚ ਪਰਮਾਤਮਾ ਦਾ ਸਿਮਰਨ ਕੀਤਿਆਂ ਜਨਮ-ਮਰਨ ਦਾ ਚੱਕਰ ਮੁੱਕ ਜਾਂਦਾ ਹੈ,

ਨਾਨਕੁ ਬਾਂਛੈ ਧੂੜਿ ਤਿਨ੍ ਪ੍ਰਭ
ਸਰਣੀ ਦਰਿ ਪੜੀਆਹ॥
ਮੰਘਿਰਿ ਪ੍ਰਭੁ ਆਰਾਧਣਾ
ਬਹੁੜਿ ਨ ਜਨਮੜੀਆਹ॥10॥

ਮੱਘਰ ਤੋਂ ਅਗਲਾ ਮਹੀਨਾ ਪੋਹ ਦਾ ਆਉਂਦਾ ਹੈ ਜਦੋਂ ਸਰਦੀ ਦਾ ਮੌਸਮ ਪੂਰੇ ਜੋਬਨ 'ਤੇ ਹੁੰਦਾ ਹੈ ਅਤੇ ਸਾਰੇ ਚੌਗਿਰਦੇ ਨੂੰ, ਸਮੇਤ ਘਾਹ-ਬੂਟ, ਪਸ਼ੂ-ਪੰਛੀਆਂ ਅਤੇ ਮਨੁੱਖਾਂ ਦੇ, ਪ੍ਰਭਾਵਤ ਕਰਦਾ ਹੈ। ਗੁਰੂ ਨਾਨਕ ਦੇਵ ਪੋਹ ਦੀ ਸਰਦੀ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ ਪੋਹ ਵਿਚ ਕੱਕਰ ਪੈਂਦਾ ਹੈ ਜੋ ਹਰ ਇੱਕ ਘਾਹ-ਬੂਟੇ ਦਾ ਰਸ ਸੁਕਾ ਦਿੰਦਾ ਹੈ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਉਹ ਮਨ, ਤਨ ਅਤੇ ਮੁੱਖ ਵਿਚ ਆ ਕੇ ਕਿਉਂ ਨਹੀਂ ਵੱਸਦਾ ਤਾਂ ਕਿ ਜੀਵਨ ਵਿਚੋਂ ਪ੍ਰੇਮ-ਰੱਸ ਨਾ ਸੁੱਕੇ। ਗੁਰੂ ਸਾਹਿਬ ਅੱਗੇ ਫਰਮਾਉਂਦੇ ਹਨ ਕਿ ਜਿਸ ਜੀਵ ਦੇ ਮਨ ਵਿਚ, ਤਨ ਵਿਚ, ਸਾਰੇ ਸੰਸਾਰ ਨੂੰ ਆਸਰਾ ਦੇਣ ਵਾਲਾ ਅਕਾਲ ਪੁਰਖ ਵੱਸਦਾ ਹੈ, ਉਹ ਗੁਰੂ ਦੇ ਸ਼ਬਦ ਵਿਚ ਜੁੜ ਕੇ ਪਰਮਾਤਮਾ ਦੇ ਮੇਲ ਦਾ ਅਨੰਦ ਮਾਣਦਾ ਹੈ। ਇਸ ਸੰਸਾਰ ਦੇ ਸਾਰੇ ਜੀਵ ਅਰਥਾਤ ਜੀਵਾਂ ਦੀਆਂ ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ ਅਤੇ ਉਤਭੁਜ) ਉਸ ਦੀ ਜੋਤਿ ਨਾਲ ਰੌਸ਼ਨ ਹਨ, ਉਹ ਹਰ ਇੱਕ ਵਿਚ ਜੋਤਿ-ਸਰੂਪ ਹੋ ਕੇ ਸਮਾਇਆ ਹੋਇਆ ਹੈ, ਹਰੇਕ ਵਿਚ ਉਸੇ ਦੀ ਜੋਤਿ ਜਗ ਰਹੀ ਹੈ। ਅਕਾਲ ਪੁਰਖ ਅੱਗੇ ਅਰਦਾਸ ਕੀਤੀ ਹੈ ਕਿ ਦਇਆ ਕਰਨ ਵਾਲੇ, ਸਭ ਕੁੱਝ ਦੇਣ ਵਾਲੇ ਦਾਤੇ ਆਪਣੇ ਦਰਸ਼ਨ ਦੇਹ, ਚੰਗੀ ਅਕਲ ਬਖਸ਼ਿਸ਼ ਕਰ ਤਾਂ ਕਿ ਆਤਮਕ ਬੁਲੰਦੀਆਂ ਨੂੰ ਪਹੁੰਚ ਸਕਾਂ।

ਗੁਰੂ ਨਾਨਕ ਸਾਹਿਬ ਅੱਗੇ ਫਰਮਾਉਂਦੇ ਹਨ ਕਿ ਜਿਸ ਮਨੁੱਖ ਦਾ ਪ੍ਰੇਮ ਸਿਰਜਣਹਾਰ ਨਾਲ ਬਣ ਜਾਂਦਾ ਹੈ, ਉਹ ਰੱਬ ਦਾ ਪ੍ਰੇਮੀ ਆਪਣੇ ਪਰਮਾਤਮਾ ਦੇ ਪਿਆਰ ਵਿਚ ਜੁੜ ਕੇ ਉਸ ਦੇ ਗੁਣਾਂ ਨੂੰ ਅਨੰਦ ਨਾਲ ਯਾਦ ਕਰਦਾ ਹੈ, ਖੁਸ਼ੀ ਨਾਲ ਉਸ ਦਾ ਗੁਣ-ਗਾਇਨ ਕਰਦਾ ਹੈ,

ਦਰਸਨੁ ਦੇਹੁ ਦਇਆਪਤਿ ਦਾਤੇ
ਗਤਿ ਪਾਵਉ ਮਤਿ ਦੇਹੋ॥
ਨਾਨਕ ਰੰਗਿ ਰਵੈ ਰਸਿ ਰਸੀਆ
ਹਰਿ ਸਿਉ ਪ੍ਰੀਤਿ ਸਨੇਹੋ॥14॥

ਪੰਜਵੀਂ ਨਾਨਕ ਜੋਤਿ ਪੋਹ ਦੇ ਮਹੀਨੇ ਦਾ ਬਿਆਨ ਕਰਦੇ ਹਨ ਕਿ ਇਸ ਮਹੀਨੇ ਜਿਸ ਜੀਵ ਦੇ ਹਿਰਦੇ ਨਾਲ ਪਰਮਾਤਮਾ-ਪਤੀ ਲੱਗਾ ਹੋਇਆ ਹੈ, ਉਸ ਨੂੰ ਪੋਹ ਦਾ ਕੱਕਰ (ਸਰਦੀ, ਪਾਲਾ) ਤੰਗ ਨਹੀਂ ਕਰ ਸਕਦਾ, ਉਸ 'ਤੇ ਅਸਰ ਨਹੀਂ ਪਾ ਸਕਦਾ ਕਿਉਂਕਿ ਉਸ ਦੀ ਸੁਰਤਿ ਪਰਮਾਤਮਾ ਦੇ ਦਰਸ਼ਨ ਦੀ ਤਾਂਘ ਵਿਚ ਜੁੜੀ ਰਹਿੰਦੀ ਹੈ, ਉਸ ਦਾ ਮਨ ਪਰਮਾਤਮਾ ਦੇ ਚਰਨਾਂ ਵਿਚ ਲੱਗਾ ਰਹਿੰਦਾ ਹੈ। ਜਿਸ ਮਨੁੱਖ ਨੇ ਸੰਸਾਰ ਨੂੰ ਪਾਲਣ ਵਾਲੇ ਪਰਮਾਤਮਾ ਦਾ ਆਸਰਾ ਲਿਆ ਹੈ, ਉਸ ਨੇ ਅਕਾਲ ਪੁਰਖ ਦੀ ਸੇਵਾ ਦਾ ਲਾਭ ਪ੍ਰਾਪਤ ਕੀਤਾ ਹੈ, ਉਸ ਨੂੰ ਮਾਇਆ-ਰੂਪੀ ਜ਼ਹਿਰ ਛੂਹ ਨਹੀਂ ਸਕਦੀ। ਉਸ ਨੇ ਸਤਿ-ਪੁਰਖਾਂ ਦੀ ਸੰਗਤਿ ਵਿਚ ਪਰਮਾਤਮਾ ਦੇ ਗੁਣ-ਗਾਇਨ ਵਿਚ ਚੁੱਭੀ ਲਾਈ ਹੈ। ਜਿਸ ਪਰਮਾਤਮਾ ਤੋਂ ਉਸ ਨੇ ਜਨਮ ਲਿਆ ਹੈ ਉਸ ਵਿਚ ਹਮੇਸ਼ਾ ਉਸ ਦੀ ਸੁਰਤਿ ਜੁੜੀ ਰਹਿੰਦੀ ਹੈ। ਉਸ ਦੇ ਮਨ ਵਿਚ ਅਕਾਲ ਪੁਰਖ ਦੇ ਪ੍ਰੇਮ ਦੀ ਲਗਨ ਲੱਗੀ ਰਹਿੰਦੀ ਹੈ। ਜਿਸ ਦਾ ਹੱਥ ਪਰਮਾਤਮਾ ਫੜ ਲੈਂਦਾ ਹੈ ਅਤੇ ਆਪਣੇ ਚਰਨਾਂ ਨਾਲ ਜੋੜ ਲੈਂਦਾ ਹੈ, ਉਸ ਦਾ ਫਿਰ ਪਰਮਾਤਮਾ ਤੋਂ ਕਦੀ ਵੀ ਵਿਛੋੜਾ ਨਹੀਂ ਹੁੰਦਾ (ਗੁਰਮਤਿ ਦਰਸ਼ਨ ਅਨੁਸਾਰ ਜਿਹੜਾ ਮਨੁੱਖ ਇੱਕ ਵਾਰ ਇਸ ਅਨੁਭਵੀ ਪਦ ਨੂੰ ਪ੍ਰਾਪਤ ਕਰ ਲੈਂਦਾ ਹੈ, ਉਹ ਇਸ 'ਤੇ ਸਦਾ ਕਾਇਮ ਰਹਿੰਦਾ ਹੈ, ਇਸ ਤੋਂ ਡਿਗਦਾ ਨਹੀਂ)। ਪਰ ਇਹ ਰਸਤਾ ਬਿਖੜਾ ਹੈ, ਪ੍ਰਾਪਤੀ ਬਹੁਤ ਔਖੀ ਹੈ ਕਿਉਂਕਿ ਉਹ ਪਰਮਾਤਮਾ ਬਹੁਤ ਅਪਹੁੰਚ ਹੈ, ਡੂੰਘਾ ਹੈ। ਇਸ ਲਈ ਉਸ ਤੋਂ ਲੱਖ ਵਾਰੀ ਕੁਰਬਾਨ ਜਾਂਦਾ ਹਾਂ। ਇਸ ਦੇ ਨਾਲ ਹੀ ਉਹ ਕਿਰਪਾ-ਨਿਧਾਨ ਵੀ ਹੈ ਇਸ ਲਈ ਦਰਵਾਜ਼ੇ 'ਤੇ ਡਿਗਿਆਂ ਨੂੰ ਉਹ ਸੰਭਾਲਦਾ ਹੀ ਹੈ। ਗੁਰੂ ਅਰਜਨ ਦੇਵ ਫਰਮਾਉਂਦੇ ਹਨ ਕਿ ਜਿਸ ਉਤੇ ਉਸ ਬੇ-ਪਰਵਾਹ ਦੀ ਨਦਰਿ ਹੋ ਜਾਂਦੀ ਹੈ, ਜਿਸ 'ਤੇ ਉਹ ਮਿਹਰ ਕਰਦਾ ਹੈ, ਉਸ ਮਨੁੱਖ (ਹਿਰਦਾ ਪਰਮਾਤਮਾ ਦਾ ਨਿਵਾਸ ਸਥਾਨ ਹੈ) ਉਸ ਦੀ ਜਿੰਦ ਪਵਿੱਤਰ ਹੋ ਜਾਂਦੀ ਹੈ। ਜਿਹੜਾ ਜੀਵ ਪਰਮਾਤਮਾ ਦੇ ਗੁਣਾਂ ਨੂੰ ਆਪਣੇ ਹਿਰਦੇ ਵਿਚ ਵਸਾ ਕੇ ਪਰਮਾਤਮਾ ਦੇ ਚਰਨਾਂ ਵਿਚ ਆਪਣੀ ਲਿਵ ਲਾ ਲੈਂਦਾ ਹੈ, ਉਹ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ ਜਿਥੇ ਉਸ ਦਾ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ।

ਸਿੱਖ ਧਰਮ ਚਿੰਤਨ ਅਨੁਸਾਰ ਮਨੁੱਖੀ ਜਿਉੜੇ ਦੀ ਪ੍ਰਾਪਤੀ ਅਕਾਲ ਪੁਰਖ ਦੀਆਂ ਨਜ਼ਰਾਂ ਵਿਚ ਪ੍ਰਵਾਨ ਹੋਣ ਵਿਚ ਹੈ। ਇਸੇ ਸਬੰਧ ਵਿਚ ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ ਉਸ ਸੁਹਣੇ ਪ੍ਰੀਤਮ-ਪਰਮਾਤਮਾ ਦੇ ਗੁਣ ਜੇ ਕਰ ਜੀਵ ਆਪਣੇ ਹਿਰਦੇ ਵਿਚ ਵਸਾ ਲਵੇ ਅਤੇ ਉਸ ਦੀ

> ***ਗੁਰੂ ਅਰਜਨ ਦੇਵ ਮਾਘ ਦੇ ਮਹੀਨੇ ਵਿਚ ਕੀਤੇ ਜਾਣ ਵਾਲੇ ਪੁੰਨ-ਦਾਨ ਅਤੇ ਤੀਰਥ ਇਸ਼ਨਾਨ ਦੇ ਪ੍ਰਤੀਕ ਨੂੰ ਹੀ ਵਰਤਦੇ ਹੋਏ ਸਮਝਾਉਂਦੇ ਹਨ ਕਿ ਮਾਘ ਦੇ ਮਹੀਨੇ ਗੁਰਮੁਖਾਂ ਦੀ ਸੰਗਤਿ ਵਿਚ ਨਿਮਰਤਾ ਨਾਲ ਬੈਠਣਾ ਹੀ ਤੀਰਥ ਇਸ਼ਨਾਨ ਹੈ, ਪਰਮਾਤਮਾ ਦਾ ਨਾਮ ਸਿਮਰਨ ਕਰੋ ਅਤੇ ਉਸ ਦੀ ਸਿਫਤਿ-ਸਾਲਾਹ ਸੁਣੋ ਅਤੇ ਉਸ ਦੇ ਨਾਮ ਦੀ ਦਾਤ ਹੋਰਨਾਂ ਨੂੰ ਵੰਡੋ ਇਸ ਨਾਲ ਜਨਮ-ਜਨਮ ਵਿਚ ਕੀਤੇ ਕਰਮਾਂ ਤੋਂ ਇਕੱਠੀ ਹੋਈ ਵਿਕਾਰਾਂ ਦੀ ਮੈਲ ਧੋਤੀ ਜਾਵੇਗੀ, ਮਨ ਵਿਚੋਂ ਹਉਮੈ ਦੂਰ ਹੋ ਜਾਵੇਗੀ।***

ਨੂੰ ਪੋਹ ਦਾ ਮਹੀਨਾ ਸੁਹਣਾ ਲੱਗਦਾ ਹੈ ਅਤੇ ਉਸ ਨੂੰ ਸਾਰੇ ਸੁੱਖ ਮਿਲ ਜਾਂਦੇ ਹਨ,

ਸਰਮ ਪਈ ਨਾਰਾਇਣੈ
ਨਾਨਕ ਦਰਿ ਪਈਆਹੁ॥
ਪੋਖੁ ਸੋੁਹੰਦਾ ਸਰਬ ਸੁਖ
ਜਿਸੁ ਬਖਸੇ ਵੇਪਰਵਾਹੁ॥11॥

ਹਿੰਦੁਸਤਾਨੀ ਧਰਮ ਪਰੰਪਰਾਵਾਂ ਵਿਚ ਮਾਘ ਦੇ ਮਹੀਨੇ ਤੀਰਥ ਇਸ਼ਨਾਨ ਕਰਨਾ ਅਤੇ ਪੁੰਨ-ਦਾਨ ਕਰਨਾ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਸਿੱਖ ਧਰਮ ਵਿਚ ਇਸ ਕਿਸਮ ਦੀ ਕੋਈ ਪਰੰਪਰਾ ਨਹੀਂ ਮੰਨੀ ਗਈ ਹੈ। ਕਿਸੇ ਖਾਸ ਮਹੀਨੇ, ਦਿਨ ਜਾਂ ਘੜੀ ਅਨੁਸਾਰ, ਕਿਸੇ ਖਾਸ ਪਵਿੱਤਰ ਮੰਨੀ ਜਾਂਦੀ ਥਾਂ ਤੇ ਇਸ਼ਨਾਨ ਕਰਨ ਅਤੇ ਪੁੰਨ-ਦਾਨ ਕਰਨ ਦੀ ਕੋਈ ਪਰੰਪਰਾ ਨਹੀਂ ਹੈ। ਸਰੀਰ ਦੀ ਸਫ਼ਾਈ ਵਾਸਤੇ ਇਸ਼ਨਾਨ ਜ਼ਰੂਰੀ ਹੈ ਪਰ ਇਸ ਨੂੰ ਕਿਸੇ ਪ੍ਰਾਪਤੀ ਨਾਲ ਨਹੀਂ ਜੋੜਿਆ ਗਿਆ। ਇਸੇ ਤਰ੍ਹਾਂ ਕਿਰਤ ਕਰਕੇ ਉਸ ਨੂੰ ਲੋੜਵੰਦਾਂ ਨਾਲ ਵੰਡ ਕੇ ਛਕਣ ਦਾ ਅਦੇਸ਼ ਕੀਤਾ ਹੈ ਪਰ ਇਹ ਕਿਸੇ ਮੁਕਤੀ ਪ੍ਰਾਪਤੀ ਲਈ ਨਹੀਂ।

ਮਾਘ ਦੇ ਮਹੀਨੇ ਤੀਰਥ-ਇਸ਼ਨਾਨ ਦੇ ਪ੍ਰਤੀਕ ਨੂੰ ਲੈ ਕੇ ਹੀ ਗੁਰੂ ਨਾਨਕ ਬਿਆਨ ਕਰਦੇ ਹਨ ਕਿ ਮਾਘ ਦਾ ਮਹੀਨਾ ਤੀਰਥ-ਇਸ਼ਨਾਨ (ਪ੍ਰਯਾਗ, ਹਰਿਦੁਆਰ ਵਗੈਰਾ) ਲਈ ਪਵਿੱਤਰ ਮੰਨਿਆ ਜਾਂਦਾ ਹੈ ਪਰ ਜਿਸ ਮਨੁੱਖ ਨੇ ਆਪਣੇ ਹਿਰਦੇ ਵਿਚ ਹੀ ਤੀਰਥ ਪਛਾਣ ਲਿਆ ਹੈ ਸਿਫਤਿ-ਸਾਲਾਹ ਰਾਹੀਂ ਉਸ ਦੇ ਮਨ ਨੂੰ ਭਾ ਜਾਵੇ ਅਰਥਾਤ ਉਸ ਦੀਆਂ ਨਜ਼ਰਾਂ ਵਿਚ ਮਨਜ਼ੂਰ ਹੋ ਜਾਵੇ ਤਾਂ ਸਮਝੋ ਉਸ ਨੇ ਤੀਰਥ-ਇਸ਼ਨਾਨ ਕਰ ਲਿਆ। ਪਰਮਾਤਮ-ਚਰਨਾਂ ਵਿਚ ਲਿਵ ਲਾਉਣ ਦੀ ਅਵਸਥਾ ਤ੍ਰਿਬੇਣੀ ਹੈ ਅਰਥਾਤ ਗੰਗਾ, ਜਮਨਾ ਅਤੇ ਸਰਸਵਤੀ ਨਦੀਆਂ ਦਾ ਮਿਲਾਪ-ਸਥਾਨ ਹੈ ਅਤੇ ਸੱਤੇ ਸਮੁੰਦਰਾਂ ਵਿਚ ਸਮਾਉਣਾ ਹੈ (ਇਨ੍ਹਾਂ ਤਿੰਨਾਂ ਨਦੀਆਂ ਦੇ ਸੰਗਮ ਦੇ ਸਥਾਨ ਉਤੇ ਅਤੇ ਸੱਤ ਸਮੁੰਦਰਾਂ ਦੇ ਇਸ਼ਨਾਨ ਨੂੰ ਹਿੰਦੂ ਪਰੰਪਰਾ ਵਿਚ ਪਵਿੱਤਰ ਮੰਨਿਆ ਜਾਂਦਾ ਹੈ)। ਜਿਸ ਮਨੁੱਖ ਨੇ ਹਰ ਇੱਕ ਜੁਗ ਵਿਚ ਵਿਆਪਕ ਪਰਮਾਤਮਾ ਨੂੰ ਜਾਣ ਲਿਆ, ਉਸ ਨੇ ਸਾਰੇ ਤੀਰਥ ਇਸ਼ਨਾਨ, ਪੁੰਨ-ਦਾਨ ਅਤੇ ਪੂਜਾ ਦੇ ਕਰਮ ਕਰ ਲਏ। ਗੁਰੂ ਨਾਨਕ ਕਹਿੰਦੇ ਹਨ ਕਿ ਜਿਸ ਮਨੁੱਖ ਨੇ ਮਾਘ ਦੇ ਮਹੀਨੇ ਵਿਚ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰ ਕੇ ਉਸ ਦੇ ਨਾਮ ਦਾ ਰਸ ਪੀ ਲਿਆ ਉਸ ਨੇ 68 ਤੀਰਥਾਂ ਦਾ ਇਸ਼ਨਾਨ ਕਰ ਲਿਆ,

ਪੁੰਨ ਦਾਨ ਪੂਜਾ ਪਰਮੇਸੁਰ
ਜੁਗਿ ਜੁਗਿ ਏਕੋ ਜਾਤਾ॥
ਨਾਨਕ ਮਾਘਿ ਮਹਾ ਰਸੁ ਹਰਿ ਜਪਿ
ਅਠਸਠਿ ਤੀਰਥ ਨਾਤਾ॥15॥

ਗੁਰੂ ਅਰਜਨ ਦੇਵ ਮਾਘ ਦੇ ਮਹੀਨੇ ਵਿਚ ਕੀਤੇ ਜਾਣ ਵਾਲੇ ਪੁੰਨ-ਦਾਨ ਅਤੇ ਤੀਰਥ ਇਸ਼ਨਾਨ ਦੇ ਪ੍ਰਤੀਕ ਨੂੰ ਹੀ ਵਰਤਦੇ ਹੋਏ ਸਮਝਾਉਂਦੇ ਹਨ ਕਿ ਮਾਘ ਦੇ ਮਹੀਨੇ ਗੁਰਮੁਖਾਂ ਦੀ ਸੰਗਤਿ ਵਿਚ ਨਿਮਰਤਾ ਨਾਲ ਬੈਠਣਾ ਹੀ ਤੀਰਥ ਇਸ਼ਨਾਨ ਹੈ, ਪਰਮਾਤਮਾ ਦਾ ਨਾਮ ਸਿਮਰਨ ਕਰੋ ਅਤੇ ਉਸ ਦੀ ਸਿਫਤਿ-ਸਾਲਾਹ ਸੁਣੋ ਅਤੇ ਉਸ ਦੇ ਨਾਮ ਦੀ ਦਾਤ ਹੋਰਨਾਂ ਨੂੰ ਵੰਡੋ ਇਸ ਨਾਲ ਜਨਮ-ਜਨਮ ਵਿਚ ਕੀਤੇ ਕਰਮਾਂ ਤੋਂ ਇਕੱਠੀ ਹੋਈ ਵਿਕਾਰਾਂ ਦੀ ਮੈਲ ਧੋਤੀ ਜਾਵੇਗੀ, ਮਨ ਵਿਚੋਂ ਹਉਮੈ ਦੂਰ ਹੋ ਜਾਵੇਗੀ। ਨਾਮ ਸਿਮਰਨ ਕਰਨ ਨਾਲ ਕਾਮ, ਕ੍ਰੋਧ ਵਿਚ ਨਹੀਂ ਫਸੀਦਾ ਅਤੇ ਲੋਭ ਕੁੱਤਾ ਵੀ ਖ਼ਤਮ ਹੋ ਜਾਂਦਾ ਹੈ (ਲੋਭ ਮਨੁੱਖ ਨੂੰ ਕੁੱਤੇ ਵਾਂਗ ਦਰ ਦਰ ਦੀ ਭਟਕਣਾ ਲਾਈ ਰੱਖਦਾ ਹੈ। ਇਸ ਤਰ੍ਹਾਂ ਸੱਚੇ ਰਸਤੇ 'ਤੇ ਚਲਦਿਆਂ ਦੁਨੀਆਂ ਵਡਿਆਈ ਕਰਦੀ ਹੈ। ਧਾਰਮਿਕ ਤੌਰ 'ਤੇ ਮੰਨੇ ਜਾਂਦੇ ਸਾਰੇ ਪੁੰਨ ਕਰਮ ਜਿਵੇਂ ਜੀਵਾਂ ਉਤੇ ਦਇਆ ਕਰਨੀ, ਅਠਾਹਟ ਤੀਰਥਾਂ ਦਾ ਇਸ਼ਨਾਨ ਆਦਿ ਪਰਮਾਤਮਾ ਦਾ ਸਿਮਰਨ ਕਰਨ ਵਿਚ ਆ ਜਾਂਦੇ ਹਨ। ਅਕਾਲ ਪੁਰਖ ਆਪਣੀ ਮਿਹਰ ਕਰਕੇ ਜਿਸ ਨੂੰ ਇਹ ਦਾਤ ਦਿੰਦਾ ਹੈ ਉਹ ਮਨੁੱਖ ਸਿਆਣਾ ਹੋ ਜਾਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿਨ੍ਹਾਂ ਨੂੰ ਪਿਆਰਾ ਪਰਮਾਤਮਾ ਮਿਲ ਗਿਆ, ਉਨ੍ਹਾਂ ਤੋਂ ਸਦਕੇ ਜਾਂਦਾ ਹਾਂ। ਮਾਘ ਮਹੀਨੇ ਉਨ੍ਹਾਂ ਨੂੰ ਹੀ ਸੁੱਚੇ ਸਮਝਿਆ ਜਾਂਦਾ ਹੈ ਜਿਨ੍ਹਾਂ ਉਤੇ ਸਤਿਗੁਰੂ ਆਪਣੀ ਮਿਹਰ ਕਰਕੇ ਸਿਮਰਨ ਦੀ ਬਖਸ਼ਿਸ਼ ਕਰਦਾ ਹੈ,

ਜਿਨਾ ਮਿਲਿਆ ਪ੍ਰਭੁ ਆਪਣਾ
ਨਾਨਕ ਤਿਨ ਕੁਰਬਾਣੁ॥
ਮਾਘਿ ਸੁਚੇ ਸੇ ਕਾਂਢੀਅਹਿ
ਜਿਨ ਪੂਰਾ ਗੁਰੁ ਮਿਹਰਵਾਣੁ॥12॥

ਸਾਲ ਦਾ ਆਖਰੀ ਮਹੀਨਾ ਫੱਗਣ ਦਾ ਹੈ ਜਦੋਂ ਸਰਦੀ ਮੁੱਕ ਜਾਂਦੀ ਹੈ, ਦਿਨ ਨਿੱਘੇ ਹੋ ਜਾਂਦੇ ਹਨ ਅਤੇ ਬਹਾਰ ਦਾ ਮੌਸਮ ਆ ਜਾਂਦਾ ਹੈ। ਲੋਕੀ ਰੰਗਾਂ ਦਾ ਤਿਉਹਾਰ ਹੋਲੀ ਮਨਾਉਂਦੇ ਹਨ। ਗੁਰੂ ਨਾਨਕ ਦੇਵ ਕਹਿੰਦੇ ਹਨ ਕਿ ਫੱਗਣ ਦੇ ਮਹੀਨੇ ਜਿਸ ਨੂੰ ਪਰਮਾਤਮਾ ਦਾ ਪਿਆਰ ਮਿੱਠਾ ਲੱਗਾ ਹੈ, ਉਸ ਦੇ ਮਨ ਵਿਚ ਅਸਲ ਅਨੰਦ ਪੈਦਾ ਹੋਇਆ ਹੈ। ਜਿਸ ਨੇ ਆਪਣੇ ਅੰਦਰੋਂ ਹਉਂ ਦੀ ਭਾਵਨਾ ਖਤਮ ਕੀਤੀ ਹੈ, ਉਸ ਦਾ ਮਨ ਹਮੇਸ਼ਾ ਖਿੜਿਆ ਰਹਿੰਦਾ ਹੈ। ਪਰਮਾਤਮਾ ਜਦੋਂ ਕਿਸੇ 'ਤੇ ਮਿਹਰ ਕਰਦਾ ਹੈ ਤਾਂ ਉਸ ਜੀਵ ਦੇ ਅੰਦਰੋਂ ਮਾਇਆ ਦਾ ਮੋਹ ਖਤਮ ਕਰ ਦਿੰਦਾ ਹੈ ਅਤੇ ਆਪਣੀ ਮਿਹਰ ਕਰਕੇ ਉਸ ਜੀਵ ਦੇ ਅੰਦਰ ਆ ਵੱਸਦਾ ਹੈ। ਪਰਮਾਤਮਾ ਨੂੰ ਮਿਲਣ ਲਈ ਬਹੁਤ ਸਿੰਗਾਰ (ਧਾਰਮਿਕ ਵੇਸ) ਕੀਤੇ ਪਰ ਪਰਮਾਤਮਾ ਦੇ ਦਰ 'ਤੇ ਥਾਂ ਨਹੀਂ ਮਿਲੀ। ਜੋ ਜੀਵ ਅਕਾਲ ਪੁਰਖ ਦੀ ਨਜ਼ਰ ਵਿਚ ਪ੍ਰਵਾਨ ਹੋ ਜਾਂਦਾ ਹੈ ਉਸ ਦੇ ਸਾਰੇ ਹਾਰ-ਸ਼ਿੰਗਾਰ ਹੋ ਜਾਂਦੇ ਹਨ। ਜਿਸ ਮਨੁੱਖ ਨੂੰ ਪਰਮਾਤਮਾ ਨੇ ਗੁਰੂ ਦੇ ਰਾਹੀਂ ਆਪਣੇ ਨਾਲ ਮੇਲ ਲਿਆ ਉਸ ਨੂੰ ਆਪਣੇ ਅੰਦਰ ਹੀ ਪਰਮਾਤਮ-ਅਨੁਭਵ ਹੋ ਜਾਂਦਾ ਹੈ,

ਹਾਰ ਡੋਰ ਰਸ ਪਾਟ ਪਟੰਬਰ
ਪਿਰਿ ਲੋੜੀ ਸੀਗਾਰੀ॥
ਨਾਨਕ ਮੇਲਿ ਲਈ ਗੁਰਿ ਅਪਣੈ
ਘਰਿ ਵਰੁ ਪਾਇਆ ਨਾਰੀ॥16॥

***(ਚਲਦਾ)***

## ਜਾ ਪ੍ਰਭ ਕੀ ਹਉ ਚੇਰੁਲੀ ਸੋ ਸਭ ਤੇ ਊਚਾ

## ਗੁਰਬਾਣੀ ਗਿਆਨ

ਆਸਾ ਮਹਲਾ ੫
ਜਾ ਪ੍ਰਭ ਕੀ ਹਉ ਚੇਰੁਲੀ
ਸੋ ਸਭ ਤੇ ਊਚਾ॥
ਸਭੁ ਕਿਛੁ ਤਾ ਕਾ ਕਾਂਢੀਐ
ਥੋਰਾ ਅਰੁ ਮੂਚਾ॥੧॥
ਜੀਅ ਪ੍ਰਾਨ ਮੇਰਾ ਧਨੋ
ਸਾਹਿਬ ਕੀ ਮਨੀਆ॥
ਨਾਮਿ ਜਿਸੈ ਕੈ ਉਜਲੀ
ਤਿਸੁ ਦਾਸੀ ਗਨੀਆ॥੧॥ਰਹਾਉ॥
ਵੇਪਰਵਾਹੁ ਅਨੰਦ ਮੈ
ਨਾਉ ਮਾਣਕ ਹੀਰਾ॥
ਰਜੀ ਧਾਈ ਸਦਾ ਸੁਖੁ
ਜਾ ਕਾ ਤੂੰ ਮੀਰਾ॥੨॥
ਸਖੀ ਸਹੇਰੀ ਸੰਗ ਕੀ
ਸੁਮਤਿ ਦ੍ਰਿੜਾਵਉ॥
ਸੇਵਹੁ ਸਾਧੂ ਭਾਉ ਕਰਿ
ਤਉ ਨਿਧਿ ਹਰਿ ਪਾਵਉ॥੩॥
ਸਗਲੀ ਦਾਸੀ ਠਾਕੁਰੈ
ਸਭ ਕਹਤੀ ਮੇਰਾ॥
ਜਿਸਹਿ ਸੀਗਾਰੇ ਨਾਨਕਾ
ਤਿਸੁ ਸੁਖਹਿ ਬਸੇਰਾ॥੪॥

ਗੁਰੂਦੇਵ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਗੁਰਮੁਖ ਪਿਆਰੇ ਸਤਿਸੰਗੀਆਂ ਨੂੰ ਮੁਖ਼ਾਤਿਬ ਹਨ। ਹੇ ਮੇਰੀਓ ਸਖੀਓ ਸਹੇਲੀਓ! ਮੇਰੀ ਇਹ ਜਿੰਦ, ਮੇਰੇ ਪ੍ਰਾਣ ਤੇ ਮੇਰੀਆਂ ਧਨ ਦੌਲਤਾਂ; ਇਹ ਸਭ ਚੀਜ਼ਾਂ ਮੇਰੇ ਮਾਲਕ ਪ੍ਰਭੂ ਦੀਆਂ ਦਿੱਤੀਆਂ ਹੋਈਆਂ ਹਨ। ਹੇ ਸਹੇਲੀਓ! ਉਸ ਪਰਮੇਸ਼ਵਰ ਦੇ ਨਾਮ ਸਿਮਰਨ ਕਰ ਕੇ ਉਜਲੀ, ਭਾਵ ਮੈਂ ਇੱਜ਼ਤ ਵਾਲੀ ਹੋ ਗਈ ਹਾਂ। ਹੇ ਭੈਣ! ਉਸ ਮਾਲਕ ਪ੍ਰਭੂ ਦੀ ਮੈਂ ਆਪਣੇ-ਆਪ ਨੂੰ ਚੇਰੁਲੀ, ਭਾਵ ਦਾਸੀ ਸਮਝਦੀ ਹਾਂ। ਉਹ ਮਿਹਰਬਾਨ ਪ੍ਰਭੂ ਸਭ ਤੋਂ ਉਚਾ ਹੈ ਅਤੇ ਮੇਰੇ ਕੋਲ ਜੋ ਥੋਰਾ ਅਰੁ ਮੂਚਾ ਅਰਥਾਤ ਥੋੜ੍ਹਾ ਜਾਂ ਬਹੁਤਾ ਹੈ, ਉਹ ਸਭ ਉਸ ਪ੍ਰਭੂ ਦਾ ਹੀ ਹੈ।

ਵੇਪਰਵਾਹੁ ਅਨੰਦ ਮੈ ਨਾਉ ਮਾਣਕ ਹੀਰਾ॥
ਰਜੀ ਧਾਈ ਸਦਾ ਸੁਖੁ ਜਾ ਕਾ ਤੂੰ ਮੀਰਾ॥੨॥

ਹੇ ਮੇਰੇ ਪ੍ਰਭੂ ਜੀਓ! ਤੂੰ ਸਦਾ ਹੀ ਬੇਪ੍ਰਵਾਹ ਹੈ, ਭਾਵ ਤੈਨੂੰ ਕਿਸੇ ਦੀ ਕਦੀ ਵੀ ਕੋਈ ਮੁਥਾਜੀ ਨਹੀਂ ਹੈ ਅਤੇ ਮੇਰੇ ਅਕਾਲ ਪੁਰਖ ਜੀਓ! ਤੂੰ ਤਾਂ ਹਮੇਸ਼ਾ ਹੀ ਅਨੰਦ ਸਰੂਪ ਹੈਂ। ਮੇਰੇ ਪ੍ਰਭੂ ਜੀਓ! ਤੇਰਾ ਨਾਮ ਹੀ ਮੇਰੇ ਵਾਸਤੇ ਮਾਣਕ, ਭਾਵ ਮੋਤੀ ਹੈ। ਤੇਰਾ ਨਾਮ ਹੀ ਮੇਰੇ ਲਈ ਹੀਰਾ ਹੈ। ਹੇ ਮੇਰੇ ਪ੍ਰੀਤਮ ਪ੍ਰਭੂ ਜੀਓ! ਹੇ ਜਗਤ ਦੇ ਮਾਲਕ!! ਜਿਸ ਜੀਵ ਰੂਪੀ ਇਸਤਰੀ ਦੇ ਸਿਰ 'ਤੇ ਆਪਣੀ ਮਿਹਰ ਦਾ ਹੱਥ ਤੂੰ ਰੱਖ ਦੇਵੇਂ, ਉਹ ਇਸ ਝੂਠੇ ਸੰਸਾਰ ਦੇ ਪਦਾਰਥਾਂ ਵੱਲੋਂ ਰਜੀ ਧਾਈ, ਭਾਵ ਤ੍ਰਿਪਤ ਹੋ ਜਾਂਦੀ ਹੈ ਅਤੇ ਸਦਾ ਅਨੰਦ ਵਿਚ ਰਹਿੰਦੀ ਹੈ।

ਸਖੀ ਸਹੇਰੀ ਸੰਗ ਕੀ
ਸੁਮਤਿ ਦ੍ਰਿੜਾਵਉ॥
ਸੇਵਹੁ ਸਾਧੂ ਭਾਉ ਕਰਿ
ਤਉ ਨਿਧਿ ਹਰਿ ਪਾਵਉ॥੩॥

ਹੇ ਮੇਰੀ ਸਖੀਓ ਸਹੇਲੀਓ ਤੇ ਸਾਥਣੋ! ਮੈਂ ਤੁਹਾਨੂੰ ਸੁਮਤਿ ਦ੍ਰਿੜਾਵਉ, ਭਾਵ ਇਹ ਸੁਚੱਜੀ ਮਤ ਮੁੜ ਮੁੜ ਕੇ ਯਾਦ ਕਰਵਾਉਂਦੀ ਹਾਂ, ਜੋ ਮੈਨੂੰ ਗੁਰੂ ਕੋਲੋਂ ਪ੍ਰਾਪਤ ਹੋਈ ਹੈ ਕਿ ਤੁਸੀਂ ਸਾਰੀਆਂ ਵੀ ਪ੍ਰੇਮ ਵਿਚ ਭਿੱਜ ਕੇ ਗੁਰੂ ਦੀ ਸ਼ਰਨ ਪੈ ਜਾਓ ਤੇ ਗੁਰੂ ਦਾ ਪਲਾ ਫੜ ਲਵੋ। ਹੇ ਮੇਰੀਓ ਸਹੇਲੀਓ! ਸੁਣੋ, ਮੈਂ ਜਦੋਂ ਤੋਂ ਗੁਰੂ ਦੇ ਚਰਨਾਂ ਵਿਚ ਢਹਿ ਪਈ ਹਾਂ ਤੇ ਗੁਰੂ ਕੀ ਸੋਹਣੀ ਮਤ ਲੈ ਰਹੀ ਹਾਂ, ਉਦੋਂ ਤੋਂ ਹੀ ਹਰਿ ਪਰਮਾਤਮਾ ਦੇ ਨਾਮ ਰੂਪੀ ਖਜ਼ਾਨੇ ਨੂੰ ਪ੍ਰਾਪਤ ਕਰ ਰਹੀ ਹਾਂ। ਸੋ, ਹੇ ਸਖੀਓ! ਆਉ, ਗੁਰੂ ਦੀ ਸ਼ਰਨ ਪਈਏ।

ਸਗਲੀ ਦਾਸੀ ਠਾਕੁਰੈ
ਸਭ ਕਹਤੀ ਮੇਰਾ॥
ਜਿਸਹਿ ਸੀਗਾਰੇ ਨਾਨਕਾ
ਤਿਸੁ ਸੁਖਹਿ ਬਸੇਰਾ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਬਖਸ਼ਿਸ਼ ਕਰਦੇ ਹਨ ਕਿ ਹੇ ਸਹੇਲੀਓ! ਹਰ ਜੀਵ ਰੂਪੀ ਇਸਤਰੀ ਹੀ ਉਸ ਮਾਲਕ ਪ੍ਰਭੂ ਦੀ ਦਾਸੀ ਹੈ; ਨਿਮਾਣੀ ਸੇਵਕ ਹੈ ਅਤੇ ਹਰ ਜੀਵ ਰੂਪੀ ਇਸਤਰੀ ਹੀ ਆਖਦੀ ਹੈ ਕਿ ਉਹ ਮਿਹਰਬਾਨ ਪ੍ਰਭੂ ਮੇਰਾ ਮਾਲਕ ਹੈ, ਮੇਰਾ ਖਸਮ ਹੈ। ਹੇ ਮੇਰੀਓ ਸਖੀਓ! ਜਿਸ ਵੀ ਜੀਵ ਇਸਤਰੀ ਦੇ ਜੀਵਨ ਨੂੰ ਉਹ ਪ੍ਰੀਤਮ ਪ੍ਰਭੂ ਆਪ ਸ਼ਿੰਗਾਰਦਾ ਤੇ ਸੰਵਾਰਦਾ ਹੈ, ਉਹ ਇਸਤਰੀ ਹੀ ਸੁੱਖ ਤੇ ਅਨੰਦ ਵਿਚ ਰਹਿੰਦੀ ਹੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

# ਆਖਰੀ ਮਹੀਨਾ ਫੱਗਣ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਜੇ ਅੰਗਰੇਜ਼ੀ ਸਾਲ ਬੀਤ ਗਿਆ ਹੈ ਤਾਂ ਦੇਸੀ ਕਿਹੜਾ ਪਿਛੇ ਰਹਿਣ ਵਾਲਾ ਹੈ! ਦੇਸੀ ਕੈਲੰਡਰ ਦਾ ਆਖਰੀ ਮਹੀਨਾ ਫੱਗਣ ਗਿਆ ਕਿ ਗਿਆ। ਇਸ ਮਹੀਨੇ ਦੀ ਪੂਰਨਮਾਸ਼ੀ ਨੂੰ ਚੰਦਰਮਾ ਫਲਗੁਨੀ ਨਛੱਤਰ ਦੇ ਕੋਲ ਹੁੰਦਾ ਹੈ। ਸਰਦੀ ਦੇ ਮੌਸਮ ਦਾ ਵੀ ਸਮਝੋ ਇਹ ਆਖਰੀ ਮਹੀਨਾ ਹੀ ਹੈ। ਕਾਇਨਾਤ ਇਕ ਵਾਰੀ ਮੁੜ ਤੋਂ ਇਕ ਸਾਲ ਲਈ ਉਹੀ ਮੌਸਮ ਦੁਹਰਾਏਗੀ। ਇਸ ਮਹੀਨੇ ਪੱਤਝੜ ਬੋਰੀਆ ਬਿਸਤਰਾ ਗੋਲ ਕਰਨ ਲਗਦੀ ਹੈ ਤਾਂ ਬਸੰਤ ਆਪਣੀ ਸਫ਼ ਵਿਛਾਉਣ ਲਗਦੀ ਹੈ। ਫੱਗਣ ਮਹੀਨੇ ਰੁੱਤ ਵਿਚ ਨਿੱਘ ਆਉਣ ਕਾਰਨ ਬਨਸਪਤੀ ਦੇ ਪੱਤੇ ਮੌਲਣ ਲਗਦੇ ਹਨ, ਸਰੀਰ ਵਿਚ ਜੁੰਬਸ਼ ਹੋਣ ਲਗਦੀ ਹੈ ਤੇ ਮਨ ਵਿਚ ਉਮਾਹ ਪੈਦਾ ਹੁੰਦੇ ਹਨ। ਇਸ ਦੌਰਾਨ ਹੀ ਪੀਲੇ ਰੰਗ ਦੇ ਜਸ਼ਨ ਵਾਲੀ ਬਸੰਤ ਪੰਚਮੀ ਆਉਂਦੀ ਹੈ, ਬਨਸਪਤਿ ਮਉਲੀ ਚੜਿਆ ਬਸੰਤੁ ਇਹੁ ਮਨੁ ਮਉਲਿਆ ਸਤਿਗੁਰੂ ਸੰਗਿ॥ -ਗੁਰੂ ਅਮਰ ਦਾਸ

ਇਹ ਚਿਤਰੰਜਕ ਮਹੀਨਾ ਹੋਲੀ ਕਾਰਨ ਤਾਂ ਹੋਰ ਵੀ ਰੰਗਾਂ ਦੀ ਖੇਡ ਬਣ ਜਾਂਦਾ ਹੈ। ਜਦ ਤੋਂ ਈਸਾਈਆਂ ਦਾ 'ਵੈਲੇਨਟਾਈਨ ਡੇ' ਮਨਾਇਆ ਜਾਣ ਲੱਗਾ ਹੈ, ਯੁਵਕਾਂ ਲਈ ਇਹ ਹੋਰ ਵੀ ਰੁਮਾਂਟਿਕ ਤੇ ਰੰਗਲਾ ਬਣ ਗਿਆ ਹੈ। ਕਿਸਾਨਾਂ ਲਈ ਕਿਸੇ ਵੀ ਮਹੀਨੇ ਦੀ ਕਦਰ ਉਸ ਦੀ ਖੇਤੀ ਦੇ ਨਜ਼ਰੀਏ ਤੋਂ ਹੀ ਹੈ। ਕਿਸਾਨ ਲਈ ਮੀਂਹ ਹਰ ਮਹੀਨੇ ਲਾਹੇਵੰਦ ਹੈ ਪਰ ਰਾਹ ਸਿਰ ਦਾ। ਫੱਗਣ ਵਿਚ ਮੀਂਹ ਜੇ ਸਹਿੰਦਾ ਸਹਿੰਦਾ ਪੈ ਜਾਵੇ ਤਾਂ ਫਸਲ ਚੌਗੁਣੀ ਹੋ ਜਾਂਦੀ ਹੈ, ਕਿਸਾਨ ਨਿਹਾਲ ਹੋ ਜਾਂਦਾ ਹੈ, "ਵਸੇ ਫੱਗਣ, ਦੂਣ ਚਵੱਗਣ।"

ਪਰ ਜੇ ਇਹ ਕੁਝ ਵਧੇਰੇ ਹੀ ਕਹਿਰ ਢਾਹੁੰਦੀ ਛੋਲਿਆਂ ਤੇ ਕਣਕ ਦੀ ਫਸਲ ਉਤੇ ਗੜੇਮਾਰ ਕਰ ਜਾਵੇ ਤਾਂ ਕਿਸਾਨ ਦੀ ਸਾਰੀ ਮਿਹਨਤ ਅਜਾਈਂ ਜਾਂਦੀ ਹੈ, "ਮੀਂਹ ਵਸੇ ਫੱਗਣ ਚੇਤ, ਨਾ ਘਰ ਮੇਵੇ ਨਾ ਖੇਤ।"

ਗਿਆਨੀ ਗੁਰਦਿੱਤ ਸਿੰਘ ਨੇ 'ਮੇਰਾ ਪਿੰਡ' ਵਿਚ ਇਕ ਕਾਵਿ-ਟੋਟਾ ਪੇਸ਼ ਕੀਤਾ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਜਦੋਂ ਫੱਗਣ ਮਹੀਨਾ ਆਪਣਾ 'ਚਾਰਜ' ਚੇਤ ਨੂੰ ਸੰਭਾਲਦਾ ਹੈ ਤਾਂ ਉਹ ਉਸ ਨੂੰ ਬੜੀ ਜ਼ੋਰਦਾਰ ਹਦਾਇਤ ਕਰਦਾ ਹੈ, "ਫੱਗਣ ਆਖੇ ਚੇਤਰ ਨੂੰ ਤੂੰ ਸੁਣ ਭਾਈ, ਮੈਂ ਤਾਂ ਚੱਲਿਆਂ ਸੁਣ, ਹੁਣ ਤੂੰ ਬੰਨੇ ਲਾਈਂ।"

ਗੁਰੂ ਸਾਹਿਬਾਂ ਨੇ ਵੀ ਇਸ ਮਹੀਨੇ ਦੀ ਰਮਣੀਕਤਾ ਦਾ ਖੂਬ ਨੋਟਿਸ ਲਿਆ ਹੈ, "ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਭਗਵੰਤ ਜੀਉ।" -ਗੁਰੂ ਅਰਜਨ ਦੇਵ।

ਅਸੀਂ ਉਪਰ ਦੱਸ ਆਏ ਹਾਂ ਕਿ ਇਹ ਮਹੀਨਾ ਸਰਦ ਰੁਤ ਦੇ ਰੁਖ਼ਸਤ ਹੋਣ ਦਾ ਹੈ ਪਰ ਗੁਰੂ ਸਾਹਿਬ ਫਿਰ ਇਸ ਨੂੰ 'ਹਿਮਕਾਰ' (ਬਰਫਬਾਰੀ) ਦਾ ਮਹੀਨਾ ਕਿਉਂ ਕਹਿੰਦੇ ਹਨ? ਧਿਆਨ ਦਿਉ, ਇਸ ਮਹੀਨੇ ਨਾਲ 'ਮਾਘੁ' ਲੱਗਾ ਹੋਇਆ ਹੈ।

'ਫੱਗਣ' ਸ਼ਬਦ ਦਾ ਸੰਸਕ੍ਰਿਤ ਵਿਚ ਉਪਲਭਦ ਮੁਢਲਾ ਰੂਪ 'ਫਲਗੁਨ' ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਫਲਗੁਨਿ' ਤੇ 'ਫਲਗੁਣਿ' ਸ਼ਬਦ ਆਉਂਦੇ ਹਨ ਜਿਨ੍ਹਾਂ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਨੇ ਕੀਤੀ ਹੈ, 'ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ' ਅਤੇ 'ਫਲਗੁਣਿ ਨਿਤ ਸਲਾਹੀਐ।'

ਫਲਗੁਨ 'ਅਰਜਨ' ਤੇ ਗਯਾ ਕੋਲ ਵਗਦੀ ਇਕ ਨਦੀ ਦਾ ਨਾਂ ਵੀ ਹੈ। ਨਦੀ ਦਾ ਨਾਂ ਇਸ ਦੇ ਰੰਗ ਕਾਰਨ ਪਿਆ ਹੈ। ਇਕ ਪੌਦੇ ਦਾ ਨਾਂ ਵੀ 'ਫਲਗੁਨ' ਹੈ ਜੋ ਸੋਮ ਦੇ ਬਦਲ ਵਜੋਂ ਵਰਤਿਆ ਜਾਂਦਾ ਸੀ।

'ਫਲਗੁਨ' ਸ਼ਬਦ ਵਿਚੋਂ 'ਲ' ਧੁਨੀ ਲੋਪ ਹੋ ਗਈ ਤੇ ਸ਼ਬਦ ਪਹਿਲਾਂ ਫਾਗੁਨ ਬਣਿਆ ਤੇ ਫਿਰ ਰਹਿ ਗਿਆ-ਫੱਗਣ। ਫਲਗੁਨ ਆਪਣੇ ਤੌਰ 'ਤੇ 'ਫਲਗੁ' ਤੋਂ ਬਣਿਆ ਹੈ ਜਿਸ ਦਾ ਅਰਥ ਲਾਲ ਹੁੰਦਾ ਹੈ। ਇਕ ਰੰਗ ਦਾ ਨਾਂ ਵੀ 'ਫਲਗੁ' ਹੈ ਜੋ ਜੰਗਲੀ ਗੂਲਰ ਕਹਾਉਂਦੇ ਇਕ ਪ੍ਰਕਾਰ ਦੇ ਅਦਰਕ ਦੀ ਕਿਸਮ ਦੇ ਪੌਦੇ ਦੀ ਜੜ੍ਹ ਤੋਂ ਬਣਾਇਆ ਜਾਂਦਾ ਹੈ। ਏਹੀ ਹੈ ਹੋਲੀ ਦੌਰਾਨ ਵਰਤਿਆ ਜਾਂਦਾ ਗੁਲਾਲ ਜਾਂ ਅਬੀਰ। ਬਸੰਤ ਮੌਸਮ ਨੂੰ ਫਾਗ, ਜਾਂ ਫਾਗੁ ਵੀ ਕਿਹਾ ਜਾਂਦਾ ਹੈ। ਹੋਲੀ ਨੂੰ ਵੀ ਕਈ ਇਲਾਕਿਆਂ ਵਿਚ ਫਾਗ ਜਾਂ ਫਗੂਆ ਕਿਹਾ ਜਾਂਦਾ ਹੈ। ਹੋਲੀ ਤੇ ਫੱਗਣ ਇਕ ਦੂਜੇ ਨਾਲ ਗੂੜ੍ਹੀ ਤਰ੍ਹਾਂ ਜੁੜੇ ਹੋਏ ਹਨ। ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਹੋਲੀ ਦੇ ਅਰਥਾਂ ਵਿਚ ਵਰਤਿਆ ਹੈ। ਹੇਠ ਲਿਖੇ ਖੂਬਸੂਰਤ ਪਦ ਵਿਚ ਉਨ੍ਹਾਂ ਪਰਮਾਤਮਾ ਦੀ ਬੰਦਨਾ ਨੂੰ ਹੀ ਫਾਗ ਬਣਾ ਦੇਣ ਦਾ ਉਪਦੇਸ਼ ਕੀਤਾ ਹੈ,

ਗੁਰੂ ਸੇਵਕ ਕਰਿ ਨਮਸਕਾਰ
ਆਜ ਹਮਾਰੈ ਮੰਗਲਾਚਾਰ॥
ਆਜੁ ਹਮਾਰੈ ਮਹਾ ਅਨੰਦ
ਚਿੰਤ ਲਥੀ ਭੇਟੇ ਗੋਬਿੰਦ॥
ਅਜੁ ਹਮਾਰੈ ਗ੍ਰਿਹਿ ਬਸੰਤ
ਗੁਨ ਗਾਏ ਪ੍ਰਭ ਤੁਮ੍ ਬੇਅੰਤ॥ਰਹਾਉ॥
ਆਜ ਹਮਾਰੇ ਬਨੇ ਫਾਗ॥

'ਫਗੂ' ਇਕ ਦਰਖਤ ਦਾ ਨਾਂ ਵੀ ਹੈ ਜਿਸ ਦਾ ਫਲ ਖਾਧਾ ਜਾਂਦਾ ਹੈ। ਅਸੀਂ ਪੰਜਾਬੀ 'ਫਾਗੂਰੀ' ਜਾਂ 'ਫਗੂੜਾ' ਨਾਂ ਦੇ ਝਾੜੀਨੁਮਾ ਰੁੱਖ ਤੋਂ ਵਾਕਿਫ ਹਾਂ। ਫਗੂੜਾ ਅਸਲ ਵਿਚ ਫਗੂਆਂ ਦਾ ਝੁੰਡ ਹੀ ਹੈ। ਮੁਰੱਬੇਬੰਦੀ ਤੋਂ ਪਹਿਲਾਂ ਇਹ ਪੰਜਾਬ ਦੇ ਧਰਤ-ਦ੍ਰਿਸ਼ 'ਤੇ ਆਮ ਹੀ ਦਿਖਾਈ ਦਿੰਦੇ ਸਨ ਤੇ ਹਮਾਤੜ ਵਰਗੇ ਮਿੱਠੇ ਦੀ ਭਾਲ ਵਿਚ ਇਸ ਦੇ ਫਲ ਲਭਦੇ ਰਹਿੰਦੇ ਸਨ। ਫਗੂੜਾ ਦਾ ਪਹਿਲਾ ਰੂਪ 'ਫਗਵਾੜਾ' ਜਾਪਦਾ ਹੈ। ਸੰਸਕ੍ਰਿਤ ਵਿਚ ਇਸ ਨੂੰ ਫਲਗੁ-ਵਟਿਕਾ (ਵਾਟਿਕਾ=ਵਾੜਾ) ਕਿਹਾ ਜਾਂਦਾ ਹੈ। ਦੁਆਬੇ ਦੇ ਫਗਵਾੜਾ ਨਾਂ ਨਾਲ ਜਾਣੇ ਜਾਂਦੇ ਨਗਰ ਦਾ ਨਾਮਕਰਣ ਇਸ ਦੀ ਬਦੌਲਤ ਹੀ ਹੈ।



ਦੰਦ ਕਥਾ ਅਨੁਸਾਰ ਇਹ ਸ਼ਹਿਰ ਸ਼ਾਹ ਜਹਾਨ ਨੇ ਵਸਾਇਆ। ਗੁਰੂ ਹਰਗੋਬਿੰਦ ਜੀ 1635 ਵਿਚ ਕਰਤਾਰਪੁਰ ਅਤੇ ਪਲਾਹੀ 'ਤੇ ਫਤਿਹ ਪਾਉਣ ਉਪਰੰਤ ਇਸ ਜਗ੍ਹਾ ਪਧਾਰੇ। 'ਫੱਗੂ' ਨਾਂ ਦਾ ਗੁਰੂ ਜੀ ਦਾ ਇਕ ਸ਼ਰਧਾਲੂ ਇਸ ਜਗ੍ਹਾ ਰਹਿੰਦਾ ਸੀ। ਕਹਿੰਦੇ ਹਨ, ਫੱਗੂ ਨੇ ਮੁਗਲਾਂ ਤੋਂ ਡਰਦੇ ਹੋਏ ਗੁਰੂ ਜੀ ਦੀ ਮਦਦ ਨਾ ਕੀਤੀ। ਗੁਰੂ ਜੀ ਨੇ ਸ਼ਬਦ ਉਚਰੇ, "ਫੱਗੂ ਦਾ ਵਾੜਾ, ਬਾਹਰੋਂ ਮਿੱਠਾ ਅੰਦਰੋਂ ਖਾਰਾ।" ਉਦੋਂ ਤੋਂ ਹੀ ਇਹ ਸਥਾਨ ਫਗਵਾੜਾ ਨਾਮ ਨਾਲ ਪ੍ਰਚਲਿਤ ਹੋਇਆ ਦਸਿਆ ਜਾਂਦਾ ਹੈ। ਪਰ ਪਿੰਡਾਂ ਥਾਂਵਾਂ ਦੇ ਨਾਂ ਆਮ ਹੀ ਦਰਖਤਾਂ ਦੇ ਨਾਂ 'ਤੇ ਪੈ ਜਾਂਦੇ ਹਨ ਜਿਵੇਂ ਜੰਡਿਆਲਾ, ਪਿਪਲੀਵਾਲਾ, ਟਾਹਲੀ ਪਿੰਡ, ਸਰੀਂਹ, ਬੜਾਲਾ, ਤੂਤਾਂ ਵਾਲੀ ਆਦਿ। ਇਸ ਲਈ ਇਹ ਤੱਥ ਵੀ ਹੋ ਸਕਦਾ ਹੈ ਕਿ ਇਹ ਇਲਾਕਾ ਫੱਗੂ ਦੇ ਰੁੱਖਾਂ ਨਾਲ ਭਰਪੂਰ ਹੋਣ ਕਾਰਨ ਫੱਗੂਵਾੜਾ ਤੇ ਫਿਰ ਫਗਵਾੜਾ ਦੇ ਨਾਂ ਨਾਲ ਪ੍ਰਚਲਿਤ ਹੋਇਆ।

ਫੱਗੂ ਨਾਲ ਮਿਲਦੇ-ਜੁਲਦੇ ਅਨੇਕਾਂ ਦਰਖਤ ਹਨ ਜਿਨ੍ਹਾਂ ਦੇ ਕਈ ਹੋਰ ਨਾਂ ਵੀ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ficus (ਫਿਕਸ) ਪ੍ਰਜਾਤੀ ਅਧੀਨ ਆਉਂਦੇ ਹਨ। ਇਸ ਪ੍ਰਜਾਤੀ ਵਿਚ ਕੋਈ 850 ਕਿਸਮ ਦੇ ਰੁੱਖ, ਝਾੜੀਆਂ, ਵੇਲਾਂ ਆਦਿ ਹਨ। Fig, ਜਿਸ ਨੂੰ ਅਸੀਂ ਆਮ ਤੌਰ 'ਤੇ ਅੰਜੀਰ ਆਖਦੇ ਹਾਂ, ਇਸ ਪ੍ਰਜਾਤੀ ਦਾ ਆਮ ਜਾਣਿਆ ਜਾਂਦਾ ਦਰਖਤ ਹੈ। ਬਹੁਤ ਸਾਰੇ ਲੋਕ ਇਸ ਦੇ ਫਲ ਨੂੰ ਚਾਹ ਕੇ ਖਾਂਦੇ ਹਨ। ਇਹ ਇਕ ਬਹੁਤ ਚਿਰ ਤੋਂ ਜਾਣਿਆ ਜਾਂਦਾ ਫਲ ਹੈ ਜੋ ਦੱਖਣ ਪੂਰਬ ਏਸ਼ੀਆ ਤੋਂ ਪੱਛਮ ਏਸ਼ੀਆ ਤੱਕ ਪਾਇਆ ਜਾਂਦਾ ਹੈ। ਇਸ ਦਾ ਜ਼ਿਕਰ ਬਾਈਬਲ ਵਿਚ ਵੀ ਆਉਂਦਾ ਹੈ। ਉਂਜ ਪਿਪਲ, ਬੋਹੜ, ਪਿਲਕਨ, ਜੰਗਲੀ ਅੰਜੀਰ, ਗੂਲਰ ਦੇ ਦਰਖਤ ਵੀ ਇਸ ਪ੍ਰਜਾਤੀ ਵਿਚ ਆਉਂਦੇ ਹਨ। ਬੋਹੜ ਦੀਆਂ ਗੋਲ੍ਹਾਂ ਵੀ ਮੈਂ ਬਹੁਤ ਸਾਰੇ ਲੋਕ ਖਾਂਦੇ ਦੇਖੇ ਹਨ। ਇਨ੍ਹਾਂ ਦਰਖਤਾਂ ਦੀ ਇਕ ਖਾਸੀਅਤ ਇਹ ਹੈ ਕਿ ਇਨ੍ਹਾਂ ਦੇ ਪੱਤੇ ਟਾਹਣੀ ਦੇ ਦੋਵੇਂ ਪਾਸੇ ਇਕ ਇਕ ਛੱਡ ਕੇ ਲੱਗੇ ਹੁੰਦੇ ਹਨ। ਅਸਲ ਵਿਚ ਇਹ ਸਾਰੇ ਸ਼ਬਦ ਫਗੂ, ਫਾਗੂ, ਫਗੂਰਾ, ਫਗੂੜਾ ਆਦਿ ਅੰਗਰੇਜ਼ੀ ਸ਼ਬਦ fig ਦੇ ਸੁਜਾਤੀ ਹਨ ਤੇ ਇਹ ਸਾਰੇ ficus ਪ੍ਰਜਾਤੀ ਦੇ ਅਧੀਨ ਆਉਂਦੇ ਹਨ।

ਹੁਣ ਅਸੀਂ fig ਦੀ ਗੱਲ ਕਰ ਲਈਏ। ਲਾਤੀਨੀ ਵਿਚ ਇਸ ਸ਼ਬਦ ਦਾ ਰੂਪ ficus ਹੈ ਜੋ ਗਰੀਕ ਵਿਚ ਬਦਲ ਕੇ ਹੋ ਗਿਆ sykon. ਇਹ ਸ਼ਬਦ ਮੁਢੋਂ-ਸੁਢੋਂ ਸਾਮੀ ਭਾਸ਼ਾ ਪਰਿਵਾਰ ਦਾ ਲਗਦਾ ਹੈ। ਪ੍ਰਾਚੀਨ ਫੋਨੀਸ਼ੀਅਨ ਭਾਸ਼ਾ ਵਿਚ ਇਸ ਸ਼ਬਦ ਦਾ ਰੂਪ ਸੀ ਪਾਗ (pagh) ਜਿਸ ਦਾ ਅਰਥ 'ਅਧ-ਪਕੀ ਅੰਜੀਰ' ਹੈ। ਲਗਦਾ ਹੈ, ਇਥੋਂ ਹੀ ਰੂਪ ਬਦਲ ਕੇ ਇਹ ਗਰੀਕ ਵਿਚ ਆਇਆ ਤੇ ਇਥੋਂ ਲਾਤੀਨੀ ਵੱਲ ਵਧਿਆ। ਲਾਤੀਨੀ ਵਿਚ ਇਸ ਦਾ ਰੂਪ ficus ਹੋ ਗਿਆ। ਇਥੋਂ ਇਹ ਫਰਾਂਸੀਸੀ ਵਿਚ fique ਦੇ ਰੂਪ ਵਿਚ ਆਇਆ। ਫਰਾਂਸੀਸੀ ਨੌਰਮਨਾਂ ਨੇ ਜਦ ਇੰਗਲੈਂਡ 'ਤੇ ਜਿੱਤ ਹਾਸਿਲ ਕੀਤੀ ਤਾਂ ਇਹ ਸ਼ਬਦ 13ਵੀਂ ਸਦੀ ਵਿਚ ਅੰਗਰੇਜ਼ੀ ਵਿਚ fig ਦਾ ਰੂਪ ਧਾਰ ਕੇ ਆ ਵੜਿਆ। ਇਸ ਦਾ ਦੂਜਾ ਸਫਰ ਭਾਰਤ ਵੱਲ ਸੀ ਜਿਥੇ ਆ ਕੇ ਇਸ ਨੇ 'ਫਲਗੁ' ਦਾ ਰੂਪ ਧਾਰਿਆ। ਯਾਦ ਰਹੇ ਕਿ ਇਹ ਫਿਗ ਪੰਜਾਬੀ ਵਿਚ ਅੰਜੀਰ ਕਹਾਉਂਦੇ ਫਲ ਦਾ ਨਾਂ ਹੈ।

ਉਪਰ ਅਸੀਂ ਇਸ ਸ਼ਬਦ ਦੇ ਗਰੀਕ ਰੂਪ 'ਸਾਈਕੋਨ' ਦਾ ਜ਼ਿਕਰ ਕੀਤਾ ਹੈ। ਦਿਲਚਸਪ ਗੱਲ ਹੈ ਕਿ ਪੁਰਾਣੇ ਜ਼ਮਾਨੇ ਵਿਚ ਮੁਖਬਰੀ, ਬਦਖੋਹੀ ਅਤੇ ਅੱਜ ਕਲ੍ਹ ਖੁਸ਼ਾਮਦ, ਚਾਪਲੂਸੀ, ਚਮਚਾਗੀਰੀ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ sycophancy ਇਸੇ ਸਾਈਕੋਨ ਤੋਂ ਬਣਿਆ ਹੈ। ਗਰੀਕ ਵਿਚ ਇਸ ਦਾ ਰੂਪ ਸੀ sykon+phanein ਦੂਜੇ ਅੰਸ਼ ਦਾ ਗਰੀਕ ਵਿਚ ਅਰਥ ਹੈ ਦਿਖਾਉਣਾ। ਸੋ, ਪੂਰਾ ਸ਼ਾਬਦਿਕ ਅਰਥ ਬਣਿਆ 'ਅੰਜੀਰ ਦਿਖਾਉਣਾ'। ਅਸਲ ਵਿਚ ਫਿਗ (ਅੰਜੀਰ) ਨੂੰ ਇਸਤਰੀ ਦੇ ਗੁਪਤ ਅੰਗ ਦਾ ਪ੍ਰਤੀਕ ਸਮਝਿਆ ਜਾਂਦਾ ਹੈ ਕਿਉਂਕਿ ਇਸ ਦੀ ਸ਼ਕਲ ਪੱਕ ਕੇ ਫਟੇ ਹੋਏ ਅੰਜੀਰ ਦੇ ਫਲ ਨਾਲ ਮਿਲਦੀ-ਜੁਲਦੀ ਹੈ। ਪ੍ਰਾਚੀਨ ਗਰੀਸ ਤੇ ਕਈ ਹੋਰ ਦੇਸ਼ਾਂ ਵਿਚ ਦੋ ਉਂਗਲੀਆਂ ਦੇ ਵਿਚਕਾਰ ਦੀ ਅੰਗੂਠਾ ਕੱਢ ਕੇ ਦਿਖਾਉਣ ਦਾ ਮਤਲਬ ਇਸਤਰੀ ਦੇ ਗੁਪਤ ਅੰਗ ਵੱਲ ਇਸ਼ਾਰਾ ਕਰਨਾ ਹੁੰਦਾ ਸੀ। ਇਸ ਸੈਨਤ ਨੂੰ ਗਰੀਕ ਵਿਚ ਸਾਈਕੋਫੈਂਸੀ ਕਿਹਾ ਜਾਂਦਾ ਸੀ। ਪ੍ਰਾਚੀਨ ਗਰੀਸ ਦੇ ਸਿਆਸਤਦਾਨ ਆਪ ਤਾਂ ਪਿਛੇ ਰਹਿੰਦੇ ਸਨ ਪਰ ਆਪਣੇ ਚੇਲੇ ਬਾਲਕਿਆਂ ਨੂੰ ਚੁਕਦੇ ਰਹਿੰਦੇ ਸਨ ਕਿ ਉਹ ਵਿਰੋਧੀਆਂ ਨੂੰ ਅਜਿਹੀਆਂ ਅਸ਼ਲੀਲ ਸੈਨਤਾਂ ਕਰਕੇ ਛੇੜਨ ਤੇ ਥੱਲੇ ਲਾਉਣ। ਇਸ ਤਰ੍ਹਾਂ ਉਹ ਆਪਣੇ ਵਿਰੋਧੀਆਂ ਨੂੰ ਚਿੜ੍ਹਾਉਂਦੇ ਹੋਏ ਆਪਣੇ ਆਕਾਵਾਂ ਦੀ ਚਮਚਾਗੀਰੀ ਕਰਦੇ ਸਨ। ਸਾਡੇ ਦੇਸ਼ ਵਿਚ ਕਿਸੇ ਨੂੰ ਥੱਲੇ ਲਾਉਣ ਲਈ ਖੱਬੇ ਹੱਥ ਉਤੇ ਸੱਜੇ ਹੱਥ ਦੀ ਕੂਹਣੀ ਰੱਖ ਕੇ ਤੇ ਸੱਜੇ ਹੱਥ ਦਾ ਮੁੱਕਾ ਬਣਾ ਕੇ ਸੱਜੇ ਖੱਬੇ ਹਿਲਾਇਆ ਜਾਂਦਾ ਹੈ। ਇਹ ਸੈਨਤ ਮਰਦ ਅੰਗ ਵੱਲ ਇਸ਼ਾਰਾ ਕਰਦੀ ਹੈ।

# ਕੱਲ੍ਹ, ਅੱਜ ਅਤੇ ਭਲਕ

ਜਿਹੜਾ ਸਮਾਂ ਕੱਲ੍ਹ ਬੀਤ ਗਿਆ ਅਤੇ ਜਿਸ ਨੇ ਅਜੇ ਆਉਣਾ ਹੈ, ਦੋਵੇਂ ਕੱਲ੍ਹ ਨੇ। ਇਨ੍ਹਾਂ ਦੋਵਾਂ ਨੇ ਅੱਜ ਦੀ ਸੱਜੀ-ਖੱਬੀ ਬਾਂਹ ਫੜੀ ਹੋਈ ਹੈ। ਅੱਜ ਦੀਆਂ ਰੌਣਕਾਂ ਵਧਾਉਣ ਤੇ ਘਟਾਉਣ ਦਾ ਕੰਮ ਇਹ ਦੋਵੇਂ ਕੱਲ੍ਹ ਕਰਦੇ ਹਨ। ਅੱਜ ਦੇ ਨਿਰਾਸ਼ ਜੀਵਨ ਵਿਚ ਜਦ ਉਦਾਸੀ ਛਾਈ ਹੁੰਦੀ ਹੈ, ਤਾਂ ਕੱਲ੍ਹ ਦੇ ਬੀਤ ਚੁੱਕੇ ਉਹ ਖੁਸ਼ਨੁਮਾ ਪਲ ਯਾਦ ਆਉਂਦੇ ਹਨ ਤਾਂ ਹੰਝੂ ਕੇਰਦੇ ਨੈਣਾਂ ਵਿਚ ਵੀ ਖੁਸ਼ੀ ਦੀ ਚਮਕ ਆ ਜਾਂਦੀ ਹੈ। ਵਿਯੋਗ ਦੀ ਅੱਗ

ਕਿਰਪਾਲ ਕੌਰ
ਫੋਨ: 815-356-9535

ਵਿਚ ਸੜਦੇ ਅੱਜ ਨੂੰ ਮਿਲਣ ਦੇ ਪਲਾਂ ਦੀ ਯਾਦ ਆਉਂਦਿਆਂ ਹੀ ਖੁਸ਼ੀ ਤੇ ਖੇੜਾ ਪਸਰਿਆ ਦਿਖਾਈ ਦੇਣ ਲੱਗ ਪੈਂਦਾ ਹੈ। ਅੱਜ ਜੇ ਕਿਸੇ ਦਾ ਅਤਿ ਪਿਆਰਾ ਬਹੁਤ ਬਿਮਾਰ ਹੈ, ਦੁਖੀ ਹੈ; ਤਾਂ ਕੱਲ੍ਹ ਨੂੰ ਉਸ ਦੇ ਠੀਕ ਹੋਣ ਦੀ ਆਸ ਵੀ ਤਾਂ ਹੈ। ਇਸੇ ਲਈ ਆਉਣ ਵਾਲਾ ਕੱਲ੍ਹ ਆਸਾਂ ਦਾ ਸਹਾਰਾ ਬਣਦਾ ਹੈ।

ਜੇ ਅੱਜ ਦੀ ਦਹਿਲੀਜ਼ 'ਤੇ ਕੋਈ ਸੁਹਾਗਣ ਆਪਣਾ ਚੂੜਾ ਭੰਨਦੀ ਹੈ ਤਾਂ ਉਸ ਨੂੰ ਹਿੰਮਤ ਦੇਣ ਵਾਲੇ ਉਸ ਨੂੰ ਕੱਲ੍ਹ ਦਾ ਸਹਾਰਾ ਦਿੰਦੇ ਹਨ, "ਦੇਖ ਹੋਇਆ ਕੱਲ੍ਹ ਨੂੰ ਤੇਰਾ ਪੁੱਤਰ ਜਵਾਨ।" ਇਹ ਕਹਿ ਕੇ ਉਹ ਆਸਾਂ ਦੀ ਪਤੰਗ ਨੂੰ ਕੱਲ੍ਹ ਦੇ ਅਸਮਾਨ ਵਿਚ ਉਡਾ ਕੇ ਡੋਰੀ ਉਸ ਦੇ ਹੱਥ ਫੜਾ ਦਿੰਦੇ ਹਨ। ਇਨ੍ਹਾਂ ਉਮੀਦਾਂ ਦੇ ਸਹਾਰੇ ਉਹ ਉਠ ਖੜ੍ਹਦੀ ਹੈ ਤੇ ਉਨ੍ਹਾਂ ਯਾਦਾਂ ਦੇ ਸਹਾਰੇ ਜਿਹੜੀਆਂ ਕਦੀ ਲਾਲ ਚੂੜਾ ਪਾਉਂਦੀਆਂ ਸਨ, ਉਹ ਆਪਣਾ ਅੱਜ ਲੰਘਾਉਂਦੀ ਹੈ।

ਸਮੇਂ ਨੂੰ ਇਸੇ ਲਈ ਕਾਲ ਕਿਹਾ ਜਾਂਦਾ ਹੈ ਕਿਉਂ ਜੋ ਉਸ ਕੋਲ ਦੋ ਕੱਲ੍ਹ ਹਨ ਜੋ ਗੇੜੇ 'ਤੇ ਗੇੜਾ ਦੇ ਰਹੇ ਹਨ। ਬੰਦੇ ਨੂੰ ਅੱਗੇ ਤੁਰਨ ਲਈ ਕਿਹਾ ਜਾਂਦਾ ਹੈ, "ਦੇਖ, ਕਿੰਨਾ ਸੋਹਣਾ ਉਜਾਲਾ ਹੋ ਰਿਹਾ ਹੈ, ਸੂਰਜ ਚੜ੍ਹ ਰਿਹਾ ਹੈ" ਤੇ ਬੀਤਿਆ ਕੱਲ੍ਹ ਵੀ ਪਿੱਛੋਂ ਧੱਕਾ ਲਾਉਂਦਾ ਹੈ। ਕੱਲ੍ਹ ਜਦ ਸੂਰਜ ਡੁੱਬਿਆ ਸੀ, ਹਨੇਰਾ ਹੋਇਆ ਸੀ; ਪਰ ਰਾਤ ਕਿੰਨੀ ਸੋਹਣੀ ਸੀ, ਚੰਦ ਤੇ ਤਾਰਿਆਂ ਵਾਲੀ ਰਾਤ। ਰਾਤ ਬੀਤਦੇ ਹੀ ਸੂਰਜ ਚੜ੍ਹ ਪੈਣਾ ਹੈ। ਕਈ ਵਾਰ ਪਰਦੇਸਾਂ ਵਿਚ ਰਹਿੰਦੇ ਪੁੱਤਰਾਂ ਦੀਆਂ ਮਾਂਵਾਂ ਵਿਛੋੜੇ ਦੇ ਹੰਝੂ ਵਹਾ-ਵਹਾ ਕੇ ਭਾਵੇਂ ਨੈਣਾਂ ਦੀ ਜੋਤ ਗੁਆ ਚੁੱਕੀਆਂ ਹੋਣ, ਪਰ ਪੁੱਤਰ ਦਾ ਸਿਰ ਪਲੋਸਣ ਦੀ ਆਸ ਲੈ ਕੇ ਕਈ ਕੱਲ੍ਹ ਬਿਤਾ ਦਿੰਦੀਆਂ ਹਨ। ਹੱਥਾਂ ਵਿਚ ਡਿਗਰੀਆਂ ਫੜੀ ਨੌਜਵਾਨ ਲੜਕੇ ਲੜਕੀਆਂ ਜਦ ਰਾਤ ਨੂੰ ਅਪੋ-ਆਪਣੇ ਘਰੀਂ ਪਰਤਦੇ ਹਨ ਤਾਂ ਸੋਚਦੇ ਹਨ-ਕੱਲ੍ਹ ਜਿਹੜੀ ਇੰਟਰਵਿਊ ਹੈ, ਸ਼ਾਇਦ ਉਹ ਨੌਕਰੀ ਮਿਲ ਜਾਵੇ। ਉਹ ਇਸੇ ਸੁਨਹਿਰੇ ਕੱਲ੍ਹ ਦੀ ਉਡੀਕ ਵਿਚ ਅੱਜ ਦੀ ਨਿਰਾਸ਼ ਦੌੜ ਨੂੰ ਭੁਲਾ ਕੇ ਸੌਂਦੇ ਹਨ।

ਕੱਲ੍ਹ ਇਹ ਹੋਇਆ ਸੀ, ਕੱਲ੍ਹ ਉਹ ਹੋਇਆ ਸੀ, ਕੱਲ੍ਹ ਨੂੰ ਸ਼ਾਇਦ ਇਸ ਤਰ੍ਹਾਂ ਹੋ ਜਾਵੇਗਾ! ਇਉਂ ਸਾਡੀ ਜ਼ਿੰਦਗੀ ਕੱਲ੍ਹ ਨਾਲ ਹੀ ਚਿੰਬੜੀ ਰਹਿੰਦੀ ਹੈ। ਕੱਲ੍ਹ ਦੀ ਕਿਸੇ ਦੀ ਪਲ ਛਿਣ ਦੀ ਮਿਲਣੀ ਕਈ ਵਾਰ ਇੰਨੀ ਮਿੱਠੀ ਹੋ ਨਿਬੜਦੀ ਹੈ ਕਿ ਸਿਦਕੀ ਜਿਉੜੇ ਆਉਣ ਵਾਲੇ ਜੀਵਨ ਦੇ ਸਾਰੇ ਕੱਲ੍ਹ ਉਸ ਕੱਲ੍ਹ ਦੇ ਸਹਾਰੇ ਕੱਟ ਲੈਂਦੇ ਹਨ।

ਆਪਣੇ ਉਜਲੇ ਕੱਲ੍ਹ ਦੇ ਚਾਨਣ ਦੇ ਸਹਾਰੇ ਕੌਮਾਂ ਆਪਣੇ-ਆਪ ਨੂੰ ਜਿਉਂਦਾ ਰੱਖ ਲੈਂਦੀਆਂ ਹਨ। ਅਸੀਂ ਗੁਰਦੁਆਰੇ ਜਾ ਕੇ ਆਪਣੇ ਕੱਲ੍ਹ ਦੀਆਂ ਚਾਨਣੀਆਂ, ਉਤਸ਼ਾਹ ਵਧਾਉਣ ਵਾਲੀਆਂ ਕਥਾਵਾਂ ਸੁਣਦੇ ਹਾਂ। ਉਤਸ਼ਾਹਿਤ ਹੋ ਕੇ ਅਸੀਂ ਆਪਣੇ-ਆਪ ਨੂੰ ਉਸ ਤਰ੍ਹਾਂ ਦਾ ਬਣਾਉਣਾ ਚਾਹੁੰਦੇ ਹਾਂ, "ਅਸੀਂ ਭੀ ਕੱਲ੍ਹ ਨੂੰ ਇਸ ਤਰ੍ਹਾਂ ਦੇ ਬਣ ਕੇ ਦਿਖਾਵਾਂਗੇ।" ਕੱਲ੍ਹ ਦੀ ਗਲਤੀ ਜੇ ਅਸੀਂ ਅੱਜ ਸਮਝ ਜਾਂਦੇ ਹਾਂ ਤਾਂ ਕੱਲ੍ਹ ਲਈ ਤਿਆਰ ਹੋ ਜਾਂਦੇ ਹਾਂ।

ਜਦੋਂ ਮਾਤਾ ਗੁਜਰੀ ਆਪਣੇ ਪੋਤਰਿਆਂ ਨੂੰ ਆਪਣੇ ਕੱਲ੍ਹ ਦੀ ਗੱਲ ਸੁਣਾਉਂਦੇ ਹਨ ਕਿ ਬੱਚਿਓ! ਤੁਹਾਡੇ ਬਾਬਾ ਜੀ ਹਿੰਦੂ ਧਰਮ ਨੂੰ ਬਚਾਉਣ ਲਈ ਸ਼ਹੀਦ ਹੋਏ। ਅੱਗੇ ਦੱਸਦੇ ਹਨ ਕਿ ਅੱਜ ਤੁਹਾਡੇ ਪਿਤਾ ਜੋ ਜੰਗ ਲੜ ਰਹੇ ਹਨ, ਉਹ ਇਸ ਲਈ ਕਿ ਸਿੱਖ ਧਰਮ ਅਤੇ ਦੇਸ਼ ਨੂੰ ਕੋਈ ਆਂਚ ਨਾ ਆਵੇ। ਇਹ ਸੁਣ ਕੇ ਉਹ ਨਿੱਕੇ-ਨਿੱਕੇ ਬਾਲ ਬੋਲੇ ਸਨ-ਮਾਂ, ਫਿਕਰ ਨਾ ਕਰੋ। ਲੋੜ ਪੈਣ 'ਤੇ ਕੱਲ੍ਹ ਨੂੰ ਅਸੀਂ ਵੀ ਜੰਗ ਵਿਚ ਜਾਵਾਂਗੇ।...ਤੇ ਉਹ ਗਏ ਵੀ। ਅੱਜ ਉਨ੍ਹਾਂ ਬਹਾਦਰ ਬੱਚਿਆਂ ਦੇ ਸਾਕੇ-ਸਾਕਾ ਚਮਕੌਰ ਤੇ ਸਾਕਾ ਸਰਹਿੰਦ ਪੂਰੀ ਦੁਨੀਆਂ ਵਿਚ ਲਾਸਾਨੀ ਬਹਾਦਰੀ ਦੀ ਮਿਸਾਲ ਹੈ। ਸਿੱਖ ਇਤਿਹਾਸ ਦਾ ਇਹ ਕੱਲ੍ਹ ਆਉਣ ਵਾਲੇ ਯੁੱਗਾਂ ਦੇ ਕੱਲ੍ਹ ਨੂੰ ਬਹਾਦਰੀ ਤੇ ਨਿਰਭੈਤਾ ਦਾ ਪਾਠ ਪੜ੍ਹਾਉਂਦਾ ਰਹੇਗਾ।

ਹਰ ਮਨੁੱਖ ਦੇ ਬੀਤੇ ਕੱਲ੍ਹ ਵਿਚ ਕੋਈ ਨਾ ਕੋਈ ਪਲ ਇਹੋ ਜਿਹਾ ਹੁੰਦਾ ਹੈ ਜੋ ਉਸ ਨੂੰ ਆਪਣੀਆਂ ਯਾਦਾਂ ਦੇ ਝਰੋਖੇ 'ਚੋਂ ਚਮਕਦਾ ਨਜ਼ਰ ਆ ਜਾਂਦਾ ਹੈ। ਚਮਕ ਭਾਵੇਂ ਦੀਪਕ ਦੀ ਹੋਵੇ ਜਾਂ ਟਿਮਟਮਾਉਂਦੇ ਜੁਗਨੂੰ ਦੀ, ਉਹ ਕੁਝ ਪਲ ਛਿਣ ਲਈ ਸੁੱਕੇ ਬੁੱਲ੍ਹਾਂ 'ਤੇ ਤਰਲਤਾ ਲੈ ਹੀ ਆਉਂਦੀ ਹੈ। ਅੱਜ ਦੇ ਆਕਾਸ਼ 'ਤੇ ਭਾਵੇਂ ਕਿੰਨੇ ਵੀ ਕਾਲੇ ਬੱਦਲ ਹੋਣ, ਗਮਾਂ ਦੀਆਂ ਘਟਾਵਾਂ ਕਿੰਨੀਆਂ ਵੀ ਡਰਾਉਣੀਆਂ ਹੋਣ, ਹਵਾ ਦੀ ਰਵਾਨੀ ਨਾਲ ਬੱਦਲ ਹਟਣ ਦੇ ਆਸਾਰ ਨਜ਼ਰ ਆ ਜਾਂਦੇ ਹਨ ਤੇ ਕੱਲ੍ਹ ਨੂੰ ਸੂਰਜ ਚਮਕਣ ਦੀ ਆਸ ਹੋ ਜਾਂਦੀ ਹੈ। ਸਾਡਾ ਜੀਵਨ ਹੀ ਇਸ ਤਰ੍ਹਾਂ ਦਾ ਹੈ ਕਿ ਭਾਵੇਂ ਕਿਸੇ ਭੰਵਰ ਵਿਚ ਫਸ ਹੋਈਏ, ਅਸੀਂ ਆਪਣੇ ਕੱਲ੍ਹ 'ਚੋਂ ਕੋਈ ਨਾ ਕੋਈ ਬਾਂਹ ਆਪ ਹੀ ਭਾਲ ਲੈਂਦੇ ਹਾਂ, ਜੋ ਡੁੱਬਦਿਆਂ ਨੂੰ ਬਾਹਰ ਕੱਢ ਲੈਂਦੀ ਹੈ।

ਜਿਹੜੇ ਅੱਜ ਦੇ ਹਨੇਰਿਆਂ 'ਚੋਂ ਕੱਲ੍ਹ ਦਾ ਚਾਨਣ ਨਹੀਂ ਭਾਲ ਸਕਦੇ, ਅੱਜ ਡੁੱਬਦੇ ਹੋਏ ਕੱਲ੍ਹ ਦੀ ਬੁੱਕਲ 'ਚੋਂ ਕੋਈ ਬਾਂਹ ਨਹੀਂ ਫੜ ਸਕਦੇ, ਉਹ ਕੱਲ੍ਹ ਦਾ ਉਗਣ ਵਾਲਾ ਸੂਰਜ ਵੀ ਨਹੀਂ ਦੇਖ ਸਕਦੇ। ਉਹ ਕਮਜ਼ੋਰ ਹੁੰਦੇ ਹਨ। ਉਨ੍ਹਾਂ ਨੂੰ ਅੱਜ ਦੇ ਚਾਨਣ ਵਿਚ ਖੜ੍ਹਿਆਂ ਨੂੰ ਵੀ ਹਨੇਰਾ ਦਿਸਦਾ ਹੈ। ਉਨ੍ਹਾਂ ਦਾ ਕੱਲ੍ਹ ਵੀ ਉਨ੍ਹਾਂ ਲਈ ਹਨੇਰਾ ਸੀ। ਜਿਹੜੇ ਲੋਕ ਬੀਤੇ ਕੱਲ੍ਹ 'ਚੋਂ ਕੋਈ ਰੋਸ਼ਨੀ ਦੀ ਲਕੀਰ, ਉਮੀਦ ਦੀ ਕਿਰਨ ਲੱਭ ਲੈਂਦੇ ਹਨ, ਉਹ ਆਉਣ ਵਾਲੇ ਕੱਲ੍ਹ ਦੇ ਚਾਨਣ ਮੁਨਾਰੇ ਬਣ ਜਾਂਦੇ ਹਨ।

ਸਮੇਂ ਨੂੰ ਬਲਵਾਨ ਕਿਹਾ ਜਾਂਦਾ ਹੈ। ਇਸ ਨੂੰ ਕੋਈ ਫੜ ਨਹੀਂ ਸਕਦਾ। ਇਹ ਕਦੀ ਰੁਕਦਾ ਨਹੀਂ। ਇਸ ਨੂੰ ਕਦੀ ਅਸੀਂ ਉਲਟਾ ਗੇੜਾ ਨਹੀਂ ਦੇ ਸਕਦੇ। ਸਾਡੇ ਮਨ ਦੀ ਸ਼ਕਤੀ ਹੀ ਹੈ ਜੋ ਆਪਣੀ ਸੋਚ ਦੀ ਸਕਰੀਨ 'ਤੇ ਬੀਤੇ ਸਮੇਂ ਦੀ ਕਾਰਗੁਜ਼ਾਰੀ ਮੁੜ ਸਾਡੀਆਂ ਅੰਦਰਲੀਆਂ ਅੱਖਾਂ ਨੂੰ ਦਿਖਾ ਸਕਦੀ ਹੈ। ਇਹ ਸ਼ਕਤੀ ਹੀ ਸਾਡੇ ਕੱਲ੍ਹ ਦੀਆਂ ਅਮੀਰੀਆਂ ਅਤੇ ਕਮਜ਼ੋਰੀਆਂ ਦਾ ਲੇਖਾ-ਜੋਖਾ ਕਰ ਕੇ ਆਉਣ ਵਾਲੇ ਕੱਲ੍ਹ ਦੇ ਸੁਪਨੇ ਸਜਾ ਕੇ ਸਾਨੂੰ ਤੋਰਦੀ ਹੈ। ਇਨ੍ਹਾਂ ਦੋਹਾਂ ਭੂਤ ਤੇ ਭਵਿੱਖ ਦੇ ਕੱਲ੍ਹ ਨਾਲ ਨਜਿੱਠਣ ਲਈ ਜ਼ਰੂਰੀ ਹੈ ਕਿ ਸਾਡੇ ਪੈਰ ਅੱਜ ਦੇ ਧਰਾਤਲ 'ਤੇ ਮਜ਼ਬੂਤੀ ਨਾਲ ਟਿੱਕੇ ਹੋਏ ਹੋਣ।

ਜਿਹੜੀਆਂ ਕੌਮਾਂ ਨੇ ਆਪਣੇ ਬੀਤੇ ਕੱਲ੍ਹ ਨੂੰ ਭੁਲਾਇਆ ਨਹੀਂ, ਭਾਵੇਂ ਕਿਹੋ ਜਿਹਾ ਵੀ ਹੋਵੇ, ਅੱਜ ਦੀ ਧਰਤੀ ਵਿਚ ਆਪਣੀਆਂ ਜੜ੍ਹਾਂ ਗੱਡੀਆਂ ਹੋਈਆਂ ਹਨ। ਉਨ੍ਹਾਂ ਕੌਮਾਂ ਨੇ ਹੀ ਕੱਲ੍ਹ ਦੇ ਸੂਰਜ ਨੂੰ 'ਜੀ ਆਇਆਂ' ਕਹਿਣਾ ਹੈ, ਜਾਂ ਇਸ ਤਰ੍ਹਾਂ ਕਹਿ ਲਵੋ ਕਿ ਜਿਨ੍ਹਾਂ ਨੇ ਅੱਜ ਦੀ ਧਰਤੀ 'ਤੇ ਪੈਰ ਟਿਕਾਇਆ ਹੋਇਆ ਹੈ ਅਤੇ ਆਪਣੇ ਬੀਤੇ ਕੱਲ੍ਹ ਨੂੰ ਨਾਲ ਉਂਗਲੀ ਲਾ ਕੇ ਅਗਲਾ ਕਦਮ ਪੁੱਟ ਕੇ ਕੱਲ੍ਹ ਵੱਲ ਜਾ ਰਹੇ ਹਨ, ਉਨ੍ਹਾਂ ਲਈ ਇਹ ਬੋਲ ਆਪ ਮੁਹਾਰੇ ਨਿਕਲਦੇ ਹਨ:

ਤੂੰ ਹੀ ਨਿਸ਼ਾਨੀ ਜੀਤ ਕੀ,
ਆਜ ਤੂੰ ਹੀ ਜਗ ਬੀਰ।

## ਐ ਸੱਚ

ਸੱਚ ਤੂੰ ਕਿਉਂ ਡਰਦਾ ਹੈਂ
ਝੂਠ ਦੇ ਝੱਖੜਾਂ ਤੋਂ
ਫਰੇਬਾਂ ਦੇ ਰੱਫੜਾਂ ਤੋਂ
ਲਾਲਚੀ ਸੱਪਾਂ ਤੋਂ?

ਸੱਚ ਤੂੰ ਕਿਉਂ ਡਰਦਾ ਹੈਂ
ਪਾਖੰਡ ਦੀ ਦਲਦਲ ਤੋਂ
ਕਰਮਕਾਂਡਾਂ ਦੇ ਚਿੱਕੜ ਤੋਂ
ਰੀਤਾਂ-ਰਸਮਾਂ ਦੇ ਗੰਦੇ ਛੱਪੜ ਤੋਂ?

ਸੱਚ ਤੂੰ ਕਿਉਂ ਡਰਦਾ ਹੈਂ
ਰਾਜਨੀਤਕ ਛੜਯੰਤਰਾਂ ਤੋਂ
ਧਰਮ ਦੇ ਠੇਕੇਦਾਰਾਂ ਤੋਂ
ਪੀਲੇ ਪੱਤਰਕਾਰਾਂ ਤੋਂ?

ਸੱਚ ਤੂੰ ਕਿਉਂ ਡਰਦਾ ਹੈਂ
ਸਰਮਾਏਦਾਰਾਂ ਦੀ ਟੋਲੀ ਤੋਂ
ਝੋਲੀ ਚੁੱਕਾਂ ਦੀ ਬੋਲੀ ਤੋਂ
ਨਸ਼ਿਆਂ ਦੇ ਵਪਾਰੀਆਂ ਤੋਂ?
ਸੱਚ ਤੂੰ ਕਿਉਂ ਡਰਦਾ ਹੈਂ?

ਐ ਸੱਚ
ਤੂੰ ਅਟੱਲ ਹੈਂ
ਤੂੰ ਸੁਲਤਾਨ ਹੈਂ
ਤੂੰ ਅਮਰ ਹੈਂ
ਤੂੰ ਅਡੋਲ ਹੈਂ
ਤੇਰੀ ਆਪਣੀ ਸ਼ਕਤੀ ਹੈ
ਤੇਰੀ ਆਪਣੀ ਭਗਤੀ ਹੈ
ਸੱਚ ਤੂੰ ਪਰਵਾਨ ਹੈਂ
ਤੇਰੀ ਆਪਣੀ ਵੱਖਰੀ ਪਛਾਣ ਹੈ।

-ਰਾਜਿੰਦਰ ਸਿੰਘ ਖਹਿਰਾ

# ਭਾਰ

*(ਪਿਛਲੇ ਸਫੇ ਦੀ ਬਾਕੀ)*

ਦੀ ਟਾਡਾ ਆਲੀ ਜੇਲ੍ਹ ਵਿਚ ਫਕੀਰੀਆ ਇਹੀ ਪਾਕ ਆਲੇ ਪੈਰ ਬੰਨ੍ਹ ਕੇ ਲੰਮਾ ਸਮਾਂ ਮੁੰਡਿਆਂ ਦੇ ਪੈਰਾਂ 'ਤੇ ਰਗੜਦਾ ਹੁੰਦਾ ਸੀ।" ਉਹਨੇ ਸਾਹ ਲੈ ਕੇ ਕਿਹਾ।

"ਫੇਰ। ਅੱਗੇ ਕੀ ਹੋਇਆ?" ਮੈਂ ਦਿਲਚਸਪੀ ਵਖਾਈ।

"ਦੱਸਦਾਂ।" ਉਹਨੇ ਲੰਮੇ ਸਾਹ ਲਏ।

"ਹੋਇਆ ਭਾਅ ਏਦਾਂ, ਪਈ ਸਾਨੂੰ, ਮੈਨੂੰ ਤੇ ਮੇਰੀ ਚੌਂਕੀ ਦੇ ਸਾਥੀਆਂ ਨੂੰ ਪਤਾ ਲੱਗਾ ਕਿ ਬਟਾਲੇ ਫਤਿਹਗੜ੍ਹ ਚੂੜੀਆਂ ਆਲੀ ਰੋਡ 'ਤੇ ਮੀਲ ਕੁ ਹਟ ਕੇ ਜਿਹੜਾ ਬਾਜਵਾ ਟਰਾਂਸਪੋਰਟਰ ਇਆ, ਉਹਦੇ ਕੋਲ ਬਾਬਾ ਬਿਜਲਵਾਲ ਮਰਨ ਤੋਂ ਪਹਿਲਾਂ ਸੱਤਰ ਕੁ ਲੱਖ ਰੁਪਈਆ ਛੱਡ ਗਿਐ। ਉਦੋਂ ਮੇਰੀ

ਡਿਊਟੀ ਅਚਲ ਬਟਾਲੇ ਤੋਂ ਪਹਿਲਾਂ ਸੜਕ ਆਲੀ ਚੌਂਕੀ ਵਿਚ ਸੀਗੀ। ਅਸੀਂ, ਮੈਂ ਤੇ ਛੋਟੇ ਥਾਣੇਦਾਰ ਗੁਰਮੁਖ ਤੇ ਸਾਡੀ ਜੁੰਡੀ ਦੇ ਦੋ ਸ਼ਪਾਹੀ, ਤਿਲਕੂ ਤੇ ਰਾਮ ਸਿੰਘ ਨੇ ਰਾਤ ਨੂੰ ਉਸ ਬਾਜਵੇ ਨਾਲ ਲੇਖਾ ਕਰਨ ਦੀ ਸਲਾਹ ਬਣਾਈ। ਮੁਖ਼ਬਰ ਨੇ ਦੱਸਿਆ ਸੀ ਪਈ ਪੈਸਾ ਉਹਦੇ ਘਰ 'ਚ ਹੀ ਹੈ, ਅਜੇ ਕਿਸੇ ਲੇਖੇ ਨਹੀਂ ਲੱਗਾ। ਅਸੀਂ ਬਟਾਲੇ ਆਲੇ ਐਸ.ਐਸ.ਪੀ. ਨੂੰ ਗੱਲ ਖੋਲ੍ਹ ਦਿੱਤੀ ਤੇ ਹਿੱਸਾਪੱਤੀ ਮੰਨ ਕੇ ਅੱਧੀ ਰਾਤ ਨੂੰ ਜਾ ਬਾਜਵੇ ਦਾ ਬੂਹਾ ਭੰਨਿਆ। ਪਹਿਲਾਂ ਉਹ ਖੋਲ੍ਹੇ ਨਾ, ਅਸੀਂ ਪੰਜ ਛੇ ਹੋਮਗਾਰਡੀਏ ਪਿਛਲੀ ਕੰਧ ਵੱਲ ਖੜ੍ਹੇ ਕੀਤੇ ਹੋਏ ਸਨ ਕਿ ਉਧਰੋਂ ਕੋਈ ਨਾ ਭੱਜੇ। ਇਧਰੋਂ ਅਸੀਂ ਚਾਰਾਂ ਬੂਹੇ ਭੰਨ ਕੇ ਖੁਲ੍ਹਵਾ ਲਏ। ਘਰ ਸਿਰਫ ਉਹ ਟਰਾਂਸਪੋਰਟਰ, ਉਹਦੀ ਬੀਵੀ ਤੇ ਉਨ੍ਹਾਂ ਦੀ ਇਕ ਦੋ ਢਾਈ ਸਾਲ ਦੀ ਬਾਲੜੀ ਹੀ ਸਨ। ਬਾਕੀ ਟੱਬਰ ਸ਼ਾਇਦ ਦੂਸਰੇ ਘਰ ਹੋਏਗਾ, ਮੈਨੂੰ ਪਤਾ ਨਹੀਂ।"

"ਲੈ ਬਈ ਮਾਸਟਰਾ। ਕੋਈ ਪੱਕੀ ਹੱਡੀ ਵੇਖੀ ਤੇ ਉਹ ਬਾਜਵਾ ਸਾਈ। ਅਸੀਂ ਉਸ ਉਜਾੜ ਘਰ ਤੇ ਉਜਾੜ ਆਸ-ਪਾਸ ਵਿਚ ਬਗੈਰ ਚੀਕਾਂ ਦੀ ਪਰਵਾਹ ਕੀਤੀਆਂ ਉਹਦੇ ਸਾਰੇ ਹੱਡ ਤੋੜੇ ਪਰ ਉਹਨੇ ਪੈਸੇ ਦੀ ਹਵਾ ਨਹੀਂ ਦਿੱਤੀ। ਹਾਰ ਕੇ ਉਹਦੀ ਵਹੁਟੀ ਮਾਰੀ। ਉਹ ਤੇ ਸਗੋਂ ਹੋਰ ਸ਼ੇਰ ਹੋ ਗਿਆ। ਕਹਿੰਦਾ, ਹੁਣ ਤੇ ਮੇਰਾ ਥਣ ਫੜ ਲਓ। ਮੈਂ ਕੁਝ ਨਹੀਂ ਦਵਾਲ। ਜੀਹਦੇ ਲਈ ਭੱਜਾ ਫਿਰਦਾ ਸਾਂ, ਉਹ ਤੇ ਤੁਸੀਂ ਮਾਰ ਘੱਤੀ। ਉਹ ਤੇ ਮਾਸਟਰਾ, ਸਾਨੂੰ ਗਾਲ੍ਹਾਂ ਕੱਢੀ ਜਾਏ।" ਉਹਨੇ ਸਾਹ ਲਿਆ।

"ਲੈ ਬਈ ਮਾਸਟਰਾ। ਉਹਦੀਆਂ ਗਾਲ੍ਹਾਂ ਨਾਲ ਮੇਰੇ ਸਿਰ ਨੂੰ ਪਤਾ ਨਹੀਂ ਕੀ ਘੇਰਨੀ ਚੜ੍ਹੀ? ਮੈਂ ਉਹਦੀ ਉਹ ਦੋ-ਢਾਈ ਸਾਲ ਦੀ ਬਾਲੜੀ ਉਹਦੇ ਸਾਹਮਣੇ ਹੀ ਲੱਤਾਂ ਤੋਂ ਫੜੀ ਤੇ ਗੁੱਸੇ 'ਚ ਜ਼ੋਰ ਦੀ ਜ਼ਮੀਨ 'ਤੇ ਮਾਰੀ। ਜਿੱਦਾਂ ਕੱਪੜਾ ਧੋਣ ਲਗਿਆਂ ਮਾਰੀਦੈ ਨਾ ਜ਼ਮੀਨ 'ਤੇ ਏਦਾਂ ਮਾਰੀ। ਉਹਨੇ ਬਾਲੜੀ ਨੇ ਮੇਰੇ ਹੱਥਾਂ 'ਚ ਆਖਰੀ ਵਾਰ ਝੂਲਦਿਆਂ ਨਜ਼ਰ ਭਰ ਕੇ ਮੇਰੇ ਵੱਲ ਵੇਖਿਆ, ਤੇ...ਤੇ ਸਕਿੰਟ ਕੁ ਬਾਅਦ ਉਹਦਾ ਖਖੜੀਆਂ ਹੋਇਆ ਸਿਰ ਦੋ ਟੋਟਿਆਂ ਵਿਚ ਖਿਲਰ ਗਿਆ।"

ਮੈਂ ਸੁਣ ਕੇ ਸੁੰਨ ਹੋ ਗਿਆ। ਕਿੰਨੀ ਦੇਰ ਜੱਸਾ ਵੀ ਚੁੱਪ ਰਿਹਾ। ਉਹ ਮੇਰੇ ਮੂੰਹ ਵੱਲ ਵੇਖੀ ਗਿਆ। ਹਾਰ ਕੇ ਉਹਨੇ ਕਿਹਾ, "ਮੈਨੂੰ ਪਤਾ ਸੀ, ਤੂੰ ਸੁਣ ਕੇ ਸੁੰਨ ਹੋ ਜਾਣੈ। ਕਹੇਂ ਤਾਂ ਅੱਗੋਂ ਦੱਸਾਂ?"

"ਪਰ ...ਪਰ ਇਹਦੇ ਪਿਉ ਦਾ ਕੀ ਬਣਿਆ?" ਮੈਂ ਏਨਾ ਹੀ ਕਹਿ ਸਕਿਆ।

"ਉਹ ਤੇ ਉਸ ਬਾਲੜੀ ਦੀ ਮੌਤ ਵੇਖ ਕੇ ਬੇਹੋਸ਼ ਹੋ ਗਿਆ। ਹਾਰ ਕੇ ਗੁਰਮੁਖ ਨੇ ਗੋਲੀ ਮਾਰ ਕੇ ਉਥੇ ਹੀ ਉਹਨੂੰ ਮਾਰ ਦਿੱਤਾ। ਤੇ ਅਸੀਂ ਸਾਰੇ ਖਾਲੀ ਹੱਥ ਉਥੋਂ ਆ ਗਏ। ਐਸ.ਐਸ.ਪੀ. ਨੂੰ ਆ ਕੇ ਅਸੀਂ ਰਿਪੋਰਟ ਕਰ ਦਿੱਤੀ। ਸਵੇਰੇ ਉਹਨੇ ਪੱਤਰਕਾਰਾਂ ਨੂੰ ਸੱਦ ਕੇ ਇਹਨੂੰ ਖਾੜਕੂਆਂ ਦੀ ਆਪਸੀ ਲੜਾਈ ਕਹਿ ਦਿੱਤਾ।

"ਫੇਰ?"

"ਫੇਰ ਕੀ ਭਾਅ? ਅਸੀਂ ਭੁੱਲ-ਭੁਲਾ ਗਏ। ਪਰ ਹਫ਼ਤੇ ਕੁ ਬਾਅਦ ਹੀ ਨਾ, ਰੋਜ਼ ਰਾਤ ਜਦ ਮੈਂ

ਸ਼ਰਾਬ ਨਾਲ ਲੇਹੜ ਕੇ ਸੌਂਵਾਂ, ਕਿ ਬਸ ਰਾਤ ਨੂੰ ਇਕ-ਡੇਢ ਵਜੇ ਰੋਜ਼ ਕੋਈ ਮੈਨੂੰ ਡਰਾ ਕੇ ਜਗਾ ਦੇਵੇ। ਅੱਖਾਂ ਬੰਦ ਕਰਾਂ, ਤਾਂ ਵੀ ਦਿਖੇ ਤੇ ਅੱਖਾਂ ਖੋਲ੍ਹਾਂ ਤਾਂ ਵੀ ਦਿਖੇ।' ਉਸ ਕਿਹਾ।

"ਕੀ ਦਿਖੇ?" ਮੈਂ ਪੁੱਛਿਆ

"ਬਸ ਭਾਅ। ਉਹ ਦੋ-ਢਾਈ ਕੁ ਸਾਲ ਦੀ ਬਾਲੜੀ ਦਿਖੀ ਜਾਏ। ਇਕ ਹੱਥ 'ਚ ਉਹਦੇ ਖਾਕੀ ਵਰਦੀ ਹੋਇਆ ਕਰੇ ਤੇ ਦੂਸਰੇ ਵਿਚ ਕਿਸੇ ਟੁੱਟੇ ਤੇ ਫਿੱਸੇ ਹੋਏ ਸਿਰ ਦੇ ਹਿੱਸੇ ਹੋਣ। ਰੋਜ਼ ਮੈਂ ਡਰ ਕੇ ਉਠ ਜਾਵਾਂ। ਰਾਤ ਨੀਂਦ ਨਾ ਪਵੇ। ਸਵੇਰੇ ਚੈਨ ਨਾ ਆਵੇ। ਮੈਂ ਅੱਧ ਪਾਗਲ ਜਿਹਾ ਹੋ ਗਿਆ। ਅੰਬਰਸਰ ਵਾਲੇ ਵੀ ਤੇ ਤਰਨਤਾਰਨ ਵਾਲੇ ਵੀ, ਐਸ.ਪੀ. ਕਹਿਣ, ਕੀ ਹੋ ਗਿਐ ਤੇਰੇ ਚਿਹਰੇ ਨੂੰ? ਜੇ ਬਟਾਲਾ ਨਹੀਂ ਮਾਫਕ ਤਾਂ ਸਾਡੇ ਕੋਲ ਆ ਜਾਹ। ਪਰ ਮੈਂ ਉਨ੍ਹਾਂ ਨੂੰ ਕੀ ਦੱਸਦਾ? ਮੈਂ ਸ਼ਰਾਬ ਬਹੁਤ ਵਧਾ ਦਿੱਤੀ, ਪਰ ਚੈਨ ਕਿਥੇ? ਹਾਰ ਕੇ ਮੈਂ ਚਾਟੀਵਿੰਡ ਆਲੇ ਪੀਰ ਗਾਲੜ੍ਹ ਸ਼ਾਹ ਕੋਲ ਗਿਆ। ਉਹਨੇ ਮੈਨੂੰ ਬਿਨਾਂ ਕੁਝ ਪੁਛੇ ਕਹਿ ਦਿੱਤਾ ਕਿ ਕੋਈ ਕੰਨਿਆ ਤੇਰੀ ਮੌਤ ਲਿਆ ਰਹੀ ਹੈ। ਮੈਂ ਦਿਲ 'ਚ ਉਹਨੂੰ ਲੱਖ ਗਾਲ੍ਹ ਕੱਢੀ ਤੇ ਆ ਗਿਆ। ਬਈ ਭੜੂਵਿਆ। ਮੌਤ ਮੈਨੂੰ ਕੀ ਕਰੇਗੀ? ਮੈਨੂੰ ਨੀਂਦ ਤੇ ਦੇਹ ਇਕ ਰਾਤ।" ਉਹ ਰੁਕ ਗਿਆ।

"ਫੇਰ ਤੂੰ ਕੀ ਕੀਤਾ?" ਮੈਂ ਗੱਲਬਾਤ ਰੁਕਣ ਨਹੀਂ ਦੇਣਾ ਚਾਹੁੰਦਾ ਸਾਂ। ਮੇਰੇ ਲਈ ਇਹ ਅਸਲੋਂ ਹੀ ਅੱਲੋਕਾਰ ਗੱਲਾਂ ਸਨ। ਜੀਵਨ ਦੇ ਏਨੇ ਭਿਆਨਕ ਰੰਗ ਵੇਖ ਕੇ ਵੀ ਮੈਨੂੰ ਇਹ ਗੱਲਾਂ ਤੇ ਜੱਸੇ ਦਾ ਇਹ ਵਰਤਾਰਾ ਜਿਵੇਂ ਸੁੰਨ ਕਰ ਰਿਹਾ ਸੀ।

"ਫੇਰ ਕੀ ਭਾਅ ਵੱਡਿਆ?" ਮੈਂ ਸੋਚਿਆ, ਪਈ ਉਹ ਸ਼ਾਇਦ ਮੈਨੂੰ ਪੁਲਿਸ ਦੀ ਵਰਦੀ ਵਖਾ ਕੇ ਮੈਥੋਂ ਕੋਈ ਕੁਰਬਾਨੀ ਮੰਗਦੀ ਏ। ਮਰਦਾ ਕੀ ਨਾ ਕਰਦਾ? ਮੇਰਾ ਡਮਾਗ ਤੇ ਹਿੱਲ ਚੁੱਕਾ ਸੀ। ਰੋਜ਼ ਰਾਤ ਨੂੰ ਮੈਂ ਸਾਦੇ ਕੱਪੜੇ ਪਾ ਕੇ ਜਾਣਾ ਤੇ ਜਿੰਨੇ ਕੁ ਵੀ ਵਾਕਫ਼ ਪੁਲਸੀਆਂ ਦੇ ਘਰ ਸਨ, ਚਾਹੇ ਉਹ ਹੋਮਗਾਰਡੀਆ ਵੀ ਹੋਵੇ, ਉਨ੍ਹਾਂ ਵੱਲ ਜਾ ਕੇ ਤਾੜ ਰੱਖਣੀ। ਜਦੋਂ ਦਾਅ ਲੱਗਣਾ, ਕੋਈ ਨਾ ਕੋਈ ਸਿਪਾਹੀ, ਕੋਈ ਹੋਮਗਾਰਡੀਆ, ਜਾਂ ਛੋਟਾ ਥਾਣੇਦਾਰ ਮਾਰ ਕੇ ਸੁੱਟ ਆਉਣਾ। ਤੇ ਸੱਚ ਜਾਣੀਂ। ਇਕ ਦੋ ਦਿਨ ਉਸ ਕੁੜੀ ਦੇ ਭੂਤ ਨੇ ਨਾ ਆਉਣਾ। ਪਰ ਤੀਸਰੇ ਕੁ ਦਿਨ ਫੇਰ ਉਸੇ ਬਾਲੜੀ ਨੇ ਆ ਵਖਾਲੀ ਦੇਣੀ। ਅੰਤ ਮੈਂ ਗੈਰ-ਹਾਜ਼ਰ ਹੋਣ ਲਗ ਪਿਆ ਤੇ ਪਾਗਲਾਂ ਵਾਂਗ ਇਕ ਜ਼ਿਲੇ ਤੋਂ ਦੂਜੇ ਜ਼ਿਲੇ ਵਿਚ ਭਟਕਣ ਲੱਗ ਪਿਆ।" ਉਸ ਕਿਹਾ।

ਮੈਂ ਚੁੱਪ ਸਾਂ। ਉਸ ਆਪੇ ਫਿਰ ਗੱਲ ਛੋਹੀ।

"ਮੇਰਾ ਭਾਅ। ਪਾਗਲਪਣ ਬਹੁਤ ਵਧ ਗਿਆ ਸੀ। ਵਾਕਫੀ ਮੇਰੀ ਬੜੀ ਸੀ। ਮੈਂ ਪਤਾ ਕਰਨਾ ਕਿ ਕਿਹੜਾ ਸਿਪਾਹੀ ਕਿਸ ਥਾਣੇ ਤੋਂ ਰੋਜ਼ ਘਰ ਜਾਂਦੈ। ਜਾਂ ਕਿਹੜਾ ਛੁੱਟੀ 'ਤੇ ਚੱਲ ਰਿਹਾ ਹੈ? ਮੈਂ ਜਿਥੇ ਦਾਅ ਲੱਗਣਾ, ਮਾਰੀ ਟੁਰੀ ਜਾਣੇ। ਹਾਲਤ ਇਹ ਹੋ ਗਈ ਕਿ ਮੈਂ ਆਪਣੇ ਵਰ੍ਹਿਆਂ ਦੇ ਸਾਥੀ ਤਿਲਕੂ ਤੇ ਗੁਰਮੁਖ ਵੀ ਮਾਰ ਸੁੱਟੇ। ਰਾਮ ਸੂੰਹ ਬਚ ਗਿਆ ਸੀ। ਮਾਅਰ ਪੁਲਿਸ 'ਚ ਤੇ ਰੌਲਾ ਪੈ ਗਿਆ ਕਿ ਕੌਣ ਸਾਡੇ ਜਵਾਨ ਏਦਾਂ ਗੁਪਤ ਰੂਪ ਵਿਚ ਮਾਰੀ ਜਾ ਰਿਹੈ?"

"ਪਰ ਭਾਅ। ਤੂੰ ਫੜਿਆ ਨਾ ਗਿਆ?" ਮੈਂ ਕਿਹਾ।

"ਫੜਿਆ ਮੈਂ ਟੱਟੂ ਜਾਣਾ ਸੀ? ਮੇਰੇ 'ਤੇ ਤਾਂ ਕਿਸੇ ਨੂੰ ਸ਼ੱਕ ਵੀ ਨਹੀਂ ਸੀ ਹੁੰਦਾ। ਸਵੇਰੇ ਮੈਂ ਕਮਲਿਆਂ ਵਾਂਗ ਥਾਣੇ ਫਿਰਦਾ ਰਹਿੰਦਾ। ਹਰ ਕੋਈ ਸਮਝਦਾ, ਕਿਸੇ ਅਤਿਵਾਦੀ ਜਾਂ ਕਿਸੇ ਪਨਾਹ ਦੇਣ ਵਾਲੇ ਦੀ ਮਾਰ ਵਿਚ ਫਿਰਦੈ। ਤੇ ਸ਼ੱਕ ਮੇਰੇ 'ਤੇ ਹੁੰਦਾ ਹੀ ਨਹੀਂ ਸੀ। ਉਹ ਤੇ ਇਸ ਲਿਬਰੇਸ਼ਨ ਵਾਲੇ ਸੀਤਲ ਸੂੰਹ ਮਹਿਤੇ ਚੌਕ ਆਲੇ ਦੀ ਬੇੜੀ ਬਹਿ ਗਈ ਤੇ ਮੈਂ ਫੜਿਆ ਗਿਆ।" ਉਸ ਕਿਹਾ।

"ਸੀਤਲ ਨੇ ਕਿੱਦਾਂ ਤੈਨੂੰ ਫੜਿਆ?" ਮੈਂ ਪੁੱਛਿਆ।

"ਉਹ ਮੈਂ ਨਾ ਮਾਸਟਰਾ। ਧੂਲਕੇ ਅਲ ਕਿਤੇ ਇਕ ਰਾਤ ਕਿਸੇ ਹੋਮਗਾਰਡੀਏ ਦਾ ਕੰਮ ਕਰਨ ਗਿਆ ਸਾਂ। ਮੈਨੂੰ ਪੱਕਾ ਪਤਾ ਲੱਗਾ ਸੀ ਕਿ ਪਈ ਉਹ ਰਾਤ ਨੂੰ ਸੈਕਲ 'ਤੇ ਪਿੰਡ ਨੂੰ ਜਾਂਦੈ। ਜਦ ਨਾ ਮੈਂ ਉਹਨੂੰ ਮਾਰਨ ਲੱਗਾ, ਉਹਨੇ ਕਿਹਾ "ਕੌਣ ਐ?" ਉਹਦੇ ਲਲਕਾਰੇ ਦੇ ਜਵਾਬ ਵਿਚ ਮੈਂ ਕਿਤੇ ਕਹਿ ਬੈਠਾ, "ਹੁਣ ਕਿੱਥੇ ਜਾਏਂਗਾ? ਮੈਂ ਤੇਰਾ ਭਣੋਈਆ ਸੀਤਲ ਇਆਂ।" ਉਹਨੂੰ ਤੇ ਮਾਰ ਦਿੱਤਾ, ਪਰ ਮੈਂ ਨਸ਼ੇ ਕਾਰਨ ਇਹ ਨਾ ਵੇਖ ਸਕਿਆ ਕਿ ਮਗਰ ਇਕ ਹੋਰ ਸਾਇਕਲ ਵੀ ਆ ਰਿਹਾ ਸੀ। ਉਹ ਖਬਰੇ ਕੋਈ ਦੋਧੀ ਸੀ, ਜਿਹੜਾ ਕਿਤੇ ਸੀਤਲ ਦਾ ਰਿਸ਼ਤੇਦਾਰ ਸੀ। ਲਉ ਜੀ, ਉਹ ਅਗਲੀ ਸਵੇਰ ਸੀਤਲ ਨੂੰ ਦੱਸ ਆਇਆ, ਪਈ ਤੇਰੇ ਨਾਂ ਤੇ ਤਾਂ ਰਾਤੀਂ ਸਾਡੇ ਪਿੰਡ ਆਲਾ ਹੋਮਗਾਰਡੀਆ ਮਾਰ ਤਾ ਤੇ ਤੂੰ ਇਥੇ ਫਿਰੀ ਜਾਂਨੈ। ਲਉ ਜੀ, ਸੀਤਲ ਸੀ ਪੰਜਾਬ ਪੁਲਿਸ ਦਾ ਬੰਦਾ।

ਮੈਂ ਐਵੇਂ ਉਹਦਾ ਨਾਂ ਲੈ ਤਾ। ਉਹ ਤੇ ਜੀ ਫੱਟ ਐਸ.ਪੀ. ਕੋਲ ਪੁੱਜਦਾ ਹੋ ਗਿਆ। ਤੇ ਨਾਲੇ ਸੀ.ਆਈ.ਡੀ. ਮਗਰ ਲਾ'ਤੀ। ਤੇ ਲਉ ਜੀ, ਸੀ.ਆਈ.ਡੀ. ਆਲਿਆਂ ਹਫ਼ਤਾ ਨਹੀਂ ਪੈਣ ਦਿੱਤਾ, ਮੈਨੂੰ ਫੜ ਕੇ ਅਜੈਬੇ ਕੋਲ ਦੇ ਗਏ। ਪਹਿਲੇ ਤੇ ਜਲੰਧਰ ਪੁਲਿਸ ਆਲੇ ਲੈ ਗਏ, ਕਿਉਂਕਿ ਮੈਂ ਪਹਿਲਾਂ ਜਿਸ ਐਸ.ਐਸ.ਪੀ. ਨਾਲ ਸਾਂ, ਉਹ ਜਲੰਧਰ ਜਾ ਵੜਿਆ ਸੀ। ਉਹਨੇ ਫੇਰ ਮੈਨੂੰ ਅਜੈਬੇ ਨੂੰ ਦੇ ਦਿੱਤਾ। ਮੈਂ ਖਬਰੇ, ਕੋਈ ਪੰਤਾਲੀ ਜਾਂ ਪੰਜਾਹ ਕੁ ਦੇ ਲਾਗੇ ਸਿਪਾਹੀ ਮਾਰੇ ਹੋਣੇ ਆ।" ਉਹਨੇ ਲੰਮਾ ਸਾਹ ਲੈ ਕੇ ਆਪਣੀ ਰਾਮ ਕਹਾਣੀ ਮੁਕਾ ਦਿੱਤੀ।

"ਪਰ ਹੁਣ ਤੂੰ ਕੀ ਚਾਹੁੰਨੈਂ?" ਮੈਂ ਕਿਹਾ।

"ਮੈਂ ਭਾਅ ਬਸ ਇਹੀ ਚਾਹੁੰਨਾਂ ਕਿ ਵੱਡਾ ਟਰੱਕ ਮੇਰੀ ਛਾਤੀ ਤੋਂ ਲੰਘਾ ਦਿਉ।" ਉਸ ਫੇਰ ਕਿਹਾ।

"ਇਹ ਕਦੰਤ ਨਹੀਂ ਹੋ ਸਕਦਾ।" ਮੈਂ ਅੱਕ ਕੇ ਕਿਹਾ।

"ਹੋ ਕਿਉਂ ਨਹੀਂ ਸਕਦਾ? ਬਘੇਲੇ ਨੂੰ ਵੀ ਤੇ ਅਜੈਬੇ ਦੇ ਬੰਦਿਆਂ ਵੱਡੇ ਟਰੱਕ ਥੱਲੇ ਸਿਰ ਫੇਹ ਕੇ ਮਾਰਿਆ ਸੀ।" ਉਹਨੇ ਮੈਨੂੰ ਜਿਵੇਂ ਸੂਚਨਾ ਦਿੱਤੀ।

"ਉਏ, ਉਹ ਤੇ ਗਿੱਲ ਦਾ ਹੁਕਮ ਸੀ।" ਮੈਂ ਉਹਨੂੰ ਸੱਚ ਦੱਸ ਦਿੱਤਾ।

"ਪਰ ਭਾਅ। ਮੈਂ ਤੇ ਆਪ ਹੀ ਟਰੱਕ ਥੱਲੇ ਆ ਕੇ ਮਰਨਾ ਚਾਹੁੰਨਾਂ। ਫੇਰ ਕਿਸੇ ਨੂੰ ਕੀ 'ਤਰਾਜ ਐ?" ਉਸ ਬੱਚਿਆਂ ਵਰਗਾ ਹੱਠ ਕੀਤਾ।

"ਪਰ ਯਾਰ। ਤੂੰ ਇਸ ਸਿਆਪੇ 'ਚ ਕਿਉਂ ਪੈਨੈਂ? ਗੱਲ ਕੀ ਆ ਵਿਚੋਂ?" ਮੈਂ ਅੱਕ ਕੇ ਕਿਹਾ।

"ਲੈ ਉਹ ਵੀ ਸੁਣ ਲੈ, ਤੇ ਆਪੇ ਫੈਸਲਾ ਕਰ ਲੈ।" ਉਹਨੇ ਕਿਹਾ। ਸਾਹ ਲੈ ਕੇ ਉਹ ਫਿਰ ਸ਼ੁਰੂ ਹੋ ਗਿਆ, "ਪਿਛਲੇ ਮਹੀਨੇ ਤੋਂ, ਜਦੋਂ ਦਾ ਮੈਨੂੰ ਪੁਲਿਸ ਨੇ ਫੜਿਐ ਤੇ ਤਸੀਹੇ ਦੇ ਰਹੀ ਹੈ, ਸੱਚ ਜਾਣੀਂ, ਮੈਨੂੰ ਕਿਤੇ ਦਰਦ ਨਹੀਂ ਹੁੰਦੀ। ਕੋਈ ਪੀੜ ਨਹੀਂ ਹੁੰਦੀ। ਬਸ ਇੱਕੋ ਪੀੜ ਹੁੰਦੀ ਹੈ ਦਿਨ ਰਾਤ। ਉਹ ਇਹ ਕਿ ਪਿਛਲੇ ਇਕ ਮਹੀਨੇ ਤੋਂ ਜਦ ਮੈਂ ਅੱਖਾਂ ਮੀਟਦਾਂ, ਉਹ ਬਾਲੜੀ ਜਿਵੇਂ ਛਾਲ ਮਾਰ ਕੇ ਮੇਰੀ ਛਾਤੀ 'ਤੇ ਬਹਿ ਜਾਂਦੀ ਐ। ਤੇ ਉਹ, ਜਿਹੜੀ ਮਸਾਂ ਦਸ-ਬਾਰਾਂ ਕਿਲੋ ਦੀ ਹੋਣੀ ਐ, ਉਹਦਾ ਭਾਰ ਵਧਣ ਲਗ ਪੈਂਦੈ। ਤੇ ਜਿਵੇਂ ਮੇਰੀ ਛਾਤੀ 'ਤੇ ਬੈਠੀ ਉਹ ਮਣਾਂ-ਟਣਾਂ ਤੇ ਕੁਇੰਟਲਾਂ ਦੀ ਹੋ ਜਾਂਦੀ ਏ। ਨਾਲ ਹੱਸੀ ਜਾਂਦੀ ਏ ਤੇ ਨਾਲੇ ਭਾਰ ਵਧਾਈ ਜਾਂਦੀ ਏ। ਮੈਂ ਬਥੇਰਾ ਅੱਖਾਂ ਖੋਲ੍ਹਦਾਂ, ਹੱਥ ਪੈਰ ਮਾਰਦਾਂ, ਪਰ ਉਹ ਲਹਿੰਦੀ ਹੀ ਨਹੀਂ।"

ਮੈਂ ਚੁੱਪ ਸਾਂ। ਉਹਨੇ ਹਿੰਮਤ ਕਰਕੇ ਆਪਣੇ ਖੱਬੇ ਹੱਥ ਨਾਲ ਮੇਰੇ ਪੈਰ ਫੜਨੇ ਚਾਹੇ। ਮੈਂ ਤ੍ਰਭਕ ਗਿਆ। ਉਹ ਫੇਰ ਖੱਬਾ ਹੱਥ ਮੰਗਤੇ ਵਾਂਗ ਮੇਰੇ ਵੱਲ ਅੱਡ ਕੇ ਕਹਿਣ ਲੱਗਾ, "ਭਾਅ। ਮੇਰੀ ਬਸ ਆਹ ਇਕ ਅੱਧ ਘੜੀ ਰਹਿ ਗਈ ਊ। ਉਪਰ ਮੈਂ ਟਿਕਟ ਕਟਾ ਕੇ, ਏਹ ਭਾਰ ਛਾਤੀ 'ਤੇ ਲੈ ਕੇ ਨਹੀਂ ਜਾਣਾ ਚਾਹੁੰਦਾ। ਰੱਬ ਦਾ ਵਾਸਤਾ ਈ, ਚੰਨੇ ਨੂੰ ਕਹਿ ਵੇਖ, ਕਿ ਮੇਰੀ ਛਾਤੀ ਤੋਂ ਟਰੱਕ ਲੰਘਾ ਦੇਏ। ਖਬਰੇ ਏਦਾਂ ਹੀ ਉਸ ਬਾਲੜੀ ਦਾ ਭਾਰ ਮੈਥੋਂ ਲਹਿ ਜਾਏ।"

–0–

# ਗੰਦਾ ਗਾਉਣ ਵਾਲਿਆਂ ਨੂੰ ਧਮਕੀਆਂ ਮਿਲੀਆਂ !

ਪਿਛਲੇ ਕੁਝ ਦਿਨਾਂ ਤੋਂ ਗੰਦਾ ਗਾਉਣ ਵਾਲਿਆਂ ਦੀਆਂ ਪੈਂਟਾਂ ਲਿਬੜਨ ਦੀਆਂ ਖਬਰਾਂ ਮਿਲ ਰਹੀਆਂ ਨੇ। ਕਾਰਨ ਸਭ ਜਾਣਦੇ ਤੇ ਸਮਝਦੇ ਵੀ ਨੇ। ਇਹ ਉਹੀ ਗਾਉਣ ਵਾਲੇ ਨੇ, ਜਿਨ੍ਹਾਂ ਬਾਰੇ ਲਿਖਿਆ ਜਾ ਰਿਹੈ ਤੇ ਪਾਠਕ ਪੜ੍ਹ ਰਹੇ ਨੇ, ਪਰ ਗਾਉਣ ਵਾਲਿਆਂ 'ਤੇ ਬਹੁਤਾ ਅਸਰ ਇਸ ਕਰਕੇ ਨਾ ਹੋਇਆ ਕਿ ਸੁਣਨ ਵਾਲੇ ਬਹੁਤੇ ਉਨ੍ਹਾਂ ਨੂੰ 'ਵਾਹ-ਵਾਹ' ਆਖ ਵਡਿਆਈ ਜਾਂਦੇ ਹਨ।

ਕਦੇ-ਕਦਾਈਂ ਵਿਦੇਸ਼ ਬੈਠੇ ਕੁਝ ਕੁ ਸੱਜਣਾਂ ਵੱਲੋਂ ਇਨ੍ਹਾਂ ਨੂੰ ਫੋਨ ਕਰਕੇ ਦੰਦੀਆਂ ਵੀ ਕਰੀਚੀਆਂ ਜਾਂਦੀਆਂ ਕਿ ਬੰਦੇ ਬਣ ਜਾਓ, ਪਰ ਇਨ੍ਹਾਂ ਬੇਸ਼ਰਮੀ ਧਾਰੀ ਰੱਖੀ ਤੇ ਹੁਣ ਜਦੋਂ 'ਬੱਬਰ ਖਾਲਸਾ ਲਿਬਰੇਸ਼ਨ ਫੋਰਸ' ਦੀਆਂ ਧਮਕੀਆਂ ਮਿਲਣੀਆਂ ਸ਼ੁਰੂ ਹੋਈਆਂ ਨੇ ਤਾਂ ਇਹ ਖੁਦ ਨੂੰ ਕਸੂਤੀ ਸਥਿਤੀ 'ਚ ਸਮਝਣ ਲੱਗੇ ਨੇ। ਜਿਨ੍ਹਾਂ ਨੂੰ ਧਮਕੀਆਂ ਮਿਲੀਆਂ, ਉਨ੍ਹਾਂ ਦੀ ਗੱਲ ਪਾਸੇ, ਜਿਨ੍ਹਾਂ ਨੂੰ ਨਹੀਂ ਮਿਲੀਆਂ, ਉਹ ਵੀ ਚਿੰਤਾ ਵਿਚ ਨੇ।

ਸਾਨੂੰ ਇਸ ਗੱਲ ਦੀ ਕੋਈ ਖੁਸ਼ੀ ਨਹੀਂ ਕਿ ਗੰਦਾ ਗਾਉਣ ਵਾਲਿਆਂ ਨੂੰ ਹੁਣ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣੀਆਂ ਸ਼ੁਰੂ ਹੋਈਆਂ ਨੇ। ਧਮਕੀਆਂ ਨਾਲੋਂ ਲੋਕਾਂ ਨੂੰ ਪਰੇਰ ਕੇ ਉਨ੍ਹਾਂ ਵਿਰੁਧ ਖੜ੍ਹੇ ਕਰਨਾ ਕਿਤੇ ਬਿਹਤਰ ਰਾਸਤਾ ਹੈ। ਕਿਹਾ ਗਿਐ ਕਿ ਜਥੇਬੰਦੀ ਦੇ ਮੈਂਬਰਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਸਹੁੰ ਚੁੱਕੀ ਏ ਕਿ ਫ਼ਲਾਣੇ-ਫ਼ਲਾਣੇ ਨੂੰ ਨਹੀਂ ਛੱਡਣਾ। ਜੇ ਗਾਉਣ ਵਾਲੇ ਗਾਇਕੀ ਦੇ ਨਾਂ 'ਤੇ ਬਾਂਦਰਪੁਣਾ ਨਾ ਕਰਦੇ ਤਾਂ ਨਾ ਇਹ ਧਮਕੀਆਂ ਮਿਲਦੀਆਂ ਤੇ ਨਾ ਸਾਨੂੰ ਇਨ੍ਹਾਂ ਬਾਬਤ ਏਨਾ ਕੁਝ ਲਿਖਣਾ ਪੈਣਾ ਸੀ।

ਹੁਣ ਜਦੋਂ ਸੋਸ਼ਲ ਨੈਟਵਰਕਿੰਗ ਸਾਈਟਾਂ ਅਤੇ ਵਿਦੇਸ਼ੀ ਮੀਡੀਏ ਤੱਕ ਵੀ ਇਹ ਖ਼ਬਰਾਂ ਪਹੁੰਚ ਚੁੱਕੀਆਂ ਨੇ ਤਾਂ ਤਰ੍ਹਾਂ-ਤਰ੍ਹਾਂ ਦੀਆਂ ਟਿੱਪਣੀਆਂ ਪੜ੍ਹਨ-ਸੁਣਨ ਨੂੰ ਮਿਲ ਰਹੀਆਂ ਨੇ। ਕਈਆਂ ਦਾ ਕਹਿਣਾ ਹੈ ਕਿ ਬੰਦੇ ਮਾਰਨ ਨਾਲ ਕਿਸੇ ਮਸਲੇ ਦਾ ਹੱਲ ਨਹੀਂ ਨਿਕਲਦਾ, ਕਈ ਕਹਿੰਦੇ ਨੇ ਕਿ ਇਨ੍ਹਾਂ ਨਾਲ ਏਦਾਂ ਹੀ ਹੋਣਾ ਚਾਹੀਦੈ ਤੇ ਕਈਆਂ ਦੀ ਸੋਚਣੀ ਏ ਕਿ ਪਿਆਰ ਨਾਲ ਸਮਝਾ ਕੇ ਇਕ ਵਾਰ ਫੇਰ ਦੇਖ ਲੈਣਾ ਚਾਹੀਦੈ, ਹੋ ਸਕਦੈ ਇਨ੍ਹਾਂ ਦੀ ਮੋਟੀ ਮੱਤ 'ਤੇ ਅਸਰ ਹੋ ਹੀ ਜਾਵੇ।

ਪਿਛਲੇ ਲਗਭਗ ਦਸ ਦਿਨਾਂ ਤੋਂ ਗਾਉਣ ਵਾਲੇ ਵੀ ਆਪਣੇ ਭਾਈਚਾਰੇ ਨੂੰ ਮਿਲੀਆਂ



*ਹਨੀ ਸਿੰਘ*

ਧਮਕੀਆਂ ਬਾਬਤ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਨੇ। ਕਈਆਂ ਦਾ ਕਹਿਣੈ ਕਿ ਇਹ ਖਬਰਾਂ ਝੂਠੀਆਂ ਨੇ, ਕਿਸੇ ਜਥੇਬੰਦੀ ਨੇ ਇਨ੍ਹਾਂ ਨੂੰ ਧਮਕੀ ਨਹੀਂ ਦਿੱਤੀ। ਇਹ ਕਹਿਣ ਵਾਲਿਆਂ ਦਾ ਤਰਕ ਹੈ ਕਿ ਖਬਰ ਥੱਲੇ ਲਿਖਿਆ ਹੋਇਐ ਕਿ ਅਖਬਾਰਾਂ ਦੇ ਦਫਤਰਾਂ ਨੂੰ ਭੇਜੇ ਗਏ ਖਤ ਵਿਚ ਜਥੇਬੰਦੀ ਦੇ ਕਿਸੇ ਨੁਮਾਇੰਦੇ ਦੇ ਦਸਤਖ਼ਤ ਨਹੀਂ, ਜਿਸ ਕਰਕੇ ਇਹ ਚਿੱਠੀ ਕਿਸੇ ਸ਼ਰਾਰਤੀ ਵਲੋਂ ਅਖਬਾਰਾਂ ਨੂੰ ਭੇਜੀ ਗਈ ਹੋ ਸਕਦੀ ਏ। ਕਈਆਂ ਦਾ ਸ਼ੱਕ ਹੈ ਕਿ ਕਲਾਕਾਰਾਂ ਦਾ ਇਹ ਆਪੂੰ ਰਚਿਆ ਡਰਾਮਾ ਏ। ਜਦੋਂ ਇੰਜ ਖਬਰਾਂ ਛਪਦੀਆਂ ਨੇ ਤਾਂ ਲੋਕਾਂ ਵਿਚ ਹੋਰ ਕਰੇਜ਼ ਵਧਦੀ ਏ। ਨਾਲੇ ਇਨ੍ਹਾਂ ਖਬਰਾਂ ਦੀ ਬਿਨਾ 'ਤੇ ਕਲਾਕਾਰਾਂ ਨੂੰ ਸਰਕਾਰੀ ਸੁਰੱਖਿਆ ਲੈਣ ਦਾ ਬਹਾਨਾ ਮਿਲ ਜਾਣੈ। ਕਈਆਂ ਦਾ ਇਹ ਵੀ ਆਖਣੈ ਕਿ ਖਬਰਾਂ ਝੂਠੀਆਂ ਨਹੀਂ ਹੋ ਸਕਦੀਆਂ ਕਿਉਂਕਿ ਅੱਕੇ ਸਾਰੇ ਪਏ ਨੇ ਤੇ ਇਨ੍ਹਾਂ ਵਲੋਂ ਪਾਇਆ ਗੰਦ ਸਭ ਨੂੰ ਸੋਚਣ ਲਈ ਮਜਬੂਰ ਕਰ ਰਿਹੈ। ਜੇ ਕੱਲ੍ਹ ਨੂੰ ਕੋਈ ਮਾਈ ਦਾ ਲਾਲ ਇਨ੍ਹਾਂ ਨੂੰ ਸਬਕ ਸਿਖਾਉਣ ਲਈ ਨਿੱਤਰ ਆਇਆ ਤਾਂ ਆਪੇ ਪਤਾ ਲੱਗ ਜਾਊ ਕਿਸ ਭਾਅ ਵਿਕਦੀ ਏ।

ਸਵਾਲ ਪੈਦਾ ਹੁੰਦੈ ਕਿ ਜੇ ਇਹ ਸਭ ਕੁਝ ਸੱਚ ਹੋਇਆ ਤਾਂ ਨੁਕਸਾਨ ਕਿਨ੍ਹਾਂ ਦਾ ਹੋਣੈ। ਅੱਜ ਔਰਤ ਜਥੇਬੰਦੀਆਂ ਮਾੜਾ ਗਾਉਣ ਵਾਲੇ ਕਲਾਕਾਰਾਂ ਦੇ ਘਰਾਂ ਮੂਹਰੇ ਧਰਨੇ ਮੁਜ਼ਾਹਰੇ ਕਰ ਰਹੀਆਂ ਨੇ, ਗੰਦਾ ਗਾਉਣ ਵਾਲਿਆਂ ਦੇ ਪੁਤਲੇ ਫੂਕੇ ਜਾ ਰਹੇ ਨੇ। ਬਦਨਾਮੀ ਵਾਲੀਆਂ ਖਬਰਾਂ ਦੀ ਗਿਣਤੀ ਵਧਦੀ ਦੇਖ ਲੱਚਰ ਗਾਇਕਾਂ ਵਲੋਂ ਲੋਕ ਰੋਹ ਘਟਾਉਣ ਲਈ ਤੁਰੰਤ ਸਿੱਖੀ ਨਾਲ ਸਬੰਧਤ ਇੱਕ ਐਲਬਮ ਕਰ ਦਿੱਤੀ ਜਾਂਦੀ ਏ ਪਰ ਅਗਲੇ ਮਹੀਨੀਂ ਉਹੀ ਕੁੱਜੀ 'ਚ ਕਾਨਾ ਫੇਰ ਪਾ ਲਿਆ ਜਾਂਦੈ ਤੇ ਤਰਕ ਦਿੱਤਾ ਜਾਂਦੈ ਕਿ ਲੋਕ ਪਸੰਦ ਹੀ ਇਹ ਸਭ ਕਰਦੇ ਨੇ, ਫਿਰ ਏਦਾਂ ਦਾ ਗਾਈਏ ਕਿਉਂ ਨਾ? ਪਰ ਇਨ੍ਹਾਂ ਭਲੇਮਾਣਸਾਂ ਨੂੰ ਕੋਈ ਪੁੱਛਣ ਵਾਲਾ ਹੋਵੇ ਕਿ ਜੇ ਕੱਲ੍ਹ ਨੂੰ ਕੋਈ ਘਟਨਾ ਵਾਪਰ ਗਈ ਤਾਂ ਜਿਹੜੇ ਪਸੰਦ ਕਰਦੇ ਨੇ, ਇਨ੍ਹਾਂ 'ਚੋਂ ਛੁਡਾਉਣ ਕਿਸੇ ਨੇ ਨਹੀਂ ਆਉਣਾ।

ਇਨ੍ਹਾਂ ਧਮਕੀਆਂ ਦੇ ਮੱਦੇਨਜ਼ਰ ਸਾਨੂੰ 8 ਮਾਰਚ 1988 ਦਾ ਦਿਨ ਵੀ ਯਾਦ ਆ ਰਿਹੈ। ਅਮਰ ਸਿੰਘ ਚਮਕੀਲਾ ਤੇ ਅਮਰਜੋਤ ਦੇ ਗਾਉਣ 'ਤੇ ਪਿਛਲੇ ਕਾਫੀ ਸਮੇਂ ਤੋਂ ਇਤਰਾਜ਼ ਪ੍ਰਗਟਾਇਆ ਜਾ ਰਿਹਾ ਸੀ। ਉਨ੍ਹਾਂ ਭੁੱਲ ਬਖ਼ਸ਼ਾਈ ਵੀ ਕਰ ਲਈ, ਪਰ ਕੰਪਨੀ ਨੇ ਪੁਰਾਣੇ ਗੀਤਾਂ ਦਾ ਰਿਕਾਰਡ ਕੱਢ ਕੇ ਬਲਦੀ 'ਤੇ ਘਿਓ ਦਾ ਕੰਮ ਕਰ ਦਿੱਤਾ ਸੀ ਤੇ ਗੋਲੀਆਂ ਮਾਰਨ ਵਾਲਿਆਂ ਸੋਚਿਆ ਕਿ ਸਾਡੀ ਗੱਲ ਨਹੀਂ ਮੰਨੀ, ਸੋ ਮਹਿਸਮਪੁਰ ਵਿਚ ਉਹ ਕੁਝ ਹੋ ਗਿਆ, ਜਿਹੜਾ ਨਹੀਂ ਸੀ ਹੋਣਾ ਚਾਹੀਦਾ। ਹੁਣ ਜੇ ਇਕ ਵਾਰ ਫਿਰ ਉਹੋ ਜਿਹਾ ਕੋਈ ਕਾਰਾ ਹੋ ਜਾਂਦਾ ਏ ਤਾਂ ਇਸ ਦੇ ਜ਼ਿੰਮੇਵਾਰ ਗਾਉਣ ਵਾਲੇ ਖੁਦ ਹੀ ਹੋਣਗੇ।

ਇਕ ਗੱਲ ਹੋਰ, ਮਾੜਾ ਗਾਉਣ ਵਾਲੇ ਲਗਭਗ ਸੱਭੇ ਗਾਇਕ ਨਿੰਜੀ ਸੁਰੱਖਿਆ ਗਾਰਡ ਨਾਲ ਲਈ ਫਿਰਦੇ ਨੇ। ਇਨ੍ਹਾਂ ਦਿਓ ਕੱਦ ਰੱਖਿਅਕਾਂ ਨੂੰ 'ਬਾਊਂਸਰ' ਕਿਹਾ ਜਾਂਦੈ ਤੇ ਇਕ-ਇਕ ਜਣੇ ਕੋਲ ਅੱਧੀ-ਅੱਧੀ ਦਰਜਨ ਬਾਊਂਸਰ ਜ਼ਰੂਰ ਨੇ। ਇਹ ਰੱਖਿਅਕ ਕਲਾਕਾਰ ਨੂੰ ਭੀੜ 'ਚੋਂ ਕੱਢ ਕੇ ਲਿਜਾਣ ਦਾ ਕੰਮ ਕਰਦੇ ਨੇ, ਜੇ ਕੋਈ ਸ਼ਰਾਬੀ-ਕਬਾਬੀ ਸਟੇਜ 'ਤੇ ਚੜ੍ਹ ਕੇ ਵਿਘਨ ਪਾਏ ਤਾਂ ਉਸ ਨੂੰ ਚੁੱਕ ਕੇ ਥੱਲੇ ਉਤਾਰਦੇ ਨੇ। ਪਰ ਇਨ੍ਹਾਂ ਮੂਰਖ ਕਲਾਕਾਰਾਂ ਨੂੰ ਕੌਣ ਸਮਝਾਵੇ ਕਿ ਇਹ ਬਾਊਂਸਰ ਸਿਰਫ਼ ਭਰਮ ਪਾਉਣ ਲਈ ਨੇ, ਜੇ ਕੱਲ੍ਹ ਨੂੰ ਸੱਚੀਂ ਕੋਈ ਚੱਕਰ ਪੈ ਗਿਆ ਤਾਂ ਸਭ ਤੋਂ ਪਹਿਲਾਂ ਇਨ੍ਹਾਂ ਨੇ ਹੀ ਭੱਜਣੈ, ਕਿਉਂਕਿ ਇਨ੍ਹਾਂ ਵਿਚਾਰਿਆਂ ਨੇ ਨੌਕਰੀ ਕਰਨੀ ਹੁੰਦੀ ਏ, ਤਨਖ਼ਾਹ ਦੇਣ ਵਾਲੇ ਦੀ ਥਾਂ ਜੁੱਤੀਆਂ ਬਿਲਕੁਲ ਨਹੀਂ ਖਾਣੀਆਂ ਹੁੰਦੀਆਂ।

**ਜਾਂਦਿਆਂ-ਜਾਂਦਿਆਂ:** ਟੀ.ਵੀ. ਚੈਨਲਾਂ 'ਤੇ ਅੱਜ-ਕੱਲ੍ਹ ਗਿੱਪੀ ਗਰੇਵਾਲ ਦਾ ਗੀਤ 'ਮੈਂ ਕਿਹਾ ਕਿੱਥੇ ਆਂ-ਕਹਿੰਦੀ ਮਾਸੀ ਕੋਲੇ ਗਈ ਸੀ...ਕੀ ਕਰਦੀ ਸੀ-ਮੈਂ ਭਾਬੀ ਨਾਲ ਪਈ ਸੀ' ਖੂਬ ਚੱਲ ਰਿਹੈ ਤੇ ਇਸ ਗੀਤ ਬਾਰੇ ਤਰ੍ਹਾਂ-ਤਰ੍ਹਾਂ



ਦੇ ਚੁਟਕਲੇ ਬਣ ਰਹੇ ਨੇ। ਸਰੋਤੇ ਜਾਣਦੇ ਹੀ ਹੋਣਗੇ ਕਿ ਪਿਛਲੇ ਸਾਲ ਇਸੇ ਕਲਾਕਾਰ ਦਾ 'ਭੂਆ' ਨਾਲ ਸਬੰਧਤ ਇਕ ਗੀਤ, 'ਮੈਂ ਪਿੰਡ ਨਾਨਕੇ ਰਹਿੰਦਾ ਸੀ, ਉਹ ਭੂਆ ਕੋਲੇ ਪੜ੍ਹਦੀ ਸੀ' ਖਾਸਾ ਮਕਬੂਲ ਹੋ ਗਿਆ ਸੀ ਤੇ ਹੁਣ 'ਭੂਆ' ਦੀ ਕਾਮਯਾਬੀ ਤੋਂ ਬਾਅਦ ਇਹ ਕਲਾਕਾਰ 'ਮਾਸੀ' ਲੈ ਕੇ ਹਾਜ਼ਰ ਹੋ ਗਿਐ।

## ਕੀ ਮੈਂ ਝੂਠ ਬੋਲਿਐ...



**ਸਵਰਨ ਸਿੰਘ ਟਹਿਣਾ**
*ਫੋਨ:91-98141-78883*

ਪਿੰਡ ਦੀ ਸੱਥ ਵਿਚ ਇਸ ਬਾਬਤ ਗੱਲਾਂ ਹੋ ਰਹੀਆਂ ਸਨ। ਇੱਕ ਜਣਾ ਕਹਿਣ ਲੱਗਾ, 'ਯਾਰ, ਇਸ ਗਾਉਣ ਵਾਲੇ ਨੂੰ ਕੋਈ ਘਰ ਨਹੀਂ ਵਾੜਦਾ ਹੋਣਾ, ਵਿਚਾਰਾ ਕਦੇ ਭੂਆ ਦੇ ਘਰ ਦੀਆਂ ਗੱਲਾਂ ਕਰਦੈ ਤੇ ਕਦੇ ਮਾਸੀ ਦੇ ਦੀਆਂ...।' ਏਨੇ ਨੂੰ ਦੂਜਾ ਬੋਲਿਆ, 'ਗੱਲ ਇਹ ਨਹੀਂ ਯਾਰ, ਗੱਲ ਤਾਂ ਇਹ ਐ ਕਿ 'ਭੂਆ' ਦੀ ਅਪਾਰ ਕਾਮਯਾਬੀ ਤੋਂ ਬਾਅਦ ਹੁਣ ਇਹ 'ਮਾਸੀ' ਲੈ ਕੇ ਹਾਜ਼ਰ ਹੋ ਗਿਐ ਤੇ ਹੋ ਸਕਦੈ ਅਗਲੇ ਸਾਲ ਕਿਸੇ ਹੋਰ ਰਿਸ਼ਤੇਦਾਰ ਦਾ ਨੰਬਰ ਵੀ ਲਾ ਦੇਵੇ।'

## ਗਜ਼ਲ

ਫੁੱਲਾਂ ਦੀ ਖੁਸ਼ਬੋਈ ਯਾਰਾ।
ਸੂਲਾਂ ਵਿਚ ਪਰੋਈ ਯਾਰਾ।
ਜ਼ਾਲਮ ਬੜੇ ਨੇ ਅਫ਼ਸਰ ਇਥੇ,
ਕੌਣ ਸੁਣੇ ਅਰਜੋਈ ਯਾਰਾ।
ਪਹਿਲਾਂ ਜਵਾਂ ਬੜੀ ਸੀ ਚਾਹਤ,
ਹੁਣ ਹੋ ਗਈ ਅਧਮੋਈ ਯਾਰਾ।
ਜਿਸ ਦੀ ਅਸਾਂ ਅਕੀਦਤ ਕੀਤੀ,
ਉਸ ਕੀਤੀ ਬਦਖੋਈ ਯਾਰਾ।
ਜਿਹੜਾ ਡੋਬੇ ਅੱਧ ਵਿਚਕਾਰ,
ਉਸ ਨੂੰ ਮਿਲੇ ਨਾ ਢੋਈ ਯਾਰਾ।
ਹੋਣੀ ਕੋਲੋਂ ਬਚ ਕੇ ਭੱਜਿਆ,
ਸਾਹਵੇਂ ਆਣ ਖਲੋਈ ਯਾਰਾ।
ਕਿਸੇ ਨਾਲ ਨਾ ਐਸੀ ਹੋਵੇ।
'ਗਿੱਲ' ਨਾਲ ਜੋ ਹੋਈ ਯਾਰਾ।

*–ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

# ਇਹ ਜੋ ਲਾਏ ਬੰਦੇ ਨੇ ਫੱਟ, ਭਰੀਂਦੇ ਘੱਟ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਕੁਲਦੀਪ ਮੇਰਾ ਹਮਜਮਾਤੀ ਸੀ। ਅੱਠਵੀਂ ਵਿਚ ਪੜ੍ਹਦਿਆਂ ਹੀ ਉਸ ਦੇ ਚਾਚੇ ਨੇ ਕੈਨੇਡਾ ਸੱਦ ਲਿਆ। ਅੱਠਵੀਂ ਦੇ ਪੇਪਰ ਲਾਗਲੇ ਪਿੰਡ ਰਕਬੇ ਹੋ ਰਹੇ ਸਨ। ਅਸੀਂ ਅੰਗਰੇਜ਼ੀ ਦਾ ਪੇਪਰ ਦੇ ਕੇ ਬਾਹਰ ਨਿਕਲੇ ਤਾਂ ਕੁਲਦੀਪ ਕਹਿੰਦਾ, "ਯਾਰ! ਅੱਜ ਦਮਦਮਾ ਸਾਹਿਬ ਜਾ ਕੇ ਮੱਥਾ ਟੇਕਣਾ ਹੈ।" ਦਮਦਮਾ ਸਾਹਿਬ ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਦੀ ਯਾਦ ਵਿਚ ਬਣਿਆ ਹੋਇਆ ਹੈ ਅਤੇ ਚਾਰ ਪਿੰਡਾਂ ਦਾ ਸਾਂਝਾ ਕੇਂਦਰ ਵੀ ਹੈ। ਰਕਬਾ, ਢੱਟ, ਪੰਡੋਰੀ ਤੇ ਬੋਪਾਰਾਏ ਕਲਾਂ ਦੀਆਂ ਜੂਹਾਂ ਦਾ ਉਥੇ ਹੀ ਮੇਲ ਹੁੰਦਾ ਹੈ।

ਮੱਥਾ ਟੇਕਣ ਤੋਂ ਪਿੱਛੋਂ ਸਰੋਵਰ 'ਤੇ ਬੈਠ ਕੇ ਧੁੱਪ ਦਾ ਅਨੰਦ ਮਾਨਣ ਲੱਗ ਗਏ। ਕੁਲਦੀਪ ਬੋਲਿਆ, "ਯਾਰ! ਤੇਰੇ ਯਾਰ ਨੇ ਪਰਸੋਂ ਨੂੰ ਦਿੱਲੀਉਂ ਉਡਾਰੀ ਮਾਰ ਜਾਣੀ ਹੈ, ਫਿਰ ਪਤਾ ਨਹੀਂ ਕਦੋਂ ਮੇਲ ਹੋਣਗੇ?" ਉਸ ਨੇ ਭਰੇ ਮਨ ਨਾਲ ਵਿਛੜਨ ਦੀ ਗੱਲ ਆਖੀ। ਮੈਂ ਵੀ ਆਪਣੀਆਂ ਅੱਖਾਂ ਵਿਚੋਂ ਕੋਸੇ ਹੰਝੂ ਨਾ ਰੋਕ ਸਕਿਆ। ਅਤੀਤ ਨੂੰ ਬੁੱਕਲ ਵਿਚ ਲੈ ਕੇ ਭਵਿੱਖ ਦੀਆਂ ਵਿਉਂਤਾਂ ਬਣਾਉਣ ਲੱਗੇ, ਉਸ ਨੇ ਮੈਨੂੰ ਵੀ ਜਲਦੀ ਕੈਨੇਡਾ ਬੁਲਾਉਣ ਦਾ ਵਾਅਦਾ ਕੀਤਾ। ਉਹ ਅੱਠਵੀਂ ਦੇ ਪੇਪਰ ਵਿਚੇ ਹੀ ਛੱਡ ਲੰਮੀ ਪਰਵਾਜ਼ ਭਰ ਗਿਆ। ਚਿੱਠੀ ਰਾਹੀਂ ਉਸ ਨੇ ਘਰ ਤੋਂ ਕੈਨੇਡਾ ਪਹੁੰਚਣ ਤੱਕ ਦੀ ਸਾਰੀ ਕਹਾਣੀ ਲਿਖ ਕੇ ਭੇਜੀ। ਸਾਨੂੰ ਇਕ-ਦੂਜੇ ਦੀ ਚਿੱਠੀ ਦੀ ਬੇਸਬਰੀ ਨਾਲ ਉਡੀਕ ਰਹਿੰਦੀ। ਉਹ ਮੈਨੂੰ ਕੈਨੇਡਾ ਦੀ ਅੱਖੀਂ ਦੇਖੀ ਨਿੱਕੀ-ਨਿੱਕੀ ਗੱਲ ਲਿਖ ਕੇ ਭੇਜਦਾ। ਮੈਂ ਉਸ ਨੂੰ ਸਾਡੇ ਦੋਵਾਂ ਪਰਿਵਾਰਾਂ ਦੀ ਸੁੱਖ-ਸਾਂਦ ਨਾਲ ਪੂਰੇ ਪੰਜਾਬ ਦਾ ਹਾਲ ਲਿਖ ਭੇਜਦਾ।

ਕੁਲਦੀਪ ਦੇ ਵਿਛੜਨ ਨਾਲ ਮੇਰੀ ਸੋਚ ਦਾ ਹਾਣੀ ਵੀ ਵਿਛੜ ਗਿਆ ਸੀ। ਕੁਲਦੀਪ ਦੀ ਸੋਚ ਨਾਲ ਮੇਰੀ ਸੋਚ ਹਮੇਸ਼ਾ ਗਿੱਧਾ ਪਾਉਂਦੀ। ਉਸ ਦੇ ਜਾਣ ਤੋਂ ਬਾਅਦ ਤਾਂ ਸੋਚ ਦੀਆਂ ਤੀਆਂ ਲੱਗੀਆਂ ਹੀ ਨਹੀਂ। ਮੇਰੀ ਇਕੱਲੀ ਸੋਚ ਕੁਲਦੀਪ ਨੂੰ ਚਿੱਠੀਆਂ ਵਿਚ ਲੱਭਦੀ ਰਹਿੰਦੀ। ਆਪਣੇ ਹਮਖਿਆਲ ਯਾਰ ਨੂੰ ਮਿਲਣ ਲਈ ਅੱਖਾਂ ਹਮੇਸ਼ਾ ਬੰਜਰ ਧਰਤੀ ਵਾਂਗ ਉਸ ਦੇ ਦੀਦਾਰ ਦੀ ਹਰਿਆਵਲ ਲੋਚਦੀਆਂ ਰਹਿੰਦੀਆਂ। ਫਿਰ ਇਕ ਦਿਨ ਅਚਾਨਕ ਬਿਨਾਂ ਦੱਸਿਆਂ ਪਿੰਡ ਆ ਗਿਆ। ਅਸੀਂ ਕਣਕ ਬੀਜ ਰਹੇ ਸੀ ਜਦੋਂ ਮੇਰੇ ਭਰਾ ਨੇ ਦੱਸਿਆ। ਮੈਨੂੰ ਤਾਂ ਯਕੀਨ ਹੀ ਨਾ ਆਇਆ। ਮੈਂ ਸਾਇਕਲ ਲੈ ਕੇ ਪਿੰਡ ਆ ਗਿਆ। ਕੁਲਦੀਪ ਗੋਰਾ ਚਿੱਟਾ ਨਿਕਲਿਆ ਹੋਇਆ ਸੀ। ਬਾਹਰਲੇ ਸੈਂਟਾਂ ਦੀ ਖੁਸ਼ਬੋ ਸਾਰੇ ਵਿਹੜੇ 'ਚ ਖਿੰਡੀ ਪਈ ਸੀ। ਦੇਰ ਰਾਤ ਤੱਕ ਗੱਲਾਂ ਕਰਦੇ ਰਹੇ। ਉਸ ਨੇ ਕੈਨੇਡਾ ਦੀਆਂ ਗੱਲਾਂ ਤੇ ਫੋਟੋਆਂ ਮੈਨੂੰ ਦਿਖਾ ਕੇ ਮੇਰੇ ਅੰਦਰ ਵੀ ਬਾਹਰਲੇ ਮੁਲਕ ਜਾਣ ਦੀ ਚਾਹਤ ਪੈਦਾ ਕਰ ਦਿੱਤੀ। ਘਰ ਦੇ ਉਸ ਦਾ ਵਿਆਹ ਕਰਨਾ ਚਾਹੁੰਦੇ ਸੀ ਪਰ ਉਹ ਅਜੇ ਕਬੀਲਦਾਰੀ ਦੀ ਪੰਜਾਲੀ ਥੱਲੇ ਗਲ ਨਹੀਂ ਸੀ ਦੇਣਾ ਚਾਹੁੰਦਾ। ਮਾਮੇ-ਚਾਚਿਆਂ ਧੱਕੇ ਨਾਲ ਪੰਜਾਲੀ ਉਸ ਦੇ ਗੱਲ ਪਾ ਦਿੱਤੀ।

ਜਿਨ੍ਹਾਂ ਸਮਿਆਂ ਵਿਚ ਕੁਲਦੀਪ ਦਾ ਵਿਆਹ ਹੋਇਆ, ਉਨ੍ਹਾਂ ਸਮਿਆਂ ਵਿਚ ਕੈਨੇਡਾ ਵਾਲੇ ਮੁੰਡੇ ਦਾ ਮੁੱਲ ਪੰਜ ਤੋਂ ਦਸ ਲੱਖ ਤੱਕ ਪੈ ਜਾਂਦਾ ਸੀ, ਪਰ ਕੁਲਦੀਪ ਨੇ ਧੇਲਾ ਵੀ ਨਾ ਲਿਆ। ਦਰਮਿਆਨੇ ਪਰਿਵਾਰ ਦੀ ਕੁੜੀ ਨਾਲ ਅਨੰਦ ਕਾਰਜ ਕਰਵਾ ਲਏ। ਕੁਲਦੀਪ ਦੀ ਸਬਰ-ਸੰਤੋਖ ਵਾਲੀ ਇਸ ਸੋਚ 'ਤੇ ਮੈਂ ਉਸ ਨੂੰ ਜਿੱਤਿਆ ਹੋਇਆ ਸਮਝਣ ਲੱਗ ਪਿਆ। ਤਿੰਨ ਮਹੀਨੇ ਬਾਅਦ ਉਹ ਮੈਨੂੰ ਅਤੇ ਆਪਣੇ ਘਰਦਿਆਂ ਨੂੰ ਰੁਆਉਂਦਿਆਂ ਦਿੱਲੀ ਏਅਰਪੋਰਟ 'ਤੇ ਛੱਡ ਜਹਾਜ਼ ਚੜ੍ਹ ਗਿਆ। ਉਸ ਦੀ ਘਰਵਾਲੀ ਕਮਲ ਸ਼ਾਇਦ ਘੱਟ ਰੋਈ ਹੋਵਗੀ, ਪਰ ਮੇਰਾ ਕਈ ਦਿਨ ਮਨ ਨਾ ਲੱਗਿਆ। ਸਮਾਂ ਲੰਘਦਾ ਗਿਆ। ਸਾਡਾ ਚਿੱਠੀਆਂ ਦਾ ਆਉਣਾ-ਜਾਣਾ ਸ਼ਤਾਬਦੀ ਐਕਸਪ੍ਰੈਸ ਵਾਂਗ ਚੱਲਦਾ ਰਿਹਾ। ਮੈਂ ਕਈ ਵਾਰ ਕਮਲ ਦੇ ਚਿਹਰੇ ਤੋਂ ਪੜ੍ਹਿਆ ਜਿਵੇਂ ਉਹ ਸਾਡੇ ਪਿਆਰ ਤੋਂ ਅੰਦਰੋਂ-ਅੰਦਰੀ ਦੁਖੀ ਰਹਿੰਦੀ ਹੋਵੇ। ਇਸੇ ਤਰ੍ਹਾਂ ਦਾ ਬਦਲਾਓ ਉਨ੍ਹਾਂ ਦੇ ਘਰਦਿਆਂ ਵਿਚ ਵੀ ਆਉਣ ਲੱਗ ਗਿਆ। ਕੁਲਦੀਪ ਦੇ ਮਾਤਾ-ਪਿਤਾ ਤਾਂ ਇਹ ਵੀ ਸਮਝਣ ਲੱਗ ਗਏ ਸਨ ਕਿ ਕੁਲਦੀਪ ਮੈਨੂੰ ਚੋਰੀ-ਚੋਰੀ ਪੈਸੇ ਭੇਜਦਾ ਹੈ।

ਅਚਾਨਕ ਕੁਲਦੀਪ ਦੇ ਬਾਪੂ ਨੂੰ ਜਿਗਰ ਦੀ ਬਿਮਾਰੀ ਨੇ ਘੇਰ ਲਿਆ। ਮੈਂ ਦੋ ਮਹੀਨੇ ਉਸ ਦੀ ਸੇਵਾ ਕੀਤੀ, ਉਹ ਠੀਕ ਹੋ ਕੇ ਘਰ ਆ ਗਿਆ। ਇਸ ਸੇਵਾ ਨੂੰ ਵੀ ਉਹ ਇਹੀ ਸਮਝਦੇ ਕਿ ਇਹ ਭੇਜੇ ਹੋਏ ਪੈਸਿਆਂ ਦੇ ਅਹਿਸਾਨ ਥੱਲੇ ਉਨ੍ਹਾਂ ਦਾ ਖਿਆਲ ਰੱਖਦਾ ਹੈ। ਕੁਲਦੀਪ ਦੇ ਮਾਪਿਆਂ ਨੇ ਮੇਰੀ ਸੋਚ ਨੂੰ ਗਰੀਬੀ ਦਾ ਦਰਜਾ ਦਿੱਤਾ। ਹੁਣ ਕਮਲ ਦੀ ਕੈਨੇਡਾ ਦੀ ਤਿਆਰ ਹੋਣ ਲੱਗੀ। ਕੁਲਦੀਪ ਨੇ ਮੇਰੀਆਂ ਫੋਟੋਆਂ ਤੇ ਪਾਸਪੋਰਟ ਦੀ ਕਾਪੀ ਮੰਗਾਈ ਸੀ, ਪਰ ਉਹਦੀ ਘਰਵਾਲੀ ਸਭ ਕੁਝ ਘਰ ਛੱਡ ਕੇ ਜਹਾਜ਼ ਚੜ੍ਹ ਗਈ।

ਸ਼ਾਇਦ ਮੈਂ ਸਮਝਣ ਲੱਗਿਆ ਕਿ ਕਮਲ ਦੀ ਕੀਤੀ ਗਲਤੀ ਨੇ ਹੀ ਉਨ੍ਹਾਂ ਦੇ ਪਿਆਰ ਵਿਚ ਤਣਾਅ ਭਰ ਦਿੱਤਾ ਹੋਵੇ। ਕੁਲਦੀਪ ਕਮਲ ਦੀ ਗਲਤੀ ਨੂੰ ਮੁਆਫ ਨਾ ਕਰ ਸਕਿਆ ਹੋਵੇ ਜਾਂ ਕੋਈ ਹੋਰ ਕਾਰਨ ਵੀ ਹੋ ਸਕਦਾ ਹੈ ਕਿ ਕਮਲ, ਕੁਲਦੀਪ ਨੂੰ ਛੱਡ ਗਈ ਹੋਵੇ। ਮੈਂ ਕਈ ਵਾਰ ਕੁਲਦੀਪ ਦੀ ਬੇਬੇ ਦੇ ਮੂੰਹੋਂ ਸੁਣਿਆ ਕਿ ਜੇ ਪੰਦਰਾਂ ਲੱਖ ਲਿਆ ਹੁੰਦਾ, ਫਿਰ ਕਿਸੇ ਨਹੀਂ ਭੱਜਣਾ ਸੀ। ਮੁਫ਼ਤ ਵਿਚ ਕੈਨੇਡਾ ਜਾ ਕੇ ਬੈਠ ਗਈ। ਅੱਗਿਓਂ ਕਹਿੰਦੇ ਨੇ, ਸਾਥੋਂ ਦਾਜ ਮੰਗਦੇ ਸੀ, ਕੁੜੀ ਨੂੰ ਤੰਗ ਕਰਦੇ ਸੀ ਤਾਂ ਹੀ ਤਲਾਕ ਲਿਆ। ਕਮਲ ਦੀ ਬਾਗੀ ਸੋਚ ਨੇ ਦੋ ਘਰਾਂ ਦੇ ਮੁੱਖ ਮੋੜ ਦਿੱਤੇ।

ਮੇਰਾ ਤੇ ਕੁਲਦੀਪ ਦਾ ਚਿੱਠੀਆਂ ਵਾਲਾ ਸਿਲਸਿਲਾ ਧਰਤੀ ਦੇ ਪਾਣੀ ਵਾਂਗੂੰ ਨਿੱਤ ਦਿਨ ਦੂਰ ਹੁੰਦਾ ਗਿਆ। ਮੇਰੇ ਘਰਦਿਆਂ ਨੇ ਮੇਰੇ ਮੂੰਹ ਵੀ ਛੁਹਾਰਾ ਪਵਾ ਦਿੱਤਾ। ਆਪਣੇ ਵਿਆਹ 'ਤੇ ਕੁਲਦੀਪ ਨੂੰ ਬੁਲਾਵਾ ਭੇਜਿਆ, ਪਰ ਉਸ ਨੇ ਜ਼ਰੂਰੀ ਕੰਮ ਦੀ ਅਰਜ਼ੀ ਭੇਜ ਦਿੱਤੀ। ਉਸ ਤੋਂ ਅਗਲੇ ਸਾਲ ਕੁਲਦੀਪ ਫਿਰ ਪਿੰਡ ਆਇਆ। ਇਸ ਵਾਰ ਸਾਡੀ ਦੋਵਾਂ ਦੀ ਮਿਲਣੀ ਵਿਚ ਇਸ ਤਰ੍ਹਾਂ ਦਾ ਫਰਕ ਆਉਣ ਲੱਗਿਆ ਜਿਵੇਂ ਵਿਚੋਲੇ ਤੇ ਲਾੜੇ ਦਾ ਵਿਆਹ ਤੋਂ ਬਾਅਦ ਫਰਕ ਪੈਂਦਾ ਹੈ। ਮੈਂ ਆਪਣੇ ਪਰਿਵਾਰ ਵਿਚ ਖੰਡ-ਖੀਰ ਹੋਇਆ ਰਹਿੰਦਾ। ਕੁਲਦੀਪ ਜੇਠ ਦੀ ਦੁਪਹਿਰ ਵਾਂਗ ਤਪਦਾ ਰਹਿੰਦਾ। ਕਦੇ-ਕਦੇ ਸਾਡੀ ਮਿਲਣੀ ਵਾਲਾ ਛੱਰਾਟਾ ਪੈ ਜਾਂਦਾ ਜੋ ਸਾਨੂੰ ਹੋਰ ਤਪਾ ਜਾਂਦਾ। ਮੇਰੇ ਦਿਲ ਵਿਚ ਇਸ ਗੱਲ ਦੀ ਗੰਢ ਬੱਝ ਚੁੱਕੀ ਸੀ ਕਿ ਕੁਲਦੀਪ ਨੇ ਘਰਦਿਆਂ ਦੇ ਕਹਿਣ ਕਰ ਕੇ ਹੀ ਮੈਨੂੰ ਕੈਨੇਡਾ ਨਹੀਂ ਬੁਲਾਇਆ ਸੀ। ਮੈਨੂੰ ਅੱਜ ਵੀ ਚੰਗੀ ਤਰ੍ਹਾਂ ਯਾਦ ਹੈ ਕਿ ਜਦੋਂ ਮੈਂ ਕੁਲਦੀਪ ਨੂੰ ਚਿੱਠੀ ਪਾਉਣ ਲਈ ਲਿਫਾਫਾ ਤੇ ਟਿਕਟਾਂ ਖਰੀਦਣ ਲਈ ਘਰੋਂ ਕਣਕ ਚੋਰੀ ਕਰ ਕੇ ਹੱਟੀ ਵੇਚ ਆਉਂਦਾ ਸੀ। ਕਈ ਕੁਇੰਟਲ ਕਣਕ ਤਾਂ ਟਿਕਟਾਂ ਰਾਹੀਂ ਚਲੀ ਗਈ ਸੀ। ਮੈਂ ਚੋਰੀ ਦਾ ਇਲਜ਼ਾਮ ਸਿਰ-ਮੱਥੇ ਕਬੂਲ ਕੇ ਦੋਹਾਂ ਪਰਿਵਾਰਾਂ ਦਾ ਪਿਆਰ ਕਾਇਮ ਰੱਖਣਾ ਚਾਹੁੰਦਾ ਸੀ। ਮੈਂ ਆਪਣਾ ਤੇ ਕੁਲਦੀਪ ਦਾ ਬਚਪਨ ਦਾ ਪਿਆਰ ਬਰੋਟੇ ਦੀ ਉਮਰ ਜਿੰਨਾ ਲੰਮਾ ਕਰਨਾ ਚਾਹੁੰਦਾ ਸੀ, ਪਰ ਸਾਡਾ ਪਿਆਰ ਤਾਂ ਲੱਗਦਾ ਸੀ ਤੋਰੀਏ ਦੀ ਫਸਲ ਵਰਗਾ ਹੋ ਗਿਆ।

ਖ਼ੈਰ! ਕੁਲਦੀਪ ਨੇ ਚੁੱਪ-ਚੁਪੀਤੇ ਦੁਬਾਰਾ ਵਿਆਹ ਕਰਵਾ ਲਿਆ। ਸ਼ਗਨਾਂ ਦੇ ਗੀਤ ਜਿਵੇਂ ਮੂੰਹ ਮੀਚ ਕੇ ਗਾਏ ਗਏ ਹੋਣ। ਕੁਲਦੀਪ ਛੇ ਮਹੀਨੇ ਪਿੰਡ ਆਪਣੀ ਘਰਵਾਲੀ ਰੂਪੀ ਨੂੰ ਘੁਮਾਉਂਦਾ ਫਿਰਦਾ ਰਿਹਾ। ਜਾਣ ਲੱਗਿਆਂ ਮਿਲਣ ਆਇਆ, ਉਧਾਰੇ ਲਏ ਸ਼ਬਦਾਂ ਵਿਚ ਬੋਲਿਆ, "ਯਾਰ! ਕੀ ਕਿਸੇ ਕੀਮਤ 'ਤੇ ਉਹ ਪੁਰਾਣੇ ਦਿਨ ਵਾਪਸ ਨਹੀਂ ਆ ਸਕਦੇ?"

"ਪੁਲਾਂ ਥੱਲਿਓਂ ਲੰਘਿਆ ਪਾਣੀ ਮੁੜਦਾ ਨਹੀਂ, ਪਰ ਲੰਘ ਰਹੇ ਸਮੇਂ ਦਾ ਅਨੰਦ ਮਾਣਿਆ ਜਾ ਸਕਦਾ ਹੈ। ਜੇ ਤੇਰੀ ਸੋਚ ਤੇਰੇ ਘਰਦਿਆਂ ਦੀ ਸੋਚ ਤੋਂ ਆਜ਼ਾਦ ਹੋ ਜਾਵੇ, ਮੈਂ ਤੇਰੇ ਪਿਆਰ ਦੀ ਖਾਤਰ ਅੱਜ ਵੀ ਘਰੋਂ ਕਣਕ ਚੋਰੀ ਕਰ ਕੇ ਟਿਕਟਾਂ ਖਰੀਦ ਸਕਦਾ ਹਾਂ।" ਮੈਂ ਇਹ ਸ਼ਬਦ ਪਤਾ ਨਹੀਂ ਕਿਹੜੀ ਤਾਕਤ ਨਾਲ ਕਹਿ ਗਿਆ।

ਫਿਰ ਦੋਵਾਂ ਦੀਆਂ ਅੱਖਾਂ ਵਿਚੋਂ ਨਿਕਲੇ ਹੰਝੂ ਹੀ ਇਕ-ਦੂਜੇ ਨੂੰ ਉਤਰ ਦੇ ਗਏ, ਤੇ ਉਹ ਫਿਰ ਕੈਨੇਡਾ ਚਲਾ ਗਿਆ। ਕੁਲਦੀਪ ਦੀ ਬੇਬੇ ਤੇ ਰੂਪੀ ਇਕ ਦਿਨ ਲੇਡੀ ਡਾਕਟਰ ਦੇ ਮਿਲੀਆਂ। ਬੇਬੇ ਮੇਰੀ ਘਰਵਾਲੀ ਨੂੰ ਕਹਿਣ ਲੱਗੀ, "ਲਗਦਾ ਦੋਵੇਂ ਇਕੱਠੇ ਹੀ ਬਾਪੂ ਬਣਨਗੇ।" ਮੇਰੀ ਘਰਵਾਲੀ ਨੇ ਸ਼ਰਮਾਉਂਦਿਆਂ ਅੱਖਾਂ ਨੀਵੀਆਂ ਕਰ ਲਈਆਂ, ਪਰ ਬਾਅਦ ਵਿਚ ਪਤਾ ਲੱਗਿਆ ਕਿ ਰੂਪੀ ਨੇ ਆਪ ਹੀ ਪੁੱਠੀ ਸਿੱਧੀ ਦਵਾਈ ਲੈ ਕੇ 3 ਮਹੀਨਿਆਂ ਦੀ ਭਰੀ ਕੁੱਖ ਖਾਲੀ ਕਰਵਾ ਲਈ ਤੇ ਕੱਪੜਿਆਂ ਨਾਲ ਭਰੇ ਅਟੈਚੀ ਲੈ ਕੇ ਕੈਨੇਡਾ ਪਹੁੰਚ ਗਈ। ਕੁਲਦੀਪ ਡੈਡੀ ਬਣਨ ਲਈ ਕਾਹਲਾ ਸੀ, ਪਰ ਰੂਪੀ ਨੂੰ ਮਾਂ ਬਣਨ ਦੀ ਜਿਵੇਂ ਲੋੜ ਨਹੀਂ ਸੀ। ਜਦੋਂ ਕੁਲਦੀਪ ਨੂੰ ਰੂਪੀ ਦੇ ਇਸ ਘਿਨਾਉਣੇ ਕਾਂਡ ਦਾ ਪਤਾ ਲੱਗਿਆ ਤਾਂ ਉਹ ਉਸ ਨੂੰ ਲੋੜੋਂ ਵੱਧ ਬੋਲ ਗਿਆ। ਰੂਪੀ ਆਪਣੇ ਰਿਸ਼ਤੇਦਾਰਾਂ ਦੇ ਚਲੀ ਗਈ ਤੇ ਫਿਰ ਦੁਬਾਰਾ ਕੋਰਟ ਵਿਚ ਹੀ ਮਿਲੀ। ਕੁਲਦੀਪ ਦਾ ਘਰ ਦੁਬਾਰਾ ਉਜੜ ਗਿਆ। ਇੱਧਰ ਸਾਡੇ ਘਰ ਵਾਹਿਗੁਰੂ ਨੇ ਪੁੱਤਰ ਦੀ ਦਾਤ ਬਖ਼ਸ਼ ਦਿੱਤੀ।

ਕੁਲਦੀਪ ਦੀ ਮਾਂ ਦੇ ਅੰਦਰਲੀ ਕੁੜਿੱਤਣ ਬਾਹਰ ਆ ਗਈ। ਜਦੋਂ ਮੈਂ ਮੁੰਡੇ ਦੀ ਖੁਸ਼ੀ ਵਿਚ ਲੱਡੂਆਂ ਦਾ ਡੱਬਾ ਦੇਣ ਗਿਆ ਤਾਂ ਬੇਬੇ ਨੇ ਡੱਬਾ ਲੈਣ ਤੋਂ ਨਾਂਹ ਕਰ ਦਿੱਤੀ ਤੇ ਆਖਿਆ, "ਜਦੋਂ ਕੁਲਦੀਪ ਆਊ, ਉਸ ਨੂੰ ਫੜਾ ਜਾਈਂ।"

ਬੇਬੇ ਦੇ ਬੋਲ ਜਿਵੇਂ ਨੇਜੇ ਵਾਂਗ ਮੇਰੀ ਹਿੱਕ ਵਿਚ ਧਸ ਗਏ ਹੋਣ। ਮੈਂ ਲੱਡੂਆਂ ਦਾ ਡੱਬਾ ਗੁਰਦੁਆਰੇ ਦੇ ਕੇ ਅਰਦਾਸ ਕਰ ਆਇਆ ਕਿ ਪਰਮਾਤਮਾ ਇਸ ਮਾਈ ਦਾ ਭਲਾ ਕਰੀਂ। ਹੁਣ ਮੈਂ ਪਿੰਡ ਵਾਲੇ ਡਾਕੀਏ ਨੂੰ ਵੀ ਉਡੀਕਣ ਤੋਂ ਹਟ ਗਿਆ ਸੀ। ਕੁਲਦੀਪ ਦੀ ਚਿੱਠੀ ਆਉਣੋਂ ਬੰਦ ਹੋ ਗਈ ਸੀ। ਮੈਂ ਵੀ 5-4 ਚਿੱਠੀਆਂ ਲਿਖ ਕੇ ਕਲਮਾਂ ਤੋੜ ਦਿੱਤੀਆਂ। ਹੁਣ ਮਨ 'ਚ ਜ਼ਿਦ ਆਉਣ ਲੱਗੀ ਕਿ ਕੁਝ ਮਰਜ਼ੀ ਹੋ ਜਾਵੇ, ਕੈਨੇਡਾ ਜਾਣਾ ਹੀ ਜਾਣਾ ਹੈ। ਕੁਲਦੀਪ ਦੀ ਬੇਬੇ ਵੀ ਕੀ ਜਾਣੂ?

ਮੈਂ ਕੈਨੇਡਾ ਜਾਣ ਲਈ ਕੋਈ ਵੀ ਕੀਮਤ ਤਾਰਨ ਲਈ ਤਿਆਰ ਹੋ ਗਿਆ ਸੀ। ਆਪਣੇ ਪਿਤਾ ਜੀ ਨੂੰ ਕਹਿ ਕੇ ਇਕ ਕਿੱਲਾ ਵੇਚਣ 'ਤੇ ਲਾ ਦਿੱਤਾ। ਜਦੋਂ ਕੁਲਦੀਪ ਦੀ ਬੇਬੇ ਨੂੰ ਪਤਾ ਲੱਗਿਆ ਤਾਂ ਉਸ ਨੇ ਸਾਡੀ ਯਾਰੀ ਨੂੰ ਵਿਚ ਲੈਂਦਿਆਂ ਮਿੱਠੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਇਹ ਕਿੱਲਾ ਨਾ ਤਾਂ ਉਨ੍ਹਾਂ ਦੇ ਖੇਤ ਨਾਲ ਲੱਗਦਾ ਸੀ, ਨਾ ਹੀ ਇਸ ਪਾਸੇ ਉਨ੍ਹਾਂ ਦੀ ਹੋਰ ਜ਼ਮੀਨ ਸੀ। ਮੈਂ ਕਿਸੇ ਵੀ ਕੀਮਤ 'ਤੇ ਬੇਬੇ ਨੂੰ ਕਿੱਲਾ ਨਹੀਂ ਵੇਚਣਾ ਚਾਹੁੰਦਾ ਸੀ। ਅਖੀਰ ਬੇਬੇ ਨੇ ਦੋ ਕਿੱਲਿਆਂ ਜਿੰਨੀ ਰਕਮ ਇਕ ਕਿੱਲੇ 'ਤੇ ਲਾ ਦਿੱਤੀ। ਬੇਬੇ ਨੇ ਦੋ ਲੱਖ ਬਿਆਨਾ ਦੇ ਕੇ ਚਾਰ ਲੱਖ ਲਿਖਾ ਲਿਆ। ਤਿੰਨ ਮਹੀਨਿਆਂ ਦਾ ਸਮਾਂ ਰੱਖ ਲਿਆ। ਬੇਬੇ ਦਿੱਤੇ ਸਮੇਂ ਤੋਂ ਅਗਾਂਹ ਲੰਘ ਗਈ, ਰਕਮ ਇਕੱਠੀ ਨਾ ਕਰ ਸਕੀ। ਮੈਂ ਚਾਰ ਲੱਖ ਮੁਫ਼ਤ ਦਾ ਖੱਟ ਗਿਆ। ਬੇਬੇ ਮੇਰੀ ਬੇਇੱਜ਼ਤੀ ਕਰਨੀ ਚਾਹੁੰਦੀ ਸੀ, ਪਰ ਆਪਣੀ ਇੱਜ਼ਤ ਨਾ ਬਚਾ ਸਕੀ। ਮੈਨੂੰ ਕੋਈ ਪਤਾ ਨਹੀਂ ਸੀ ਕਿ ਇਸ ਸੌਦੇ ਦਾ ਕੁਲਦੀਪ ਨੂੰ ਪਤਾ ਹੈ ਜਾਂ ਨਹੀਂ; ਪਰ ਜਦੋਂ ਕੁਲਦੀਪ ਫਿਰ ਪਿੰਡ ਆਇਆ ਤਾਂ ਮੇਰੇ ਨਾਲ ਗੁੱਸੇ ਹੋਇਆ ਕਿ ਜੇ ਤੈਨੂੰ ਪੈਸੇ ਚਾਹੀਦੇ ਸਨ ਤਾਂ ਜ਼ਮੀਨ ਵੇਚਣ 'ਤੇ ਕਿਉਂ ਲਾਈ? ਮੈਂ ਚਾਰ ਲੱਖ ਕੁਲਦੀਪ ਨੂੰ ਵਾਪਸ ਕਰ ਦਿੱਤਾ ਆਪਣੀ ਟੁੱਟੀ ਗੰਢਣ ਦੀ ਖਾਤਰ; ਬੇਬੇ ਫਿਰ ਵੀ ਮੇਰਾ ਚੁੱਲ੍ਹਾ ਟੈਕਸ ਮੁਆਫ ਕਰਨ ਲਈ ਅੰਦਰੋਂ-ਅੰਦਰੀ ਵਿਉਂਤਾਂ ਘੜਦੀ ਰਹੀ। ਪਰਮੇਸ਼ਵਰ ਦੀ ਦਿਆਲਤਾ ਤੋਂ ਬੇਬੇ ਜਿਵੇਂ ਅਣਜਾਣ ਸੀ। ਮੈਂ ਬਿਨਾਂ ਜ਼ਮੀਨ ਵੇਚਿਆਂ ਅਮਰੀਕਾ ਆ ਗਿਆ। ਕੁਲਦੀਪ ਕੈਨੇਡਾ ਨੂੰ ਸਦਾ ਲਈ ਅਲਵਿਦਾ ਕਹਿ ਗਿਆ।

ਕੁਲਦੀਪ ਨੇ ਫਿਰ ਪਿੰਡ ਰਹਿੰਦਿਆਂ ਵਿਆਹ ਕਰਵਾ ਲਿਆ। ਉਹ ਖੁਸ਼ ਸੀ। ਆਪਣੇ ਪਰਿਵਾਰ ਵਿਚ ਥੋੜ੍ਹੀ-ਬਹੁਤੀ ਖੇਤੀਬਾੜੀ ਕਰੀ ਜਾਂਦਾ। ਹੁਣ ਸਾਡਾ ਚਿੱਠੀਆਂ ਰਾਹੀਂ ਨਹੀਂ, ਫੋਨਾਂ ਰਾਹੀਂ ਸੰਪਰਕ ਬਣਿਆ ਹੋਇਆ ਸੀ। ਮੈਂ ਵੀ ਇਥੇ ਵਧੀਆ ਕਮਾਈ ਕੀਤੀ। ਚਾਰ ਡਾਲਰ ਜੋੜ ਕੇ ਮਾਪਿਆਂ ਦੇ ਦੇਖੇ ਸੁਪਨੇ ਪੂਰੇ ਕੀਤੇ। ਕੁਲਦੀਪ ਦੀ ਭੈਣ ਦਾ ਵਿਆਹ ਆ ਗਿਆ ਜੋ ਕੈਨੇਡਾ ਹੀ ਮੰਗੀ ਹੋਈ ਸੀ। ਹੁਣ ਕੁਲਦੀਪ ਹੁਰਾਂ ਨੇ ਇਕ ਕਿੱਲਾ ਵੇਚਣ 'ਤੇ ਲਾ ਦਿੱਤਾ। ਕੁਲਦੀਪ ਨੇ ਪਹਿਲ ਮੈਨੂੰ ਦਿੱਤੀ ਪਰ ਬੇਬੇ ਕਹਿੰਦੀ ਮੈਂ ਢੱਟਾਂ ਵਾਲੀ ਰੇਲ ਗੱਡੀ ਥੱਲੇ ਸਿਰ ਦੇ ਦੇਊਂਗੀ, ਪਰ ਉਨ੍ਹਾਂ ਨੂੰ ਜ਼ਮੀਨ ਨਹੀਂ ਵੇਚਣੀ। ਕੁਲਦੀਪ ਦੀ ਭੈਣ ਮੇਰੀ ਵੀ ਭੈਣ ਸੀ। ਬਗੈਰ ਜ਼ਮੀਨ ਖਰੀਦਿਆਂ ਮੈਂ ਕੁਲਦੀਪ ਦੀ ਮਦਦ ਕੀਤੀ, ਵਧੀਆ ਵਿਆਹ ਕੀਤਾ। ਸਾਰੇ ਖੁਸ਼ ਹੋ ਗਏ, ਪਰ ਬੇਬੇ ਨੇ ਸਾਡੇ ਘਰ ਪੈਰ ਨਹੀਂ ਪਾਇਆ ਕਿ ਮੁੰਡੇ ਨੇ ਯਾਰੀ ਪੁਗਾ ਦਿੱਤੀ ਹੈ।

ਸਮਾਂ ਬੀਤਿਆ। ਕੁਲਦੀਪ ਦਾ ਬਾਪੂ ਸੁਰਗਵਾਸ ਹੋ ਗਿਆ। ਕੁਲਦੀਪ ਦੇ ਭੁਜੰਗੀ ਹੋਇਆ। ਅਸੀਂ ਬੜਾ ਚਾਅ ਮਨਾਇਆ, ਪਰ ਬੇਬੇ ਨੇ ਸਾਡੀਆਂ ਵਧਾਈਆਂ ਸਿੱਧੇ ਮੂੰਹ ਨਾ ਕਬੂਲੀਆਂ। ਕੁਲਦੀਪ ਦੇ ਸਹੁਰੇ ਅਮਰੀਕਾ ਵਿਚ ਹੀ ਹਨ। ਹੁਣ ਸਾਡੀ ਯਾਰੀ ਨੂੰ ਚਾਰ ਚੰਨ ਲਾਉਣ ਲਈ ਕੁਲਦੀਪ ਨੇ ਕਦਮ ਚੁੱਕਣਾ ਚਾਹਿਆ। ਉਹ ਆਪਣੇ ਸਾਲੇ ਦੀ ਲੜਕੀ ਮੇਰੇ ਲੜਕੇ ਨਾਲ ਵਿਆਹ ਕੇ ਬਚਪਨ ਦੀ ਯਾਰੀ ਦੀ ਗੰਢ ਹੋਰ ਮਜ਼ਬੂਤ ਕਰਨ ਲੱਗਿਆ ਹੀ ਸੀ ਕਿ ਬੇਬੇ ਨੇ ਫਿਰ ਲੱਤ ਅੜਾ ਦਿੱਤੀ ਕਿ 'ਮੈਂ ਇਹ ਰਿਸ਼ਤਾ ਨਹੀਂ ਹੋਣ ਦੇਣਾ।' ਪਤਾ ਨਹੀਂ ਬੇਬੇ ਕਿਹੜੀ ਗੱਲੋਂ ਮੇਰੇ ਨਾਲ ਇਉਂ ਕਰਦੀ ਸੀ। ਹੁਣ ਇਥੇ ਵੀ ਬੇਬੇ ਨੇ ਆਪਣੀ ਪੁਗਾ ਲਈ ਤੇ ਕੁਲਦੀਪ ਚੁੱਪ ਹੋ ਗਿਆ। ਜਿੰਨਾ ਘਾਟਾ ਮੈਨੂੰ ਤੇ ਕੁਲਦੀਪ ਨੂੰ ਬੇਬੇ ਕਰ ਕੇ ਝੱਲਣਾ ਪਿਆ, ਉਹ ਲਿਖਣ ਤੋਂ ਅਸਮਰਥ ਹਾਂ। ਜਿੰਨਾ ਦੁੱਖ ਮੇਰੀ ਮਾਂ ਨੂੰ ਮੇਰੇ ਕੋਲ ਪੇਪਰ ਨਾ ਹੋਣ ਦਾ ਹੈ, ਉਸ ਤੋਂ ਵੱਧ ਕੁਲਦੀਪ ਦੀ ਬੇਬੇ ਨੂੰ ਖੁਸ਼ੀ ਹੈ। ਪਤਾ ਨਹੀਂ ਕਿਉਂ?

ਸੁਣਿਐ ਕਿ ਸਿਆਣੀਆਂ ਮਾਈਆਂ ਘਰ ਤੇ ਘਰ ਦੇ ਜੀਆਂ ਨੂੰ ਜੋੜ ਕੇ ਰੱਖਦੀਆਂ ਹਨ, ਪਰ ਇਸ ਬੇਬੇ ਨੇ ਤਾਂ ਗੱਲ ਸਿਰੇ ਲਾ ਛੱਡੀ। ਕੁਲਦੀਪ ਨਾਲੋਂ ਅੱਡ ਹੋ ਗਈ। ਇਕੱਲੀ ਰੋਟੀ ਬਣਾਉਂਦੀ ਹੈ, ਪਰ ਆਕੜ ਨਾਲ ਧੌਣ ਮੰਤਰੀ ਦੇ ਗੰਨਮੈਨ ਵਾਂਗ ਸਿੱਧੀ ਰੱਖਦੀ ਹੈ। ਅਸੀਂ ਦੋਵਾਂ ਨੇ ਬੜਾ ਕੁਝ ਝੱਲਿਆ ਹੈ ਪਰ ਖੁਸ਼ੀ ਇਸ ਗੱਲ ਦੀ ਹੈ ਕਿ ਸਾਡੇ ਬਚਪਨ ਦੀ ਯਾਰੀ ਅੱਜ ਵੀ ਇਕ-ਦੂਜੇ ਨੂੰ ਗਲਫੜੀ ਪਾਉਂਦੀ ਹੈ। ਇਕ-ਦੂਜੇ ਨੂੰ ਮਿਲਿਆਂ ਬੇਸ਼ਕ ਵੀਹ ਸਾਲ ਹੋ ਗਏ ਹਨ, ਪਰ ਲੱਗਦਾ ਹੈ ਕਿ ਅੱਜ ਵੀ ਉਸੇ ਸਰੋਵਰ 'ਤੇ ਬੈਠੇ ਚੰਗੇ ਭਵਿੱਖ ਦੀਆਂ ਗੱਲਾਂ ਕਰਦੇ ਹੋਈਏ। ਕਾਸ਼! ਸਾਡੀ ਯਾਰੀ ਵਿਚ ਬੇਬੇ ਨੇ ਆ ਕੇ ਕੋਈ ਰੋਲ ਨਾ ਨਿਭਾਇਆ ਹੁੰਦਾ, ਤਾਂ ਅੱਜ ਗੱਲਾਂ ਹੋਰ ਹੋਣੀਆਂ ਸਨ।

---

# ਕਲਮ ਦਾ ਕਮਾਲ

## ਮੇਰੇ ਦਿਲ ਦੀ ਗੱਲ



ਨਿੰਮਾ ਡੱਲੇਵਾਲਾ
ਫੋਨ:513-432-9754

ਸੋਚ ਦੇ ਸਮੁੰਦਰ ਵਿਚ ਡੁਬਕੀ ਮਾਰ, ਸ਼ਬਦਾਂ ਦੇ ਮੋਤੀ ਕੱਢ ਲਿਆਉਣ ਅਤੇ ਹੱਥ ਫੜੀ ਕਲਮ ਨਾਲ ਪਰੋ ਕੇ ਹਾਰ ਬਣਾਉਣ ਵਾਲੇ ਨੂੰ ਲੇਖਕ ਦਾ ਰੁਤਬਾ ਦਿੱਤਾ ਜਾਂਦਾ ਹੈ। ਹਰ ਇਨਸਾਨ ਦੀਆਂ ਆਪਣੇ ਪਰਿਵਾਰ ਤੋਂ ਇਲਾਵਾ ਕੁਝ ਜ਼ਿੰਮੇਵਾਰੀਆਂ ਆਪਣੇ ਸਮਾਜ ਪ੍ਰਤੀ ਵੀ ਹਨ ਪਰ ਲੇਖਕ ਦੀਆਂ ਪਰਿਵਾਰ ਤੋਂ ਵੀ ਵੱਧ ਲੋਕਾਂ ਪ੍ਰਤੀ ਜ਼ਿੰਮੇਵਾਰੀਆਂ ਇਸ ਕਰ ਕੇ ਬਣਦੀਆਂ ਹਨ ਕਿਉਂਕਿ ਲੋਕ ਉਸ ਨਾਲ ਅਤੇ ਉਹ ਲੋਕਾਂ ਨਾਲ ਜੁੜਿਆ ਹੁੰਦਾ ਹੈ। ਕਿਸੇ ਕਲਮ ਵਿਚੋਂ ਨਿਕਲੇ ਸ਼ਬਦਾਂ ਤੋਂ ਬਣੇ ਬੋਲ ਲੋਕਾਂ ਦੇ ਦਿਲਾਂ ਤੱਕ ਪਹੁੰਚ ਕੇ ਲੇਖਕ ਅਤੇ ਲੋਕਾਂ ਵਿਚਾਲੇ ਰਿਸ਼ਤਾ ਕਾਇਮ ਕਰਦੇ ਹਨ। ਇਹ ਰਿਸ਼ਤਾ ਭਾਵੇਂ ਖ਼ੂਨ ਦਾ ਨਹੀਂ ਹੁੰਦਾ, ਪਰ ਨਿਭਦਾ ਇਸ ਤੋਂ ਕਿਤੇ ਜ਼ਿਆਦਾ ਹੈ। ਜ਼ਿੰਮੇਵਾਰ ਲੇਖਕ ਦੀ ਲਿਖੀ ਗੱਲ ਸਮਾਜ ਲਈ ਸੇਧ ਹੁੰਦੀ ਹੈ ਜਿਸ 'ਤੇ ਲੋਕ ਅਮਲ ਕਰਦੇ ਹਨ। ਛੋਟੀ ਜਿਹੀ ਕਵਿਤਾ ਤੋਂ ਲੈ ਕੇ ਵੱਡੇ ਪਰਦੇ ਦੀਆਂ ਫਿਲਮਾਂ ਤੱਕ ਸਭ ਲੇਖਕ ਦੀ ਕਲਮ ਦਾ ਹੀ ਕਮਾਲ ਹੈ।

ਸਾਡੇ ਅਮੀਰ ਵਿਰਸੇ ਦੇ ਪੱਲੇ ਪਈ ਸੋਨੇ ਵਰਗੀ ਸਾਹਿਤਕ ਸਮੱਗਰੀ ਲੇਖਕ ਦੀ ਹੀ ਦੇਣ ਹੈ, ਪਰ ਜਿਸ ਤਰ੍ਹਾਂ ਦੇ ਗੀਤ ਅੱਜਕੱਲ੍ਹ ਕੁਝ ਗੀਤਕਾਰ ਲਿਖ ਰਹੇ ਹਨ, ਉਸ ਨੇ ਸਾਡੇ ਵਿਹੜੇ ਸ਼ਰਮਿੰਦਗੀ ਦੀਆਂ ਸੂਲਾਂ ਵਿਛਾ ਦਿੱਤੀਆਂ ਹਨ ਅਤੇ ਪੰਜਾਬ ਤੇ ਪੰਜਾਬੀਅਤ ਦੇ ਮਾਣ ਦਾ ਲੱਕ ਹੀ ਤੋੜ ਦਿੱਤਾ ਹੈ। ਜੇ ਕਿਸੇ ਨੇ ਕੋਈ ਵਧੀਆ ਗੀਤ ਲਿਖ ਵੀ ਦਿੱਤਾ ਤਾਂ ਉਸ ਦੀਆਂ ਲੱਤਾਂ ਗਾਉਣ ਵਾਲਿਆਂ ਅਤੇ ਬਾਹਾਂ ਇਹ ਗੀਤ ਫ਼ਿਲਮਾਉਣ ਵਾਲਿਆਂ ਨੇ ਤੋੜ ਦਿੱਤੀਆਂ। ਗੈਰਜ਼ਿੰਮੇਵਾਰ ਲੇਖਕਾਂ ਨੇ ਕੋਈ ਕਸਰ ਨਹੀਂ ਛੱਡੀ। ਵਿਰਸੇ ਰੂਪੀ ਸਰੀਰ ਨੂੰ ਅਪਾਹਜ ਹੀ ਕਰ ਦਿੱਤਾ। ਮੰਨਿਆ ਕਿ ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ, ਪਰ ਇਕ ਮੱਝ ਲਿਬੜੀ ਕਈਆਂ ਨੂੰ ਲਬੇੜ ਦਿੰਦੀ ਹੈ:

ਲੇਖਕ ਬਣਨਾ ਔਖਾ ਏ,
ਤੇ ਲਿਖਣਾ ਬੜਾ ਸੁਖਾਲਾ ਜੀ।
ਸੋਚ ਤੇ ਸੁੱਚੇ ਮੋਤੀਆਂ ਦੀ,
ਇਕ ਇਹੇ ਅਨੋਖੀ ਮਾਲਾ ਜੀ।
ਰੂਪ ਤੇ ਰੰਗ ਅਮੀਰੀ ਵਾਲਾ,
ਚੜ੍ਹਿਆ ਰਹੇ ਨਿਰਾਲਾ ਜੀ।
ਭਾਗਾਂ ਨਾਲ ਮਿਲਦਾ ਮਿੱਤਰੋ,
ਇਸ ਦਾ ਇਸ਼ਕ ਪਿਆਲਾ ਜੀ।
ਵਾਟਾਂ ਲੰਮੀਆਂ ਤੁਰ ਤੁਰ ਪੈ ਜੇ,
ਕਲਮ ਦੇ ਪੈਰੀਂ ਛਾਲਾ ਜੀ।
ਜਾਚ ਲਿਖਣ ਦੀ ਤਾਂ ਮਿਲੇ,
ਰੱਬ ਵੱਸਦਾ ਜਦੋਂ ਖਿਆਲਾਂ ਜੀ।
ਸ਼ਬਦ ਦੀ ਕੁੰਜੀ ਖੋਲ੍ਹਣ ਲੱਗਦੀ,
ਬੰਦ ਰੂਹਾਂ ਦਾ ਤਾਲਾ ਜੀ।
ਤਾਈਉਂ ਲੇਖਕ ਬਣਨਾ ਸਿੱਖਦਾ,
ਨਿੰਮਾ ਡੱਲੇਵਾਲਾ ਜੀ।

ਲਿਖਣ ਵਾਲਾ ਹਰ ਬੰਦਾ ਲੇਖਕ ਨਹੀਂ ਹੁੰਦਾ। ਲਿਖਣ ਨੂੰ ਫੱਟੀ ਲਿਖਣ ਤੋਂ ਲੈ ਕੇ ਹਰ ਜਮਾਤ ਅਤੇ ਜਮਾਤਾਂ ਪਾਸ ਕਰਨ ਉਪਰੰਤ ਵੀ ਬੰਦਾ ਲਿਖਦਾ ਰਹਿੰਦਾ ਹੈ; ਪਰ ਚੰਦ ਹੀ ਅਜਿਹੀਆਂ ਰੂਹਾਂ ਹੁੰਦੀਆਂ ਹਨ ਜਿਨ੍ਹਾਂ ਹੱਥ ਹਲ ਰੂਪੀ ਕਲਮ ਅਤੇ ਦਿਲ ਦੇ ਬੋਝੇ ਵਿਚ ਸ਼ਬਦਾਂ ਦੇ ਬੀਜ ਹੁੰਦੇ ਹਨ। ਇਹ ਕਾਗਜ਼ ਰੂਪੀ ਖੇਤ ਉਪਰ ਕਲਮਾਂ ਦੇ ਹਲ ਚਲਾ ਕੇ ਲਿਖਤਾਂ ਦੀ ਫ਼ਸਲ ਉਗਾਉਂਦੇ ਹਨ, ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਕਿਸਾਨ ਫਸਲ ਉਗਾਉਂਦਾ ਹੈ। ਲੇਖਕ ਅਤੇ ਕਿਸਾਨ ਵਿਚਕਾਰ ਕੋਈ ਜ਼ਿਆਦਾ ਫ਼ਰਕ ਨਹੀਂ। ਜੇ ਲੇਖਕ ਕਿਸਾਨ ਵਾਂਗ ਆਪਣੀ ਖੇਤੀ ਵੇਲੇ ਕੁਝ ਕੁ ਸਾਵਧਾਨੀਆਂ ਵਰਤ ਲਵੇ ਤਾਂ ਸਮਾਜ ਕੁਝ ਹੱਦ ਤੱਕ ਵਿਕਾਰਾਂ ਤੋਂ ਬਚ ਸਕਦਾ ਹੈ। ਕਿਸਾਨ ਦਾ ਪੈਦਾ ਕੀਤਾ ਅਨਾਜ ਲੋਕਾਂ ਦੇ ਢਿੱਡ ਭਰਦਾ ਹੈ, ਲੇਖਕ ਦੀ ਲੇਖਣੀ ਵਾਲਾ ਅਨਾਜ ਲੋਕਾਂ ਦੀ ਰੂਹ ਦੀ ਖੁਰਾਕ ਬਣਦਾ ਹੈ:

ਚੰਗੀਆਂ ਲਿਖਤਾਂ ਕਦੇ ਲੇਖਕ ਨੂੰ,
ਮਰਨ ਨਾ ਦਿੰਦੀਆਂ ਨੇ।
ਰੱਖਣ ਜਿਉਂਦਾ, ਜੱਗ ਤੋਂ ਰੁਖਸਤ
ਕਰਨ ਨਾ ਦਿੰਦੀਆਂ ਨੇ।
ਵਿਸਰਨ ਵਰਗੀ ਮਾਘ ਦੀ ਠੰਢ ਵਿਚ,
ਠਰਨ ਨਾ ਦਿੰਦੀਆਂ ਨੇ।
ਨਿੰਮੇ ਦਿਲ ਦਰਿਆ ਦੇ ਪਾਣੀ ਵਿਚ,
ਕਦੇ ਖੁਰਨ ਨਾ ਦਿੰਦੀਆਂ ਨੇ।

ਦੋ ਲੇਖ, ਚਾਰ ਗੀਤ ਲਿਖ ਆਪਣੇ-ਆਪ ਨੂੰ ਲੇਖਕ ਕਹਾਉਣ ਦਾ ਭਰਮ ਮੇਰੇ ਵਾਂਗੂੰ ਕਈਆਂ ਦੇ ਦਿਲਾਂ ਵਿਚ ਪਲ ਰਿਹਾ ਹੋਵੇਗਾ, ਪਰ ਲੇਖਕ ਬਣਨ ਲਈ ਇੰਨਾ ਹੀ ਕਾਫ਼ੀ ਨਹੀਂ ਹੁੰਦਾ। ਉਮਰ ਦੇ ਤਜਰਬੇ ਅਤੇ ਕਲਮ ਦੇ ਸਫ਼ਰ ਬਿਨਾਂ ਲੇਖਕ ਦੇ ਰੁਤਬੇ ਵਾਲੀ ਮੰਜ਼ਿਲ ਤੱਕ ਨਹੀਂ ਪਹੁੰਚਿਆ ਜਾਂਦਾ। ਜਿਵੇਂ ਜ਼ਿੰਦਗੀ ਵਿਚ ਰਗੜਾ ਖਾਧੇ ਬਿਨਾਂ ਤਜਰਬੇ ਹਾਸਲ ਨਹੀਂ ਹੁੰਦੇ, ਇਵੇਂ ਹੀ ਕਲਮ ਘਸੇ ਬਿਨਾਂ ਲਿਖਤਾਂ ਵਿਚ ਨਿਖਾਰ ਨਹੀਂ ਆਉਂਦਾ; ਤੇ ਜਦੋਂ ਤੱਕ ਇਹ ਨਿਖਾਰ ਨਹੀਂ ਆਉਂਦਾ, ਤਦ ਤੱਕ ਚੰਗੀਆਂ ਲਿਖਤਾਂ ਦਾ ਜਨਮ ਨਹੀਂ ਹੁੰਦਾ। ਅਸਲ ਵਿਚ ਇਹ ਚੰਗੀਆਂ ਲਿਖਤਾਂ ਹੀ ਹਨ ਜੋ ਲੇਖਕ ਨੂੰ ਮਾਣ ਬਖ਼ਸ਼ਦੀਆਂ ਹਨ। ਹਰ ਲਿਖਤ ਵਿਚ ਸੁਨੇਹੇ ਅਤੇ ਪਵਿੱਤਰਤਾ ਹੁੰਦੀ ਹੈ ਪਰ ਅਫ਼ਸੋਸ ਕਿ ਗੀਤ ਲਿਖਣ ਵਾਲਿਆਂ ਵਿਚੋਂ ਕਈ ਲੇਖਕ, ਇਹ ਗੀਤ ਗਾਉਣ ਵਾਲੇ ਅਤੇ ਚੈਨਲਾਂ ਦੀ ਸਹਾਇਤਾ ਨਾਲ ਲੱਚਰਤਾ ਘਰ-ਘਰ ਪਹੁੰਚਾ ਰਹੇ ਹਨ। ਗੀਤਾਂ ਨਾਲ ਹੋਣ ਵਾਲਾ ਅਸ਼ਲੀਲਤਾ ਦਾ ਨਾਚ ਨਵੀਂ ਪਨੀਰੀ ਨੂੰ ਗਲਤ ਦਿਸ਼ਾ ਵੱਲ ਧੱਕ ਰਿਹਾ ਹੈ। ਇਸ ਵਧ ਰਹੀ ਲੱਚਰਤਾ ਦੇ ਜ਼ਿੰਮੇਵਾਰ ਹਨ-ਇਹ ਸਾਰਾ ਕੁਝ ਦਿਖਾਉਣ ਵਾਲੇ, ਗਾਉਣ ਵਾਲੇ ਅਤੇ ਸੁਣਨ-ਦੇਖਣ ਵਾਲੇ; ਪਰ ਇਨ੍ਹਾਂ ਤੋਂ ਵੀ ਵੱਧ ਗੁਨਾਹਗਾਰ ਹੁੰਦਾ ਹੈ ਗੀਤਕਾਰ ਜਿਸ ਤੋਂ ਸਭ ਸ਼ੁਰੂਆਤ ਹੁੰਦੀ ਹੈ। ਅਗਰ ਗੀਤਕਾਰ ਆਪਣੀ ਜ਼ਿੰਮੇਵਾਰੀ ਪਛਾਣੇ ਅਤੇ ਮਾੜੇ ਗੀਤਾਂ ਦੀ ਬਜਾਇ ਵਧੀਆ ਲਿਖੇ ਤਾਂ ਕੁਝ ਹੱਦ ਤੱਕ ਟੀ.ਵੀ. ਉਪਰ ਦਿਸਣ ਵਾਲੀ ਲੱਚਰਤਾ ਨੂੰ ਨੱਥ ਪਾਈ ਜਾ ਸਕਦੀ ਹੈ। ਇਸ ਲਈ ਸਭ ਨੂੰ ਹੋਕਾ ਹੈ ਕਿ ਵਧੀਆ ਲਿਖੋ ਤਾਂ ਜੋ ਸੁੱਚੇ ਸ਼ਬਦ ਨੂੰ ਕੋਈ ਕਲੰਕ ਨਾ ਲੱਗੇ।

## ਤੁਸੀਂ ਪੜ੍ਹ ਚੁਕੇ ਹੋ...

*ਸਾਲ 2008 ਵਿਚ ਗਜ਼ਨੀ (ਅਫਗਾਨਿਸਤਾਨ) ਵਿਚ ਇਕ ਮੁਟਿਆਰ ਦੀ ਗ੍ਰਿਫਤਾਰੀ ਹੋਈ। ਇਹ ਮੁਟਿਆਰ ਐਫ.ਬੀ.ਆਈ. ਵਲੋਂ ਖਤਰਨਾਕ ਐਲਾਨੀ ਦਹਿਸ਼ਤਪਸੰਦ ਆਫੀਆ ਸਦੀਕੀ ਸੀ। ਪਾਕਿਸਤਾਨ 'ਚ ਰਹਿੰਦਿਆਂ ਆਫੀਆ ਦੀ ਮਾਂ ਇਸਮਤ ਜਹਾਨ ਮਜ਼ਹਬੀ ਤਾਲੀਮ ਦੇ ਖੇਤਰ ਦੀ ਉਘੀ ਸ਼ਖਸੀਅਤ ਸੀ ਤੇ ਇਸ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਗੂੜ੍ਹਾ ਰੰਗ ਚੜ੍ਹਿਆ। ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਅਫਗਾਨਿਸਤਾਨ ਲਈ ਪਹਿਲਾ ਜਹਾਦੀ ਟੋਲਾ ਸਦੀਕੀ ਪਰਿਵਾਰ ਦੇ ਘਰ ਤੋਂ ਥੋੜ੍ਹੀ ਹੀ ਦੂਰ ਬਿਨੂਰੀ ਕਸਬੇ ਦੀ ਮਸਜਿਦ 'ਚੋਂ ਗਿਆ ਸੀ। ਪਰਿਵਾਰ ਦਾ 'ਜਹਾਦੀ' ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਫਿਰ ਆਫੀਆ ਪੜ੍ਹਾਈ ਲਈ ਆਪਣੇ ਭਰਾ ਮੁਹੰਮਦ ਅਲੀ ਕੋਲ ਅਮਰੀਕਾ ਪੁੱਜ ਗਈ। ਅਲੀ ਕੋਲ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ। ਉਸ ਦੀ ਹਰ ਗੱਲ ਮਜ਼ਹਬ ਦੇ ਪ੍ਰਸੰਗ ਵਿਚ ਹੁੰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਬਿਹਤਰ ਮਜ਼ਹਬ ਜਾਪਦਾ ਸੀ। ਇਸੇ ਜੋਸ਼ ਵਿਚ ਉਹ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਸੀ। ਉਹ ਬੋਸਟਨ ਦੀ ਪ੍ਰਸਿੱਧ ਸੰਸਥਾ ਮੈਸਾਚੂਸੈਟਸ ਇੰਸੀਚਿਊਟ ਆਫ ਟੈਕਨਾਲੋਜੀ ਵਿਚ ਦਾਖਲ ਹੋਈ ਤਾਂ ਆਪਣੀ ਲਿਆਕਤ ਕਰ ਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚ ਮਕਬੂਲ ਹੋ ਗਈ। ਉਥੇ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋਇਆ ਤੇ ਫਿਰ ਜਹਾਦੀਆਂ ਨਾਲ। ਜਹਾਦੀਆਂ ਦਾ ਮੁੱਖ ਨਾਅਰਾ ਵੱਧ ਤੋਂ ਵੱਧ ਕਾਫਰ ਮਾਰਨ ਦਾ ਸੀ। ਇਨ੍ਹਾਂ ਨੇ 26 ਫਰਵਰੀ 1993 ਨੂੰ ਵਰਲਡ ਟਰੇਡ ਨਾਰਥ ਟਾਵਰ ਦੀ ਪਾਰਕਿੰਗ ਵਿਚ ਧਮਾਕਾ ਕੀਤਾ; ਪਰ ਛੇਤੀ ਹੀ ਧਮਾਕੇ ਦਾ ਮੁੱਖ ਸੂਤਰਦਾਰ ਸ਼ੇਖ ਉਮਰ ਅਬਦੁਲ ਰਹਿਮਾਨ ਫੜਿਆ ਗਿਆ।...ਹੁਣ ਅੱਗੇ ਪੜ੍ਹੋ...*

# ਆਫੀਆ ਸਦੀਕੀ ਦਾ ਜਹਾਦ

## ਕਿਸ਼ਤ ਪੰਜਵੀਂ



*1972 ਵਿਚ ਪਾਕਿਸਤਾਨ 'ਚ ਜੰਮੀ ਆਫੀਆ ਸਦੀਕੀ ਦੀ ਇਹ ਕਹਾਣੀ 'ਆਫੀਆ ਸਦੀਕੀ ਦਾ ਜਹਾਦ' ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਆਫੀਆ ਨੇ ਅਮਰੀਕਾ ਵਿਚ ਉਚ ਸਿੱਖਿਆ ਹਾਸਲ ਕੀਤੀ ਅਤੇ ਡਾਕਟਰ ਬਣੀ, ਪਰ ਉਸ ਦੇ ਜ਼ਿਹਨ ਵਿਚ ਉਸ ਸਿੱਖਿਆ ਨੇ ਵਾਹਵਾ ਉਥਲ-ਪੁਥਲ ਮਚਾਈ ਜੋ ਉਸ ਨੇ ਆਪਣੀ ਅੰਮੜੀ ਦੀਆਂ ਮਜ਼ਹਬੀ ਤਕਰੀਰਾਂ ਤੋਂ ਗ੍ਰਹਿਣ ਕੀਤੀ ਸੀ। ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਇਸ ਕੁੜੀ ਦਾ ਨਾਂ ਇੰਨੀ ਵੱਡੀ ਪੱਧਰ ਉਤੇ ਜਹਾਦ ਨਾਲ ਜੁੜ ਜਾਵੇਗਾ। ਬਾਅਦ ਵਿਚ ਅਮਰੀਕੀ ਜੇਲ੍ਹਾਂ ਵਿਚ ਇਸ ਕੁੜੀ ਨਾਲ ਜੋ ਹੋਈ-ਬੀਤੀ, ਉਹ ਸੁਣ ਕੇ ਤਾਂ ਪੱਥਰ-ਦਿਲ ਵੀ ਕੰਬ ਉਠਦੇ ਹਨ। ਇਹ ਅਸਲ ਵਿਚ ਇਕੱਲੀ ਆਫੀਆ ਦੀ ਕਥਾ-ਕਹਾਣੀ ਨਹੀਂ, ਸਗੋਂ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ। ਅੱਜਕੱਲ੍ਹ ਇਹ ਕੁੜੀ ਅਮਰੀਕੀ ਜੇਲ੍ਹ ਵਿਚ ਬੰਦ ਹੈ ਅਤੇ ਉਸ ਨੂੰ 86 ਸਾਲ ਦੀ ਸਜ਼ਾ ਮਿਲੀ ਹੋਈ ਹੈ। ਲੇਖਕ ਹਰਮਹਿੰਦਰ ਚਹਿਲ ਨੇ ਆਫੀਆ ਦੀ ਇਸ ਕਹਾਣੀ ਦੇ ਬਹਾਨੇ ਉਸ ਉਬਾਲੇ ਮਾਰਦੇ ਵਕਤ ਦੀ ਬਾਤ ਪਾਈ ਹੈ ਜਦੋਂ ਆਲਾ-ਦੁਆਲਾ ਬਹੁਤ ਤੇਜ਼ੀ ਨਾਲ ਕਰਵਟਾਂ ਲੈ ਰਿਹਾ ਸੀ ਅਤੇ ਮਾਸੂਮ ਜਿੰਦਾਂ ਇਨ੍ਹਾਂ ਕਰਵਟਾਂ ਦੇ ਰੂ-ਬ-ਰੂ ਹੋ ਰਹੀਆਂ ਸਨ। ਹਰਮਹਿੰਦਰ ਚਹਿਲ ਦੀ ਇਹ ਲੰਮੀ ਰਚਨਾ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪ੍ਰਕਾਸ਼ਤ ਕਰ ਰਹੇ ਹਾਂ। -ਸੰਪਾਦਕ*

ਆਫੀਆ ਨੇ ਅਗਲੀਆਂ ਕਲਾਸਾਂ ਲਈ ਰਜਿਸਟਰੇਸ਼ਨ ਕਰਵਾ ਦਿੱਤੀ ਤੇ 1993 ਦੀਆਂ ਗਰਮੀਆਂ ਦੀਆਂ ਛੁੱਟੀਆਂ ਪਾਕਿਸਤਾਨ ਵਿਚ ਮਨਾਉਣ ਦਾ ਫੈਸਲਾ ਕਰਕੇ ਟਿਕਟ ਖਰੀਦੀ ਤੇ ਅਗਲੇ ਹਫਤੇ ਹੀ ਪਾਕਿਸਤਾਨ ਚਲੀ ਗਈ। ਉਸ ਦੇ ਕਰਾਚੀ ਪਹੁੰਚਣ ਦੇ ਅਗਲੇ ਦਿਨ ਹੀ ਉਸ ਦਾ ਮਾਮਾ ਐਸ.ਐਚ. ਫਾਰੂਕੀ ਆਪਣੀ ਘਰਵਾਲੀ ਸਮੇਤ ਮਿਲਣ ਆ ਗਿਆ। ਦੁਪਹਿਰ ਦੇ ਖਾਣੇ ਪਿੱਛੋਂ ਸਾਰਾ ਪਰਿਵਾਰ



**ਹਰਮਹਿੰਦਰ ਚਹਿਲ**
ਫੋਨ: 703-362-3239
e-mail: chahals57@yahoo.com

ਡਰਾਇੰਗ ਰੂਮ 'ਚ ਬੈਠਾ ਗੱਲੀਂ ਰੁੱਝਾ ਹੋਇਆ ਸੀ।

"ਅੱਬੂ ਤੁਸੀਂ ਵੇਖਣ ਨੂੰ ਤਾਂ ਬਿਮਾਰ ਬਿਲਕੁਲ ਨ੍ਹੀਂ ਲੱਗਦੇ, ਪਰ ਫੋਨ 'ਤੇ ਮਸਾਂ ਈ ਬੋਲਦੇ ਹੁੰਨੇ ਓਂ?" ਆਫੀਆ ਨੇ ਹਾਸੇ ਨਾਲ ਕਿਹਾ।

"ਭਾਈ ਸਾਹਬ ਬਿਲਕੁਲ ਤੰਦਰੁਸਤ ਨੇ, ਇਹ ਤਾਂ ਤੈਨੂੰ ਇੱਥੇ ਆ ਜਾਣ ਲਈ ਬਹਾਨਾ ਘੜਿਆ ਹੋਵੇਗਾ।" ਕੋਲੋਂ ਫਾਰੂਕੀ ਵੀ ਹੱਸਿਆ।

"ਬਿਮਾਰ ਨੂੰ ਬੇਟਾ ਆਫੀਆ ਕੀ ਐ; ਇਸ ਉਮਰ 'ਚ ਤਾਂ ਵੈਸੇ ਵੀ ਕੋਈ ਨਾ ਕੋਈ ਬਿਮਾਰੀ ਚੰਬੜੀ ਰਹਿੰਦੀ ਐ।" ਆਫੀਆ ਦੇ ਪਿਉ ਨੇ ਢਿੱਲਾ ਜਿਹਾ ਉਤਰ ਦਿੱਤਾ।

"ਹੁਣ ਤਾਂ ਫੌਜ਼ੀਆ ਬੇਟੀ ਵੀ ਅਮਰੀਕਾ ਦੀ ਤਿਆਰੀ ਕਰ ਰਹੀ ਲੱਗਦੀ ਐ।" ਫਾਰੂਕੀ ਦੀ ਬੇਗਮ ਨੇ ਗੱਲ ਬਦਲੀ।

"ਹਾਂ ਜੀ ਦਾਖਲਾ ਤਾਂ ਹੋ ਗਿਆ ਐ। ਬੱਸ ਹੁਣ ਜਾਣ ਦਾ ਈ ਕਰਨਾ ਐਂ।"

"ਕੀ ਪੜ੍ਹ ਰਹੀ ਐਂ ਫੌਜ਼ੀਆ ਬੇਟੀ?"

"ਜੀ ਡਾਕਟਰੀ।"

"ਬਹੁਤ ਚੰਗਾ ਐ। ਅੱਜਕੱਲ੍ਹ ਆਪਣੇ ਮੁੰਡੇ-ਕੁੜੀਆਂ ਧੜਾ ਧੜ ਅਮਰੀਕਾ ਜਾ ਕੇ ਡਾਕਟਰ, ਨਰਸਾਂ ਬਣ ਰਹੇ ਨੇ। ਬੜੇ ਫਖ਼ਰ ਵਾਲੀ ਗੱਲ ਐ ਇਹ ਤਾਂ।" ਫਾਰੂਕੀ ਨੇ ਮਾਣ ਨਾਲ ਫੌਜ਼ੀਆ ਵੱਲ ਵੇਖਦਿਆਂ ਕਿਹਾ।

"ਪਰ ਕੁਝ ਕੁ ਲੋਕ ਪਾਕਿਸਤਾਨ ਦੇ ਨਾਂ ਨੂੰ ਉਥੇ ਜਾ ਕੇ ਧੱਬਾ ਵੀ ਲਾ ਰਹੇ ਨੇ।" ਸੁਲੇਹ ਸਦੀਕੀ ਨੇ ਚੋਟ ਕੀਤੀ।

"ਤੁਸੀਂ ਕਿਸ ਦੀ ਗੱਲ ਕਰਦੇ ਓਂ? ਇਸਮਤ ਨੇ ਚੁੱਪ ਤੋੜੀ।

"ਬਲੋਚਿਸਤਾਨ ਦੇ ਉਸ ਅਲ ਬਲੋਚੀ ਪਰਿਵਾਰ ਦੇ ਮੁੰਡੇ ਰਮਜ਼ੀ ਯੂਸਫ ਦੀ; ਜਿਸ ਨੇ ਉਥੇ ਕਿਸੇ ਵੱਡੀ ਬਿਲਡਿੰਗ ਦੇ ਪਾਰਕਿੰਗ ਲਾਟ 'ਚ ਬੰਬ ਧਮਾਕਾ ਕਰ ਕੇ ਕਿੰਨੇ ਹੀ ਲੋਕ ਮਾਰ ਮੁਕਾਏ। ਲੋਕ ਸਮਝਦੇ ਨ੍ਹੀਂ ਕਿ ਜੋ ਮੁਲਕ ਸਾਨੂੰ ਇੰਨੀਆਂ ਸਹੂਲਤਾਂ ਦੇ ਰਿਹਾ ਐ, ਸਾਡੀ ਅਗਲੀ ਪੀੜ੍ਹੀ ਲਈ ਕਿੰਨੇ ਚੰਗੇ ਪੜ੍ਹਾਈ ਦੇ ਮੌਕੇ ਮੁਹੱਈਆ ਕਰਵਾ ਰਿਹਾ ਐ, ਉਸੇ ਨੂੰ ਤੁਸੀਂ ਤੋੜਨ-ਭੰਨਣ 'ਤੇ ਲੱਗੇ ਹੋਏ ਓਂ।" ਸੁਲੇਹ ਸਦੀਕੀ ਥੋੜ੍ਹੀ ਨਫਰਤ 'ਚ ਬੋਲਿਆ।

"ਕੀ ਪਤਾ ਐ ਜੀ ਸੱਚ ਕੀ ਐ। ਆਪਾਂ ਅਮਰੀਕਨਾਂ ਦੇ ਕਹਿਣ 'ਤੇ ਤਾਂ ਕਿਸੇ ਨੂੰ ਦੋਸ਼ੀ ਨ੍ਹੀਂ ਮੰਨ ਸਕਦੇ।" ਇਸਮਤ ਨੇ ਜੁਆਬ ਦਿੱਤਾ।

"ਪਰ ਉਥੇ ਸਾਡੇ ਅਜਿਹੇ ਲੋਕ ਵੀ ਤਾਂ ਹੈਗੇ ਨੇ ਜਿਹੜੇ ਸਮਾਜ ਸੇਵਾ ਦਾ ਕੰਮ ਕਰ ਰਹੇ ਨੇ।" ਫਾਰੂਕੀ ਦੀ ਬੇਗਮ ਬੋਲੀ।

"ਆਪਣੀ ਆਫੀਆ ਵੀ ਤਾਂ ਸਮਾਜ ਸੇਵਾ ਦੇ ਕੰਮਾਂ 'ਚ ਵਧ ਚੜ੍ਹ ਕੇ ਹਿੱਸਾ ਪਾਉਂਦੀ ਐ।"

"ਇਹ ਤਾਂ ਬੜੀ ਚੰਗੀ ਗੱਲ ਐ। ਸਮਾਜ ਸੇਵੀ ਮਾਂ ਦੀ ਧੀ, ਸਮਾਜ ਸੇਵਾ ਨਾ ਕਰੂਗੀ ਤਾਂ ਹੋਰ ਕੀ ਕਰੂਗੀ।" ਫਾਰੂਕੀ ਨੇ ਆਫੀਆ ਅਤੇ ਉਸ ਦੀ ਮਾਂ ਨੂੰ ਸਰਾਹਿਆ।

"ਆਫੀਆ, ਉਥੇ ਅਜਿਹੀਆਂ ਭੰਨ-ਤੋੜ ਦੀਆਂ ਕਾਰਵਾਈਆਂ ਬਾਰੇ ਆਪਣੇ ਉਥੇ ਦੇ ਲੋਕਾਂ ਦੇ ਕੀ ਵਿਚਾਰ ਨੇ?"

"ਅੰਕਲ ਮੈਂ ਅਤੇ ਮੇਰੀਆਂ ਸਹੇਲੀਆਂ, ਅਸੀਂ ਤਾਂ ਜ਼ਿਆਦਾ ਚੈਰਿਟੀ ਦਾ ਕੰਮ ਕਰਦੇ ਆਂ। ਸਾਨੂੰ ਇਨ੍ਹਾਂ ਗੱਲਾਂ ਦਾ ਬਹੁਤਾ ਪਤਾ ਵੀ ਨ੍ਹੀਂ ਲੱਗਦਾ; ਪਰ ਇੱਕ ਗੱਲ ਜ਼ਰੂਰ ਐ ਕਿ ਸਿਰਫ ਆਪਣੇ ਲੋਕਾਂ ਨੂੰ ਈ ਦੋਸ਼ ਨਾ ਦਿਉ; ਕਿਉਂਕਿ ਉਨ੍ਹਾਂ ਨੂੰ ਅਜਿਹਾ ਕੁਝ ਕਰਨ ਲਈ ਮਜ਼ਬੂਰ ਵੀ ਤਾਂ ਪੱਛਮ ਈ ਕਰਦਾ ਐ। ਹੁਣ ਬੋਸਨੀਆ 'ਚ ਹੀ ਲੈ ਲਉ। ਉਥੇ ਮੁਸਲਮਾਨਾਂ 'ਤੇ ਇੰਨੇ ਜ਼ੁਲਮ ਹੋ ਰਹੇ ਨੇ ਕਿ ਰਹੇ ਰੱਬ ਦਾ ਨਾਂ। ਮੇਰੇ ਕੋਲ ਵੀਡੀਉ ਕੈਸਿਟਾਂ ਨੇ ਜਿਨ੍ਹਾਂ ਵਿਚ ਤੁਸੀਂ ਵੇਖੋਗੇ ਕਿ ਕਿਵੇਂ ਉਥੇ ਸਾਡੇ ਲੋਕਾਂ 'ਤੇ ਜ਼ੁਲਮ ਹੋ ਰਹੇ ਨੇ। ਕਿਵੇਂ ਸਾਡੀਆਂ ਧੀਆਂ-ਭੈਣਾਂ ਨਾਲ ਗੈਂਗ ਰੇਪ ਹੁੰਦੇ ਨੇ। ਇਹ ਕੈਸਿਟਾਂ ਵੇਖ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਨੇ।"

"ਪਰ ਇਹ ਕਿਵੇਂ ਸੰਭਵ ਐ ਕਿ ਜਿਸ ਵੇਲੇ ਰੇਪ ਹੋ ਰਹੇ ਸਨ, ਉਸੇ ਵੇਲੇ ਤੁਹਾਡੇ ਲੋਕਾਂ ਨੇ ਉਹ ਕੈਸਿਟਾਂ ਜਾਂ ਮੂਵੀਆਂ ਬਣਾਈਆਂ। ਤੂੰ ਤਾਂ ਇਉਂ ਦੱਸ ਰਹੀ ਐਂ ਜਿਵੇਂ ਕਿਸੇ ਫਿਲਮ ਦੀ ਸ਼ੂਟਿੰਗ ਦੀਆਂ ਕੈਸਿਟਾਂ ਦੀ ਗੱਲ ਕਰ ਰਹੀ ਹੋਵੇਂ।" ਸਾਲੇਹ ਸਦੀਕੀ ਔਖਾ ਹੋ ਕੇ ਆਫੀਆ ਵੱਲ ਵੇਖਦਾ ਬੋਲਿਆ। ਇਸਮਤ ਨੂੰ ਘਰਵਾਲੇ ਦੀ ਇਹ ਗੱਲ ਚੰਗੀ ਨਾ ਲੱਗੀ, ਪਰ ਇਸ ਦਾ ਜੁਆਬ ਆਫੀਆ ਨੇ ਹੀ ਦਿੱਤਾ। ਉਹ ਬੋਲੀ, "ਜਿਹੜੇ ਜਹਾਦੀ ਉਥੇ ਲੜ ਰਹੇ ਨੇ, ਉਹ ਅਜਿਹੀਆਂ ਘਟਨਾਵਾਂ ਨੂੰ ਕੈਮਰੇ 'ਚ ਕੈਦ ਕਰ ਲੈਂਦੇ ਨੇ; ਤਾਂ ਕਿ ਤੁਹਾਡੇ ਵਰਗੇ ਪੱਛਮ ਦੇ ਭਗਤਾਂ ਨੂੰ ਸੱਚ ਦੱਸ ਸਕਣ।"

"ਮੈਂ ਕਿਸੇ ਪੱਛਮ ਦਾ ਭਗਤ ਨ੍ਹੀਂ ਆਂ, ਪਰ ਸੱਚ ਤਾਂ ਸੱਚ ਈ ਐ ਨਾ। ਪਹਿਲਾਂ ਤੂੰ ਇਹ ਦੱਸ ਕਿ ਤੇਰੇ ਕੋਲ ਜੋ ਕੈਸਿਟਾਂ ਨੇ, ਇਹ ਕਿਹੜੇ ਗਰੁਪ ਨੇ ਬਣਾਈਆਂ ਨੇ। ਫਿਰ ਮੈਂ ਅੱਗੇ ਗੱਲ ਕਰੂੰਗਾ।"

"ਅੱਬੂ ਇਹ ਬਹੁਤਾ ਕੰਮ ਮੁਸਲਿਮ ਬ੍ਰਦਰਹੁੱਡ ਦਾ ਕੀਤਾ ਹੋਇਆ ਐ। ਇਸ ਵੇਲੇ ਜਹਾਦ 'ਚ ਸਭ ਤੋਂ ਵੱਧ ਯੋਗਦਾਨ ਉਹ ਹੀ ਪਾ ਰਹੇ ਨੇ।" ਇੰਨਾ ਕਹਿ ਕੇ ਆਫੀਆ ਆਪਣੀ ਕਾਪੀ ਫਰੋਲਣ ਲੱਗੀ।

"ਇਹ ਮੁਸਲਿਮ ਬ੍ਰਦਰਹੁੱਡ ਹੀ ਅਸਲੀ ਪੁਆੜੇ ਦੀ ਜੜ੍ਹ ਐ। ਤੇਰੀਆਂ ਇਹ ਵੀਡੀਉ ਕੈਸਿਟਾਂ ਵੇਖਣ ਤੋਂ ਪਹਿਲਾਂ ਈ ਮੈਂ ਦੱਸ ਦਿੰਨਾ ਆਂ ਕਿ ਇਹ ਸਭ ਪ੍ਰਾਪੇਗੰਡਾ ਐ। ਮੁਸਲਮਾਨਾਂ ਨੂੰ ਭੜਕਾਉਣ ਲਈ ਅਜਿਹੇ ਕੰਮ ਤਾਂ ਬ੍ਰਦਰਹੁੱਡ ਮੁੱਦਤਾਂ ਤੋਂ ਕਰਦਾ ਆ ਰਿਹਾ ਐ।"

ਘਰਵਾਲੇ ਦੀ ਗੱਲ ਸੁਣ ਕੇ ਇਸਮਤ ਆਫੀਆ ਵੱਲ ਝਾਕੀ ਤੇ ਉਸ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਅਗਲੇ ਪਲ ਕਮਰੇ 'ਚ ਖਾਮੋਸ਼ੀ ਜਿਹੀ ਛਾ ਗਈ। ਸਭ ਨੂੰ ਚੁੱਪ ਵੇਖ ਕੇ ਫੌਜ਼ੀਆ ਬੋਲੀ, "ਅੱਬੂ ਇਸ ਮੁਸਲਿਮ ਬ੍ਰਦਰਹੁੱਡ ਦੀ ਅਸਲੀਅਤ ਕੀ ਐ? ਮੇਰਾ ਮਤਲਬ ਇਹ ਕਿਸ ਨੇ ਸ਼ੁਰੂ ਕੀਤਾ ਤੇ ਇਸ ਦਾ ਨਿਸ਼ਾਨਾ ਕੀ ਐ?"

"ਇਸ ਬਾਰੇ ਫੌਜ਼ੀਆ ਬੇਟੀ ਤੈਨੂੰ ਮੈਂ ਦੱਸਦਾਂ।" ਫਾਰੂਕੀ ਗਲਾ ਸਾਫ ਕਰਦਿਆਂ ਬੋਲਣ ਲੱਗਿਆ, "ਬਹੁਤ ਪਹਿਲਾਂ ਮਿਸਰ ਦੇ ਮਸ਼ਹੂਰ ਬੁੱਧੀਜੀਵੀ ਹਸਨ ਅਲ-ਬੰਨਾ ਨੇ ਇਸ ਪਾਰਟੀ ਦਾ ਮੁੱਢ ਬੰਨ੍ਹਿਆ ਸੀ। ਉਸ ਦੇ ਇਰਾਦੇ ਬਹੁਤ ਨੇਕ ਸਨ। ਉਸ ਵੇਲੇ ਆਪਣੇ ਆਲੇ-ਦੁਆਲੇ ਬਰਤਾਨੀਆ ਨੇ ਸਭ ਨੂੰ ਗੁਲਾਮ ਬਣਾਇਆ ਹੋਇਆ ਸੀ। ਸਾਰੇ ਮੁਲਕ ਬਰਤਾਨੀਆ ਦੀਆਂ ਕਾਲੋਨੀਆਂ ਬਣਾ ਕੇ ਰੱਖ ਦਿੱਤੇ ਸਨ। ਇਨ੍ਹਾਂ ਕਾਲੋਨੀਆਂ ਦੇ ਲੋਕ ਜੋ ਗਾੜ੍ਹੇ ਪਸੀਨੇ ਦੀ ਕਮਾਈ ਕਰਦੇ ਸਨ, ਬਰਤਾਨਵੀ ਉਸੇ ਕਮਾਈ 'ਤੇ ਐਸ਼ ਕਰਦੇ ਸਨ ਅਤੇ ਸਾਡੇ ਲੋਕਾਂ ਨਾਲ ਪਸ਼ੂਆਂ ਵਰਗਾ ਵਿਹਾਰ ਕਰਦੇ ਸਨ। ਹਸਨ ਅਲ-ਬੰਨਾ ਦੀ ਇਸ ਨਵੀਂ ਬਣਾਈ ਪਾਰਟੀ ਮੁਸਲਿਮ ਬ੍ਰਦਰਹੁੱਡ ਨੇ ਨਾਅਰਾ ਦਿੱਤਾ ਕਿ ਆਉ ਲੋਕੋ, ਆਪਾਂ ਰਲ ਕੇ ਇਨ੍ਹਾਂ ਬਰਤਾਨਵੀ ਲੋਕਾਂ ਨੂੰ ਇੱਥੋਂ ਭਜਾ ਦੇਈਏ ਤੇ ਇੱਥੇ ਸ਼ੱਰਾ ਮੁਤਾਬਕ ਇਸਲਾਮੀ ਰਾਜ ਕਾਇਮ ਕਰੀਏ। ਜਿੱਥੇ ਅੱਲਾ ਸਾਡੀ ਮੰਜ਼ਿਲ ਹੋਵੇ। ਮੁਹੰਮਦ ਸਾਹਿਬ ਸਾਡੇ ਰਹਿਨੁਮਾ ਹੋਣ ਤੇ ਕੁਰਾਨ ਸਾਡਾ ਸੰਵਿਧਾਨ ਹੋਵੇ। ਉਸ ਦੇ ਕਹਿਣ ਦਾ ਭਾਵ ਸੀ ਕਿ ਰਾਜ ਪ੍ਰਬੰਧ ਅਤੇ ਕਾਨੂੰਨ ਵਿਵਸਥਾ ਵਗੈਰਾ ਮਜ਼ਹਬੀ ਅਕੀਦੇ ਅਨੁਸਾਰ ਹੋਵੇ। ਆਪਣੇ ਹੱਕਾਂ ਲਈ ਲੜਨਾ ਦੀਨ ਵਾਲਾ ਕੰਮ ਮੰਨਿਆ ਜਾਵੇ ਅਤੇ ਇਸ ਨੂੰ ਜਹਾਦ ਸਮਝ ਕੇ ਲੜਿਆ ਜਾਵੇ। ਉਸ ਵੇਲੇ ਬ੍ਰਦਰਹੁੱਡ ਬਰਤਾਨੀਆ ਦੇ ਇੰਨਾ ਖਿਲਾਫ ਸੀ ਕਿ ਇਸ ਨੇ ਦੂਜੀ ਵੱਡੀ ਜੰਗ ਵਿਚ ਜਰਮਨੀ ਦਾ ਪੱਖ ਲਿਆ, ਕਿਉਂਕਿ ਉਹ ਬਰਤਾਨੀਆ ਦੇ ਖਿਲਾਫ ਲੜ ਰਿਹਾ ਸੀ। ਜੰਗ ਬੰਦ ਹੋਣ ਪਿੱਛੋਂ ਜਦੋਂ ਇਜ਼ਰਾਇਲ ਸਟੇਟ ਬਣੀ ਤਾਂ ਮੁਸਲਿਮ ਬ੍ਰਦਰਹੁੱਡ ਨੇ ਸਭ ਤੋਂ ਪਹਿਲਾਂ ਇਸ ਦੀ ਮੁਖਾਲਫਤ ਕੀਤੀ। ਇਸੇ ਕਰ ਕੇ ਪਹਿਲੀ ਅਰਬ ਇਜ਼ਰਾਇਲ ਜੰਗ 'ਚ ਮਿਸਰ ਮੁੱਖ ਧਿਰ ਸੀ। ਅਰਬ ਭਾਵੇਂ ਉਹ ਜੰਗ ਹਾਰ ਗਿਆ, ਪਰ ਬ੍ਰਦਰਹੁੱਡ ਦੀ ਚੜ੍ਹਾਈ ਹੋ ਗਈ। ਜਦੋਂ ਬਰਤਾਨੀਆ ਉਥੋਂ ਚਲਿਆ ਗਿਆ ਤਾਂ ਮੁਸਲਿਮ ਬ੍ਰਦਰਹੁੱਡ ਆਪਣੀ ਹੀ ਸਰਕਾਰ ਦੇ ਖਿਲਾਫ ਹੋ ਗਿਆ। ਸਰਕਾਰ ਨੇ ਇਸ 'ਤੇ ਪਾਬੰਦੀ ਲਾ ਦਿੱਤੀ। ਫਿਰ ਇਹ ਹੋਰਨਾਂ ਮੁਲਕਾਂ ਵਿਚ ਫੈਲਣ ਲੱਗਿਆ। ਅੱਜ ਹਾਲਾਤ ਇਹ ਨੇ ਕਿ ਹਰ ਅਰਬ ਮੁਲਕ ਵਿਚ ਇਸ ਦੀਆਂ ਸ਼ਾਖਾਵਾਂ ਨੇ; ਪਰ ਤਕਰੀਬਨ ਸਾਰੇ ਮੁਲਕਾਂ ਨੇ ਇਸ 'ਤੇ ਪਾਬੰਦੀ ਲਾਈ ਹੋਈ ਐ, ਕਿਉਂਕਿ ਅੱਜਕੱਲ੍ਹ ਇਹ ਗਰਮਦਲੀਆਂ ਦੇ ਕਬਜ਼ੇ 'ਚ ਐ ਤੇ ਬਹੁਤ ਹੀ ਹਿੰਸਕ ਹੋ ਗਿਆ ਐ।"



*ਆਫੀਆ ਦੀ ਭੈਣ ਫੌਜ਼ੀਆ ਸਦੀਕੀ ਅਤੇ ਅੰਮੜੀ ਇਸਮਤ ਸਦੀਕੀ।*

## ਕੌੜਾ ਸੱਚ

"ਜਦੋਂ ਇਹ ਇੰਨਾ ਖਤਰਨਾਕ ਐ ਤਾਂ ਇਹ ਕਿਸੇ ਮੁਲਕ ਦੀ ਮੱਦਦ ਤੋਂ ਬਿਨਾਂ ਆਪਣੀ ਹੋਂਦ ਕਾਇਮ ਕਿਵੇਂ ਰੱਖ ਸਕਦਾ ਐ?" ਇਸਮਤ ਨੇ ਟੇਢਾ ਸੁਆਲ ਕੀਤਾ।

"ਅਜਿਹਾ ਨ੍ਹੀਂ ਐ, ਕਈ ਮੁਲਕਾਂ ਦੇ ਇਹ ਫਿੱਟ ਵੀ ਬੈਠਦਾ ਐ। ਸਾਊਦੀ ਅਰਬ ਦੀ ਉਦਾਹਰਣ ਲੈ ਲਉ। ਉਥੇ ਦਾ ਰਾਜ ਘਰਾਣਾ ਵਹਾਬੀ ਐ ਜਿਹੜਾ ਸੁੰਨੀ ਅਤੇ ਸ਼ੀਆ ਦੋਨਾਂ ਦੇ ਖਿਲਾਫ ਐ। ਉਹ ਆਪਣੀ ਵਹਾਬੀ ਸ਼ਾਖਾ ਨੂੰ ਫੈਲਾਉਣ ਵਾਸਤੇ ਮੁਸਲਿਮ ਬ੍ਰਦਰਹੁੱਡ ਦੀ ਮੱਦਦ ਕਰਦਾ ਐ। ਅਸਲ 'ਚ ਸਭ ਤੋਂ ਵੱਧ ਸਾਊਦੀ ਅਰਬ ਈ ਬ੍ਰਦਰਹੁੱਡ ਨੂੰ ਚੁੱਕਦਾ ਐ।"

"ਇਸ ਦਾ ਮਤਲਬ ਬਾਕੀ ਸਾਰੀ ਦੁਨੀਆਂ ਪਾਗਲ ਐ ਜੋ ਬ੍ਰਦਰਹੁੱਡ ਦਾ ਪੱਖ ਪੂਰਦੀ ਐ?" ਇਸਮਤ ਗੁੱਸੇ 'ਚ ਬੋਲੀ। ਇਸ ਪਿੱਛੋਂ ਬਹਿਸ ਵਿਚ ਤਲਖ਼ੀ ਆਉਣ ਲੱਗੀ। ਫਾਰੂਕੀ ਨੇ ਜਾਣ ਦੀ ਇਜਾਜ਼ਤ ਮੰਗੀ ਤੇ ਦੋਨੋਂ ਮੀਆਂ ਬੀਵੀ ਉਠ ਕੇ ਤੁਰ ਪਏ। ਇਸਮਤ ਅਤੇ ਫੌਜ਼ੀਆ ਉਨ੍ਹਾਂ ਨੂੰ ਤੋਰਨ ਲਈ ਬਾਹਰ ਨਿਕਲ ਗਈਆਂ। ਪਿੱਛੇ ਆਫੀਆ ਅਤੇ ਉਸ ਦਾ ਪਿਉ ਰਹਿ ਗਏ। ਸੁਲੇਹ ਸਦੀਕੀ ਆਫੀਆ ਦੇ ਸਿਰ 'ਤੇ ਹੱਥ ਫੇਰਦਿਆਂ ਬੋਲਿਆ, "ਬੇਟੀ, ਤੂੰ ਆਪਣੀ ਪੜ੍ਹਾਈ ਵੱਲ ਧਿਆਨ ਦੇਹ। ਤੂੰ ਕੀ ਲੈਣਾ ਐਂ ਇਨ੍ਹਾਂ ਚੈਰਿਟੀਆਂ ਵਗੈਰਾ ਤੋਂ।"

"ਅੱਬੂ ਇਹ ਤਾਂ ਦੀਨ ਵਾਲਾ ਕੰਮ ਐਂ। ਅੰਮੀ ਨੇ ਵੀ ਤਾਂ ਸਾਰੀ ਉਮਰ ਇਹੀ ਕੀਤਾ ਐ। ਫਿਰ ਤੁਸੀਂ ਮੈਨੂੰ ਇਸ ਪਾਸਿਉਂ ਕਿਉਂ ਰੋਕਦੇ ਓਂ?"

"ਕਿਉਂਕਿ ਮੈਂ ਜਾਣਦਾ ਆਂ ਕਿ ਇਹ ਅਸਲੀ ਚੈਰਿਟੀ ਨ੍ਹੀਂ ਐ।"

"ਹੋਰ ਕੀ ਐ ਇਹ?"

"ਅਸਲੀ ਚੈਰਿਟੀ ਉਹ ਹੁੰਦੀ ਐ ਜਿਹੜੀ ਵਾਕਿਆ ਈ ਲੋੜਵੰਦਾਂ ਦੀ ਮੱਦਦ ਕਰੇ, ਪਰ ਅੱਜਕੱਲ੍ਹ ਜੋ ਵੀ ਚੈਰਿਟੀਆਂ ਚੱਲ ਰਹੀਆਂ ਨੇ, ਇਹ ਅਸਲ ਵਿਚ ਜਹਾਦ ਦੇ ਨਾਂ ਹੇਠ ਲੜ ਰਹੇ ਅਤਿਵਾਦੀਆਂ ਦੀ ਮੱਦਦ ਕਰ ਰਹੀਆਂ ਨੇ।"

"ਅੱਬੂ ਪਲੀਜ਼, ਉਨ੍ਹਾਂ ਨੂੰ ਅਤਿਵਾਦੀ ਨਾ ਕਹੋ; ਨ੍ਹੀਂ ਤਾਂ ਮੈਂ ਨਾਰਾਜ਼ ਹੋ ਜਾਣਾ ਐਂ।" ਆਫੀਆ ਉਠ ਕੇ ਖੜ੍ਹੋ ਗਈ।

"ਤੂੰ ਇਉਂ ਗੁੱਸੇ ਨਾ ਹੋ, ਮੇਰੀ ਗੱਲ ਸੁਣ।" ਪਿਉ ਨੇ ਆਫੀਆ ਦੀ ਬਾਂਹ ਫੜ ਕੇ ਉਸ ਨੂੰ ਫਿਰ



*ਮੁਸਲਿਮ ਬ੍ਰਦਰਹੁੱਡ ਦਾ ਬਾਨੀ ਹਸਨ ਅਲ-ਬੰਨਾ (ਜਨਮ 14 ਅਕਤੂਬਰ 1906) ਜਿਸ ਨੇ 20ਵੀਂ ਸਦੀ ਵਿਚ ਇਸਲਾਮ ਦੀ ਪੁਨਰ-ਸੁਰਜੀਤੀ ਲਈ ਰਾਹ ਮੋਕਲਾ ਕੀਤਾ। 12 ਫਰਵਰੀ 1949 ਨੂੰ ਕਾਹਿਰਾ (ਮਿਸਰ) ਵਿਚ ਉਸ ਦਾ ਕਤਲ ਹੋ ਗਿਆ ਸੀ।*

ਤੋਂ ਬਿਠਾ ਲਿਆ।

"ਤੂੰ ਜਹਾਦ ਦੇ ਮਤਲਬ ਸਮਝਦੀ ਐਂ?"

"ਕੁਝ ਕੁਝ ਸਮਝਦੀ ਆਂ ਤੇ ਬਾਕੀ ਤੁਸੀਂ ਸਮਝਾ ਦਿਉ।" ਆਫੀਆ ਗੁੱਸੇ 'ਚ ਬੋਲੀ।

"ਵੇਖ ਬੇਟੇ, ਇਹ ਲੋਕ ਪਵਿੱਤਰ ਕੁਰਾਨ 'ਚੋਂ ਉਨੇ ਕੁ ਲਫਜ਼ ਚੁੱਕ ਲੈਂਦੇ ਨੇ ਜਿੰਨੇ ਇਨ੍ਹਾਂ ਨੂੰ ਠੀਕ ਬੈਠਦੇ ਨੇ। ਸਾਰੀ ਕੁਰਾਨ ਨੂੰ ਪੜ੍ਹਿਆ ਜਾਵੇ ਤਾਂ ਅਸਲੀ ਮਤਲਬ ਕੁਝ ਹੋਰ ਨਿਕਲਦਾ ਐ।"

"ਕੀ ਨਿਕਲਦਾ ਐ ਅਸਲੀ ਮਤਲਬ?" ਆਫੀਆ ਦੀਆਂ ਅਜੇ ਵੀ ਤਿਉੜੀਆਂ ਚੜ੍ਹੀਆਂ ਹੋਈਆਂ ਸਨ।

"ਮੁਹੰਮਦ ਸਾਹਿਬ ਨੇ ਫਰਮਾਇਆ ਐ ਕਿ ਇਨਸਾਨ ਦੀ ਜ਼ਿੰਦਗੀ 'ਚ ਨੌਂ ਜਹਾਦ ਹੋਰ ਨੇ ਤੇ ਇਹ ਲੜਾਈ ਵਾਲਾ ਜਹਾਦ ਦਸਵੇਂ ਨੰਬਰ 'ਤੇ ਆਉਂਦਾ ਐ। ਪਹਿਲੇ ਹਨ-ਕਰੋਧ, ਲਾਲਚ, ਲੋਭ, ਮੋਹ ਅਤੇ ਕਾਮ ਵਗੈਰਾ। ਜਿਹੜੇ ਲੋਕ ਇਨ੍ਹਾਂ ਨੌਂ ਜਹਾਦਾਂ 'ਤੇ ਜਿੱਤ ਪ੍ਰਾਪਤ ਕਰ ਲੈਂਦੇ ਨੇ, ਸਿਰਫ ਉਹੋ ਹੀ ਦਸਵਾਂ ਜਹਾਦ ਲੜਨ ਦੇ ਕਾਬਲ ਸਮਝੇ ਜਾਂਦੇ ਨੇ। ਕੀ ਤੈਨੂੰ ਲੱਗਦਾ ਐ ਕਿ ਅੱਜ ਦੇ ਜਹਾਦੀਆਂ ਨੇ ਇਨ੍ਹਾਂ 'ਤੇ ਕਾਬੂ ਪਾਇਆ ਹੋਇਆ ਐ।"

ਆਫੀਆ ਚੁੱਪ ਰਹੀ। ਉਹ ਕੁਝ ਨਾ ਬੋਲੀ

ਤਾਂ ਉਸ ਦਾ ਪਿਉ ਫਿਰ ਬੋਲਣ ਲੱਗਿਆ, "ਮੈਂ ਤੈਨੂੰ ਇੱਕ ਕਹਾਣੀ ਸੁਣਾਉਂਦਾ ਆਂ। ਜੰਗ ਦੇ ਮੈਦਾਨ ਵਿਚ ਮੁਹੰਮਦ ਸਾਹਿਬ ਦੇ ਨਾਲ ਉਨ੍ਹਾਂ ਦਾ ਇੱਕ ਰਿਸ਼ਤੇਦਾਰ ਜਮੀਲ ਵੀ ਲੜ ਰਿਹਾ ਸੀ। ਉਸ ਨੇ ਲੜਦੇ ਹੋਏ ਨੇ ਆਪਣੇ ਦੁਸ਼ਮਣ ਨੂੰ ਹੇਠਾਂ ਸੁੱਟ ਲਿਆ ਤੇ ਉਸ ਦੀ ਛਾਤੀ 'ਤੇ ਚੜ੍ਹ ਬੈਠਿਆ। ਹੋਰ ਵਾਹ ਨਾ ਜਾਂਦੀ ਵੇਖ ਕੇ ਹੇਠਾਂ ਪਏ ਦੁਸ਼ਮਣ ਨੇ ਉਸ ਦੇ ਮੂੰਹ 'ਤੇ ਥੁੱਕ ਦਿੱਤਾ। ਇੱਕ ਦਮ ਗੁੱਸੇ 'ਚ ਆ ਕੇ ਜਮੀਲ ਨੇ ਤਲਵਾਰ ਚੁੱਕੀ ਤੇ ਦੁਸ਼ਮਣ ਦਾ ਗਲਾ ਵੱਢਣ ਨੂੰ ਅਹੁਲਿਆ। ਉਦੋਂ ਹੀ ਉਸ ਦੇ ਅੰਦਰ ਕੁਛ ਕੌਂਧਿਆ ਤੇ ਤਲਵਾਰ ਪਰ੍ਹਾਂ ਚਲਾ ਮਾਰੀ। ਉਹ ਦੁਸ਼ਮਣ ਦੀ ਛਾਤੀ ਤੋਂ ਵੀ ਉਠ ਖੜ੍ਹਾ ਹੋਇਆ। ਹੇਠਾਂ ਪਏ ਦੁਸ਼ਮਣ ਨੇ ਕਿਹਾ ਕਿ ਹੁਣ ਛੱਡ ਕਿਉਂ ਦਿੱਤਾ, ਮੈਨੂੰ ਮਾਰ ਦੇਹ ਨਾ। ਇਹ ਸੁਣ ਕੇ ਉਸ ਨੇ ਪਤਾ ਐ ਕੀ ਕਿਹਾ?"

"ਕੀ ਕਿਹਾ?"

"ਕਹਿੰਦਾ, ਅਜੇ ਤਾਂ ਮੈਂ ਆਪਣੇ ਆਪ ਨੂੰ ਈ ਨ੍ਹੀਂ ਮਾਰ ਸਕਿਆ, ਕਿਸੇ ਹੋਰ ਨੂੰ ਮੈਂ ਕੀ ਮਾਰੂੰਗਾ। ਉਸ ਦਾ ਮਤਲਬ ਆਏ ਗੁੱਸੇ ਤੋਂ ਸੀ। ਉਸ ਦਾ ਭਾਵ ਸੀ ਕਿ ਅਜੇ ਤਾਂ ਮੈਂ ਆਪਣੇ ਗੁੱਸੇ ਨੂੰ ਨ੍ਹੀਂ ਮਾਰ ਸਕਿਆ। ਇੰਨਾ ਕਹਿੰਦਾ ਉਹ ਜੰਗ ਦੇ ਮੈਦਾਨ 'ਚੋਂ ਬਾਹਰ ਚਲਿਆ ਗਿਆ।"

ਆਫੀਆ ਨੇ ਪਿਉ ਦੀ ਗੱਲ ਤਾਂ ਸੁਣੀ, ਪਰ ਬਹੁਤੀ ਦਿਲਚਸਪੀ ਨਾ ਦਿਖਾਈ। ਉਸ ਵੱਲ ਵੇਖਦਾ ਸੁਲੇਹ ਫਿਰ ਬੋਲਿਆ, "ਆਫੀਆ ਬੇਟੀ, ਪੁੰਨ ਦਾਨ ਕਰਨਾ ਕੋਈ ਮਾੜਾ ਕੰਮ ਨ੍ਹੀਂ ਐ, ਪਰ ਇਸ ਦੇ ਲਈ ਸਾਰੀ ਜ਼ਿੰਦਗੀ ਪਈ ਐ। ਅਜੇ ਤੂੰ ਆਪਣੀ ਪੜ੍ਹਾਈ ਵੱਲ ਧਿਆਨ ਦੇਹ। ਜਦੋਂ ਪੜ੍ਹ ਲਿਖ ਕੇ ਜ਼ਿੰਦਗੀ ਵਿਚ ਕਾਮਯਾਬ ਹੋ ਗਈ ਤਾਂ ਜਿੰਨਾ ਮਰਜ਼ੀ ਚੈਰਿਟੀ ਲਈ ਕੰਮ ਕਰੀ ਜਾਈਂ।"

"ਅੱਬੂ ਜਿਸ ਕੰਮ ਨੂੰ ਤੁਹਾਡਾ ਅੱਜ ਦਿਲ ਕਰ ਰਿਹਾ ਐ, ਉਸ ਲਈ ਤੁਸੀਂ ਅੱਗੇ ਦੀ ਜ਼ਿੰਦਗੀ ਦੀ ਇੰਤਜ਼ਾਰ ਕਿਉਂ ਕਰੋ। ਨਾਲੇ ਮੈਂ ਪਹਿਲਾਂ ਵੀ ਕਿਹਾ ਐ ਕਿ ਇਹ ਕੋਈ ਮਾੜਾ ਕੰਮ ਨ੍ਹੀਂ ਐ।"

"ਵੇਖ ਆਫੀਆ, ਮੈਂ ਤੇਰੀ ਅੰਮੀ ਨੂੰ ਸਾਰੀ ਉਮਰ ਇਹ ਕੰਮ ਕਰਦੀ ਹੋਈ ਨੂੰ ਵੇਖਿਆ ਐ। ਮੈਂ ਇਹ ਵੀ ਜਾਣਦਾ ਆਂ ਕਿ ਇਹ ਸਾਰੇ ਜਹਾਦੀ ਇਸ ਚੈਰਿਟੀ ਦੇ ਰਸਤੇ ਈ ਜਹਾਦੀ ਬਣਦੇ ਨੇ। ਆਖਰ 'ਤੇ ਸਾਰਿਆਂ ਦੇ ਤਾਰ ਜਹਾਦ ਨਾਲ ਈ ਜਾ ਜੁੜਦੇ ਨੇ। ਇਹ ਤਾਂ ਭਾਂਬੜ ਮਚਾਉਂਦੀ ਅੱਗ ਐ। ਇਸ ਵੱਲ ਜਾਂਦਾ ਹੋਇਆ ਹਰ ਰਾਹ ਬਰਬਾਦੀ ਦਾ ਰਾਹ ਐ। ਇੱਧਰ ਜੋ ਵੀ ਗਿਆ, ਭਸਮ ਹੋ ਗਿਆ। ਇੰਨਾ ਈ ਨ੍ਹੀਂ, ਜਿਹੜਾ ਕੋਲ ਦੀ ਲੰਘਿਆ; ਸੇਕ ਉਸ ਨੂੰ ਵੀ ਲੱਗਿਆ।"

"ਅੱਬੂ ਮੈਂ ਸਮਝਦੀ ਆਂ ਸਭ। ਤੁਸੀਂ ਕੋਈ ਫਿਕਰ ਨਾ ਕਰੋ।"

"ਬੱਸ ਬੇਟੀ ਕੁਛ ਅਜਿਹਾ ਕਰਨ ਬਾਰੇ ਸੋਚੀਂ ਵੀ ਨਾ ਜਿਸ ਨਾਲ ਮੇਰੀ ਅਤੇ ਖਾਨਦਾਨ ਦੀ ਇਜ਼ਤ ਨੂੰ ਵੱਟਾ ਲੱਗੇ।"

"ਠੀਕ ਐ ਅੱਬੂ।" ਇੰਨਾ ਕਹਿੰਦਿਆਂ ਆਫੀਆ ਉਠ ਕੇ ਤੁਰ ਗਈ। ਸੁਲੇਹ ਉਸ ਨੂੰ ਜਾਂਦੀ ਨੂੰ ਵੇਖਦਾ ਰਿਹਾ। ਉਸ ਨੂੰ ਆਫੀਆ ਦੀਆਂ ਗੱਲਾਂ 'ਚੋਂ ਉਸ ਦੇ ਅੰਦਰ ਦੀ ਤਪਸ਼ ਮਹਿਸੂਸ ਹੁੰਦੀ ਸੀ। ਇਸ ਤੋਂ ਬਿਨਾਂ ਉਸ ਨੂੰ ਆਪਣੇ ਪੁੱਤਰ ਦਾ ਵੀ ਹਿਊਸਟਨ ਤੋਂ ਜਦੋਂ ਵੀ ਫੋਨ ਆਉਂਦਾ ਸੀ ਤਾਂ ਉਹ ਵੀ ਹਮੇਸ਼ਾ ਇਹੀ ਫਿਕਰ ਜ਼ਾਹਿਰ ਕਰਦਾ ਰਹਿੰਦਾ ਸੀ ਕਿ ਕਿਧਰੇ ਆਫੀਆ ਰਾਹ ਤੋਂ ਭਟਕ ਹੀ ਨਾ ਜਾਵੇ; ਕਿਉਂਕਿ ਉਸ ਦੇ ਦੱਸਣ ਅਨੁਸਾਰ ਉਸ ਨੂੰ ਪਤਾ ਲੱਗਦਾ ਰਹਿੰਦਾ ਸੀ ਕਿ ਆਫੀਆ ਉਨ੍ਹਾਂ ਚੈਰਿਟੀਆਂ ਲਈ ਕੰਮ ਕਰਦੀ ਹੈ ਜੋ ਕਿਸੇ ਨਾ ਕਿਸੇ ਜਹਾਦ ਦੀ ਮੱਦਦ ਕਰ ਰਹੀਆਂ ਹਨ।

ਸ਼ਾਮ ਵੇਲੇ ਇਸਮਤ, ਆਫੀਆ ਅਤੇ ਫੌਜ਼ੀਆ ਨੂੰ ਲੈ ਕੇ ਘੁੰਮਣ ਨਿਕਲ ਗਈ। ਉਹ ਆਪਣੇ ਜਾਣ-ਪਛਾਣ ਵਾਲਿਆਂ ਦੇ ਘਰੀਂ ਆਫੀਆ ਨੂੰ ਮਿਲਾ ਕੇ ਲਿਆਈ। ਉਸ ਦੀ ਸੋਚਣੀ ਸੀ ਕਿ ਲੋਕਾਂ ਵਿਚ ਉਸ ਦੀ ਇਸ ਗੱਲ ਕਰ ਕੇ ਧਾਕ ਜੰਮ ਜਾਵੇ ਕਿ ਉਸ ਦੀ ਧੀ ਕਿੱਡੀ ਵੱਡੀ ਸਮਾਜ ਸੇਵੀ ਹੈ ਤੇ ਮਜ਼ਹਬ ਲਈ ਬਹੁਤ ਵੱਡਾ ਕੰਮ ਕਰ ਰਹੀ ਹੈ। ਅਗਲੇ ਕਈ ਦਿਨ ਉਸ ਨੇ ਆਫੀਆ ਦੀਆਂ ਕਈ ਇਕੱਠਾਂ 'ਚ ਤਕਰੀਰਾਂ ਵੀ ਕਰਵਾਈਆਂ। ਹਰ ਥਾਂ ਸਰੋਤੇ ਉਸ ਤੋਂ ਬਹੁਤ ਪ੍ਰਭਾਵਤ ਹੋਏ। ਉਹ ਹਰ ਤਕਰੀਰ ਵਿਚ ਬੋਸਨੀਆ ਅੰਦਰ ਚੱਲ ਰਹੇ ਘਰੇਲੂ ਯੁੱਧ 'ਚ ਮੁਸਲਮਾਨਾਂ ਦੇ ਹੋ ਰਹੇ ਘਾਣ ਦੀ ਗੱਲ ਕਰਦੀ। ਇਨ੍ਹਾਂ ਇਕੱਠਾਂ 'ਚ ਉਹ ਮੁਸਲਮਾਨਾਂ 'ਤੇ ਹੋ ਰਹੇ ਅੱਤਿਆਚਾਰਾਂ ਦੀਆਂ ਵੀਡੀਉ ਵੀ ਵਿਖਾਉਂਦੀ। ਇਹ ਸਾਰੇ ਇਕੱਠ ਵੱਡੇ ਪਰਿਵਾਰਾਂ ਵੱਲੋਂ ਕਰਵਾਏ ਜਾਂਦੇ ਸਨ। ਇਹ ਉਹ ਪਰਿਵਾਰ ਸਨ ਜੋ ਸਿਆਸਤਦਾਨਾਂ ਦੇ ਬਹੁਤ ਨੇੜੇ ਸਨ।

ਇਨ੍ਹੀਂ ਹੀ ਦਿਨੀਂ ਇੱਕ ਦਿਨ ਇਸਮਤ ਨੇ ਸ਼ੈਰੇਟਨ ਹੋਟਲ ਵਿਚ ਆਫੀਆ ਦੀ ਤਕਰੀਰ ਕਰਵਾਈ ਤਾਂ ਇੱਕ ਔਰਤ ਇਸਮਤ ਨੂੰ ਪਾਸੇ ਲੈ ਗਈ। ਉਸ ਦਾ ਨਾਂ ਜ਼ਾਹਿਰਾ ਖਾਨ ਸੀ। ਅਸਲ ਵਿਚ ਉਹ ਆਪਣੇ ਪੁੱਤਰ ਅਮਜਦ ਖਾਂ ਲਈ ਲਾੜੀ ਲੱਭ ਰਹੀ ਸੀ। ਆਫੀਆ ਨੂੰ ਵੇਖ ਕੇ ਉਸ ਨੂੰ ਲੱਗਿਆ ਕਿ ਉਸ ਕੁੜੀ ਨਾਲੋਂ ਵਧੀਆ ਬਹੂ ਤਾਂ ਉਸ ਨੂੰ ਮਿਲ ਹੀ ਨਹੀਂ ਸਕਦੀ। ਆਮ ਗੱਲਾਂ ਕਰਦਿਆਂ ਉਸ ਨੇ ਇਸਮਤ ਨੂੰ ਖਾਨ ਪਰਿਵਾਰ ਦੇ ਘਰ ਰਖਵਾਏ ਪ੍ਰੋਗਰਾਮ ਵਿਚ ਆਉਣ ਦਾ ਸੱਦਾ ਦਿੱਤਾ। ਉਹ ਬਹਾਨੇ ਨਾਲ ਆਪਣੇ ਪੁੱਤਰ ਨਾਲ ਆਫੀਆ ਨੂੰ ਮਿਲਾਉਣਾ ਚਾਹੁੰਦੀ ਸੀ। ਉਸ ਦਿਨ ਤਕਰੀਰ ਵੀ ਹੋਈ ਤੇ ਆਫੀਆ ਦੀ ਅਮਜਦ ਨਾਲ ਮੁਲਾਕਾਤ ਵੀ ਹੋਈ, ਪਰ ਪਿੱਛੋਂ ਅਮਜਦ ਨੇ ਆਪਣੀ ਅੰਮੀ ਨੂੰ ਦੱਸਿਆ ਕਿ ਕੁੜੀ ਤਾਂ ਉਸ ਨੂੰ ਪਸੰਦ ਹੈ ਪਰ ਉਸ ਦੀ ਤਕਰੀਰ ਅਤੇ ਹੋਰ ਗੱਲਾਂ ਉਸ ਨੂੰ ਫੋਕੀਆਂ ਲੱਗਦੀਆਂ ਹਨ। ਜ਼ਾਹਿਰਾ ਖਾਨ ਨੂੰ ਲੱਗਿਆ ਕਿ ਚਲੋ ਅਮਜਦ ਕੁੜੀ ਨੂੰ ਪਸੰਦ ਕਰਦਾ ਹੈ, ਇਹੀ ਬਹੁਤ ਹੈ। ਉਸ ਨੇ ਅਮਜਦ ਨੂੰ ਕਿਹਾ ਕਿ ਉਹ ਹੋਰ ਸੋਚੇ ਤੇ ਉਹ ਇਸ ਦਰਮਿਆਨ ਸਦੀਕੀ ਪਰਿਵਾਰ ਨਾਲ ਗੱਲ ਚਲਾਵੇਗੀ। ਆਫੀਆ ਦੀਆਂ ਛੁੱਟੀਆਂ ਖਤਮ ਹੋ ਗਈਆਂ। ਜਿਸ ਦਿਨ ਉਸ ਨੇ ਜਾਣਾ ਸੀ, ਇਸਮਤ ਨੇ ਏਅਰਪੋਰਟ 'ਤੇ ਉਸ ਨੂੰ ਪਾਸੇ ਕਰ ਲਿਆ ਤੇ ਗਲੇ ਲੱਗ ਮਿਲਦਿਆਂ ਬੋਲੀ, "ਆਫੀਆ ਤੂੰ ਛੇਤੀ ਤੋਂ ਛੇਤੀ ਪੜ੍ਹਾਈ ਪੂਰੀ ਕਰ ਕੇ ਵਾਪਸ ਆ ਜਾ। ਇੱਥੇ ਤੇਰੇ ਕਰਨ ਲਈ ਬੜਾ ਕੁਛ ਐ। ਮੈਨੂੰ ਤੇਰੀ ਕਾਬਲੀਅਤ 'ਤੇ ਵੀ ਸ਼ੱਕ ਨ੍ਹੀਂ ਐ। ਤੂੰ ਬਹੁਤ ਉਚਾ ਮੁਕਾਮ ਹਾਸਲ ਕਰੇਂਗੀ।"

"ਅੰਮੀ ਮੈਂ ਅਜਿਹਾ ਕਿਹੜਾ ਮਾਅਰਕਾ ਮਾਰੂੰਗੀ?" ਆਫੀਆ ਨੇ ਮਾਂ ਦੀ ਗੱਲ ਹਾਸੇ 'ਚ ਪਾਈ।

"ਤੂੰ ਕਿਸੇ ਦਿਨ ਸਿਆਸਤ ਦਾ ਚਮਕਦਾ ਸਿਤਾਰਾ ਹੋਵੇਂਗੀ। ਜੇ ਭੁੱਟੋ ਪਰਿਵਾਰ ਦੀ ਕੁੜੀ ਬੇਨਜ਼ੀਰ ਇੰਨੇ ਵੱਡੇ ਅਹੁਦੇ 'ਤੇ ਪਹੁੰਚ ਸਕਦੀ ਐ ਤਾਂ ਮੇਰੀ ਧੀ ਕਿਉਂ ਨ੍ਹੀਂ। ਤੂੰ ਬੱਸ ਯੂਨੀਵਰਸਿਟੀ ਦੀ ਆਪਣੀ ਪੜ੍ਹਾਈ ਮੁਕਾ ਤੇ ਇੱਥੇ ਆ ਕੇ ਸਿਆਸਤ ਸ਼ੁਰੂ ਕਰ। ਤੈਨੂੰ ਅੱਗੇ ਵਧਣੋਂ ਕੋਈ ਵੀ ਨ੍ਹੀਂ ਰੋਕ ਸਕਦਾ। ਮੈਂ ਤੇਰੇ ਅੰਦਰ ਦੀ ਜੋਸ਼ੀਲੀ ਅੱਗ ਵੇਖ ਸਕਦੀ ਆਂ। ਬੱਸ ਤੂੰ ਮੇਰੀ ਗੱਲ 'ਤੇ ਧਿਆਨ ਦੇਹ।"

"ਠੀਕ ਐ ਅੰਮੀ।" ਇੰਨਾ ਕਹਿੰਦਿਆਂ ਆਫੀਆ ਸਮਾਨ ਚੁੱਕਦੀ ਤੁਰ ਪਈ। ਫਲਾਈਟ ਅਮਰੀਕਾ ਲਈ ਚੱਲ ਪਈ ਤੇ ਆਫੀਆ ਦੇ ਦਿਲ 'ਚੋਂ ਮਾਂ ਪਿਉ ਵੱਲੋਂ ਦਿੱਤੀਆਂ ਨਸੀਹਤਾਂ ਭਾਫ ਵਾਂਗ ਉਡ ਗਈਆਂ। ਦੂਜੇ ਦਿਨ ਉਹ ਆਪਣੇ ਯੂਨੀਵਰਸਿਟੀ ਦੇ ਹੋਸਟਲ ਪਹੁੰਚ ਗਈ।

ਇਸ ਵਾਰ ਜਦੋਂ ਉਹ ਇੱਥੇ ਪਹੁੰਚੀ ਤਾਂ ਉਸ ਦੇ ਅੰਦਰ ਜੋਸ਼ ਠਾਠਾਂ ਮਾਰ ਰਿਹਾ ਸੀ। ਇਸ ਦਾ ਵੱਡਾ ਕਾਰਨ ਸੀ ਕਿ ਪਾਕਿਸਤਾਨ ਵਿਚ ਉਸ ਨੇ ਜਿੱਥੇ ਕਿਤੇ ਵੀ ਤਕਰੀਰ ਕੀਤੀ, ਹਰ ਥਾਂ ਉਸ ਨੂੰ ਰੱਜ ਕੇ ਵਾਹਵਾ ਮਿਲੀ। ਹਰ ਕਿਸੇ ਨੇ ਉਸ ਨੂੰ ਇਸਲਾਮ ਦੀ ਸੱਚੀ ਧੀ ਕਹਿ ਕੇ ਸਰਾਹਿਆ। ਇਸ ਤੋਂ ਬਿਨਾ ਉਹ ਖੁਦ ਵੀ ਸੋਚਣ ਲੱਗੀ ਸੀ ਕਿ ਉਸ ਨੂੰ ਜਹਾਦ ਵਿਚ ਅੱਗੇ ਵਧ ਕੇ ਕੰਮ ਕਰਨਾ ਚਾਹੀਦਾ ਹੈ। ਇਸ ਸਾਰੀਆਂ ਗੱਲਾਂ ਨੇ ਉਸ ਦੇ ਅੰਦਰ ਨਵੀਂ ਤਾਕਤ ਭਰ ਦਿੱਤੀ।

ਉਸ ਨੇ ਆਉਂਦਿਆਂ ਹੀ ਜੋਸ਼ੋ-ਖਰੋਸ਼ ਨਾਲ ਕੰਮ ਸ਼ੁਰੂ ਕਰ ਦਿੱਤਾ। ਉਹ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ (ਐਮ.ਐਸ.ਏ) ਦੀਆਂ ਮੀਟਿੰਗਾਂ ਬਾਕਾਇਦਾ ਕਰਵਾਉਣ ਲੱਗੀ। ਚੈਰਿਟੀ ਦੇ ਕੰਮਾਂ 'ਚ ਦਿਲਚਸਪੀ ਵਧਾ ਦਿੱਤੀ। ਇੱਕ ਦਿਨ ਉਸ ਨੂੰ ਸੁਹੇਲ ਮਿਲਣ ਆਇਆ। ਗੱਲਾਂ ਕਰਦੇ ਉਹ ਪਾਰਕ ਵੱਲ ਨਿਕਲ ਗਏ।

"ਕਿਵੇਂ ਰਹੀਆਂ ਤੇਰੀਆਂ ਛੁੱਟੀਆਂ?" ਸੁਹੇਲ ਨੇ ਗੱਲ ਛੇੜੀ।

"ਬਹੁਤ ਵਧੀਆ।"

"ਤੇਰੇ ਅੱਬੂ ਦਾ ਕੀ ਹਾਲ ਐ ਹੁਣ?"

"ਠੀਕ ਐ। ਬੱਸ ਦਿਲ ਦਾ ਰੋਗ ਹੋਣ ਕਰ ਕੇ ਕਮਜ਼ੋਰੀ ਬਹੁਤ ਆ ਗਈ ਐ।"

"ਤੇਰੀ ਅੰਮੀ ਦੇ ਚੈਰਿਟੀ ਦੇ ਕੰਮ ਕਿਵੇਂ ਚੱਲਦੇ ਨੇ?"

"ਅੰਮੀ ਦੇ ਤਾਂ ਠੀਕ ਚੱਲਦੇ ਨੇ, ਪਰ ਇੱਥੇ ਦੇ ਮੈਨੂੰ ਸਹੀ ਨ੍ਹੀਂ ਲੱਗਦੇ।"

"ਉਹ ਕਿਵੇਂ?"

"ਮੇਰੇ ਜਾਣ ਪਿੱਛੋਂ ਸਾਰਾ ਕੁਛ ਸੁਸਤ ਜਿਹਾ ਹੋ ਗਿਆ ਲੱਗਦਾ ਐ।"

"ਤੂੰ ਆ ਗਈ ਐਂ, ਸਭ ਕੁਛ ਠੀਕ ਹੋਜੂਗਾ। ਆਪਾਂ ਨੂੰ ਲੋਕਾਂ ਨੂੰ ਖਿੱਚਣ ਲਈ ਚੰਗੇ ਬੁਲਾਰਿਆਂ ਦੀ ਲੋੜ ਐ।"

"ਬੁਲਾਉ ਫਿਰ, ਦੇਰ ਕਾਹਦੀ ਐ।"

"ਮੈਂ ਪ੍ਰਬੰਧ ਕੀਤਾ ਐ। ਇਸ ਵਾਰ ਕੈਨੇਡਾ ਤੋਂ ਕੈਥਰੀਨ ਬਲਕ ਨੂੰ ਬੁਲਾਇਆ ਐ। ਤੈਨੂੰ ਪਤਾ ਈ ਐ, ਉਹ ਬੋਲਦੀ ਐ ਤਾਂ ਅੱਗ ਵਰ੍ਹਦੀ ਐ।"

"ਹਾਂ ਮੈਂ ਉਸ ਦੀ ਕਿਤਾਬ 'ਸੋਸ਼ਲ ਜਸਟਿਸ



*ਅਬੂ ਅਬਦੁੱਲ ਅਜ਼ੀਜ਼ ਜਿਸ ਦੀ ਕਮਾਨ ਹੇਠ ਬੋਸਨੀਆ 'ਚ 4-5 ਸੌ ਜਹਾਦੀ ਲੜਦੇ ਰਹੇ ਸਨ। ਬਹੁਤੇ ਜਹਾਦੀ ਹਫਤੇ ਹਫਤੇ ਲਈ ਵੀ ਆਉਂਦੇ ਰਹੇ।*

ਇਨ ਅਮੈਰਿਕਾ' ਪੜ੍ਹੀ ਐ। ਉਸ ਦੇ ਖਿਆਲ ਬਹੁਤ ਉਚੇ ਨੇ, ਪਰ ਇੱਕ ਗੱਲ ਐ।"

"ਉਹ ਕੀ?"

"ਉਸ ਨੂੰ ਆਪਾਂ ਆਮ ਬੁਲਾਰਿਆਂ ਦੇ ਸਾਹਮਣੇ ਨ੍ਹੀਂ ਬੁਲਾ ਸਕਦੇ। ਉਸ ਦੇ ਵਿਚਾਰ ਆਮ ਲੋਕਾਂ ਦੀ ਸਮਝ ਵਿਚ ਆਉਣ ਵਾਲੇ ਨ੍ਹੀਂ ਹਨ; ਸਗੋਂ ਕਈ ਵਾਰ ਤਾਂ ਉਹ ਉਸ ਦੀਆਂ ਗੱਲਾਂ ਨੂੰ ਉਲਟ ਲੈ ਜਾਂਦੇ ਨੇ।"

"ਫਿਰ ਇਸ ਦਾ ਹੱਲ ਕੀ ਐ?"

"ਮੈਂ ਇਹ ਸੋਚਿਆ ਐ ਕਿ ਆਪਾਂ ਵੱਖਰੀ ਜਥਬੰਦੀ ਬਣਾ ਲਈਏ, ਜਿਹੜੀ ਬਿਲਕੁਲ ਗੁਪਤ ਹੋਵੇ। ਉਸ ਦੀਆਂ ਮੀਟਿੰਗਾਂ ਵਿਚ ਜਹਾਦ ਨੂੰ ਪੂਰੀ ਤਰ੍ਹਾਂ ਸਮਰਪਤ ਲੋਕ ਹੀ ਆਉਣ।"

"ਇਹ ਬਿਲਕੁਲ ਠੀਕ ਐ। ਨਾਲੇ ਇਸੇ ਗੱਲ ਤੋਂ ਮੈਨੂੰ ਯਾਦ ਆਇਆ ਕਿ ਬੋਸਨੀਆ ਵਿਚ ਜਹਾਦੀਆਂ ਦੀ ਥੋੜ੍ਹ ਪੈਂਦੀ ਜਾ ਰਹੀ ਐ। ਸਾਨੂੰ ਉਥੇ ਲੜਨ ਲਈ ਜਹਾਦੀ ਚਾਹੀਦੇ ਨੇ।"

"ਇਹ ਗੱਲ ਮੈਂ ਪਹਿਲਾਂ ਈ ਸੋਚ ਲਈ ਸੀ। ਇਸ ਦੇ ਲਈ ਮੈਂ ਆਪਣੀ ਗੁਪਤ ਈਮੇਲ 'ਤੇ ਮੈਸਿਜ ਵੀ ਪਾ ਦਿੱਤਾ ਐ ਕਿ ਸਾਨੂੰ ਬੋਸਨੀਆ ਦੇ ਜਹਾਦ ਲਈ ਸ਼ਹੀਦਾਂ ਦੀ ਲੋੜ ਐ। ਇਸ ਦੇ ਕਾਫੀ ਸਾਰੇ ਉਤਰ ਵੀ ਆਏ ਨੇ।"

"ਇਹ ਤਾਂ ਤੂੰ ਬਹੁਤ ਚੰਗਾ ਕੀਤਾ। ਤੇਰੀਆਂ ਹੋਰ ਕੀ ਸਕੀਮਾਂ ਨੇ?"

"ਮੈਂ ਚਾਹੁੰਨੀ ਆਂ ਕਿ ਸ਼ਿਕਾਗੋ ਦੀਆਂ ਚੈਰਿਟੀਆਂ ਗਲੋਬਲ ਰਿਲੀਫ ਫਾਊਂਡੇਸ਼ਨ ਅਤੇ ਬੈਨੇਵੋਲੈਂਸ ਇੰਟਰਨੈਸ਼ਨਲ ਫਾਊਂਡੇਸ਼ਨ ਦੀਆਂ ਇੱਥੇ ਵੀ ਬਰਾਂਚਾਂ ਖੋਲ੍ਹੀਆਂ ਜਾਣ। ਇਸ ਤਰ੍ਹਾਂ ਚੈਰਿਟੀ ਦੇ ਸੋਮੇ ਵਧ ਜਾਣਗੇ ਤੇ ਬੋਸਨੀਆ 'ਚ ਚੱਲ ਰਹੇ ਜਹਾਦ ਲਈ ਪੈਸਿਆਂ ਦੀ ਕਮੀ ਵੀ ਨ੍ਹੀਂ ਆਵੇਗੀ। ਤੈਨੂੰ ਪਤਾ ਈ ਹੋਣਾ ਐਂ ਕਿ ਉਥੇ ਹਥਿਆਰਾਂ ਲਈ ਪੈਸੇ ਚਾਹੀਦੇ ਨੇ।"

"ਇਹ ਤਾਂ ਠੀਕ ਐ। ਦੋਨਾਂ ਚੈਰਿਟੀਆਂ ਇੱਥੇ ਵੀ ਸ਼ੁਰੂ ਕਰ ਲੈਨੇ ਆਂ। ਕੁਝ ਹੋਰ?"

"ਮੈਂ ਕੁੜੀਆਂ ਦੇ ਗਰੁੱਪਾਂ ਨੂੰ ਰਾਈਫਲ ਵਗੈਰਾ ਸਿਖਾਉਣ ਦੇ ਮੰਤਵ ਨਾਲ ਕਲੱਬ ਜੁਆਇਨ ਕਰਵਾਇਆ ਐ। ਆਪ ਵੀ ਉਥੇ ਬੰਦੂਕ ਆਦਿ ਚਲਾਉਣ ਦੀ ਸਿਖਲਾਈ ਲੈ ਰਹੀ ਆਂ। ਇਸ ਤੋਂ ਸਿਵਾਏ...।" ਆਫੀਆ ਨੇ ਗੱਲ ਵਿਚਾਲੇ ਛੱਡਦਿਆਂ ਉਪਰ ਵੱਲ ਵੇਖਿਆ, ਮੀਂਹ ਉਤਰ ਆਇਆ ਸੀ। ਉਹ ਭੱਜ ਕੇ ਨੇੜਲੀ ਬਿਲਡਿੰਗ ਦੇ ਛੱਜੇ ਹੇਠ ਜਾ ਖੜ੍ਹੇ ਹੋਏ।

"ਇਸ ਤੋਂ ਬਿਨਾਂ ਮੈਂ ਇੱਥੇ ਦੀ ਇੱਕ...", ਆਫੀਆ ਫਿਰ ਤੋਂ ਬੋਲਣ ਲੱਗੀ ਹੀ ਸੀ ਕਿ ਸੁਹੇਲ ਨੇ ਮੂੰਹ 'ਤੇ ਉਂਗਲ ਰੱਖਦਿਆਂ ਉਸ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਆਫੀਆ ਨੇ ਚੁੱਪ ਹੁੰਦਿਆਂ ਆਲੇ-ਦੁਆਲੇ ਵੇਖਿਆ। ਉਸ ਨੂੰ ਯਾਦ ਆਇਆ ਕਿ ਇੱਥੇ ਹਰ ਬਿਲਡਿੰਗ ਦੀ ਕਿਸੇ ਨਾ ਕਿਸੇ ਨੁੱਕਰ 'ਚ ਕੈਮਰੇ ਲੱਗੇ ਹੁੰਦੇ ਹਨ ਜੋ ਗੱਲਾਂ ਵੀ ਰਿਕਾਰਡ ਕਰਦੇ ਹਨ। ਉਸ ਨੇ ਕੋਈ ਹੋਰ ਸਾਧਾਰਨ ਜਿਹੀ ਗੱਲ ਸ਼ੁਰੂ ਕਰ ਲਈ। ਪੰਦਰਾਂ ਕੁ ਮਿੰਟ ਪਿੱਛੋਂ ਮੀਂਹ ਬੰਦ ਹੋ ਗਿਆ ਤਾਂ ਉਹ ਬਾਹਰ ਨਿਕਲ ਕੇ ਕਰਾਸਵਾਕ 'ਤੇ ਤੁਰਨ ਲੱਗੇ। ਆਲੇ-ਦੁਆਲੇ ਝਾਕਦਿਆਂ ਆਫੀਆ ਨੇ ਪਹਿਲਾਂ ਵਿਚਕਾਰ ਛੱਡੀ ਗੱਲ ਫਿਰ ਸ਼ੁਰੂ ਕਰ ਲਈ।

"ਹਾਂ ਮੈਂ ਉਦੋਂ ਕਹਿ ਰਹੀ ਸੀ ਕਿ ਮੈਂ ਇੱਥੇ ਦੀ ਅਜਿਹੀ ਮਸਜਦ ਦੇ ਇਮਾਮ ਨਾਲ ਰਾਬਤਾ ਕਾਇਮ ਕੀਤਾ ਐ ਜਿਹੜਾ ਇੱਥੇ ਦੀਆਂ ਜੇਲ੍ਹਾਂ 'ਚ ਮੁਸਲਮਾਨ ਕੈਦੀਆਂ ਨੂੰ ਹਰ ਹਫਤੇ ਮਜ਼ਹਬੀ ਸਿੱਖਿਆ ਦੇਣ ਜਾਂਦਾ ਐ। ਮੈਂ ਉਸ ਦੇ ਰਾਹੀਂ ਬਹੁਤ ਸਾਰੀਆਂ ਅੰਗਰੇਜ਼ੀ 'ਚ ਤਰਜਮਾ ਹੋਈਆਂ ਕਿਤਾਬਾਂ ਮੁਸਲਮਾਨ ਕੈਦੀਆਂ ਤੱਕ ਪਹੁੰਚਾ ਰਹੀ ਆਂ। ਇਸ ਨਾਲ ਉਨ੍ਹਾਂ ਵਿਚ ਵੀ ਜਹਾਦ ਪ੍ਰਤੀ ਚਿੰਗਿਆੜੀ ਸੁਲਘੇਗੀ...।" ਗੱਲ ਕਰਦੀ ਕਰਦੀ ਆਫੀਆ ਚੁੱਪ ਹੋ ਗਈ ਕਿਉਂਕਿ ਕੋਲ ਦੀ ਕੋਈ ਲੰਘ ਰਿਹਾ ਸੀ। ਥੋੜ੍ਹਾ ਰੁਕਦਿਆਂ ਉਹ ਫਿਰ ਬੋਲਣ ਲੱਗੀ, "ਇਸ ਤੋਂ ਬਿਨਾਂ ਮੈਂ ਪੁਰਾਣੇ ਬੁੱਕ ਸਟੋਰਾਂ ਤੋਂ ਅਮਰੀਕਨ ਮਿਲਟਰੀ ਮੈਨੂਅਲ ਖਰੀਦ ਰਹੀ ਆਂ ਤਾਂ ਕਿ ਉਹ ਸਾਡੇ ਮੁਜਾਹਿਦੀਨਾਂ ਨੂੰ ਭੇਜੇ ਜਾ ਸਕਣ ਤੇ ਉਨ੍ਹਾਂ ਨੂੰ ਅਮਰੀਕਨਾਂ ਖਿਲਾਫ ਲੜਨ ਵੇਲੇ ਇਨ੍ਹਾਂ ਤੋਂ ਮੱਦਦ ਮਿਲੇ।"

"ਆਫੀਆ ਤੂੰ ਤਾਂ ਬਹੁਤ ਈ ਅੱਗੇ ਦਾ ਸੋਚਦੀ ਐਂ। ਜੋ ਕੁਛ ਤੂੰ ਕਰ ਰਹੀ ਐਂ, ਆਮ ਬੰਦਾ ਤਾਂ ਇਹ ਸੋਚ ਵੀ ਨ੍ਹੀਂ ਸਕਦਾ। ਤੇਰੀ ਇਸ ਅਮਰੀਕਨ ਮਿਲਟਰੀ ਮੈਨੂਅਲ ਵਾਲੀ ਗੱਲ ਨੇ ਮੈਨੂੰ ਬੜਾ ਪ੍ਰਭਾਵਤ ਕੀਤਾ ਐ, ਪਰ ਜ਼ਰਾ ਸੰਭਲ ਕੇ ਚੱਲੀਂ ਕਿਉਂਕਿ ਜੇ ਕਿਸੇ ਨੂੰ ਜ਼ਰਾ ਵੀ ਸ਼ੱਕ ਹੋ ਗਿਆ ਤਾਂ ਕੰਮ ਖਰਾਬ ਹੋਜੂਗਾ। ਤੇਰਾ ਇਹ ਕੰਮ ਬਗਾਵਤ ਗਿਣਿਆਂ ਜਾਊਗਾ। ਤੂੰ ਬੱਸ...।" ਇੰਨੇ ਨੂੰ ਸੁਹੇਲ ਦਾ ਫੋਨ ਖੜਕਿਆ। ਉਹ ਫੋਨ ਸੁਣਨ ਲੱਗਿਆ। ਕਈ ਮਿੰਟ ਗੱਲ ਹੋਣ ਪਿੱਛੋਂ ਉਹ ਆਫੀਆ ਵੱਲ ਨੂੰ ਆਉਂਦਾ ਉਦਾਸ ਆਵਾਜ਼ 'ਚ ਬੋਲਿਆ, "ਅਸਲ 'ਚ ਕਿਸੇ ਘਰ ਦੇ ਭੇਤੀ ਨੇ ਹੀ ਸਾਰਾ ਕੰਮ ਵਿਗਾੜਿਆ ਸੀ।"

"ਹੈਂ!?"

"ਅੱਜ ਫਿਰ ਅਲ-ਕੀਫਾ ਦੇ ਕਈ ਮੈਂਬਰਾਂ ਦੀਆਂ ਗ੍ਰਿਫਤਾਰੀਆਂ ਹੋਈਆਂ ਨੇ। ਯੂਨਾਈਟਡ ਨੇਸ਼ਨਜ਼ ਬਿਲਡਿੰਗ ਅਤੇ ਕਈ ਟਨਲਾਂ ਨੂੰ ਨੁਕਸਾਨ ਪੁਚਾਉਣ ਦੇ ਦੋਸ਼ ਲਾ ਕੇ ਇਹ ਮੈਂਬਰ ਫੜੇ ਗਏ ਨੇ। ਸੂਹ ਲੱਗੀ ਐ ਕਿ ਜਿਸ ਦਿਨ ਸ਼ੇਖ ਉਮਰ ਅਬਦੁਲ ਰਹਿਮਾਨ ਨੇ ਢਾਈ ਲੱਖ ਅਮਰੀਕਨਾਂ ਨੂੰ ਮਾਰਨ ਦਾ ਫਤਵਾ ਜਾਰੀ ਕੀਤਾ ਸੀ, ਉਸ ਦਿਨ ਉਥੇ ਕੋਈ ਮੁਸਲਮਾਨ ਅਜਿਹਾ ਵੀ ਸੀ ਜੋ ਐਫ.ਬੀ.ਆਈ. ਦਾ ਮੁਖਬਰ ਸੀ। ਉਸੇ ਕਰ ਕੇ ਸਾਰੀ ਗੱਲ ਦਾ ਭੇਤ ਖੁੱਲ੍ਹਿਆ ਅਤੇ ਉਹੀ ਅੱਜ ਵਾਲੀਆਂ ਗ੍ਰਿਫਤਾਰੀਆਂ ਦਾ ਕਾਰਨ ਬਣਿਆਂ।"

"ਅਜਿਹੇ ਗੱਦਾਰਾਂ ਦਾ ਕੀ ਕੀਤਾ ਜਾਵੇ?" ਆਫੀਆ ਦੀਆਂ ਭਵਾਂ ਸੁੰਗੜ ਗਈਆਂ।

"ਇਨ੍ਹਾਂ ਦਾ ਹੱਲ ਉਹੀ ਐ ਜੋ ਕਿਸੇ ਦੁਸ਼ਮਣ ਦਾ ਹੁੰਦਾ ਐ, ਪਰ ਇੱਥੇ ਇਹ ਕੰਮ ਬਹੁਤ ਔਖਾ ਐ।"

"ਅੱਛਾ ਮੈਂ ਚੱਲਦਾ ਆਂ। ਜਦੋਂ ਤੱਕ ਥੋੜ੍ਹਾ ਟਿਕ ਟਿਕਾ ਨ੍ਹੀਂ ਹੋ ਜਾਂਦਾ, ਉਤਨਾ ਚਿਰ ਬਚ ਕੇ ਰਹਿਣ ਦੀ ਲੋੜ ਐ।"

ਸੁਹੇਲ ਚਲਿਆ ਗਿਆ ਤਾਂ ਆਫੀਆ ਹੋਸਟਲ ਵੱਲ ਨੂੰ ਤੁਰ ਪਈ।

**(ਚਲਦਾ)**

# ਲਾਇਬਰੇਰੀ ਸਾਇੰਸ ਦਾ ਅਮੁੱਲ ਖਜ਼ਾਨਾ

'ਪਾਇਨੀਅਰ ਆਫ਼ ਲਾਇਬਰੇਰੀ ਮੂਵਮੈਂਟ ਇਨ ਇੰਡੀਆ: ਏ ਟ੍ਰਿਬਿਊਟ ਬਾਈ ਸਤਕਾਲ' ਨਾਂ ਦੀ ਕਿਤਾਬ ਜੋ ਪੰਜਾਬ ਲਾਇਬਰੇਰੀ ਐਸੋਸੀਏਸ਼ਨ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਲਾਇਬਰੇਰੀ ਤੇ ਸੂਚਨਾ ਸਾਇੰਸ ਵਿਭਾਗ ਵੱਲੋਂ ਛਾਪੀ ਗਈ ਹੈ, ਲਾਇਬਰੇਰੀ ਸਾਇੰਸ ਬਾਰੇ ਕੁੱਜੇ ਵਿਚ ਸਮੁੰਦਰ ਵਾਂਗ ਹੈ। 995 ਰੁਪਏ ਦੀ ਇਸ ਵਿਲੱਖਣ ਕਿਤਾਬ ਵਿਚ ਭਾਰਤ ਦੀਆਂ ਇਸ ਖੇਤਰ ਦੀਆਂ 56 ਨਾਮੀ ਸ਼ਖ਼ਸੀਅਤਾਂ ਅਤੇ ਉਨ੍ਹਾਂ ਵੱਲੋਂ ਕੀਤੇ ਕੰਮ ਦਾ ਲੇਖਾ-ਜੋਖਾ ਹੈ। ਇਨ੍ਹਾਂ ਵਿਚੋਂ ਪੰਜ ਸ਼ਖ਼ਸੀਅਤਾਂ- ਡਾ. ਐਸ.ਆਰ. ਰੰਗਾਨਾਥਨ, ਇਲਿਯੰਕੀ ਵੈਂਕਟ ਰਮਨੱਈਆ, ਪ੍ਰੋ. ਐਸ. ਬਸ਼ੀਰ-ਉਦ-ਦੀਨ, ਬੀ.ਐਸ.ਕੇਸ਼ਵਨ ਅਤੇ ਪ੍ਰੋ. ਪੀ.ਐਨ. ਕੌਲਾ ਨੂੰ ਪਦਮਸ੍ਰੀ ਵਰਗੇ ਵੱਕਾਰੀ ਸਨਮਾਨ ਮਿਲ ਚੁੱਕੇ ਹਨ। ਇਤਿਹਾਸ, ਅਮਲ ਅਤੇ ਤੱਥਾਂ ਦੇ ਦ੍ਰਿਸ਼ਟੀਕੋਣ ਤੋਂ ਇਹ ਕਿਤਾਬ ਨਵੀਂ ਪੀੜ੍ਹੀ ਲਈ ਅਮੁੱਲ ਖ਼ਜ਼ਾਨਾ ਹੈ। ਇਸ ਕਿਤਾਬ ਵਿਚ 1861 ਤੋਂ ਲੈ ਕੇ 2012 ਤੱਕ ਦੇ ਕਰੀਬ 150 ਸਾਲਾਂ ਦੌਰਾਨ ਲਾਇਬਰੇਰੀ ਸਾਇੰਸ, ਲਾਇਬਰੇਰੀ ਸਿੱਖਿਆ, ਲਾਇਬਰੇਰੀ ਖੋਜ ਅਤੇ ਲਾਇਬਰੇਰੀ ਸਾਹਿਤ ਦਾ ਇਤਿਹਾਸ ਸਮੋਇਆ ਪਿਆ ਹੈ।

ਕਹਾਵਤ ਹੈ ਕਿ ਮੁਆਫ਼ੀ ਤੁਹਾਡੇ ਬੀਤੇ ਹੋਏ ਵਕਤ ਨੂੰ ਤਾਂ ਨਹੀਂ ਬਦਲ ਸਕਦੀ ਪਰ ਇਹ ਤੁਹਾਡੇ ਭਵਿੱਖ ਨੂੰ ਬਹੁਤ ਮੋਕਲਾ ਕਰਦੀ ਹੈ। ਇਕ ਹੋਰ ਕਹਾਵਤ ਹੈ ਕਿ ਸਾਨੂੰ ਆਪਣੇ ਬੀਤੇ ਵਕਤ ਨੂੰ ਸਾਂਭਣਾ ਚਾਹੀਦਾ ਹੈ। ਇਨ੍ਹਾਂ ਦੋਹਾਂ ਕਹਾਵਤਾਂ ਦਾ ਮਤਲਬ ਆਪਣੇ ਬੀਤੇ ਨੂੰ ਸਾਂਭਣਾ ਅਤੇ ਉਸੇ ਆਧਾਰ ਉਤੇ ਭਵਿੱਖ ਵਿਚ ਪੈੜਾਂ ਪਾਉਣੀਆਂ ਹਨ। ਇਹ ਕਿਤਾਬ ਅਜਿਹੇ ਹੀ ਪੈੜਾਂ ਪਾਉਣ ਵਾਲਿਆਂ ਦੀ ਗੱਲ ਕਰਦੀ ਹੈ।

ਖੁਦ ਲਾਇਬਰੇਰੀ ਸਾਇੰਸ ਦੇ ਇਕ ਵੱਡੇ ਹਸਤਾਖਰ ਡਾ. ਜਗਤਾਰ ਸਿੰਘ ਦੀ ਸੰਪਾਦਨਾ ਹੇਠ ਛਪੀ ਇਹ ਕਿਤਾਬ ਗੁਰਬਾਣੀ ਦੀ ਇਕ ਤੁਕ ਨਾਲ ਅਰੰਭ ਹੁੰਦੀ ਹੈ। ਫਿਰ ਸਤਿੰਦਰ ਕੌਰ ਮੈਮੋਰੀਅਲ ਟਰਸਟ (ਸਤਕਾਲ) ਦੇ ਮੋਢੀ, ਕਰਤਾ-ਧਰਤਾ ਅਤੇ ਮੁੱਖ ਸਰਪ੍ਰਸਤ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਾਬਕਾ ਡਿਪਟੀ ਲਾਇਬਰੇਰੀਅਨ ਪ੍ਰੋ. ਜੋਗਿੰਦਰ ਸਿੰਘ ਰਮਦੇਵ

## ਪੁਸਤਕ ਰਿਵਿਊ

ਦਾ ਸੁਨੇਹਾ ਹੈ ਅਤੇ ਇਸ ਤੋਂ ਬਾਅਦ ਮੁੱਖਬੰਦ। ਨਾਲ ਹੀ ਕਿਤਾਬ ਬਾਰੇ ਸਮੁੱਚੀ ਜਾਣਕਾਰੀ ਦਿੱਤੀ ਗਈ ਹੈ। ਡਾ. ਐਚ.ਪੀ.ਐਸ. ਕਾਲੜਾ ਨੇ ਪ੍ਰੋ. ਰਮਦੇਵ ਅਤੇ ਸ੍ਰੀਮਤੀ ਰਮਦੇਵ ਬਾਰੇ ਗੱਲਾਂ ਕਰਨ ਦੇ ਨਾਲ ਨਾਲ 'ਸਤਕਾਲ' ਦੇ ਇਤਿਹਾਸ ਅਤੇ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਹੈ। ਜ਼ਿਕਰਯੋਗ ਹੈ ਕਿ ਸਤਕਾਲ ਟਰਸਟ ਪ੍ਰੋ. ਰਮਦੇਵ ਵਲੋਂ ਆਪਣੀ ਸਵਰਗੀ ਧਰਮ ਪਤਨੀ ਬੀਬੀ ਸਤਿੰਦਰ ਕੌਰ ਰਮਦੇਵ




ਦੀ ਯਾਦ ਵਿਚ ਕਾਇਮ ਕੀਤਾ ਗਿਆ ਹੈ।

ਕਿਤਾਬ ਦੱਸਦੀ ਹੈ ਕਿ ਪ੍ਰੋ. ਡੀ.ਐਨ. ਮਾਰਸ਼ਲ, ਪ੍ਰੋ. ਜੀ.ਸੀ. ਵਿਸ਼ਵਨਾਥਨ, ਐਨ.ਐਨ. ਗਿਡਵਾਨੀ, ਡਾ. ਜੇ.ਐਸ. ਸ਼ਰਮਾ, ਪ੍ਰੋ. ਪੀ.ਐਨ. ਕੌਲਾ ਅਤੇ ਏ.ਪੀ. ਸ੍ਰੀਵਾਸਤਵ ਨੇ ਲਾਈਬਰੇਰੀ ਸਾਇੰਸ ਦੇ ਵਿਦਿਆਰਥੀਆਂ ਲਈ ਕਿਵੇਂ ਅਤੇ ਕਿਹੜਾ ਗਾਡੀਰਾਹ ਬਣਾਇਆ। ਕਿਤਾਬ ਵਿਚ ਇਹ ਵੀ ਜ਼ਿਕਰ ਹੈ ਕਿ ਪ੍ਰੋ. ਕੁੰਭਰ, ਪ੍ਰੋ. ਇੱਸਾਕ, ਪ੍ਰੋ. ਭੱਟਾਚਾਰੀਆ, ਪ੍ਰੋ. ਸ੍ਰੀਵਾਸਤਵ, ਪ੍ਰੋ. ਪ੍ਰਬੀਰ ਰਾਏ ਚੌਧਰੀ, ਪ੍ਰੋ. ਟਿਕੇਕਰ, ਪ੍ਰੋ. ਏ. ਤੇਜੋਮੂਰਤੀ ਅਤੇ ਪ੍ਰੋ. ਵੀਨਾ ਸਰਾਫ਼ ਨੇ ਲਾਇਬਰੇਰੀ ਸਾਇੰਸ ਅਤੇ ਸਿੱਖਿਆ ਵਿਚ ਕਿਹੜੀਆਂ ਮੱਲਾਂ ਮਾਰੀਆਂ। ਅਸਲ ਵਿਚ ਇਹ ਕਿਤਾਬ ਅਗਲੀ ਪੀੜ੍ਹੀ ਲਈ ਇਕ ਲਿਹਾਜ਼ ਨਾਲ ਪ੍ਰੇਰਨਾ ਦਾ ਸਰੋਤ ਹੈ ਕਿ ਉਨ੍ਹਾਂ ਤੋਂ ਪਹਿਲਾਂ ਉਨ੍ਹਾਂ ਦੇ ਪੁਰਖਿਆਂ ਨੇ ਇਸ ਖੇਤਰ ਵਿਚ ਕਿਸ ਤਰ੍ਹਾਂ ਅਤੇ ਕਿਸ ਢੰਗ ਨਾਲ ਕਮਾਈ ਕੀਤੀ ਅਤੇ ਉਨ੍ਹਾਂ ਲਈ ਨਵੇਂ ਰਾਹ ਖੋਲ੍ਹੇ।

ਇਸ ਕਿਤਾਬ ਦਾ ਮੁੱਖ ਮਕਸਦ ਲਾਇਬਰੇਰੀ ਸਾਇੰਸ ਦੀਆਂ ਮੁੱਖ ਸ਼ਖਸੀਅਤਾਂ ਦੇ ਜੀਵਨ ਅਤੇ ਉਨ੍ਹਾਂ ਦੇ ਕੰਮ ਬਾਰੇ ਜਾਣਕਾਰੀ ਦੇਣਾ ਹੈ। ਕਿਤਾਬ ਲਾਇਬਰੇਰੀ ਸਾਇੰਸ ਬਾਰੇ ਤੱਥਾਂ ਨਾਲ ਨੱਕੋ-ਨੱਕ ਭਰੀ ਪਈ ਹੈ। ਇਹ ਕਿਤਾਬ ਭਾਰਤ ਵਿਚ ਲਾਇਬਰੇਰੀ ਸਾਇੰਸ ਦੇ ਮੋਹਰੀਆਂ ਬਾਰੇ ਜਾਣਕਾਰੀ ਦਾ ਖਜ਼ਾਨਾ ਤਾਂ ਹੈ ਹੀ, ਉਨ੍ਹਾਂ ਨੇ ਕਿਵੇਂ ਇਸ ਕਿੱਤੇ ਵਿਚ ਆ ਕੇ ਚੁਣੌਤੀਆਂ ਦਾ ਸਾਹਮਣਾ ਕੀਤਾ ਤੇ ਅਗਲੀ ਪੀੜ੍ਹੀ ਲਈ ਲਾਇਬਰੇਰੀ ਸਾਇੰਸ ਵਿਚ ਚਾਨਣ ਮੁਨਾਰੇ ਬਣੇ, ਬਾਰੇ ਵੀ ਚਰਚਾ ਕੀਤੀ ਗਈ ਹੈ। ਲਾਇਬਰੇਰੀ ਪੇਸ਼ੇ ਲਈ ਗਿਆਨ ਦਾ ਵਡਮੁੱਲਾ ਖਜ਼ਾਨਾ ਹੋਣ ਤੋਂ ਇਲਾਵਾ ਇਹ ਇਸ ਪ੍ਰਾਜੈਕਟ ਦੇ ਮੁੱਖ ਸਪਾਂਸਰ ਸਤਿੰਦਰ ਕੌਰ ਮੈਮੋਰੀਅਲ ਟਰਸਟ (ਸਤਕਾਲ) ਦੀ ਲਾਇਬਰੇਰੀ ਸਾਇੰਸ ਦੇ ਮੋਹਰੀਆਂ ਨੂੰ ਨਿੱਘੀ ਸ਼ਰਧਾਂਜਲੀ ਵੀ ਹੈ।



# ਮਧੂਬਾਲਾ ਦੀ ਮਹਿਮਾ

ਮਧੂਬਾਲਾ ਹੁਸਨ ਤੇ ਅਦਾਕਾਰੀ ਦਾ ਬੇਜੋੜ ਮੇਲ ਸੀ। ਮਧੂਬਾਲਾ ਦਾ ਜੀਵਨ ਬਚਪਨ ਤੋਂ ਹੀ ਦੁੱਖਾਂ, ਤਕਲੀਫਾਂ ਤੇ ਸੰਘਰਸ਼ ਭਰਿਆ ਸੀ। 14 ਫਰਵਰੀ, 1933 ਨੂੰ ਨਵੀਂ ਦਿੱਲੀ ਵਿਖੇ ਜਨਾਬ ਅਤਾਉੱਲਾ ਖਾਨ ਦੇ ਘਰ ਜਨਮੀ ਮੁਮਤਾਜ਼ ਜਹਾਂ ਦੇਹਲਵੀ ਉਰਫ਼ ਮਧੂਬਾਲਾ ਨੂੰ ਘਰੋਂ ਗਰੀਬੀ ਤੇ ਆਪਣੇ ਪੰਜ ਭੈਣ-ਭਰਾਵਾਂ ਦੀ ਮੌਤ ਦਾ ਦੁੱਖ ਝੱਲਣਾ ਪਿਆ ਸੀ । ਘਰ ਦੀ ਗਰੀਬੀ ਦੂਰ ਕਰਨ ਲਈ 1942 ਵਿਚ ਬਤੌਰ ਬਾਲ ਅਦਾਕਾਰਾ ਉਸ ਨੇ ਫ਼ਿਲਮ 'ਬਸੰਤ' ਰਾਹੀਂ ਬਾਲੀਵੁੱਡ ਵਿਚ ਪ੍ਰਵੇਸ਼ ਕੀਤਾ ਤੇ 'ਧੰਨਾ ਭਗਤ', 'ਰਾਜਪੂਤਾਨੀ', 'ਪੁਜਾਰੀ', 'ਫੁਲਵਾੜੀ', 'ਮੁਮਤਾਜ਼' ਫ਼ਿਲਮਾਂ ਵਿਚ ਕੰਮ ਕੀਤਾ ਤੇ ਸਫ਼ਲਤਾ ਪ੍ਰਾਪਤ ਕੀਤੀ। ਅਦਾਕਾਰ ਰਾਜ ਕਪੂਰ ਨਾਲ ਨਿਰਦੇਸ਼ਕ ਕੇਦਾਰ ਸ਼ਰਮਾ ਦੀ ਫ਼ਿਲਮ 'ਨੀਲ ਕਮਲ' ਰਾਹੀਂ ਮਧੂਬਾਲਾ ਨੇ ਬਤੌਰ ਨਾਇਕਾ ਜਦ ਆਪਣਾ ਕੈਰੀਅਰ ਸ਼ੁਰੂ ਕੀਤਾ ਤਾਂ ਉਸ ਦੀ ਉਮਰ ਸਿਰਫ 14 ਸਾਲ ਸੀ। ਅਦਾਕਾਰਾ ਦੇਵਿਕਾ ਰਾਣੀ ਵੱਲੋਂ ਉਸ ਨੂੰ ਮੁਮਤਾਜ ਦੀ ਥਾਂ ਮਧੂਬਾਲਾ ਨਾਂ ਦਿੱਤੇ ਜਾਣ ਪਿੱਛੋਂ ਜਦ 'ਬੰਬੇ ਟਾਕੀਜ਼' ਦੀ ਪੇਸ਼ਕਸ਼ ਫ਼ਿਲਮ 'ਮਹਿਲ' (1949) ਵਿਚ ਇਕ ਪ੍ਰੇਤਾਤਮਾ ਵਜੋਂ ਉਸ ਨੇ ਜ਼ਬਰਦਸਤ ਭੂਮਿਕਾ ਨਿਭਾਈ ਤਾਂ ਦਰਸ਼ਕ ਅਸ਼-ਅਸ਼ ਕਰ ਉੱਠੇ ਸਨ। ਲਤਾ ਮੰਗੇਸ਼ਕਰ ਤੇ ਮਧੂਬਾਲਾ ਦੇ ਜੀਵਨ ਦੀ ਇਹ ਸਭ ਤੋਂ ਪਹਿਲੀ ਸੁਪਰਹਿੱਟ ਫ਼ਿਲਮ ਸੀ। 'ਦੁਲਾਰੀ', 'ਤਰਾਨਾ' ਤੇ 'ਬੇਕਸੂਰ' ਜਿਹੀਆਂ ਕਾਮਯਾਬ ਫ਼ਿਲਮਾਂ ਦੇਣ ਤੋਂ ਬਾਅਦ 1950 ਵਿਚ ਮਧੂਬਾਲਾ ਨੂੰ ਪਹਿਲੀ ਵਾਰ ਪਤਾ ਲੱਗਾ ਕਿ ਉਸ ਦੇ ਦਿਲ ਵਿਚ ਛੇਕ ਸੀ ਤੇ ਉਸ ਦੀ ਜ਼ਿੰਦਗੀ ਬੜੀ ਥੋੜ੍ਹੀ ਸੀ। 1954 ਵਿਚ ਬਣ ਰਹੀ ਫ਼ਿਲਮ 'ਬਹੁਤ ਦਿਨ ਹੂਏ' ਦੇ ਸੈੱਟ 'ਤੇ ਆਈ ਖ਼ੂਨ ਦੀ ਉਲਟੀ ਨੇ ਉਸ ਦੀ ਵਿਗੜਦੀ ਹਾਲਤ ਦਾ ਖ਼ੁਲਾਸਾ ਸ਼ਰੇਆਮ ਕਰ ਦਿੱਤਾ ਸੀ। ਬਾਲੀਵੁੱਡ ਦੇ ਨਾਲ-ਨਾਲ ਹਾਲੀਵੁੱਡ ਵਿਚ ਵੀ ਮਸ਼ਹੂਰ ਮਧੂਬਾਲਾ ਦੀ ਪੂਰੇ ਪੰਨੇ ਦੀ ਤਸਵੀਰ ਅਮਰੀਕੀ ਮੈਗਜ਼ੀਨ 'ਥੀਏਟਰ ਆਰਟ' ਵਿਚ 'ਦਿ ਬਿਗੈਸਟ ਸਟਾਰ ਇਨ ਦਾ ਵਰਲਡ' ਸਿਰਲੇਖ ਨਾਲ ਛਾਪੀ ਗਈ ਸੀ। ਉੱਘਾ ਅਮਰੀਕੀ ਫ਼ਿਲਮ ਨਿਰਦੇਸ਼ਕ ਫਰੈਂਕ ਕਾਪਰਾ ਤਾਂ ਮਧੂਬਾਲਾ ਨੂੰ ਸਾਈਨ ਕਰਨ ਲਈ ਮੁੰਬਈ ਵੀ ਆਇਆ ਸੀ। ਬਿਮਨ ਰਾਏ ਦੀ ਫ਼ਿਲਮ 'ਬਿਰਾਜ ਬਹੂ' ਵਿਚ ਕੰਮ ਕਰਨ ਨੂੰ ਤਰਸਦੀ ਮਧੂਬਾਲਾ ਨੇ 'ਮੁਗਲ-ਏ-ਆਜ਼ਮ' (1960) ਵਿਚ 'ਅਨਾਰਕਲੀ' ਦੇ ਕਿਰਦਾਰ ਨੂੰ ਫ਼ਿਲਮੀ ਪਰਦੇ 'ਤੇ ਜੀਵੰਤ ਕਰਾ ਦਿੱਤਾ ਸੀ। 'ਲਾਲ ਦੁਪੱਟਾ', 'ਅਪਰਾਧੀ', 'ਦੌਲਤ', 'ਨਾਦਾਨ', 'ਸਾਕੀ', 'ਤੀਰ ਅੰਦਾਜ਼', 'ਰਾਜ ਹੱਠ', 'ਜਾਅਲੀ ਨੋਟ', 'ਮਿਸਟਰ ਐਂਡ ਮਿਸਿਜ਼ 55', 'ਬਰਸਾਤ ਕੀ ਰਾਤ', 'ਹਾਫ਼ ਟਿਕਟ', 'ਪਾਸਪੋਰਟ', 'ਝੂਮਰ', 'ਕਾਲਾ ਪਾਨੀ', 'ਅਮਰ ਪ੍ਰੇਮ' ਤੇ 'ਦੋ ਉਸਤਾਦ' ਜਿਹੀਆਂ ਹਿੱਟ ਫ਼ਿਲਮਾਂਦੇਣ ਵਾਲੀ ਮਧੂਬਾਲਾ ਨੇ ਬਤੌਰ ਨਿਰਮਾਤਰੀ, ਫ਼ਿਲਮ 'ਨਾਤਾ' (1955) ਬਣਾਈ ਸੀ ਤੇ ਬਿਮਾਰੀ ਨਾਲ ਲੜਦਿਆਂ ਹੋਇਆਂ ਬਤੌਰ ਨਿਰਦੇਸ਼ਕਾ 'ਫਰਜ਼ ਔਰ ਇਸ਼ਕ' (1969) ਸ਼ੁਰੂ ਕੀਤੀ ਸੀ ਜੋ ਪੂਰੀ ਨਾ ਹੋ ਸਕੀ ਤੇ 23 ਫਰਵਰੀ, 1969 ਨੂੰ ਸਿਰਫ 36 ਵਰ੍ਹਿਆਂ ਦੀ ਉਮਰ ਵਿਚ ਹੀ ਉਸ ਦਾ ਦਿਹਾਂਤ ਹੋ ਗਿਆ ਸੀ।

## ਸੂਰਤ ਤੇ ਸੀਰਤ ਦਾ ਸੁਮੇਲ

# ਸ਼ਰੂਤੀ ਹਾਸਨ



ਸਾਲ 2009 ਵਿਚ ਸ਼ਰੂਤੀ ਹਾਸਨ ਦੀ ਪਲੇਠੀ ਹਿੰਦੀ ਫਿਲਮ 'ਲੱਕ' ਅਦਾਕਾਰ ਇਮਰਾਨ ਖਾਨ ਨਾਲ ਆਈ ਸੀ। ਆਪਣੀ ਪਹਿਲੀ ਹੀ ਫਿਲਮ ਵਿਚ ਆਪਣੀ ਅਦਾਕਾਰੀ ਅਤੇ ਖੂਬਸੂਰਤੀ ਦਾ ਜਲੌਅ ਉਸ ਨੇ ਦਿਖਾਇਆ। ਇਸ ਫਿਲਮ ਵਿਚ ਉਸ ਦੀਆਂ ਅੱਖਾਂ ਦੀ ਐਕਟਿੰਗ ਦੀ ਖੂਬ ਚਰਚਾ ਹੋਈ ਸੀ। 2011 ਵਿਚ ਉਸ ਨੇ 'ਦਿਲ ਤੋ ਬੱਚਾ ਹੈ ਜੀ' ਨਾਲ ਹਾਜ਼ਰੀ ਲੁਆਈ। ਇਹ ਫਿਲਮ ਫਿਲਮਸਾਜ਼ ਮਧੁਰ ਭੰਡਾਰਕਰ ਨੇ ਬਣਾਈ ਸੀ ਅਤੇ ਇਸ ਵਿਚ ਸ਼ਰੂਤੀ ਤੋਂ ਇਲਾਵਾ ਅਜੈ ਦੇਵਗਨ, ਇਮਰਾਨ ਹਾਸ਼ਮੀ, ਓਮੀ ਵੈਦਿਆ ਅਤੇ ਸ਼ੁਧਾ ਦਾਸ ਵਰਗੇ ਅਦਾਕਾਰਾਂ ਨੇ ਲੀਡ ਰੋਲ ਨਿਭਾਏ ਸਨ। ਇਸ ਕਮੇਡੀ ਫਿਲਮ ਵਿਚ ਵੀ ਉਸ ਨੇ ਆਪਣੀ ਵੱਖਰੀ ਛਾਪ ਛੱਡੀ। ਹੁਣ ਇਸ ਸਾਲ ਸ਼ਰੂਤੀ ਦੀਆਂ ਦੋ ਫਿਲਮਾਂ ਆ ਰਹੀਆਂ ਹਨ। ਇਨ੍ਹਾਂ ਵਿਚੋਂ ਇਕ 'ਡੀ ਡੇਅ' ਹੈ ਜਿਸ ਦੀ ਕਹਾਣੀ ਮੁੰਬਈ ਧਮਾਕਿਆਂ ਨਾਲ ਜੁੜੀ ਹੋਈ ਹੈ। ਇਸ ਫਿਲਮ ਵਿਚ ਉਸ ਨਾਲ ਹੀਰੋ ਦਾ ਰੋਲ ਅਰਜੁਨ ਰਾਮਪਾਲ ਨਿਭਾਅ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਇਰਫਾਨ ਖਾਨ, ਰਿਸ਼ੀ ਕਪੂਰ ਅਤੇ ਹੁਮਾ ਕੁਰੈਸ਼ੀ ਵੀ ਫਿਲਮ ਵਿਚ ਵੱਖ ਵੱਖ ਕਿਰਦਾਰ ਨਿਭਾਅ ਰਹੇ ਹਨ। ਫਿਲਮ ਜੁਲਾਈ ਵਿਚ ਰਿਲੀਜ਼ ਹੋਣੀ ਹੈ। ਸ਼ਰੂਤੀ ਦੀ ਇਕ ਹੋਰ ਫਿਲਮ ਜੂਨ 2013 ਵਿਚ ਰਿਲੀਜ਼ ਹੋ ਰਹੀ ਹੈ। ਇਹ ਫਿਲਮ 'ਰਮੱਈਆ ਵਸਤਾ ਵੱਈਆ' ਪ੍ਰਸਿੱਧ ਡਾਂਸਰ ਪ੍ਰਭੂ ਦੇਵਾ ਦੀ ਨਿਰਦੇਸ਼ਨਾ ਹੇਠ ਤਿਆਰ ਹੋ ਰਹੀ ਹੈ। ਇਹ ਪ੍ਰਭੂ ਦੇਵਾ ਦੀ ਹਿੱਟ ਤੈਲਗੂ ਫਿਲਮ 'ਨੋਵੂਸਤਾਂਤੇ ਨੈਨੋਦਾਂਤਨੇ' ਦੀ ਰੀਮੇਕ ਹੈ। ਇਨ੍ਹਾਂ ਦੋ ਫਿਲਮਾਂ ਨਾਲ ਸ਼ਰੂਤੀ ਹਾਸਨ ਦੀ ਹਿੰਦੀ ਫਿਲਮਾਂ ਵਿਚ ਦੁਬਾਰਾ ਵਾਪਸੀ ਹੋ ਰਹੀ ਹੈ। ਸ਼ਰੂਤੀ ਪ੍ਰਸਿੱਧ ਅਦਾਕਾਰ ਕਮਲ ਹਾਸਨ ਅਤੇ ਸਾਰਿਕਾ ਦੀ ਬੇਟੀ ਹੈ। ਤਾਮਿਲ ਅਤੇ ਤੈਲਗੂ ਫਿਲਮਾਂ ਵਿਚ ਉਸ ਦੀਆਂ ਬੜੀਆਂ ਧੁੰਮਾਂ ਹਨ, ਪਰ ਹਿੰਦੀ ਫਿਲਮਾਂ ਵਿਚ ਉਸ ਦੇ ਪੈਰ ਨਹੀਂ ਜੰਮ ਸਕੇ। ਉਸ ਦੇ ਪਿਤਾ ਕਮਲ ਹਾਸਨ ਨਾਲ ਵੀ ਇਸੇ ਤਰ੍ਹਾਂ ਹੋਇਆ ਸੀ। ਚੰਗੀਆਂ ਹਿੰਦੀ ਫਿਲਮਾਂ ਦੇ ਬਾਵਜੂਦ ਉਸ ਨੂੰ ਵਾਪਸ ਤਾਮਿਲ ਅਤੇ ਤੈਲਗੂ ਫਿਲਮਾਂ ਵੱਲ ਪਰਤਣਾ ਪਿਆ ਸੀ, ਪਰ 1986 ਵਿਚ ਜੰਮੀ ਸ਼ਰੂਤੀ ਨੇ ਤਹੱਈਆ ਕੀਤਾ ਹੋਇਆ ਹੈ ਕਿ ਉਹ ਹਿੰਦੀ ਫਿਲਮਾਂ ਵਿਚ ਵੀ ਆਪਣੀ ਬੱਲੇ ਬੱਲੇ ਕਰਵਾ ਕੇ ਹਟੇਗੀ। ਉਹ ਇਕੱਲੀ ਅਦਾਕਾਰਾ ਹੀ ਨਹੀਂ ਹੈ, ਉਹ ਚੰਗਾ ਗਾ ਲੈਂਦੀ ਹੈ ਅਤੇ ਆਪਣੇ ਗੀਤਾਂ ਦੀਆਂ ਧੁਨਾਂ ਵੀ ਆਪ ਹੀ ਤਿਆਰ ਕਰਦੀ ਹੈ। ਹਿੰਦੀ ਫਿਲਮ 'ਏ ਵੈਡਨਸਡੇਅ' ਦਾ ਸੰਗੀਤ ਉਸੇ ਨੇ ਤਿਆਰ ਕੀਤਾ ਸੀ ਅਤੇ ਉਸ ਦੀ ਖੂਬ ਪ੍ਰਸੰਸਾ ਹੋਈ ਸੀ।



## ਮੁੜ ਜਲਵਾ ਵਿਖਾਏਗੀ ਰੇਖਾ-ਅਨੁਪਮ ਜੋੜੀ



'ਸੰਸਾਰ' ਤੇ 'ਮੇਰਾ ਪਤੀ ਸਿਰਫ ਮੇਰਾ ਹੈ' ਵਰਗੀਆਂ ਫ਼ਿਲਮਾਂ ਵਿਚ ਇਕੱਠੇ ਅਦਾਕਾਰੀ ਕਰਨ ਤੋਂ ਇੰਨੇ ਸਾਲਾਂ ਬਾਅਦ ਅਨੁਪਮ ਖੇਰ ਤੇ ਰੇਖਾ ਇਕ ਵਾਰ ਫਿਰ ਇਕ ਫ਼ਿਲਮ ਵਿਚ ਇਕੱਠੇ ਅਦਾਕਾਰੀ ਕਰਦੇ ਨਜ਼ਰ ਆਉਣਗੇ। 'ਸੁਪਰ ਨਾਨੀ' ਨਾਮੀ ਇਸ ਫ਼ਿਲਮ ਵਿਚ ਰੇਖਾ ਦੇ ਨਾਲ ਕੰਮ ਕਰਨ ਨੂੰ ਲੈ ਕੇ ਅੱਜਕਲ ਅਨੁਪਮ ਖੇਰ ਕਾਫੀ ਉਤਸ਼ਾਹਤ ਹਨ।

ਮਹਿਲਾ ਸਸ਼ਕਤੀਕਰਨ 'ਤੇ ਆਧਾਰਿਤ ਇਸ ਫ਼ਿਲਮ ਵਿਚ ਅਨੁਪਮ ਦਾ ਉਤਸ਼ਾਹ ਵਧਾਉਣ ਵਾਲੀ ਸਭ ਤੋਂ ਖਾਸ ਗੱਲ ਹੈ ਕਿ ਇਸ ਫ਼ਿਲਮ ਵਿਚ ਉਨ੍ਹਾਂ ਦੇ ਸਾਰੇ ਦ੍ਰਿਸ਼ ਰੇਖਾ ਦੇ ਨਾਲ ਹੀ ਹਨ। ਇਸ ਬਾਰੇ ਅਨੁਪਮ ਖੇਰ ਦਾ ਕਹਿਣਾ ਹੈ ਕਿ ਇਹ ਕਮਾਲ ਦੀ ਭੂਮਿਕਾ ਹੈ ਤੇ ਇੰਨੇ ਸਾਲਾਂ ਬਾਅਦ ਰੇਖਾ ਨਾਲ ਅਦਾਕਾਰੀ ਕਰਨਾ ਹੋਰ ਵੀ ਖਾਸ ਹੈ। ਅਗਲੇ ਮਹੀਨੇ ਦੀ ਸ਼ੁਰੂਆਤ ਵਿਚ ਹੀ ਉਹ ਦੋਵੇਂ ਇਸ ਫ਼ਿਲਮ ਦੀ ਸ਼ੂਟਿੰਗ ਕਰਨ ਵਾਲੇ ਹਨ। 58 ਸਾਲਾ ਰੇਖਾ ਤੋਂ ਇਕ ਸਾਲ ਛੋਟੇ ਅਨੁਪਮ ਨੇ ਉਨ੍ਹਾਂ ਦੀ ਸਿਫਤ ਕਰਦਿਆਂ ਕਿਹਾ ਕਿ ਉਹ ਕਮਾਲ ਦੀ ਅਦਾਕਾਰਾ ਹੈ। ਉਹ ਉਨ੍ਹਾਂ ਲੋਕਾਂ ਵਿਚ ਸ਼ਾਮਲ ਹੈ ਜੋ ਕੁਝ ਨਾ ਕੁਝ ਨਵਾਂ ਕਰਦੇ ਰਹਿੰਦੇ ਹਨ। ਉਨ੍ਹਾਂ ਨੂੰ 100 ਫੀਸਦੀ ਯਕੀਨ ਹੈ ਕਿ ਰੇਖਾ ਹਮੇਸ਼ਾ ਵਾਂਗ ਹੀ ਖੂਬਸੂਰਤ ਨਜ਼ਰ ਦੇ ਰਹੀ ਹੈ।



# 'ਬੀਹੜ' ਵਿਚ ਅਸਲੀ ਡਾਕੂ

ਇਕ ਜ਼ਮਾਨੇ ਦੇ ਨਾਮੀ ਨਿਰਮਾਤਾ-ਨਿਰਦੇਸ਼ਕ ਸੁਲਤਾਨ ਅਹਿਮਦ ਨੂੰ ਡਾਕੂ ਵਿਸ਼ੇ 'ਤੇ ਹੀ ਫ਼ਿਲਮਾਂ ਬਣਾਉਣਾ ਚੰਗਾ ਲਗਦਾ ਸੀ। ਉਨ੍ਹਾਂ ਨੇ ਜਿੰਨੀਆਂ ਵੀ ਫ਼ਿਲਮਾਂ ਬਣਾਈਆਂ, ਉਹ ਸਾਰੀਆਂ ਡਾਕੂ ਪ੍ਰਧਾਨ ਫ਼ਿਲਮਾਂ ਸਨ। ਹੁਣ ਇਕ ਨਿਰਮਾਤਾ ਕ੍ਰਿਸ਼ਨਾ ਮਿਸ਼ਰਾ ਹਨ ਜਿਨ੍ਹਾਂ ਨੂੰ ਅਸਲ ਡਾਕੂਆਂ ਨੂੰ ਲੈ ਕੇ ਫ਼ਿਲਮਾਂ ਬਣਾਉਣਾ ਪਸੰਦ ਹੈ। ਉਨ੍ਹਾਂ ਨੇ ਆਪਣੀ ਪਹਿਲਾਂ ਵਾਲੀ ਫ਼ਿਲਮ 'ਵੂੰਡੇਡ' ਵਿਚ ਇਕ ਜ਼ਮਾਨੇ ਦੀ ਮਸ਼ਹੂਰ ਔਰਤ ਡਾਕੂ ਸੀਮਾ ਪਰਿਹਾਰ ਨੂੰ ਚਮਕਾਇਆ ਸੀ। ਹੁਣ ਕ੍ਰਿਸ਼ਨਾ ਮਿਸ਼ਰਾ ਨੇ 'ਬੀਹੜ' ਬਣਾਈ ਹੈ ਤੇ ਇਸ ਵਿਚ ਦੋ ਅਸਲ ਡਾਕੂ ਮਾਨ ਸਿੰਘ ਤੇ ਰੇਣੂ ਯਾਦਵ ਤੋਂ ਅਭਿਨੈ ਕਰਵਾਇਆ ਹੈ।

ਇਸ ਤਰ੍ਹਾਂ ਦੀ ਗੱਲ ਨਹੀਂ ਹੈ ਕਿ ਇਹ ਫ਼ਿਲਮ ਇਨ੍ਹਾਂ ਦੋ ਡਾਕੂਆਂ ਦੀ ਜ਼ਿੰਦਗੀ 'ਤੇ ਆਧਾਰਤ ਹੈ। ਆਪਣੀ ਇਸ ਫ਼ਿਲਮ ਵਿਚ ਉਨ੍ਹਾਂ ਨੇ 1975 ਤੋਂ ਲੈ ਕੇ 2005 ਦੇ ਸਮੇਂ ਦੀ ਕਹਾਣੀ ਪੇਸ਼ ਕੀਤੀ ਹੈ। ਇਹ ਉਹ ਸਮਾਂ ਸੀ ਜਦੋਂ ਚੰਬਲ ਦੀਆਂ ਘਾਟੀਆਂ ਵਿਚ ਡਾਕੂਆਂ ਦੇ ਕੁਝ ਗਰੋਹਾਂ ਦੀ ਬਹੁਤ ਧਾਂਕ ਸੀ। ਇਸ ਰਾਹੀਂ ਉਨ੍ਹਾਂ ਨੇ ਇਸ ਫ਼ਿਲਮ ਵਿਚ ਨਿਰਭਰ ਸਿੰਘ ਗੁੱਜਰ, ਕੁਸੁਮਾ ਨਾਈਨ, ਚੰਦਨ ਯਾਦਵ, ਫੂਲਨ ਦੇਵੀ, ਰੇਣੂ ਯਾਦਵ, ਮਾਨ ਸਿੰਘ, ਫੱਕੜ ਬਾਬਾ, ਲਾਲਾ ਸ੍ਰੀਰਾਮ, ਰਾਮਦੀਨ ਗੁੱਜਰ ਆਪਣੇ ਜ਼ਮਾਨੇ ਦੇ ਨਾਮੀ ਡਾਕੂਆਂ ਦੇ ਜੀਵਨ ਪ੍ਰਸੰਗ ਪੇਸ਼ ਕੀਤੇ ਹਨ।





ਡਾਕੂ ਪਾਤਰਾਂ ਵਾਲੀ ਫਿਲਮ 'ਬੀਹੜ' ਦੀਆਂ ਦੋ ਝਲਕੀਆਂ।'

ਆਪਣੀ ਇਸ ਫ਼ਿਲਮ ਦੀ ਸ਼ੂਟਿੰਗ ਉਨ੍ਹਾਂ ਨੇ ਡਾਕੂਆਂ ਵਾਲੇ ਇਲਾਕੇ ਭਾਵ ਭੀਂਡ, ਇਟਾਵਾ, ਮੁਰੈਨਾ ਥਾਵਾਂ 'ਤੇ ਕੀਤੀ ਹੈ। ਡਾਕੂਆਂ ਤੋਂ ਅਭਿਨੈ ਕਰਵਾਉਣ ਦੇ ਤਜਰਬੇ ਬਾਰੇ ਕਹਿਣਾ ਹੈ ਕਿ ਡਾਕੂ ਭਾਵੇਂ ਖ਼ਤਰਨਾਕ ਦਿਸਦੇ ਹੋਣ ਪਰ ਕੈਮਰਾ ਚਾਲੂ ਹੁੰਦਿਆਂ ਹੀ ਉਹ ਭਿੱਜੀ ਬਿੱਲੀ ਵਾਂਗ ਬਣ ਜਾਂਦੇ ਹਨ। ਉਨ੍ਹਾਂ ਨੂੰ ਕੈਮਰੇ ਦਾ ਤਰਜਬਾ ਨਹੀਂ ਹੁੰਦਾ ਤੇ ਇਸ ਲਈ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਕਿ ਕੈਮਰੇ ਸਾਹਮਣੇ ਕਿਸ ਢੰਗ ਦੇ ਹਾਵ-ਭਾਵ ਪ੍ਰਗਟ ਕਰਨ ਜਾਂ ਕਿਸ ਢੰਗ ਦਾ ਦਿਖਾਈ ਦੇਣ।

ਡਾਕੂਆਂ ਨੂੰ ਐਕਟਿੰਗ ਕਰਨੀ ਨਹੀਂ ਆਉਂਦੀ, ਇਸ ਦੇ ਬਾਵਜੂਦ ਉਹ ਆਪਣੀ ਫ਼ਿਲਮ ਵਿਚ ਅਸਲ ਡਾਕੂਆਂ ਨੂੰ ਇਸ ਲਈ ਲੈਣਾ ਪਸੰਦ ਕਰਦੇ ਹਨ ਤਾਂ ਕਿ ਉਨ੍ਹਾਂ ਦੀ ਹਾਜ਼ਰੀ ਦੀ ਬਦੌਲਤ ਫ਼ਿਲਮ ਵਿਚ ਅਸਲੀਅਤ ਨਜ਼ਰ ਆਉਂਦੀ ਹੈ ਤੇ ਫ਼ਿਲਮ ਵਿਚ ਵੱਖਰੇ ਢੰਗ ਦੀ ਅਪੀਲ ਨਜ਼ਰ ਆਉਂਦੀ ਹੈ।

ਪੰਜਾਬੀ ਭਰਾਵਾਂ ਦਾ ਆਪਣਾ ਟਰੱਕ ਸਟਾਪ

Conoco Truckstop

3851 Hwy 119 Longmont, CO 80504 (Interstate 25, Exit 240)



Large cstore, Punjabi dhaba (veg+ non-veg), Truck Parts, Western Union, Cat Scale, Laundry, Shower, large parking lot

Buffet $8.95



ਟਰੱਕਰ ਵੀਰਾਂ ਲਈ ਸਪੈਸ਼ਲ

ਡੀਜ਼ਲ ਟੈਂਕੀ ਭਰੋ ਅਤੇ ਖਾਣੇ 'ਤੇ 10% ਛੋਟ ਲਓ
ਚਾਹ ਅਤੇ ਸ਼ਾਵਰ ਫਰੀ

Truck driver special

You fill up diesel 10% off dishes and free chai and free shower.

ਪੰਜਾਬੀ ਖਾਣੇ ਦਾ ਅਨੰਦ ਮਾਣੋ
ਤੁਸੀਂ ਆਪਣਾ ਖਾਣਾ ਫੋਨ 'ਤੇ ਵੀ ਆਰਡਰ ਕਰ ਸਕਦੇ ਹੋ

ਕੁਲਦੀਪ ਸਿੰਘ, ਫੋਨ: 303-776-9396

DCL Trucking

743 Legacy Blvd,
Greenwood, IN 46143

ਮਿਡਵੈਸਟ ਦੀ ਬੜੀ ਤੇਜੀ ਨਾਲ ਵਧ ਰਹੀ ਟਰੱਕਿੰਗ ਕੰਪਨੀ ਨੂੰ

ਓਨਰ ਅਪਰੇਟਰਾਂ ਦੀ ਲੋੜ ਹੈ

ਪੱਕੇ ਲੋਡ

ਮਿਡਵੈਸਟ ਤੋਂ ਈਸਟ-ਮਿਡਵੈਸਟ
ਮਿਡਵੈਸਟ ਤੋਂ ਕੈਲੀਫੋਰਨੀਆ
ਕੈਲੀਫੋਰਨੀਆ ਤੋਂ ਮਿਡਵੈਸਟ



We work in all 48 States
24/7 Dispatch Available

Quick payment via Direct Deposit

ਸੰਪਰਕ ਕਰੋ: ਪਰਮਿੰਦਰ

ਫੋਨ: 317-399-9800

e-mail: info@DCLTrucking.com

WRONGFUL DEATH | AUTO | PEDESTRIAN | BICYCLE | DOG BITES | TRUCK ACCIDENTS



LAW OFFICES OF MARK COHEN

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

"I take your accident personally"

Free initial consultation. No fee if no recovery.

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information
www. markcohenlaw.com or call us at 510.792.4008

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"


WATCH A NEW MOVIE EVERYDAY
1000+ SOUTH ASIAN MOVIES ON DEMAND FOR FREE
SUBSCRIBE TO THE PUNJABI PACK FOR $24.99/MO
AND GET MOVIES ON DEMAND FREE FOR A YEAR
BIG MAGIC INTERNATIONAL + BIGFLIX
PTC PUNJABI
jus punjabi
gPunjab
JUS one
CHANNEL SELECTION WILL VARY BY PACKAGE
PACKAGES STARTING FROM $24.99/MO
1.888.242.2276
Facebook.com/DishPunjabiTV
www.DishSouthAsianTV.com/MOD
HOME OF SOUTH ASIAN ENTERTAINMENT
dish
International programming requires additional $10/mo International Basic package or any America's Top package. Offer valid with activation of new DISH residential service with a qualifying South Asian package ($19.99/mo or higher) between 2/01/13 and 04/30/13. You must separately sign up for Big Magic by calling 1.888.723.0197, and visit www.dish.com/southasianmod by 5/15/13 to redeem offer; your account will be credited on or about 7/01/13. You must maintain qualifying South Asian package for the duration. After promotional period Big Magic add-on package will continue at then-current price unless you call or go online to downgrade. May not be combined with other special offers. Depending on qualifying plan, one or more of the following will apply – activation fee (minimum $79), Social Security Number, credit approval, 24-month Agreement, early cancellation fee. Upgrade fees will apply for select receivers based on model. Monthly fees for receivers may apply. Some plans require all payments to be made in advance, including monthly programming, pay-per-view (prior to event), equipment upgrades and other one-time charges. New and qualifying former customers only. Offer is subject to the terms of the Promotional and Residential Customer Agreements. All prices, packages, programming, features, functionality and offers subject to change without notice. ©2013, DISH Network L.L.C. All rights reserved.